1

# ਕਹਾਣੀ ਧਾਰਾ

ਅਪ੍ਰੈਲ-ਜੂਨ, 2006



ਮੁੱਲ : 20/-






ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN 03559/19/1/2006-TC





e-mail: kahani_dhara@yahoo.co.in

ਮੁੱਖ ਸੰਪਾਦਕ:

ਭਗਵੰਤ ਰਸੂਲਪੁਰੀ (94170-64350)

ਸੰਪਾਦਕ:

ਦੇਸ ਰਾਜ ਕਾਲੀ (93573-11328)

ਸਲਾਹਕਾਰ:

ਮੱਖਣ ਮਾਨ (94172-07627)
ਪਰਮਿੰਦਰ ਵਿਰਦੀ (98880-71598)
ਸੁਰਜੀਤ ਸੁਮਨ (98144-30874)

ਰਚਨਾਵਾਂ ਭੇਜਣ ਲਈ ਪਤਾ:
ਸੰਪਾਦਕ 'ਕਹਾਣੀ ਧਾਰਾ'
ਪਿੰਡ ਧਰਮਪੁਰ, ਡਾਕ. ਖਾਂਬਰਾ, ਜ਼ਿਲਾ ਜਲੰਧਰ-144026, ਪੰਜਾਬ।
(ਫੋਨ : 0181-2685313)


ਸਾਲਾਨਾ ਚੰਦੇ : 200 ਰੁਪਏ 10 ਅੰਕ, ਡਾਲਰ 25, ਪੌਂਡ 20
ਪਰਚੇ ਲਈ ਚੰਦੇ ਚੈੱਕ / ਬੈਂਕ ਡਰਾਫਟ / ਮਨੀਆਰਡਰ ਰਾਹੀਂ ਕੇਵਲ
'ਕਹਾਣੀ ਧਾਰਾ' ਦੇ ਨਾਂ ਭੇਜੇ ਜਾਣ।

ਇਸ ਅੰਕ ਦੇ ਲੇਖਕ :


(ÕÔÅäÆ èÅðÅ)*ਸਰੂਪ ਸਿਆਲਵੀ*/3, *ਨਰਿੰਦਰ ਕੌਰ ਭੱਚੂ*/13, *ਸੋਮਾ ਸਬਲੋਕ*/23, *ਨਛੱਤਰ*/29, *ਮੋਹਨ ਭੰਡਾਰੀ*/ 38,54, *ਜਸਵਿੰਦਰ ਕੌਰ ਬਿੰਦਰਾ*/57, *ਗੁਰਮੀਤ ਕੱਲਰ ਮਾਜਰੀ*/60, *ਦਵਿੰਦਰ ਸਿੰਘ*/68, ਗੁਰਮੇਲ ਮਡਾਹੜ/73, ਸੁਖਬੀਰ ਬੀਹਲਾ/75, (ਜਨ ਬੋਧ) *ਡਾ. ਸੇਵਾ ਸਿੰਘ*/89, *ਹਰਪਾਲ ਸਿੰਘ ਪੰਨੂੰ*/95



ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ ਬਰਾਈਟ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਮੁੱਖ ਸੰਪਾਦਕ ਭਗਵੰਤ ਰਸੂਲਪੁਰੀ, (ਪ੍ਰਕਾਸ਼ਨ ਮਿਤੀ1 ਮਈ, 2006)

<u>ਸੰਪਾਦਕੀ-</u>

## *ਗੱਲ 'ਕਹਾਣੀ ਧਾਰਾ' ਦੇ ਪਹਿਲੇ ਅੰਕ ਦੀ*

ਨਵੇਂ ਸਮੇਂ ਨੇ ਨਵੀਂ ਸੋਚ, ਨਵੇਂ ਚਿੰਤਨ, ਨਵੇਂ ਸਾਹਿਤ ਨੂੰ ਜਨਮ ਦਿੱਤਾ ਹੈ। ਇਸਦਾ ਪੰਜਾਬੀ ਸਾਹਿਤ ਵਿੱਚ ਪ੍ਰਤੱਖ ਪ੍ਰਮਾਣ ਨਵੀਂ ਪੀੜ੍ਹੀ ਦਾ ਸਾਹਿਤ ਹੈ, ਜਿਸ ਵਿੱਚ ਭਾਵੇਂ ਨਾਵਲ ਵਰਗੀ ਵਿਸਥਾਰਥ ਪਲਾਟ ਨੂੰ ਸਮੋਈ ਰਚਨਾ ਤਾਂ ਅਜੇ ਸਾਹਮਣੇ ਆਉਣੀ ਹੈ, ਪਰੰਤੂ ਕਹਾਣੀ ਦੇ ਖੇਤਰ ਵਿੱਚ ਵੀ, ਨਾਟਕ ਦੇ ਖੇਤਰ ਵਿਚ ਵੀ ਅਤੇ ਸ਼ਾਇਰੀ ਦੇ ਖੇਤਰ ਵਿੱਚ ਵੀ ਵੱਖੋ-ਵੱਖ ਦ੍ਰਿਸ਼ਟੀਕੋਣਾਂ ਤੋਂ ਨਵੀਆਂ ਗੱਲਾਂ ਕੀਤੀਆਂ ਗਈਆਂ ਹਨ। ਇਸਦੇ ਨਾਲ ਹੀ ਮਹੱਤਵਪੂਰਨ ਗੱਲ ਇਹ ਵੀ ਹੈ ਕਿ ਜਿੱਥੇ ਸਿਰਜਣਾਤਮਕ ਖੇਤਰ ਵਿੱਚ ਬਹੁਤ ਕੁਝ ਸਮੇਂ ਨਾਲ ਵਰ ਮੇਚਦਾ ਆ ਰਿਹਾ ਹੈ, ਉੱਥੇ ਆਲੋਚਨਾ ਦੇ ਖੇਤਰ ਵਿੱਚ ਇਹ ਕੁਝ ਹੋਣਾ ਬਾਕੀ ਲੱਗ ਰਿਹਾ ਹੈ। ਇਸ ਨਵੇਂ ਲਿਖੇ ਜਾ ਰਹੇ ਸਾਹਿਤ ਨੂੰ ਸਮਝਣ ਲਈ ਆਲੋਚਨਾਤਮਕ ਦ੍ਰਿਸ਼ਟੀ ਵੀ ਜੇਕਰ ਕੁਝ ਨਵੇਂ ਪਾਸਾਰਾਂ ਨੂੰ ਸਮਝਣ-ਖੋਲ੍ਹਣ ਤੇ ਸਾਹਿਤ ਦੇ ਸਮਾਜ ਸ਼ਾਸਤਰ ਦੀ ਵਿਲੱਖਣਤਾ ਵੱਲ ਧਿਆਨ ਕੇਂਦਰਤ ਕਰੇਗੀ ਤਾਂ ਪੰਜਾਬੀ ਸਾਹਿਤ ਜਗਤ ਸਮੁੱਚੇ ਰੂਪ ਵਿੱਚ ਪ੍ਰਗਤੀ ਦੀ ਲੀਹੇ ਪਵੇਗਾ।

ਨਾਟਕ ਦੇ ਖੇਤਰ ਵਿੱਚ ਜਿਸ ਵਕਤ ਡਾ. ਸਵਰਾਜਬੀਰ ਦੀ ਆਮਦ ਹੁੰਦੀ ਹੈ, ਉਸ ਵਕਤ ਭਾਰਤ ਪੱਧਰ 'ਤੇ ਬਹੁਤ ਸਾਰੇ ਨਾਟਕਕਾਰ ਇਤਿਹਾਸ-ਮਿਥਿਹਾਸ ਦਾ ਵਿਸ਼ਲੇਸ਼ਣਾਤਮਕ ਤਰਕ ਪੇਸ਼ ਕਰਨ ਵੱਲ ਰੁਚਿਤ ਨਜ਼ਰ ਆ ਰਹੇ ਸਨ। ਹਿੰਦੀ ਸਾਹਿਤ ਵਿੱਚ 'ਅੰਧਾ ਯੁੱਗ' ਦੇ ਨਾਲ ਨਾਟਕ ਅਜਿਹੇ ਚਿੰਤਨ ਨੂੰ ਪੇਸ਼ ਕਰਦਾ ਨਜ਼ਰ ਆਉਂਦਾ ਹੈ, ਜਿਸ 'ਚ ਸਾਹਿਤਕਤਾ ਵੀ ਹੈ, ਇਤਿਹਾਸ ਨੂੰ ਜਾਣਨ ਸਮਝਣ ਦੀ ਸੂਝ ਵੀ ਹੈ ਅਤੇ ਨਾਟਕੀਅਤਾ ਵੀ ਹੈ। ਪੰਜਾਬੀ ਨਾਟਕ ਭਾਵੇਂ ਜੁਗਤ ਜਾਂ ਸਟੇਜ ਦੇ ਪੱਖੋਂ ਤਾਂ ਤਰੱਕੀ ਕਰ ਰਿਹਾ ਸੀ, ਪਰੰਤੂ ਨਵੇਂ ਚਿੰਤਨ ਦੇ ਹਾਣ ਦੀ ਰਚਨਾ ਸਾਹਮਣੇ ਨਹੀਂ ਸੀ ਆ ਰਹੀ। 'ਕ੍ਰਿਸ਼ਨ' ਨਾਟਕ ਨੇ ਪੰਜਾਬੀ ਨਾਟ-ਪਰੰਪਰਾ ਵਿੱਚ ਅਜਿਹੀ ਸਸ਼ਕਤ ਰਚਨਾ ਦੇ ਦਰਸ਼ਨ ਕਰਵਾਏ ਜਿਸ ਨੇ ਭਾਰਤੀ ਫਲਸਫੇ ਅਤੇ ਸੱਭਿਆਚਾਰਕ ਇਤਿਹਾਸ ਦੇ ਨਾਲ ਨਾਲ ਹੈਜਮਾਨਿਕ ਆਇਡੀਆਲੋਜੀ ਦੇ ਪ੍ਰਵਚਨ ਨੂੰ ਦ੍ਰਿਸ਼ਮਾਨ ਕੀਤਾ। ਡਾ. ਸਵਰਾਜਬੀਰ ਦੇ ਹੀ ਨਾਟਕ 'ਸ਼ਾਇਰੀ' ਨੇ ਪੰਜਾਬੀ ਦੇ ਜਿਸ ਚਿੰਤਨ ਪ੍ਰਵਾਹ ਨੂੰ ਉਭਾਰਿਆ, ਉਹ ਚਿੰਤਨ ਦੱਸਦਾ ਹੈ ਕਿ ਦਲਿਤ ਅਤੇ ਨਾਰੀ ਦੀ ਮੁਕਤੀ ਦੇ ਸਵਾਲ ਉੱਤੇ ਭਾਰਤੀ ਆਰੀਆਈ ਦਰਸ਼ਨ ਪਰੰਪਰਾਵਾਂ ਦੇ ਸਮਾਨਅੰਤਰ ਮਨੁੱਖਵਾਦੀ ਪਰੰਪਰਾਵਾਂ ਵੀ ਚੱਲੀਆਂ ਹਨ। ਪੰਜਾਬ ਵਿੱਚ ਇਹਨਾਂ ਮਾਨਵ ਹਿਤੈਸ਼ੀ ਪਰੰਪਰਾਵਾਂ ਦੀ ਅਗਵਾਈ ਅਖੌਤੀ ਨਿਚਲੇ ਤਬਕੇ ਦੇ ਲੋਕਾਂ ਨੇ ਹੀ ਕੀਤੀ।

ਕਹਾਣੀ ਦੇ ਖੇਤਰ ਵਿੱਚ ਜਿਸ ਵਕਤ ਪੰਜਾਬੀ ਦੇ ਪ੍ਰਸਿੱਧ ਕਥਾਕਾਰ ਪ੍ਰੇਮ ਪ੍ਰਕਾਸ਼ ਨੇ 'ਚੌਥੀ ਕੂੰਟ' ਕਹਾਣੀ-ਸੰਗ੍ਰਹਿ ਸੰਪਾਦਤ ਕਰਕੇ ਕੁਝ ਨਵੇਂ ਦ੍ਰਿਸ਼ਟੀਕੋਣ ਨੂੰ ਉਭਾਰਦੀਆਂ ਕਹਾਣੀਆਂ ਸਾਹਮਣੇ ਲਿਆਂਦੀਆਂ ਤਾਂ ਪੰਜਾਬੀ ਸਾਹਿਤ ਜਗਤ ਵਿੱਚ ਘੁਸਰ-ਮੁਸਰ ਹੋਈ। ਵਕਤ ਦੀ ਧੂੜ ਨੇ ਜਿਹਨਾਂ ਕਹਾਣੀਕਾਰਾਂ ਨੂੰ ਢਕ ਲਿਆ ਸੀ, ਉਹਨਾਂ ਬਾਰੇ ਵੀ ਚਰਚਾ ਛਿੜੀ। ਨਿਰੀ ਪੁਰੀ ਕਿਸਾਨੀ ਕਹਾਣੀ ਜਾਂ ਮੱਧ ਵਰਗੀ ਸੋਚ ਦੀ ਉਪਭੋਗੀ ਬਿਰਤੀ ਦੇ ਸ਼ਿਕਾਰ ਪਾਤਰਾਂ ਦੀ ਕਹਾਣੀ ਦੇ ਨਾਲ-ਨਾਲ ਦਲਿਤ ਮਨੁੱਖ ਦੀ ਬਾਤ ਪਾਉਂਦੀ ਕਹਾਣੀ ਵੀ ਨਜ਼ਰ ਆਈ। ਗਲੋਬਲ ਇਕਾਨਮੀ ਨਾਲ ਬਦਲ ਰਹੇ ਸੱਭਿਆਚਾਰ ਦੇ ਸਨਮੁੱਖ ਕਿਸਾਨੀ/ਸੀਰੀ ਸੰਬੰਧਾਂ, ਮਨੁੱਖੀ ਮਾਨਸਿਕਤਾ ਅਤੇ ਸਮਾਜਕ ਪਾੜਿਆਂ ਨਾਲ ਬਦਲ ਰਹੀ ਸੋਚ ਨੂੰ ਬੜੀ ਬਰੀਕ ਨੁਕਤਾ-ਨਿਗਾਹ ਤੋਂ ਪੇਸ਼ ਕਰਨ ਵਾਲੀ ਕਹਾਣੀਕਾਰ ਸਾਡੇ ਕੋਲ ਸੁਖਵੰਤ ਕੌਰ ਮਾਨ ਸਮਕਾਲੀ ਪੰਜਾਬੀ ਕਹਾਣੀ 'ਚ ਸਿਖਰ ਛੂੰਹਦੀ ਹੈ। ਸਾਡੇ ਸ਼ੁਰੂ 'ਚ ਵਿਚਾਰੇ ਨੁਕਤੇ ਦੀ ਹੀ ਨਿਸ਼ਾਨਦੇਹੀ ਹੈ ਕਿ ਸੁਖਵੰਤ ਕੌਰ ਮਾਨ ਨੂੰ ਆਪਣੇ ਹਾਣ ਦਾ ਆਲੋਚਕ ਨਹੀਂ ਮਿਲਦਾ, ਜਿਸ ਕਰਕੇ ਉਸਦਾ ਸਾਹਿਤ ਅਣਗੌਲਿਆ ਪਿਆ ਹੈ। ਇਸੇ ਤਰ੍ਹਾਂ ਜਤਿੰਦਰ ਹਾਂਸ, ਸੁਖਜੀਤ, ਤਲਵਿੰਦਰ ਸਿੰਘ ਦੀਆਂ ਔਰਤ ਪਾਤਰਾਂ ਦੀ ਮਾਨਸਿਕਤਾ ਨੂੰ ਪਕੜ ਸਕਣ ਵਾਲਾ, ਕੇਸਰਾ ਰਾਮ ਦੀਆਂ ਕਹਾਣੀਆਂ ਦੇ ਆਰਥਿਕ / ਸਮਾਜਿਕ ਸ਼ੋਸ਼ਣ ਦੇ ਸ਼ਿਕਾਰ





ਪਾਤਰਾਂ ਦੀ ਮਾਨਸਿਕਤਾ ਨੂੰ ਸਮਝਣ ਵਾਲਾ, ਗੁਰਮੀਤ ਕੜਿਆਲਵੀ ਤੇ ਜਸਵੀਰ ਰਾਣਾ ਦੀਆਂ ਕਹਾਣੀਆਂ ਦੇ ਪਾਤਰਾਂ ਦੀ ਸਮਾਜਿਕਤਾ ਬਾਰੇ ਗੱਲ ਤੋਰਨ ਵਾਲਾ, ਡਾ. ਜਸਵਿੰਦਰ ਸਿੰਘ ਦੇ ਸਾਹਿਤ 'ਚ ਸਿਆਸੀ ਵਿਅੰਗਾਤਮਕ ਪਹੁੰਚ ਨੂੰ ਘੋਖਣ ਵਾਲਾ, ਜਾਂ ਜਿੰਦਰ ਦੀਆਂ ਕਹਾਣੀਆਂ ਦੇ ਨਕਰਾਤਮਕ ਪਹੁੰਚ ਵਾਲੇ ਪਾਤਰਾਂ ਦੀਆਂ ਮਨੋਗੰਢਾਂ ਖੋਲ੍ਹਣ ਵਾਲਾ ਆਲੋਚਕ ਨਜ਼ਰ ਨਹੀਂ ਪੈਂਦਾ।

ਸ਼ਾਇਰੀ ਦੇ ਖੇਤਰ ਵਿੱਚ ਭਾਵੇਂ ਉਹ ਉਪਰਾਲੇ ਵੀ ਹੋਏ, ਜਿਸ ਤਹਿਤ ਪੰਜਾਬ ਦੀ ਰਾਜਨੀਤਕ-ਆਰਥਿਕਤਾ ਨੂੰ ਇਤਿਹਾਸਕ ਪਰਪੇਖ 'ਚ ਵੇਖਿਆ ਗਿਆ, ਪਰੰਤੂ ਨਜ਼ਮ ਦੇ ਨਾਂ ਉੱਤੇ ਟਿੱਪਣੀਆਂ ਅਤੇ ਇਤਿਹਾਸਕ ਸੂਝ ਦੀ ਘਾਟ ਕਾਰਨ ਚੰਗਾ ਹੁੰਦਾ ਹੁੰਦਾ ਵੀ ਰਹਿ ਗਿਆ। ਸਿਰਜਣਾਤਮਕ ਅਮਲ ਵਿੱਚ ਸਭਿਆਚਾਰਕ ਰੂਪਾਂਤਰਣ ਅਤੇ ਉਪਭੋਗੀ ਦੌਰ ਨੂੰ ਸਮਝ ਸਕਣ ਦੇ ਸਮਰੱਥ ਸ਼ਾਇਰਾਂ ਦੀ ਪਾਲ਼ ਲੰਮੀ ਹੋਈ। ਸ਼ਾਇਰੀ 'ਚ ਨਵੇਂ ਸਮੇਂ ਦੀ ਹਾਣ-ਮੰਗਲ ਕਵਿਤਾ ਰਚਣ ਦਾ ਸਿਹਰਾ ਨਵਿਆਂ ਵਿੱਚੋਂ ਹਰਵਿੰਦਰ ਭੰਡਾਲ ਨੂੰ ਜਾਂਦਾ ਹੈ। ਕੁਝ ਕੁ 'ਦੇਹ' ਤੱਕ ਖਚਿਤ ਹੋ ਕੇ ਰਹਿ ਗਏ ਸ਼ਾਇਰਾਂ ਨੇ ਵੀ ਮੋੜਾ ਕੱਟਿਆ। ਨਾਰੀ-ਕਾਵਿ ਨੇ ਜਿੱਥੇ ਪਿੱਟ ਸਿਆਪੇ ਵਾਲੀ ਪਰੰਪਰਕ ਸ਼ਾਇਰੀ ਤੋਂ ਖਹਿੜਾ ਛੁਡਵਾ ਕੇ ਨਰੋਈ ਸੇਧ ਅਤੇ ਸਮੇਂ ਤੇ ਸਮਾਜ ਨੂੰ ਜਾਣਨ-ਵਾਲੀ ਸ਼ਾਇਰੀ ਰਚੀ, ਰੁੱਖੇ ਕਾਫੀਏ-ਰਦੀਫ' 'ਚ ਬੱਝੀ ਸ਼ਾਇਰੀ ਜਗੀਰੂ ਕਦਰਾਂ ਦੀ ਲਪੇਟ 'ਚ ਬੱਝੀ ਮਾਨਸਿਕਤਾ ਨੂੰ ਉਲੰਘ ਨਾ ਸਕੀ। ਨਾਰੀ-ਕਾਵਿ ਜੇ ਕਿਤੇ ਮਰਦ ਵਾਂਗ ਉਕਾਬ ਦੀ ਉਡਾਰੀ ਭਰਦਾ ਹੈ ਤਾਂ ਮਰਦ ਮੂਹਰੇ ਵਿਛਣ ਵਾਲੀ ਸ਼ਾਇਰੀ ਵੀ ਨਾਲੋ-ਨਾਲ ਤੁਰਦੀ ਹੈ। ਚੌਥੇ ਨੁਕਤੇ ਮੁਤਾਬਿਕ ਆਲੋਚਨਾ ਨੇ ਇਸ ਹੋ-ਵਾਪਰ ਰਹੇ ਨੂੰ ਪਕੜਨਾ ਅਤੇ ਨਵੇਂ ਜਾਵੀਏ ਤੋਂ ਨਵੇਂ ਪਾਠਕ ਸਾਹਮਣੇ ਖੋਲ੍ਹ ਕੇ ਰੱਖਣਾ ਹੈ। ਜੇ ਸਾਹਿਤ ਨੇ ਗੋਝ ਤੋੜੀ ਹੈ ਤਾਂ ਆਲੋਚਨਾ ਨੂੰ ਵੀ ਗੋਝ ਤੋੜਨੀ ਪਵੇਗੀ। ਹਾਲਾਂਕਿ ਬਹੁਤ ਸਾਰੇ ਨਾਮਵਰ ਆਲੋਚਕ ਆਪਣੀ ਪਿਛਲੀ ਪਰੰਪਰਕ ਪਹੁੰਚ ਨੂੰ ਤਿਆਗ ਕੇ ਨਵਾਂ ਕੁਝ ਕਰਨ ਵੱਲ ਅਹੁਲੇ ਹਨ ਅਤੇ ਕੁਝ ਨਵੇਂ ਨਾਂਅ ਵੀ ਯਤਨਸ਼ੀਲ ਜਾਪ ਰਹੇ ਹਨ, ਪਰੰਤੂ ਇਸ ਪਾਸੇ ਅਜੇ ਚਿੰਤਕ ਦਾ ਉੱਭਰਨਾ ਬਾਕੀ ਹੈ।

ਸਾਹਿਤ ਦੇ ਖੇਤਰ ਦੇ ਨਾਲ-ਨਾਲ ਸਮਾਜ, ਸੱਭਿਆਚਾਰ, ਆਰਥਿਕਤਾ ਤੇ ਰਾਜਨੀਤੀ ਨੂੰ ਵੀ ਸਮਝਣ-ਸਮਝਾਉਣ ਦੀ ਲੋੜ ਸੀ। ਭਾਵੇਂ ਕਿ ਪੰਜਾਬ ਦੀਆਂ ਵੱਖੋ-ਵੱਖ ਯੂਨੀਵਰਸਿਟੀਆਂ ਵਿੱਚ ਸਮਾਜ ਸ਼ਾਸਤਰੀਆਂ, ਅਰਥ ਸ਼ਾਸਤਰੀਆਂ ਤੇ ਇਤਿਹਾਸਕਾਰਾਂ ਨੇ ਆਪਣੀ ਭੂਮਿਕਾ ਨਿਭਾਈ, ਪਰੰਤੂ ਜਿੰਨਾ ਕੰਮ ਕੀਤਾ ਜਾਣਾ ਚਾਹੀਦਾ ਸੀ ਓਨਾ ਨਹੀਂ ਹੋਇਆ। ਖੇਤੀ ਆਰਥਿਕਤਾ ਬਾਰੇ ਡਾ. ਸਰਦਾਰਾ ਸਿੰਘ ਜੌਹਲ ਅਤੇ ਸੁੱਚਾ ਸਿੰਘ ਗਿੱਲ ਤੋਂ ਬਾਅਦ ਨਾਂਅ ਨਹੀਂ ਲੱਭਦਾ, ਸਮਾਜ ਸ਼ਾਸਤਰ ਵਿੱਚ ਪ੍ਰੋ. ਪਰਮਜੀਤ ਸਿੰਘ ਜੱਜ ਅਤੇ ਹਰਪਾਲ ਸਿੰਘ ਪੰਨੂੰ ਤੋਂ ਬਾਅਦ ਕੋਈ ਕੰਮ ਨਹੀਂ ਕਰ ਰਿਹਾ। ਇਤਿਹਾਸ ਦੇ ਖੇਤਰ ਵਿੱਚ ਜਿਹੜੀ ਮੌਲਿਕ ਕਿਰਤ ਡਾ. ਸੇਵਾ ਸਿੰਘ ਨੇ 'ਭਗਤੀ ਅਤੇ ਜਨ' ਪੰਜਾਬੀਆਂ ਸਾਹਮਣੇ ਲਿਆਂਦੀ ਹੈ, ਉਸ ਸਾਹਮਣੇ ਪਹਿਲੇ ਕਈ ਇਤਿਹਾਸਕ ਕਾਰਜਾਂ 'ਤੇ ਪ੍ਰਸ਼ਨ ਚਿੰਨ੍ਹ ਲੱਗੇ ਹਨ।

ਉਪਰੋਕਤ ਸਾਰੇ ਵਿਚਾਰਾਂ ਦੇ ਮੱਦੇ-ਨਜ਼ਰ 'ਕਹਾਣੀ-ਧਾਰਾ' ਵਿੱਚੋ ਸਾਹਿਤਕ ਪੱਖ ਅਤੇ ਸਮਾਜ ਸ਼ਾਸਤਰੀ ਪੱਖਾਂ ਬਾਰੇ ਅਸੀਂ ਇਹੀ ਕਹਿਣਾ ਚਾਹੁੰਦੇ ਹਾਂ ਕਿ ਇਹਨਾਂ ਦੋ ਮੰਚਾਂ ਦਾ ਮੁੱਖ ਉਦੇਸ਼ ਸਾਹਿਤਕ ਅਤੇ ਸਮਾਜਕ ਸਟੱਡੀਜ਼ ਨੂੰ ਵਿਸ਼ੇਸ਼ ਥਾਂ ਦਿੱਤਾ ਜਾਵੇ ਅਤੇ ਇਸ ਪ੍ਰਚਾਰ-ਪਾਸਾਰ ਵਿੱਚ ਨਿੱਗਰ ਯੋਗਦਾਨ ਪਾਇਆ ਜਾ ਸਕੇ। ਅਸੀਂ ਮੰਚ ਮੁਹੱਈਆ ਕੀਤਾ ਹੈ, ਪਹਿਲਾ ਹਿੱਸਾ ਇਸਦਾ ਸਿਰਜਣਾਤਮਕ-ਆਲੋਚਨਾਤਮਕ ਕਿਰਤਾਂ ਲਈ ਹੈ, 'ਜਨ-ਬੋਧ' ਮਨੁੱਖਵਾਦੀ ਵਿਚਾਰਾਂ ਵਾਲੀਆਂ ਚਿੰਤਨ ਪਰੰਪਰਾਵਾਂ ਤੇ ਨਵੇਂ ਚਿੰਤਨ ਦੇ ਵਿਸਥਾਰ ਵਾਸਤੇ ਹੈ। ਅਸੀਂ ਕੁਝ ਕਹਿਣਾ ਚਾਹੁੰਦੇ ਹਾਂ ਤਾਂ ਕੁਝ ਸੁਣਨਾ ਵੀ ਚਾਹੁੰਦੇ ਹਾਂ। ਸਾਨੂੰ ਪੰਜਾਬੀ ਦੀ ਮਨੁੱਖਵਾਦੀ ਚਿੰਤਨ-ਪਰੰਪਰਾ ਉੱਤੇ ਮਾਣ ਹੈ ਤਦੇ ਪੂਰੇ ਧੀਰਜ ਤੇ ਤਸੱਲੀ ਨਾਲ ਦੋਸਤਾਂ ਦੇ ਹੁੰਗਾਰੇ ਦੀ ਉਡੀਕ 'ਚ ਤੁਰੇ ਹਾਂ... !

**- ਭਗਵੰਤ ਰਸੂਲਪੁਰੀ**
**- ਦੇਸ ਰਾਜ ਕਾਲੀ**

## ਕਹਾਣੀ / ਨ੍ਹੇਰੇ ਦੇ ਵਾਸੀ / ਸਰੂਪ ਸਿਆਲਵੀ

***ਸਰੂਪ ਸਿਆਲਵੀ ਆਪਣੀਆਂ ਕਹਾਣੀਆਂ ਵਿੱਚ ਉੱਧੜੇ ਹੋਏ ਲੋਕਾਂ ਦੀ ਮਾਨਸਿਕਤਾ ਨੂੰ ਸੀਂਦਾ-ਪਰੋਂਦਾ ਆ ਰਿਹਾ ਹੈ। 'ਰੇਪ' ਵਰਗੀ ਉਸਦੀ ਕਹਾਣੀ ਦਲਿਤ ਦੀ ਜਿਸ ਹੋਣੀ ਦੇ ਸੰਤਾਪ ਦੀ ਥਾਹ ਪਾਉਂਦੀ ਹੈ ਅਤੇ ਸਿਆਸਤ ਦੇ ਦਾਅ-ਪੇਚ ਕਾਰਨ ਕਿਰ ਰਹੀ ਮਨੁੱਖਤਾ ਦੀ ਤਸਵੀਰ ਪੇਸ਼ ਕਰਦੀ ਹੈ, ਪੰਜਾਬੀ ਕਹਾਣੀ ਲਈ ਵਿਸ਼ੇ ਪੱਖੋਂ ਹੀ ਨਹੀਂ, ਵਿਚਾਰਧਾਰਕ ਪੱਖੋਂ ਵੀ ਪ੍ਰਾਪਤੀ ਕਹੀ ਜਾਣੀ ਚਾਹੀਦੀ ਹੈ। ਹਥਲੀ ਕਹਾਣੀ ਉਸਦੇ ਚਿੰਤਨ ਦਾ ਨਮੂਨਾ ਹੈ। ਉਸ ਦੀ ਇਕ ਕਹਾਣੀਆਂ ਦੀ ਕਿਤਾਬ 'ਉਦਾਸ ਪਿੰਡ ਦੀ ਕਹਾਣੀ' ਵੀ ਛਪੀ ਹੋਈ ਹੈ।***

ਅੱਜ ਤਨਖਾਹ ਮਿਲਣ ਕਰਕੇ ਨੰਦੂ ਦੇ ਚਿਹਰੇ 'ਤੇ ਰੌਣਕ ਸੀ। ਜਦ ਉਹਨੇ ਆਪਣੀ ਨੂੰਹ ਸੰਤੀ ਨੂੰ ਪੂਰੀ ਦੀ ਪੂਰੀ ਤਨਖਾਹ, ਫ਼ਲਾਂ ਦੀ ਟੋਕਰੀ ਤੇ ਮਿਠਾਈ ਦਾ ਡੱਬਾ ਲਿਆ ਕੇ ਫੜਾਇਆ ਤਾਂ ਉਹ ਘੁੰਡ ਵਿਚੋਂ ਮਿਨ੍ਹਾ-ਮਿਨ੍ਹਾ ਮੁਸਕ੍ਰਾ ਰਹੀ ਸੀ। ਨਹੀਂ ਤਾਂ ਉਹ ਨੰਦੂ ਕੰਨੀਓਂ ਮੂੰਹ ਜਿਹਾ ਬਣਾ ਕੇ ਤਿਊੜੀ ਪਾ ਕੇ ਰੱਖਦੀ। ਦੇਵ ਦੇ ਨੱਚਦੇ, ਟੱਪਦੇ ਦੋਵੇਂ ਮੁੰਡਿਆਂ, ਮੀਤੂ ਤੇ ਜੀਤੂ ਨੂੰ ਪਤਾ ਸੀ ਕਿ ਅੱਜ ਮੰਮੀ ਨੇ ਸਕੂਲ ਦੇ ਕੰਮ ਦਾ ਬਹਾਨਾ ਬਣਾ ਕੇ ਉਹਨਾਂ ਨੂੰ ਬਾਬੇ ਕੋਲ ਜਾਣ ਤੋਂ ਰੋਕਣਾ ਨੀ ਹੈਗਾ। ... ਉਹ ਸੌਣ ਤੋਂ ਪਹਿਲਾਂ ਬਾਬੇ ਨੂੰ ਕਹਾਣੀ ਸੁਣਾਉਣ ਲਈ ਜਿੱਦ ਕਰਨ ਲੱਗ ਪਏ। ਨੰਦੂ ਦਾ ਪੁੱਤਰ ਦੇਵ ਵੀ ਖੁਸ਼ ਸੀ... ਚਲੋਂ ਅੱਜ ਦੇ ਦਿਨ ਲਈ ਬਾਪੂ ਆਪਣੀ ਨ੍ਹੇਰ-ਕੋਠੜੀ ਵਿਚੋਂ ਬਾਹਰ ਨਿਕਲਿਆ ਤੇ ਨੰਦੂ ਬੱਚਿਆ ਨੂੰ ਕਿੰਨੀ ਵਾਰ ਸੁਣਾਈ ਕਹਾਣੀ ਫੇਰ ਸੁਣਾਉਣ ਲੱਗ ਪਿਆ,

"ਪੁੱਤਰੋ... ਖੇਤਾਂ ਵਿਚ ਰੰਗ-ਬਰੰਗੇ ਫੰਘਾਂ ਨੂੰ ਖਲਾਰਕੇ... ਪੈਲ ਪਾਉਂਦੇ ਮੋਰ ਨੂੰ ਦੇਖਕੇ ... ਤੁਸੀਂ ਕਿੰਨਾ ਖੁਸ਼ ਹੁੰਦੇ ਓ... ਨੱਚਦੇ-ਟੱਪਦੇ ਓ... ਕਿਲਕਾਰੀਆਂ ਮਾਰਦੇ ਓ। ਪਰ ਆਪਣੇ ਕਾਲੇ ਪੰਜਿਆਂ ਤੇ ਕਾਲੀ ਚੁੰਜ ਵੱਲ ਦੇਖਦੇ ... ਹੰਝੂ ਵਗਾਉਂਦੇ ਮੋਰ ਨੂੰ ਤੁਸੀਂ ਧਿਆਨ ਨਾਲ ਦੇਖਿਆ ਨੀ ਹੈਗਾ। ਪੁੱਤਰੋ... ਮੋਰ ਦੇ ਪੰਜੇ ਤੇ ਚੁੰਜ ... ਪਹਿਲਾਂ ਤੋਂ ਹੀ ਕਾਲੇ ਨਹੀਂ ਸੀ... ਉਹਦੇ ਚਮਕਦੇ ਫੰਘਾਂ ਵਰਗੇ ... ਸੁਨਹਿਰੀ ਸਨ।"

"ਫੇਰ ਬਾਬਾ ਜੀ ਇਹ ਕਾਲੇ ਕਿਵੇਂ ਹੋਏ ?"

ਮੁੰਡਿਆਂ ਨੇ ਉਤਾਵਲੇ ਹੁੰਦਿਆਂ... ਇਕ ਅਵਾਜ਼ ਵਿਚ ਪੁੱਛਿਆ।

"ਬੱਚਿਓ... ਕਹਿੰਦੇ ਹਨ ਇਕ ਵਾਰੀ ਗੁਟਾਰ ਵਿਆਹ ਤੇ ਜਾਣ ਲਈ... ਮੋਰ ਦੇ ਸੁਨਹਿਰੀ ਪੰਜੇ ਤੇ ਚੁੰਜ ਉਧਾਰੇ ਲੈ ਗਈ ਤੇ ਆਪਣੇ ਕਾਲੇ ਪੰਜੇ ਤੇ ਚੁੰਜ ਮੋਰ ਨੂੰ ਦੇ ਗਈ। ... ਪਰ ਵਿਆਹ ਤੋਂ ਆ ਕੇ... ਗੁਟਾਰ ਨੇ ਮੋਰ ਨੂੰ ਸੁਨਹਿਰੀ ਪੰਜੇ ਤੇ ਚੁੰਜ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ... ਤੇ ਵਿਚਾਰਾ ਮੋਰ ਉਦੋਂ ਤੋਂ ਹੀ ... ਪੈਲ ਪਾਉਂਦਿਆਂ... ਆਪਣੇ ਕਾਲੇ ਪੰਜਿਆਂ ਤੇ ਚੁੰਜ ਨੂੰ ਦੇਖਕੇ ਝੂਰਦਾ ਰਹਿੰਦਾ ਏ... ਹੰਝੂ ਵਗਾਉਂਦਾ ਏ।"

ਦੇਵ ਦੇਖ ਰਿਹਾ ਸੀ ਉਹਦਾ ਬਾਪੂ ਨੰਦੂ... ਇਸ ਵਾਰ ਵੀ... ਇਸ ਕਹਾਣੀ ਨੂੰ ... ਆਪਣੇ ਹੱਥਾਂ 'ਤੇ ਪੈਰਾਂ ਦੇ... ਚਿੱਟੇ ਤੋਂ ਕਾਲੇ ਹੋਏ ਨਹੁੰਆਂ ਤੱਕ ਲਿਜਾਣ ਤੋਂ ਪਹਿਲਾਂ ਹੀ... ਭਾਵੁਕ ਹੋ ਕੇ ਚੁੱਪ ਕਰ ਗਿਆ





ਸੀ।... ਦੇਵ ਆਪਣੇ ਬਾਪੂ ਦੀ ਹਾਲਤ ਨੂੰ ਸਮਝਦਾ ਸੀ। ਉਹਨੇ ਸੋਚਿਆ ਕਿ ਉਹ ਵੀ ਬਾਪੂ ਨੂੰ... ਪਹਿਲਾਂ ਵਾਂਗ ਇਹੀ ਕਹੇਗਾ... ਕਿ ਬਾਪੂ ਤੂੰ ਇਸ ਜੱਦੀ-ਪੁਸ਼ਤੀ ਕਿੱਤੇ ਨੂੰ ਛੱਡ ਕਿਉਂ ਨੀ ਦਿੰਦਾ ? ... ਉਹਨੂੰ ਪਤਾ ਸੀ... ਉਹਦਾ ਬਾਪੂ ਵੀ ਅੱਗੇ ਵਾਂਗ ਇਹੀ ਕਹੇਗਾ ... "ਪੁੱਤਰਾ ... ਇਸ ਜੱਦੀ ਪੁਸ਼ਤੀ ਕਿੱਤੇ ਤੋਂ ਬਿਨਾ ... ਮੈਂ ਕਿਸੇ ਨਾਲ ਪੂਰਾ ਉਤਰਿਆ ਵੀ ਹਾਂ... ਤੇਰੀ ਬੇਬੇ , ਸੀਬੋ ਨਾਲ ਵੀ ਨਹੀਂ...।"

... ਨੰਦੂ ਦੀ ਵਿਆਹੁਲੀ ਆਈ ਪਤਨੀ ਸੀਬੋ... ਉਹਦੇ ਘਰ ... ਚਾਰ ਦਿਨ ਵੀ ਅਰਾਮ ਦੇ ਕੱਟ ਨਹੀਂ ਸਕੀ ਸੀ... ਕਿ ਮੱਕੀ ਦੀ ਗੁਡਾਈ ਦਾ ਜ਼ੋਰ ਪੈ ਗਿਆ ਸੀ।

ਜ਼ਿਮੀਦਾਰਾਂ ਨੂੰ ਡਰ ਲਗਿਆ ਰਹਿੰਦਾ ਕਿ ਜੇ ਉਹਨਾਂ ਦੀ ਮੱਕੀ ਵਿਚੋਂ ਸੌਂਕਾ, ਬਰੂ, ਕੱਕੜਾ, ਮਧਾਣਾ ਆਦਿ ਨਾ ਕੱਢਿਆ ਗਿਆ... ਤਾਂ ਮੀਂਹ ਪੈਣ ਤੇ ਉਹਨਾਂ ਦੇ ਖੇਤਾਂ ਵਿਚ ਸੌਂਕਾ, ਬਰੂ ਮੱਲ ਜਾਵੇਗਾ ਤੇ ਮੱਕੀ ਨੂੰ ਦੱਬ ਲਵੇਗਾ ਤੇ ਉਹਨਾਂ ਦੀ ਮੱਕੀ , ਡੰਗਰਾਂ ਨੂੰ ਟਾਂਡੀ ਵਢਕੇ ਪਾਉਣ ਜੋਗੀ ਰਹਿ ਜਾਵੇਗੀ। ... ਇਸ ਲਈ ਜ਼ਿਮੀਂਦਾਰਾਂ ਦੇ ਝੁੰਡ, ਗਲੀਆਂ ਵਿਚਲੇ ਚਿੱਕੜ ਨਾਲ ਲਿਬੜੀਆਂ ਜੁੱਤੀਆਂ ਝਾੜਦਿਆਂ ... ਚਮੈੜੀ ਤੇ ਚੜ ਕੇ ਵਿਚ ਇਕ ਦੂਜੇ ਤੋਂ ਪਹਿਲਾਂ ਪੁੱਜਣ ਦੀ ਕੋਸ਼ਿਸ਼ ਕਰਦੇ। ਜ਼ਿਮੀਂਦਾਰ ਇਕ, ਦੂਜੇ ਨਾਲ ਲੜਦੇ-ਝਗੜਦੇ। "ਹੁਣ ਦੋ ਦਿਨ ਤੈਂ ਲੁਆ ਲਏ... ਕੱਲ੍ਹ ਨੂੰ ਤੇਰੇ ਆਲੇ ਗੁਡਾਵੇ ਮੈਂ ਲਿਜਾਣੇ ਐ...।" ਦੂਜਾ ਆਖਦਾ , "ਇਹਨੂੰ ਬੋਲੀ ਜਾਣਦੇ... ਤੁਸੀਂ ਕੱਲ੍ਹ ਨੂੰ ਮੇਰੇ ਆਇਓ... ਦੋ ਦਿਨ ਲੁਆ ਕੇ ਮੇਰੀ ਮੱਕੀ ਕਢਵਾ ਦਿਓ... ਫੇਰ ਜੀਹਦੇ ਮਰਜੀ ਜਾਇਓ ... ਥੁਆਡੇ ਖੁਰਪੇ ਤਾਂ ਹੀ ਮਿਲਣਗੇ...।" "ਓ ਖੁਰਪੇ ਮੈਂ ਆਪੇ ਦੇ ਦੇਊਂ ... ਤੁਸੀਂ ਮੇਰੇ ਚੱਲਿਓ...।" ਪਹਿਲਾ ਆਖਦਾ। "ਨਹੀਂ ਮੇਰੇ ਈ ਚੱਲਿਓ... ਇਹਨੂੰ ਬੋਲੀ ਜਾਣ ਦਿਓ ।" ਉਹ ਲੜਦੇ-ਝਗੜਦੇ ਹੱਥੋ-ਪਾਈ ਤੱਕ ਉਤਰ ਆਉਂਦੇ।

ਨੰਦੂ ਤੇ ਉਹਦਾ ਪਿਓ , ਮਿਹਰੂ ਪਿੰਡ ਦੇ ਦਸ, ਬਾਰਾਂ ਘਰਾਂ ਦੀ ਸੇਪੀ ਕਰਦੇ ਸਨ। ਜਿਹਨਾਂ ਨੂੰ ਉਹ 'ਆਪਣੇ ਕਿਰਸਾਣ' ਆਖਦੇ। ਉਹਨਾਂ ਨੂੰ ਆਪਣੇ ਕੱਲੇ-ਕੱਲੇ ਕਿਰਸਾਣ ਦੇ ਮੱਕੀ ਤੇ ਕਣਕ ਦੀ ਗੁਡਾਈ ਦੀਆਂ ਦੋ, ਦੋ , ਤਿੰਨ, ਤਿੰਨ ਦਿਹਾੜੀਆਂ ਵਗਾਰ ਵਜੋਂ ਲੁਆਉਣੀਆਂ ਪੈਂਦੀਆਂ। ... ਨੰਦੂ ਦੀ ਵਿਆਹੁਲੀ ਆਈ ਬਹੂ, ਸੀਬੋ ਆਪਣੀ ਸੱਸ ਕਿਰਪੀ ਨਾਲ ਜਾ ਕੇ ਦੋ ਦਿਹਾੜੀਆਂ ਕੀ ਲੁਆ ਆਈ ਉਹਨੂੰ ਨਿੱਤ ਤੋਰੀ ਰੱਖਦੇ। ਆਪਣੇ ਕ੍ਰਿਸਾਣਾ ਦੇ ਵਗਾਰ ਵਜੋਂ ਇਕ-ਇਕ ਦੋ-ਦੋ ਦਿਹਾੜੀਆਂ ਲੁਆਉਂਦਿਆਂ... ਉਹ ਕਲ੍ਹ, ਕਾਲਿਆਂ ਦੇ ਦਿਹਾੜੀ ਲੁਆ ਕੇ ਆਈਆ ਸਨ ਕਿ ਅੱਜ ਕਾਲਿਆਂ ਦਾ ਅੜਬ ਜਿਹਾ ਮੁੰਡਾ ਫੇਰ ਆਇਆ ਬੈਠਾ ਸੀ। ਅਖੇ ਸਾਡੀ ਤਾਂ ਪੂਰੀ ਦੀ ਪੂਰੀ ਮੱਕੀ ਕਢਵਾਓ... ਭਾਵੇਂ ਸੇਪ ਦੀਆਂ ਦਿਹਾੜੀਆਂ ਤੋਂ ਵਾਧੂ ਲੁਆਈਆਂ ਦਿਹਾੜੀਆਂ ਦੇ ਪੈਸੇ ਲੈ ਲਿਓ...। ਉਧਰ ਜੰਡਿਆਲੀਆਂ ਦਾ ਬੁੜ੍ਹਾ ਆਇਆ ਬੈਠਾ ਸੀ। "ਕੁਝ ਕਰੋ... ਅੱਜ ਸਾਡੇ ਚੱਲੋ... ਮੈਂ ਕਿੰਨੇ ਦਿਨਾਂ ਤੋਂ ਆ ਆ ਕੇ ਮੁੜ ਜਾਂਦਾ ਆ... ਤੁਸੀਂ ਨਿੱਤ ਕਲ੍ਹ ਨੂੰ ਕਹਿ ਕੇ ਮੋੜ ਦਿੰਦੇ ਓ... ਸਾਡੀ ਵੀ ਮੱਕੀ ਵਿਚ ਸੌਂਕਾਂ ਮੱਲੀ ਜਾਂਦੈ...।" ਕਾਲਿਆਂ ਦਾ ਮੁੰਡਾ ਅੜਬਾਈ ਕਰ ਰਿਹਾ ਸੀ। ਉਹ ਉਹਦੇ ਬਾਬੇ ਦੀ ਉਮਰ ਦੇ ਮੇਹਰੂ ਨੂੰ 'ਓ ਮੇਹਰੂ' ਕਹਿ ਕੇ ਬੁਲਾਉਂਦਾ ਸੀ। ਉਹਨੂੰ ਵੱਡੇ ਛੋਟੇ ਦੀ ਨਾ ਸ਼ਰਮ ਸੀ ਨਾ ਲਿਹਾਜ। ਉਹ ਆਖ ਰਿਹਾ ਸੀ, "ਸਾਡੇ ਚੱਲੋ... ਨਹੀਂ ਤਾਂ ਸਾਡਾ ਕੰਮ ਛੱਡੋ.. ਹੋਰ ਬਥੇਰੇ ਕਹਿੰਦੇ ਐ... ।" ਉਧਰ ਜੰਡਿਆਲੀਆਂ ਦਾ ਬੁੜ੍ਹਾ ਆਪਣੀ ਥਾਂ ਸੱਚਾ ਸੀ। ਉਹ ਕਿੰਨੇ ਦਿਨਾਂ ਤੋਂ ਗੇੜੇ ਮਾਰ ਰਿਹਾ ਸੀ।

ਮੇਹਰੂ ਸੋਚ ਰਿਹਾ ਸੀ ਕਿ ਕਾਲਿਆਂ ਦੇ ਮੁੰਡੇ ਨੂੰ ਤਾਂ ਸਮਝਣਾ ਚਾਹੀਦਾ ਸੀ। ਉਹਦੇ ਬੁੜਿਆ ਨਾਲ ਤਾਂ ਉਹਨਾਂ ਦਾ ਅਧਾਰ-ਸਧਾਰ ਚਲਦਾ ਸੀ। ਅਜੇ ਪਰਾਰ ਦੀ ਤਾਂ ਗੱਲ ਹੈ ਕਿ ਜਦ ਹਾੜ੍ਹੀ ਬੀਜਣ ਲਈ... ਖੇਤ ਦੀ ਬਹਾਈ ਕਰਦਿਆਂ... ਇਸ ਅਲੱਥ ਜਹੇ ਮੁੰਡੇ ਦਾ... ਪਰਾਣੀਆਂ ਮਾਰ-ਮਾਰ ਕੇ ਹਾਲੋਂ

ਬੇਹਾਲ ਕੀਤਾ... ਹਲ ਅੱਗੇ ਜੁੜਿਆ ਬਲਦ ... ਥਾਂਏ ਬੈਠ ਗਿਆ ਸੀ ਤੇ ਦੋ ਦਿਨਾਂ ਤੱਕ ਉਠਕੇ ਖੜ੍ਹਾ ਨਹੀਂ ਸੀ ਹੋਇਆ।... ਲੋਕ ਤਮਾਸ਼ਾ ਦੇਖ ਰਹੇ ਸਨ। ਕਾਲਿਆ ਦਾ ਬੁੜ੍ਹਾ ਤੜਕੇ ਤੜਕੇ ... ਮੇਹਰੂ ਨੂੰ ਅੱਗੇ ਵਾਂਗ ਗਲੀ ਵਿਚ ਆਵਾਜ਼ ਮਾਰ ਕੇ ਬੁਲਾਉਣ ਦੀ ਥਾਂ ... ਲੋਕਾਂ ਨੂੰ ਪਤਾ ਲੱਗਣ ਦੇ ਡਰੋਂ... ਉਹਦੇ ਕੋਲ ਕੱਚੇ ਚਮੜੇ ਦੀ ਰੰਗਾਈ ਕਰਨ ਵਾਲੇ ਛਤਣੇ ਵਿਚ ਹੀ ਆ ਗਿਆ ਸੀ। ਅੱਜ ਮੁਸੀਬਤ 'ਚ ਫਸਿਆ ਉਸਨੂੰ ਕੱਚੇ ਚਮੜੇ ਦੀ ਬੋ ਨਹੀਂ ਸੀ ਮਾਰ ਰਹੀ... ਸਾਰੀ ਕਹਾਣੀ ਸੁਣਾ ਕੇ ਉਹ ਡਾਢੀ ਹਲੀਮੀ ਨਾਲ ਬੋਲਿਆ ਸੀ, "... ਜੇ ਅੱਜ ਰੋਪੜ ਦੀ ਬਲਦਾਂ ਦੀ ਮੰਡੀ ਤੋਂ... ਨਵਾਂ ਬਲਦ ਖਰੀਦ ਕੇ ਨਾ ਲਿਆਏ... ਤਾਂ ਪਿੰਡ ਵਿਚ ਸਾਡੀ ਤੋਏ ਤੋਏ ਹੋ ਜਾਣੀ ਐ... ਤੇਰੇ ਰੱਖਣ ਦੇ ਆ... ਤੂੰ ਮੈਨੂੰ ਕਲ੍ਹ ਵਾਲੇ ਅਧਿਆਰੇ ਦੀ ਵੇਚੀ ਮੱਝ ਦੇ ਵੱਟੇ ਅੱਸੀ ਰੁਪਏ ਦੇ ਕੇ... ਜਦ ਵੀ ਤੈਨੂੰ ਲੋੜ ਹੋਈ ... ਜੇ ਨਾ ਵੀ ਘਰ ਹੋਏ... ਭਾਮੇਂ ਬਿਆਜੂ ਫੜ ਕੇ ਦੇਈਏ...।" ਤੇ ਕਾਲਿਆ ਦੇ ਬੁੜ੍ਹੇ ਨੇ... ਉਧਾਰ ਫੜੇ ਪੈਸੇ ਅਜੇ ਤੱਕ ਮੋੜੇ ਨਹੀਂ ਸਨ... ਨੰਦੂ ਦੇ ਵਿਆਹ ਤੇ ਵੀ ਨਹੀਂ।

ਮੇਹਰੂ ਨੂੰ ਆਪਣੇ ਆਪ ਤੇ ਗੁੱਸਾ ਆਇਆ। ਉਹਨੂੰ ਬੁੱਢੇ ਵਾਰੇ ਹੋਈ ਗੋਡਿਆ ਦੀ ਤਕਲੀਫ਼ ਨੇ ਖੇਤੀ ਦਾ ਕੋਈ ਕੰਮ ਕਰਨ ਜੋਗਾ ਛੱਡਿਆ ਨਹੀਂ ਸੀ। ਤੇ ਨੰਦੂ ਨੇ ਖੱਲਾਂ ਰੰਗ ਕੇ ਦੇਣ ਦੀ ਸਾਈ ਫੜੀ ਹੋਈ ਸੀ। ਉਹਨੇ ਦਿਨ, ਰਾਤ ਇਕ ਕੀਤਾ ਹੋਇਆ ਸੀ। ਉਹਨੂੰ ਸੋਚਾਂ ਵਿਚ ਪਿਆ ਦੇਖ , ਨੰਦੂ ਨੇ ਉਹਦੇ ਕੁਝ ਕਹਿਣ ਤੋਂ ਪਹਿਲਾਂ ਹੀ... ਮਾਂ ਤੇ ਪਤਨੀ ... ਕਿਰਪੀ ਤੇ ਸੀਬੋ ਨੂੰ ਕੱਲੇ-ਕੱਲੇ ਜ਼ਿਮੀਂਦਾਰ ਨਾਲ ਤੋਰ ਦਿਤਾ ਸੀ। ਤੇ ਉਹਨੂੰ ਪਤਾ ਵੀ ਨਹੀਂ ਸੀ ਲੱਗਿਆ ਕਿ ਉਹਨੇ ਮਾਂ ਨੂੰ ਕਿਸ ਨਾਲ ਤੋਰਿਆ ਹੈ ਤੇ ਬਹੂ ਨੂੰ ਕਿਸ ਨਾਲ...।

ਕਿਰਪੀ ਨੂੰ ਖੇਤ ਵਿਚ ਗੁਡਾਈ ਕਰਦਿਆਂ, ਘਰ ਖੜੀ ਅਧਿਆਰੇ ਤੇ ਲਈ, ਸੂਣ ਵਾਲੀ ਮੱਝ ਦਾ ਫਿਕਰ ਪਿਆ ਰਹਿੰਦਾ। ਜਦ ਦੁਪਹਿਰ ਦੀ ਰੋਟੀ ਖਾ ਕੇ ਹੋਰ ਗੁਡਾਵੇ ਘੜੀ ਪਲ ਲਈ ਪਿੱਠ ਸਿੱਧੀ ਕਰਨ ਲਈ ਲੇਟ ਜਾਂਦੇ। ਤਾਂ ਕਿਰਪੀ ਚਾਦਰ ਦੀ ਝੋਲੀ ਮਾਰ ਕੇ ਨਾਲ ਦੀ ਵਣ ਤੋਂ ਜਾਂ ਤੱਪੜ ਵਿਚੋਂ ਖੁਰਪੇ ਨਾਲ ਘਾਹ ਖੋਤ ਕੇ, ਪੰਡ ਬਣਾ ਲੈਂਦੀ। ਸਿਆਲੇ ਵਿਚ ਕਿਰਪੀ ਨੇ ਇਹ ਮੱਝ ਜੰਡਿਆਲੀਆਂ ਤੋਂ ਅਧਿਆਰੇ ਤੇ ਲਈ ਸੀ। ... ਭਰ ਸਿਆਲ ਵਿਚ, ਉਹਨਾਂ ਦੇ ਨੀਮ ਪਹਾੜੀ ਇਲਾਕੇ ਵਿਚ ਜ਼ਿਮੀਂਦਾਰਾਂ ਦੇ ਘਰੀਂ ਚਾਰਾ ਮੁੱਕ ਜਾਂਦਾ। ਮਾੜੇ ਜ਼ਿਮੀਂਦਾਰਾਂ ਦੇ ਡੰਗਰਾਂ ਦੇ ਕਰੰਗ ਨਿਕਲ ਆਉਂਦੇ। ਜ਼ਿਮੀਂਦਾਰ ਨਾਲ ਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਉਪਰੋਂ ਪਹਾੜੀ ਘਾਹ, ਬਣ੍ਹਵਾ ਵੱਢ ਕੇ ਗੱਡਿਆ ਦੇ ਗੱਡੇ ਲੱਦ ਕੇ ਲਿਆਉਣ ਲੱਗਦੇ। ਪਹਾੜੀ ਘਾਹ ਖਾਣ ਨਾਲ ਪਸ਼ੂ ਕਮਜ਼ੋਰ ਹੋ ਜਾਂਦੇ। ਮੱਝਾਂ ਗਾਵਾਂ ਤੇ ਕੱਟਰੂਆਂ, ਵੱਛਰੂਆ ਨੂੰ ਨੇੜੇ ਦੀਆਂ ਪਸ਼ੂਆਂ ਦੀਆਂ ਮੰਡੀਆਂ ਕੁਰਾਲੀ ਖਰੜ ਤੇ ਮੋਰਿੰਡਾ ਵਿਖੇ ਲਿਜਾ ਕੇ ਵੇਚਣ ਲੱਗਦੇ। ... ਨੰਦੂ ਦੇ ਮੁਹੱਲੇ ਵਾਲੇ ਦੋ, ਚਾਰ ਸੇਰ ਦੁੱਧ ਦੇਣ ਵਾਲੀ ਮੱਝ ਨੂੰ ਅਧਿਆਰੇ ਤੇ ਲੈ ਕੇ ਪਾਲ ਲੈਂਦੇ। ... ਤੇ ਕੰਮੀਆਂ ਕੋਲ ਇਕ, ਦੋ ਪਸ਼ੂ ਹੋਣ ਕਰਕੇ ਉਹਨਾਂ ਦੀਆਂ ਤੀਵੀਆਂ ਦੂਰ-ਦੂਰ ਤੋਂ ਘਾਹ ਖੋਤ ਕੇ ਲਿਆਉਂਦੀਆਂ ਰਹਿੰਦੀਆਂ ਤੇ ਪਸ਼ੂ ਨਵੇਂ-ਨਰੋਏ ਰਹਿੰਦੇ। ਜ਼ਿਮੀਂਦਾਰਾਂ ਦੇ ਘਰੀਂ ਅਣਗੌਲੀ ਰਹੀ ਮੱਝ ਇਹਨਾਂ ਦੇ ਘਰ ਆ ਕੇ ਦੁੱਧ ਵਧ ਜਾਂਦੀ।

ਕਿਰਪੀ ਵੀ ਸਾਲ ਵਿਚ ਇਕ, ਦੋ ਮੱਝਾਂ ਅਧਿਆਰੇ ਤੇ ਲੈ ਕੇ ਪਾਲ ਲੈਂਦੀ। ਜੇ ਮੱਝ ਫੰਡਰ ਨਿਕਲ ਜਾਂਦੀ ਤਾਂ ਸਾਰੇ ਪਰਿਵਾਰ ਦੇ ਮੂੰਹ ਲਟਕ ਜਾਂਦੇ। ... ਤੇ ਇਸ ਸਾਲ ਮੇਹਰੂ ਨੇ ਨੰਦੂ ਦੇ ਵਿਆਹ ਤੇ ਸ਼ਾਹ ਜੀ ਤੋਂ ਬਿਆਜੂ ਪੈਸੇ ਫੜੇ ਸਨ। ਤੇ ਕਿਰਪੀ ਅਧਿਆਰੇ ਵਾਲੀ ਮੱਝ ਵੇਚ ਕੇ ਅੱਧੇ ਜੰਡਿਆਲੀਆਂ ਨੂੰ ਦੇ ਕੇ ਬਾਕੀ ਅੱਧੇ ਸ਼ਾਹ ਜੀ ਨੂੰ ਦੇ ਕੇ ਪਰਿਵਾਰ ਦੇ ਸਿਰ ਚੜ੍ਹੇ ਕਰਜ਼ੇ ਦਾ ਭਾਰ ਲਾਹੁਣਾ ਚਾਹੁੰਦੀ ਸੀ। ਕਿਰਪੀ





ਦੀ ਹੱਡੀ ਤਕੜੀ ਸੀ। ਉਹਨੂੰ ਗੁਡਾਈ ਦੀ ਦਿਹਾੜੀ ਲੁਆਉਣ ਦੇ ਨਾਲ-ਨਾਲ ਮੱਝ ਲਈ ਘਾਹ ਖੋਤ ਕੇ ਲਿਆਉਣਾ ਪੈਂਦਾ। ਤੇ ਇਸਦੇ ਨਾਲ-ਨਾਲ ਘਰ ਆ ਕੇ ਰੋਟੀ-ਟੁੱਕ ਦਾ ਆਹਰ ਵੀ ਕਰਨਾ ਪੈਂਦਾ। ਉਹਦੀ ਸ਼ਹਿਰਨ ਬਹੂ ਤਾਂ ਘਰ ਆਉਂਦਿਆਂ ਹੀ ਮੰਜੇ ਤੇ ਪੈਣ ਦੀ ਕਰਦੀ। ਉਹਨੂੰ ਤਾਂ ਗੁਡਾਈ ਵੀ ਚੱਜ ਨਾਲ ਨਹੀਂ ਸੀ ਕਰਨੀ ਆਉਂਦੀ। ਆਪਣੀ ਫਾਂਟ ਦੇ ਨਾਲ-ਨਾਲ ਬਹੂ ਦੀ ਪਿਛੇ ਰਹੀ ਫਾਂਟ ਵੀ ਕਿਰਪੀ ਨੂੰ ਹੱਲਾ ਮਾਰ ਕੇ ਨਾਲ ਰਲਾਉਣੀ ਪੈਂਦੀ। ਥੱਕੀ-ਹਾਰੀ ਬਹੂ ਰੋਟੀ ਖਾ ਕੇ ਮੰਜੇ 'ਤੇ ਪੈਂਦਿਆਂ ਹੀ ਸੌਂ ਜਾਂਦੀ। ਕਿਰਪੀ ਕਲਪਦੀ, "ਅਸੀਂ ਤਾਂ ਸ਼ਹਿਰ ਵਿਚ ਮੁੰਡਾ ਵਿਆਹ ਕੇ ਫਸ ਗਏ... ਇਸ ਘਰ ਦਾ ਲਾਂਘਾ ਕਿਵੇਂ ਲੰਘੂ...।"

ਮੇਹਰੂ ਤੇ ਨੰਦੂ ਆਪਣੇ ਕ੍ਰਿਰਸਾਣਾਂ ਦੇ ਘਰਦਿਆਂ ਦੀਆਂ... ਰੋਜ਼ਾਨਾ ਕਿੰਨਾ-ਕਿੰਨਾ ਚਿਰ ਜੁੱਤੀਆਂ ਛਿੱਤਰ ਗੰਢਣ ਲਈ ਲੱਗੇ ਰਹਿੰਦੇ। ਆਪਣੇ ਕਿਰਸਾਣਾ ਦੇ ਕੱਚੇ ਕੋਠੇ ਲਿਪਣ ਤੇ ਵਿਆਹ-ਸ਼ਾਦੀਆਂ ਆਦਿ ਨੂੰ ਉਹਨਾਂ ਨੂੰ ਸੌ ਸੌ ਬੁੱਤੀਆਂ ਕਰਨੀਆਂ ਪੈਂਦੀਆਂ। ਜਦ ਵੀ ਕਿਸੇ ਕਿਰਸਾਣ ਨੇ ਬੁਲਾਉਣਾ... ਉਹਨਾਂ ਨੂੰ ਆਪਣੇ ਘਰ ਦੇ ਜ਼ਰੂਰੀ ਕੰਮ ਛੱਡ ਕੇ ਜਾਣਾ ਈ ਜਾਣਾ ਪੈਂਦਾ ਤੇ ਇਵਜ਼ਾਨੇ ਵਜੋਂ ਉਹਨਾਂ ਨੂੰ ਆਪਣੇ ਕਿਰਸਾਣਾ ਦੇ ਮਰੇ ਹੋਏ ਡੰਗਰ ਚੁੱਕਣ ਤੋਂ ਇਲਾਵਾ ਹਾੜ੍ਹੀ ਸੌਣੀ-ਕਣਕ ਤੇ ਮੱਕੀ ਦਾ ਇਕ, ਇਕ ਭਾਗ ਮਿਲਦਾ। ... ਮੇਹਰੂ ਤੇ ਨੰਦੂ ਹੋਰਾ ਨੂੰ ਲਿਹਾਜ ਕਰਕੇ... ਕਾਲਿਆ ਤੇ ਜੰਡਿਆਲਿਆ ਦੇ ਬੁੜ੍ਹੇ ... ਘੁੰਡੀਆ ਵਿਚੋਂ ਦਾਣੇ ਕੱਢਣ ਨੂੰ ਦੇ ਦਿੰਦੇ।... ਪਰ ਭਰ ਸਿਆਲ ਵਿਚ ਕੰਮੀ-ਕੰਮੀਣਾਂ ਦੇ ਤਾਂ ਕੀ... ਜਿਮੀਂਦਾਰਾ ਦੇ ਵੀ ਦਾਣੇ ਮੁੱਕ ਜਾਂਦੇ। ਜ਼ਿਮੀਂਦਾਰਾ ਤਾਂ ਸੇਠ-ਸ਼ਾਹੂਕਾਰਾਂ ਤੋਂ ਸਵਾਏ, ਡੂਢੇ ਤੇ ਉਧਾਰ ਦਾਣੇ ਲੈ ਲੈਂਦੇ ਪਰ ਮੇਹਰੂ ਤੇ ਨੰਦੂ ਵਰਗਿਆਂ ਨੂੰ ਸੇਠ-ਸ਼ਾਹੂਕਾਰ ਵੀ ਉਧਾਰ ਦਾਣੇ ਦੇਣ ਤੋਂ ਇਨਕਾਰ ਕਰ ਦਿੰਦੇ। 'ਬਈ ਤੁਸੀਂ ਕਿਥੋਂ ਮੋੜਨੇ ਹੋਏ... ਥੋਡੇ ਕਿਹੜਾ ਹੱਲ ਚੱਲਦੇ ਐ...।' ਤੇ ਕਈ ਵਾਰ ਉਹਨਾ ਨੂੰ ਮੋਏ ਹੋਏ ਪਸ਼ੂਆਂ ਦਾ ਮਾਸ ਰਿੰਨ੍ਹ ਕੇ ਖਾਣਾ ਪੈਂਦਾ ... ਤੇ ਹੌਲੀ ਹੌਲੀ ਪੁਸ਼ਤਾਂ ਤੋਂ ਲੈ ਕੇ... ਉਹਨਾਂ ਨੂੰ ਮੋਏ ਹੋਏ ਪਸ਼ੂਆਂ ਦਾ ਮਾਸ ਖਾਣ ਦੀ ਆਦਤ ਜਹੀ ਪੈ ਗਈ ਸੀ।

ਮੇਹਰੂ ਹੁਣ ਬੁੱਢਾ ਹੋ ਗਿਆ ਸੀ। ਹੁਣ ਉਹਨਾਂ ਦੇ ਆਪਣੇ ਕਿਰਸਾਣਾਂ ਵਿਚੋਂ ਜੇ ਕਿਸੇ ਦਾ ਪਸ਼ੂ ਮਰ ਜਾਂਦਾ... ਤਾਂ ਨੰਦੂ ਮੁਹੱਲੇ ਵਿਚੋਂ ਲਿਆਂਦੇ ਮਜ਼ਦੂਰਾਂ ਨੂੰ ਲਾ ਕੇ ... ਮੋਏ ਹੋਏ ਬਲਦ ਗਾਂ, ਜਾਂ ਮੱਝ ਦੀਆਂ ਟੰਗਾ ਉਪਰ ਨੂੰ ਚੁਕਵਾ ਕੇ ਬੱਲੀਆਂ ਨਾਲ ਬੰਨ੍ਹ ਦਿੰਦਾ। ਪਸ਼ੂ ਦਾ ਸਿਰ ਉੱਪਰ ਨੂੰ ਚੁੱਕ ਕੇ ਸਿੰਗਾਂ ਨੂੰ ਰੱਸਾ ਪਾ ਕੇ ਅਗਲੀ ਬੱਲੀ ਨਾਲ ਬੰਨ੍ਹਦਾ ਤੇ ਪਸ਼ੂ ਦੇ ਭਾਰ ਮੁਤਾਬਕ ਛੇ ਜਾਂ ਅੱਠ ਜਣੇ ਅੱਗੇ, ਪਿਛੇ ਲੱਗ ਕੇ... ਬੱਲ੍ਹੀਆਂ ਨੂੰ ਮੋਢਿਆਂ 'ਤੇ ਚੁੱਕ ਕੇ ਹੌਲੀ-ਹੌਲੀ ਤੁਰਦਿਆਂ ਪਿੰਡੋਂ ਬਾਹਰਲੇ ਪਾਸੇ ਬਣੀ ਹੱਡਾਰੋੜੀ ਵਿਚ ਲੈ ਜਾਂਦੇ। ... ਪਲੇ ਹੋਏ ਭਾਰੀ ਪਸ਼ੂ ਦੀ ਬੱਲੀ ਚੁੱਕਦਿਆਂ ਉਹਨਾਂ ਦੇ ਮੋਢੇ ਕੰਨਾਂ ਤੱਕ ਸੁੱਜ ਜਾਂਦੇ... ਪਰ ਇਸ ਦੇ ਬਦਲੇ ਉਹਨਾਂ ਨੂੰ ਡੇਢ—ਡੇਢ , ਦੋ-ਦੋ ਰੁਪਏ ਮਜ਼ੂਰੀ ਮਿਲਦੀ ਜਿਹੜੀ ਜੋ ਕਿ ਲਗਭਗ ਇਕ ਦਿਨ ਦੀ ਦਿਹਾੜੀ ਦੇ ਬਰਾਬਰ ਹੁੰਦੀ।

ਨੰਦੂ ਇਕ, ਦੋ ਬੰਦਿਆਂ ਨੂੰ ਲਾ ਕੇ ਖੱਲ ਉਤਰਵਾ ਲੈਂਦਾ। ਜੇ ਪਸ਼ੂ ਬਿਨਾ ਕਿਸੇ ਬੀਮਾਰੀ ਤੋਂ, ਬੰਨ੍ਹ ਆਦਿ ਪੈ ਕੇ ਮਰਿਆ ਹੁੰਦਾ ਤਾਂ ਨੰਦੂ ਤੇ ਬੱਲੀਆਂ ਚੁੱਕਣ ਵਾਲੇ ਮਜ਼ਦੂਰ ਤੇ ਹੋਰ ਮੁਹੱਲੇ ਵਾਲੇ ਵੀ ਆ ਕੇ... ਮੋਏ ਪਸ਼ੂ ਦਾ ਚੰਗਾ ਚੰਗਾ ਮਾਸ ਚਾਕੂਆਂ ਛੁਰਿਆਂ, ਕੁਹਾੜੀਆਂ ਨਾਲ ਕੱਟ ਲਿਜਾਂਦੇ। ਤੇ ਕਈ ਦਿਨਾਂ ਤੱਕ ਰਿੰਨ੍ਹ ਕੇ ਖਾਂਦੇ ਰਹਿੰਦੇ। ... ਤੇ ਉਹਨਾਂ ਦੇ ਘਰਾਂ ਵਿਚੋਂ ਮੋਏ ਹੋਏ ਪਸ਼ੂ ਦੇ ਮਾਸ ਦੀ ਬੋ ਆਉਂਦੀ ਰਹਿੰਦੀ । ... ਤੇ ਉਹਨਾਂ ਦੇ ਘਰਾ ਵੱਲ ਬਿਨਾ ਕਿਸੇ ਮਤਲਬ ਤੋਂ ਪਿੰਡ ਦਾ ਕੋਈ ਬੰਦਾ ਨਾ ਆਉਂਦਾ।

ਪਰ ਜਿਸ ਦਿਨ ਤੋਂ ਨੰਦੂ ਦੀ ਸ਼ਹਿਰਨ ਬਹੂ, ਸੀਬੋ ਵਿਆਹੁਲੀ ਆਈ ਸੀ, ਉਹਨਾਂ ਦੇ ਘਰੀਂ ਮੋਏ ਹੋਏ

ਪਸ਼ੂ ਦਾ ਮਾਸ ਰਿੰਨ੍ਹਣਾ ਬੰਦ ਹੋ ਗਿਆ ਸੀ। ਪਰ ਨੰਦੂ ਦੇ ਚਾਚੇ ਦੇ ਘਰ ਸਾਰਾ-ਸਾਰਾ ਦਿਨ ਮੋਏ ਹੋਏ ਪਸ਼ੂ ਦਾ ਮਾਸ ਰਿਝਦਾ ਰਹਿੰਦਾ। .... ਤੇ ਮੋਏ ਹੋਏ ਪਸ਼ੂ ਦੇ ਮਾਸ ਦੀ ਗੰਧ ਤੋਂ ਗਿਲਾ ਕਰਦੀ ਸੀਬੋ ਉਹਨਾਂ ਦੇ ਘਰ ਨਾ ਜਾਂਦੀ। ਜੇ ਜ਼ਰੂਰੀ ਕੰਮ ਜਾਣਾ ਈ ਪੈਂਦਾ ਤਾਂ ਝੱਟ ਮੁੜਨ ਦੀ ਕਰਦੀ। ਗਿਲਾਸ ਵਿਚ ਪਾਈ ਹੋਈ ਚਾਹ ਵੀ ਛੱਡ ਆਉਂਦੀ।... ਨੰਦੂ ਦੀ ਚਾਚੀ ਸੀਬੋ ਤੋਂ ਚਿੜ ਜਾਂਦੀ। ਅਖੇ ਆ ਗਈ ਵੱਡੀ ਬਾਹਮਣੀ।... ਉਹਨੇ ਪਿੰਡ ਵਿਚ ਸੀਬੋ ਦਾ ਕਾਲਿਆਂ ਦੇ ਮੁੰਡੇ ਨਾਲ ਰੌਲਾ ਪਾ ਦਿੱਤਾ ਸੀ ਕਿ ਨੰਦੂ ਆਪ ਬਹੂ ਨੂੰ ਕਾਲਿਆ ਦੇ ਮੁੰਡੇ ਨਾਲ ਭੇਜਦਾ। ਨੰਦੂ ਦੀ ਚਾਚੀ ਬੜੀ ਝਗੜਾਲੂ ਤੇ ਮੂੰਹ ਜ਼ੋਰ ਜਨਾਨੀ ਸੀ। ਸਾਰੇ ਮੁਹੱਲੇ ਵਾਲੇ ਉਸ ਤੋਂ ਤ੍ਰਹਿੰਦੇ ਸਨ। ਨੰਦੂ ਦੇ ਮਜ਼ਬੂਰ ਪਰਿਵਾਰ ਕੋਲ ਵੀ ਉਸ ਦੀਆਂ ਲਾਈਆਂ ਤੂਹਮਤਾ ਤੋਂ ਬਚਣ ਦਾ ਕੋਈ ਚਾਰਾ ਨਹੀਂ ਸੀ।

ਗਲੀ ਵਿਚ, ਨੰਦੂ ਦੇ ਚਾਚੇ ਦੇ ਘਰ ਤੋਂ ਅਗਲਾ ਘਰ ਨੰਦੂ ਦੇ ਤਾਏ ਦਾ ਸੀ। ਜਦ ਦਾ ਨੰਦੂ ਦਾ ਤਾਇਆ ਪਰਸਾ, ਅੰਮ੍ਰਿਤ ਛਕ ਕੇ ਪਰਸਾ ਸਿੰਘ ਬਣਿਆ ਸੀ, ਉਹਦੇ ਪਰਿਵਾਰ ਨੇ ਮੁਰਦਾ ਪਸ਼ੂਆਂ ਦਾ ਮਾਸ ਖਾਣਾ ਛੱਡ ਕੇ, ਮੁਰਦਾ ਪਸ਼ੂਆਂ ਦਾ ਮਾਸ ਖਾਣ ਵਾਲਿਆ ਨਾਲ ਮਿਲਣਾ ਵਰਤਣਾ ਬੰਦ ਕਰ ਦਿੱਤਾ ਸੀ। ਉਹਦੇ ਪਰਿਵਾਰ ਨੇ ਚਮੜੇ ਦੀ ਰੰਗਾਈ ਦਾ ਕੰਮ ਛੱਡ ਦਿੱਤਾ ਸੀ ਤੇ ਉਹਨਾਂ ਦੇ ਨਹੁੰ ਕਾਲਿਆਂ ਤੋਂ ਚਿੱਟੇ ਹੋਣੇ ਸ਼ੁਰੂ ਹੋ ਗਏ ਸਨ।

ਪਰਸਾ ਸਿੰਘ, ਆਪਣੇ ਪਿੰਡ ਘੰਡੌਲੀ ਵਿਚ ਗੁਰਦੁਆਰਾ ਨਾ ਹੋਣ ਕਰਕੇ ਨਾਲ ਦੇ ਪਿੰਡ ਤੜੌਲੀ ਦੇ ਗੁਰਦੁਆਰੇ ਜਾਂਦਾ। ਗਿਆਨੀ ਜੀ ਆਖਦੇ... ਜੇ ਪਰਸਾ ਸਿੰਘ ਨੂੰ ਗੁਰਦੁਆਰੇ ਦੇ ਅੰਦਰ ਬਿਠਾਈਏ ਤਾਂ ਭਿੱਟੇ ਜਾਣ ਦੇ ਡਰੋਂ ਸੰਗਤ ਨੀ ਆਉਂਦੀ। ਇਸ ਲਈ ਪਰਸਾ ਸਿੰਘ ਗੁਰਦੁਆਰੇ ਤੋਂ ਬਾਹਰ ਜੁੱਤੀਆਂ ਵਿਚ ਬੈਠ ਕੇ , ਅੰਦਰ ਬੈਠੀ ਸੰਗਤ ਤੋਂ ਵੀ ਉੱਚੀ ਆਵਾਜ਼ ਵਿਚ ਸ਼ਬਦ ਗਾਉਂਦਾ ਰਹਿੰਦਾ।

ਹੁਣ ਪਰਸਾ ਸਿੰਘ ਤੇ ਉਹਦੇ ਚਾਰੇ ਡਾਂਗਾਂ ਵਰਗੇ ਮੁੰਡੇ ਤੇ ਉਹਨਾਂ ਦੀਆਂ ਪਤਨੀਆਂ ਆਪਣੇ ਪਿੰਡ ਦੀ ਡੂਢ ਰੁਪਏ ਦਿਹਾੜੀ ਛੱਡਕੇ ਨਾਲ ਦੇ ਪਿੰਡ ਦੋ ਰੁਪਏ ਦਿਹਾੜੀ 'ਤੇ ਜਾਣ ਲੱਗ ਪਏ ਸਨ। ... ਪਿੰਡ ਦੇ ਜ਼ਿਮੀਂਦਾਰ ਪਰਸੇ ਦੇ ਨਾਓਂ ਤੋਂ ਹੀ ਚਿੜਣ ਲੱਗ ਪਏ ਸਨ। ਉਹ ਆਖਦੇ... ਹੁਣ ਪਰਸੇ ਦੇ ਪਰਿਵਾਰ ਦਾ ਕੋਈ ਜੀਅ ਪਿੰਡ ਦੇ ਖੇਤਾਂ ਵਿਚ ਵੜ ਕੇ ਵਖਾਵੇ। ... ਜੇ ਪਰਸੇ ਦੇ ਪਰਿਵਾਰ ਦੀਆਂ ਤੀਵੀਆਂ ਪਿੰਡ ਦੇ ਖੇਤਾਂ ਵਿਚ ਘਾਹ ਖੋਤਦੀਆਂ, ਗੰਨੇ ਘੜਦੀਆਂ ਜਾਂ ਸਾਗ ਤੋੜਦੀਆਂ ਦਿਸ ਪੈਂਦੀਆਂ ਤਾਂ ਖੇਤ ਦਾ ਮਾਲਕ ਉਹਨਾਂ ਦੀ ਲਾਹ-ਪਾਹ ਕਰ ਦਿੰਦਾ।... ਤੇ ਪਰਸੇ ਦੀਆਂ ਨੂੰਹਾਂ ਘੇਸਲ ਵੱਟ ਕੇ ਲੱਗੀਆਂ ਰਹਿੰਦੀਆਂ। ਪਰ ਜੇ ਜ਼ਿੰਮੀਦਾਰ ਬਹੁਤਾ ਈ ਤੰਗ ਕਰਦਾ ਤਾਂ ਉਹਦੇ ਖੇਤ ਵਿਚੋਂ ਨਿਕਲ ਕੇ ਗਊ ਚਰਾਂਦ ਵਿਚ ਘਾਹ ਖੋਤਣ ਲੱਗ ਪੈਂਦੀਆਂ। ... ਜੇ ਫੇਰ ਵੀ ਜ਼ਿਮੀਂਦਾਰ ਨਾ ਹਟਦਾ ਤਾਂ ਉਹ ਪਰਸੇ ਦੀਆਂ ਸਮਝਾਈਆਂ ਹੋਈਆਂ ਅੜ ਕੇ ਖੜ੍ਹ ਜਾਂਦੀਆਂ ਕਿ ਸ਼ਾਮਲਾਤ ਥੁਆਡੀ ਕੱਲਿਆਂ ਦੀ ਨੀਂ ਸਾਰੇ ਪਿੰਡ ਦੀ ਸਾਂਝੀ ਐ। ਜੇ ਫੇਰ ਵੀ ਜ਼ਿੰਮੀਂਦਾਰ ਸਿਰ ਚੜ੍ਹੀ ਜਾਂਦਾ ਤਾਂ ਆਖਦੀਆਂ , "ਆ ਫੇਰ ਅੱਗੇ ਨੂੰ ... ਤੇਰੀ ਦਾੜ੍ਹੀ ਪੁੱਟ ਕੇ ਹੱਥ ਵਿਚ ਦੇਈਏ..." ਤੇ ਅਗਲਾ ਤੀਵੀਆਂ ਨਾਲ ਪੰਗਾ ਲੈਣ ਤੋਂ ਡਰਦਾ ਪਾਸਾ ਵੱਟਣ ਵਿਚ ਹੀ ਭਲਾ ਸਮਝਦਾ। ਤੇ ਐਧਰ ਉਧਰ ਦੇਖਦਾ ਲੰਘ ਜਾਂਦਾ ਕਿ ਉਹਦੀ ਜਨਾਨੀਆਂ ਹੱਥੋਂ ਹੋਈ ਬੇਇਜ਼ੱਤੀ ਨੂੰ ਕੋਈ ਦੇਖਦਾ ਤਾਂ ਨੀ ਹੈਗਾ।

ਪਰ ਕਿਰਪੀ ਤੇ ਉਹਦੀ ਨੂੰਹ ਸੀਬੋ ਨੂੰ ਕੋਈ ਵੀ ਜ਼ਿਮੀਂਦਾਰ ਘਾਹ, ਖੋਤਣ, ਸਾਗ ਤੋੜਨ ਤੇ ਚੂਪਣ ਜੋਗੇ ਗੰਨੇ ਪੁੱਟ ਕੇ ਲਿਜਾਣ ਤੋਂ ਰੋਕਦਾ ਨਾ। ਕਿਉਂਕਿ ਮੇਹਰੂ ਤੇ ਨੰਦੂ, ਆਪਣੇ ਕਿਰਸਾਣਾਂ ਤੋਂ ਬਿਨਾ ਹੋਰ ਜ਼ਿੰਮੀਦਾਰਾਂ ਨੂੰ ਵੀ ਜੁੱਤੀਆ, ਚਪਲਾਂ ਆਦਿ ਗੰਢਣ ਤੋਂ ਵੀ ਜਵਾਬ ਨਹੀਂ ਸਨ ਦਿੰਦੇ। ... ਤੇ ਇਸ





ਵਾਰੀ ਜੰਡਿਆਲੀਆਂ ਤੋਂ ਅਧਿਆਰੇ ਤੇ ਲਈ, ਪਹਿਲੇ ਸੂਏ ਝੋਟੀ ... ਦਰਸ਼ਨੀ ਮੱਝ ਬਣੀ ਹੋਈ ਸੀ। ਸਾਰਾ ਪਿੰਡ ਦੇਖਣ ਆਉਂਦਾ। ਨਜ਼ਰ ਫਜ਼ੂਲ ਦੇ ਡਰੋ, ਕਿਰਪੀ ਨੇ ਸੂਣ ਤੋਂ ਪਹਿਲਾਂ ਹੀ ਜੰਡਿਆਲੀਆਂ ਦੇ ਬੁੜ੍ਹੇ ਨੂੰ ਅਧਿਆਰਾ ਪਾਉਣ ਲਈ ਬੁਲਾ ਲਿਆ ਸੀ। ਤੇ ਪਿੰਡ ਵਿਚ ਮੱਝ ਦੀ ਹੁਣ ਤੱਕ ਦੀ ਵੱਧ ਤੋਂ ਵੱਧ ਦੋ ਸੋ ਰੁਪਏ ਕੀਮਤ ਪਾ ਕੇ, ਪਿੰਡ ਦਾ ਸੇਠ ਖੋਲ੍ਹ ਕੇ ਲੈ ਗਿਆ ਸੀ। ਉਹਨੇ ਅਧਿਆਰੇ ਦਾ ਸੌ ਰੁਪਿਆ ਜੰਡਿਆਲੀਆਂ ਦੇ ਬੁੜ੍ਹੇ ਨੂੰ ਦੇ ਕੇ, ਬਾਕੀ ਦਾ ਸੌ ਰੁਪਿਆ ਨੰਦੂ ਦੇ ਵਿਆਹ 'ਤੇ ਦਿਤੇ ਹੋਏ ਕਰਜ਼ੇ ਦਾ ਕੱਟ ਲਿਆ ਸੀ। ਨਹੀਂ ਤਾਂ ਇਹ ਸੌ ਰੁਪਿਆ ਨੰਦੂ ਹੋਰਾ ਨੂੰ ਅਧਿਆਰੇ ਦਾ ਮਿਲਣਾ ਸੀ। ਜੰਡਿਆਲੀਆਂ ਦੀ ਅਧਿਆਰੇ ਤੇ ਲੈ ਕੇ ਪਾਲੀ ਮੱਝ, ਸੇਠ ਨੂੰ ਦੇਣ ਤੋਂ ਬਾਦ ਕਿਰਪੀ ਦੋ- ਚਾਰ ਸੇਰ ਦੁੱਧ ਦੇਣ ਵਾਲੀ ਕੋਈ ਹੋਰ ਮੱਝ ਅਧਿਆਰੇ ਤੇ ਲੈਣ ਦੇ ਆਹਰ ਵਿਚ ਹੀ ਸੀ ਕਿ ਕਿਰਪੀ ਤੇ ਮੇਹਰੂ ਭਾਦੋਂ ਦੇ ਬੁਖਾਰ ਦੀ ਲਪੇਟ ਵਿਚ ਆ ਗਏ। ਨੰਦੂ ਪਿੰਡ ਦੇ ਹਕੀਮ ਤੋਂ ਲਿਆ ਕੇ ਬਥੇਰੇ ਕਾੜ੍ਹੇ ਪਿਲਾਂਦਾ ਰਿਹਾ ਪਰ ਬੁਖਾਰ ਉਤਰਨ ਦਾ ਨਾਂ ਨਹੀਂ ਸੀ ਲੈ ਰਿਹਾ। ਅੰਤ ਕਮਜ਼ੋਰ ਹੁੰਦੇ ਹੁੰਦੇ ਨੰਦੂ ਤੇ ਕਿਰਪੀ ਦੋਵੇਂ ਇਕ ਦੂਜੇ ਨਾਲੋਂ ਹਫਤੇ ਕੁ ਦੀ ਵਿਥ 'ਤੇ ਚਲਾਣਾ ਕਰ ਗਏ ।

ਮੇਹਰੂ ਤੇ ਕਿਰਪੀ ਦੀ ਮੌਤ ਤੋਂ ਬਾਦ ਨੰਦੂ ਦੀਆਂ ਸਮੱਸਿਆਵਾਂ ਹੋਰ ਵਧ ਗਈਆਂ ਸਨ। ਸੀਬੋ ਦੇ ਸ਼ਹਿਰ ਵਿਚ ਰਹਿੰਦੇ ਪੇਕੇ ਕੱਚੇ ਚਮੜੇ ਦੀ ਰੰਗਾਈ ਦਾ ਕੰਮ ਨਹੀਂ ਕਰਦੇ ਸਨ। ਦੁਕਾਨ 'ਤੇ ਬਹਿ ਕੇ ਪਕਾਏ ਹੋਏ ਚੰਮ ਦੀਆਂ ਜੁੱਤੀਆਂ ਬਣਾ ਕੇ ਵੇਚਦੇ ਸਨ। ਨੰਦੂ ਦੀ ਭੂਆ ਦੇ ਮੁੰਡੇ ਨੇ... ਸੁਹਣੇ-ਸੁਨੱਖੇ ਨੰਦੂ ਨਾਲ, ਆਪਣੀ ਸਾਲੀ ਦਾ ਰਿਸ਼ਤਾ ਕਰਵਾ ਦਿਤਾ ਸੀ।

ਵਿਆਹ ਤੋਂ ਬਾਦ ਸੀਬੋ ਦੇ ਭਰਾ , ਸੀਬੋ ਦਾ ਰਿਸ਼ਤਾ ਛੁਡਵਾਉਣ ਲਈ ਜ਼ੋਰ ਪਾਉਣ ਲੱਗ ਪਏ ਸਨ। ਪਰ ਨੰਦੂ ਦੀ ਭੂਆ ਦੇ ਮੁੰਡੇ ਨੇ ਧਮਕੀ ਦਿੱਤੀ ਸੀ, "ਓਏ ਤੁਸੀਂ ਵੀ ਤਾਂ ਪਿੰਡ ਰਹਿੰਦਿਆਂ ਕੱਚੇ ਚਮੜੇ ਦੀ ਰੰਗਾਈ ਦਾ ਕਿੱਤਾ ਕਰਦੇ ਈ ਰਹੇ ਓ ... ਸ਼ਹਿਰ ਆ ਕੇ ਛੱਡ ਗਏ ... ਤਾਂ ਕੀ ਹੋਇਆ। ... ਜੇ ਸੀਬੋ ਦਾ ਰਿਸ਼ਤਾ ਛੁਡਵਾਉਣ ਦੀ ਗੱਲ ਕੀਤੀ... ਤਾਂ ਥੁਆਡੀ ਵੱਡੀ ਕੁੜੀ ਬੀਬੋ ਨੂੰ ਵੀ ਥੁਆਡੇ ਘਰ ਬਿਠਾ ਜਾਊਂ...।"

ਨੰਦੂ, ਨਿੱਕੇ ਹੁੰਦਿਆਂ ਤੋਂ ਦੇਖਦਾ ਆ ਰਿਹਾ ਸੀ ਕਿ ਉਹਦੀ ਬੇਬੇ ਤੇ ਬਾਪੂ... ਕੱਚੇ ਚੰਮ ਦੀ ਰੰਗਾਈ ਦਾ ਕੰਮ ਕਿੰਨੇ ਸ਼ੌਕ ਨਾਲ ਕਰਦੇ ਸਨ। ਉਹਦੀ ਬੇਬੇ, ਕਿਰਪੀ ਤੜਕੇ ਉੱਠਕੇ ਮੱਝ ਜੋਗੇ ਪੱਠੇ ਖੋਤ ਕੇ ਲਿਆਉਂਦੀ ਤੇ ਫੇਰ ਰੋਟੀ-ਟੁੱਕ ਦਾ ਆਹਰ ਕਰਦਿਆਂ... ਛੱਪਰ ਥੱਲੇ ਕੱਚੇ ਚਮੜੇ ਦੀ ਰੰਗਾਈ ਕਰਦੇ ਉਹਦੇ ਬਾਪੂ ਨਾਲ ... ਗੱਲੀ ਲੱਗੀ ਰਹਿੰਦੀ। ਤੇ ਫੇਰ ਦੁਪਹਿਰ ਨੂੰ ਖੱਲਾਂ ਨੂੰ ਧੋਣ ਲਈ... ਖੂਹ ਤੋਂ ਪਾਣੀ ਭਰਕੇ ਲਿਆਉਂਦੀ ਰਹਿੰਦੀ। ... ਉਹਦਾ ਬਾਪੂ ਹੌਸਲੇ ਨਾਲ ਨੱਸ-ਨੱਸ ਕੇ ਖੱਲਾਂ ਰੰਗਣ ਦੇ ਕੰਮ ਵਿਚ ਲੱਗਿਆ ਰਹਿੰਦਾ।

ਪਰ ਸੀਬੋ ਆਪਣੇ ਪਤੀ ਨੰਦੂ ਦਾ ਚਮੜੇ ਰੰਗਣ ਦੇ ਕੰਮ ਵਿਚ ਨਿੱਠ ਕੇ ਸਾਥ ਨਹੀਂ ਦਿੰਦੀ ਸੀ। ਉਹ ਤਾਂ ਆਪਣੇ ਕਿਰਸਾਣਾਂ ਦੇ ਖੇਤਾਂ ਵਿਚ ਵੀ ਗੁਡਾਈ , ਵਢਾਈ ਕਰਨ ਲਈ ਜਾਣ ਤੋਂ ਨੱਕ ਬੁੱਲ੍ਹ ਵੱਟਦੀ ਸੀ। ਤੇ ਨਾ ਹੀ ਘਰ ਵਿਚ ਦੁਧਾਰੂ ਪਸ਼ੂ ਰੱਖਦੀ ਸੀ।

ਨੰਦੂ ਦਾ ਪੁੱਤਰ ਦੇਵ ਵੀ ਉਹਨੂੰ ਆਪਣੇ ਕਿੱਤੇ ਵਿਚ ਸਾਥ ਦੇਂਦਾ ਨਹੀਂ ਸੀ ਜਾਪਦਾ। ਸੋਝੀ ਸੰਭਲਦਿਆ ਹੀ, ਨੰਦੂ ਦੇਵ ਨੂੰ ਛੋਟੇ-ਮੋਟੇ ਕੱਟਰੂਆਂ-ਵੱਛਰੂਆਂ ਦੀਆ ਖੱਲਾ ਉਤਰਵਾਉਣ ਲਈ ਨਾਲ ਲਿਜਾਣ ਲੱਗ ਪਿਆ ਸੀ। ਨੰਦੂ ਦੇਖੀ ਜਾਂਦਾ, ਖੱਲ ਉਤਰਵਾਉਣ ਵਿਚ ਮੱਦਦ ਕਰਾਉਂਦਿਆਂ ਦੇ ਹਾਲੋ-ਬੇਹਾਲ ਹੋਈ ਜਾਂਦਾ... ਪਰੇ ਨੂੰ ਮੂੰਹ ਕਰਕੇ ਥੁੱਕੀ ਜਾਂਦਾ। ਤੇ ਨੰਦੂ ਉਹਨੂੰ ਖੱਲ ਉਤਰਵਾਉਣ ਲਈ ਨਾਲ

ਲਿਜਾਣ ਤੋਂ ਹਟ ਗਿਆ ਸੀ।

ਨੰਦੂ ਨੇ ਦੇਖਿਆ ਕਿ ਉਹਦੀ ਪਤਨੀ ਸੀਬੋ ਇਸ ਪੇਸ਼ੇ ਨੂੰ ਨਫ਼ਰਤ ਕਰਦੀ ਹੈ ਤੇ ਉਹਦਾ ਪੁੱਤਰ ਦੇਵ ਵੀ ਇਸਨੂੰ ਚੰਗਾ ਨਹੀਂ ਸਮਝਦਾ। ਉਹਨੇ ਅੱਗੋਂ ਲਈ ਇਸ ਧੰਦੇ ਨੂੰ ਕਰ ਨਹੀਂ ਸਕਣਾ। ਨੰਦੂ ਨੂੰ ਪਤਾ ਨਹੀਂ ਕੀ ਸੁਝਿਆ... ਉਹਨੇ ਅਗਲੇ ਸਾਲ ਤੋਂ ਆਪਣੇ ਕਿਰਸਾਣਾਂ ਨੂੰ ਕੰਮ ਤੋਂ ਜਵਾਬ ਦੇ ਦਿੱਤਾ। ਉਹਨੇ ਕੂੰਨਾਂ ਮਿੱਟੀ ਨਾਲ ਭਰ ਦਿੱਤੀਆਂ, ਕਿਉਂਕਿ ਸਿਆਣੇ ਕਹਿੰਦੇ ਆਏ, ਕੂੰਨਾਂ ਪੂਰੀਦੀਆਂ ਨਹੀ। ਉਹਨੇ ਚਮੜੇ ਦੀ ਰੰਗਾਈ ਲਈ ਬਣਾਇਆ ਛਤਣਾ ਢਾਹ ਕੇ... ਪਥਨਿਆਂ ਦੀਆਂ ਕੰਧਾਂ ਚਿਣ ਦਿੱਤੀਆਂ। ਤੇ ਉਤੇ ਸ਼ਤੀਰ-ਬਾਲਿਆ ਦੀ ਛੱਤ ਪਾ ਕੇ, ਆਏ-ਗਏ ਦੇ ਬਹਿਣ-ਉਠਣ ਲਈ ਬੈਠਕ ਬਣਾ ਦਿੱਤੀ ਸੀ। ... ਤੇ ਨੰਦੂ ਨੇ ਆਪ ਨਾਲ ਦੇ ਸ਼ਹਿਰ ਜਾ ਕੇ ਚਮੜਾ ਰੰਗਣ ਦੇ ਕਾਰਖਾਨੇ ਵਿਚ ਨੌਕਰੀ ਕਰ ਲਈ ਸੀ। ਅਛੂਤਾਂ ਦਾ ਟਾਂਵਾ-ਟਾਂਵਾ ਬੱਚਾ ਸਕੂਲ ਜਾਣ ਲੱਗ ਪਿਆ ਸੀ। ਨੰਦੂ ਨੇ ਸੀਬੋ ਨੂੰ ਭੇਜਦੇ ਸ਼ਹਿਰ ਦੇ ਸਕੂਲ ਵਿਚ ਦਾਖਲ ਕਰਵਾ ਦਿਤਾ ਸੀ। ਪਰ ਆਪ ਉਹ ਕਦੇ... ਚਮੜਾ ਰੰਗਦਿਆਂ ਹੱਥਾਂ, ਪੈਰਾਂ ਦੇ ਕਾਲੇ ਹੋਏ ਨਹੁੰਆਂ ਕਰਕੇ... ਦੇਵ ਦੇ ਸਕੂਲ ਨਾ ਜਾਂਦਾ... ਤੇ ਦੇਵ ਨੂੰ ਉਹਦੇ ਸਹਿ-ਪਾਠੀਆਂ ਨਾਲ ਸਕੂਲ ਪੜ੍ਹਨ ਜਾਂਦੇ ਆਉਂਦੇ ਨੂੰ ਵੀ ... ਕਦੇ ਨਾ ਮਿਲਦਾ। ਉਹ ਦਿਨ ਚੜ੍ਹਨ ਤੋਂ ਪਹਿਲਾਂ ... ਨ੍ਹੇਰੇ ਨ੍ਹੇਰੇ ਘਰੋਂ ਨਿਕਲ ਜਾਂਦਾ ਤੇ ਦਿਨ ਛਿਪਣ ਤੋਂ ਬਾਦ ਨ੍ਹੇਰੇ ਹੋਏ ਘਰ ਆਣ ਕੇ ਵੜਦਾ।

ਸਕੂਲ ਵਿਚ, ਭਿੱਟ ਹੋਣ ਦੇ ਡਰੋਂ, ਦੇਵ ਤੇ ਹੋਰ ਅਛੂਤ ਮੁੰਡਿਆ ਨੂੰ ਕਮਰੇ ਤੋਂ ਬਾਹਰ ਬਿਠਾਇਆ ਜਾਂਦਾ। ਘੜੇ ਤੋਂ ਪਾਣੀ ਨਾ ਪੀਣ ਦਿੱਤਾ ਜਾਂਦਾ। ਆਨੀਂ-ਬਹਾਨੀਂ ਅਛੂਤ ਮੁੰਡਿਆ ਨੂੰ ਕੁੱਟਿਆ ਜਾਂਦਾ ਤਾਂ ਜੋ ਉਹ ਪੜ੍ਹਾਈ ਛੱਡ ਕੇ ਭੱਜ ਜਾਣ। ਤੇ ਨਾਲੇ ਹਰ ਸਾਲ ਜਮਾਤ ਵਿਚੋਂ ਫੇਲ੍ਹ ਕਰ ਦਿੱਤਾ ਜਾਂਦਾ। ਉਹਨਾਂ ਦਾ ਫਾਰਸੀ ਪੜ੍ਹਾਉਣ ਵਾਲਾ ਮੁਣਸੀ ਜੀ ਆਖਦਾ, 'ਹੋਤਾ ਹੈ ਹਰ ਸਾਲ ਫੇਲ੍ਹ ਜਮਾਤ ਮੇਂ... ਲੜਕਾ ਗਰੀਬ ਕਾ।' ਦੇਵ ਵੀ ਉਹਦੇ ਨਾਲ ਦੇ ਅਛੂਤ ਸਾਥੀਆਂ ਸਮੇਤ ਦੋ ਦੋ ਤਿੰਨ ਤਿੰਨ ਸਾਲ ਇਕ-ਇਕ ਜਮਾਤ ਵਿਚ ਲਾਉਂਦਿਆਂ ਤੀਜੀ ਪਾਸ ਕਰ ਗਿਆ ਸੀ। ਪਰ ਸੋਝੀ ਸੰਭਲਦਿਆਂ ਹੀ, ਸਕੂਲ ਵਿਚ ਹੁੰਦੀ ਹੋਰ ਬੇਇਜਤੀ ਬਰਦਾਸ਼ਤ ਨਾ ਕਰਦਿਆਂ ਚੌਥੀ ਜਮਾਤ ਵਿਚੋਂ ਭੱਜ ਗਿਆ ਸੀ।

ਚਮੜਾ ਰੰਗਣ ਦੇ ਜਿਸ ਕਾਰਖਾਨੇ ਵਿਚ ਨੰਦੂ ਨੋਕਰੀ ਕਰਦਾ ਸੀ, ਉਹ ਕਾਰਖਾਨਾ ਜਲੰਧਰ ਦੇ ਖੱਲਾਂ ਦੇ ਵਪਾਰੀ ਹਜ਼ਾਰਾ ਰਾਮ ਨੇ ਪੁਆਧ ਦੇ ਇਸ ਕਸਬਾ ਖਰੜ ਵਿਚ ਲਾਇਆ ਹੋਇਆ ਸੀ। ਤਾਂ ਜੋ ਇਸ ਇਲਾਕੇ ਵਿਚੋਂ ਕੱਚੀਆਂ ਖੱਲਾਂ ਖਰੀਦ ਕੇ, ਰੰਗਾਈ ਕਰਕੇ ਨੇੜੇ ਦੇ ਸ਼ਹਿਰਾਂ ਵਿਚ ਵੇਚੀਆ ਜਾਣ। ਨੰਦੂ ਨੇ ਆਪਣੇ ਪੁੱਤਰ ਦੇਵ ਨੂੰ ਹਜਾਰਾ ਰਾਮ ਦੇ ਕਹਿਣ ਤੇ ਹੀ ਸਕੂਲੇ ਪੜ੍ਹਨ ਲਾਇਆ ਸੀ। ਉਹਦੀ ਸਰਕਾਰੇ-ਦਰਬਾਰੇ ਬਣੀ ਹੋਈ ਸੀ। ਉਹਨੇ ਗਭਰੀਟ ਹੋਏ ਸੁਹਣੇ-ਸਨੁੱਖੇ ਤੇ ਕੰਮ ਕਾਰ ਨੂੰ ਛੋਹਲੇ ਦੇਵ ਨੂੰ ਤਸੀਲਦਾਰ ਦਾ ਘਰੇਲੂ ਨੌਕਰ ਲੁਆ ਦਿੱਤਾ ਸੀ। ਮੁੰਡਾ ਆਪਣੇ ਕੰਮ ਕਾਰ ਕਰਕੇ ਤਸੀਲਦਾਰ ਦੇ ਮਨ ਚੜ੍ਹ ਗਿਆ ਸੀ ਤੇ ਉਹਨੇ ਮੁੰਡੇ ਨੂੰ ਤਸੀਲ ਦੇ ਦਫ਼ਤਰ ਵਿਚ ਚਪੜਾਸੀ ਦੀ ਡਿਊਟੀ ਤੇ ਰੱਖ ਲਿਆ ਸੀ।

ਹੁਣ ਨੰਦੂ ਤੇ ਦੇਵ , ਪਿਓ ਪੁੱਤ ਦੋਵੇਂ ਕਮਾਉਂਦੇ ਸਨ। ਨੰਦੂ ਨੇ ਪਿੰਡ ਛੱਡ ਕੇ, ਸ਼ਹਿਰ ਦੇ ਚੜ੍ਹਦੇ ਵੱਲ ਜੈਨਤੀ ਕੀ ਚੌਅ ਦੇ ਕਿਨਾਰੇ ... ਖੁਲ੍ਹੀ ਥਾਂ ਲੈ ਕੇ ਛੋਟਾ ਜਿਹਾ ਮਕਾਨ ਬਣਾ ਲਿਆ ਸੀ। ਦੇਵ ਦੀ ਬੇਬੇ ਨੂੰ ... ਆਪਣੇ ਪੁੱਤ ਦਾ ਵਿਆਹ ਕਰਨ ਦਾ ਚਾਅ ਸੀ। ... ਪਰ ਵਿਆਹ ਤੋਂ ਇਕ ਦਿਨ ਪਹਿਲਾਂ ਹੀ ... ਨੰਦੂ ਪਤਾ ਨਹੀਂ ਕਿਧਰੇ ਛੂਪਨ ਹੋ ਗਿਆ ਸੀ। ... ਉਹਨੇ ਸੁਨੇਹਾ ਭੇਜਿਆ ਸੀ ਕਿ ਉਹ ਵੱਡੇ ਸ਼ਹਿਰ ਦੇ ਹਸਪਤਾਲ ਦਾਖਲ ਹੈ। ਦੇਵ ਨੂੰ ਸ਼ੱਕ ਸੀ ਕਿ ਉਹਦਾ ਪਿਓ, ਜਾਣ ਕੇ ਕਾਲੇ ਹੋਏ ਨਹੁੰਆ ਕਰਕੇ ਪਾਸੇ ਹੋ ਗਿਆ ਹੈ ਕਿਉਂਕਿ ਉਹਦੇ ਕਾਰਖਾਨੇ ਵਿਚ ਉਹਦੇ ਨਾਲ ਕੰਮ ਕਰਦਾ ਕੋਈ ਵੀ ਵਰਕਰ ਆਇਆ ਨਹੀਂ





ਸੀ।

ਪਿੰਡ ਰਹਿੰਦੇ ਨੰਦੂ ਦੇ ਚਾਚੇ ਨਾਲ, ਉਹਦੀ ਮੂੰਹ-ਪਾੜ ਚਾਚੀ ਕਰਕੇ ਬਣਦੀ ਨਹੀਂ ਸੀ। ਹਾਂ, ਕਦੋਂ ਦਾ ਉਹਨਾਂ ਨਾਲ ਮਿਲਣ-ਵਰਤਣ ਤੋਂ ਹਟਿਆ ਉਹਦਾ ਤਾਇਆ ਪਰਸਾ ਸਿੰਘ, ਪਿੰਡੋਂ ਗੱਜ-ਵੱਜ ਕੇ ਪਰਿਵਾਰ ਸਮੇਤ ਸ਼ਾਮਲ ਹੋਇਆ ਸੀ। ਉਹ ਖੱਲਾਂ ਦਾ ਵਪਾਰੀ ਹਜਾਰਾ ਰਾਮ ਨਾਲ... ਪਿੰਡਾਂ ਵਿਚ ਅਛੂਤਾਂ ਦੀ ਹਾਲਤ ਬਾਰੇ ਗੱਲਾਂ ਕਰਦਾ ਰਿਹਾ ਸੀ। ਪਰਸਾ ਸਿੰਘ ਆਪਣੇ ਧੱਕੜਪੁਣੇ ਦੀਆਂ ਗੱਲਾਂ ਦੱਸ ਰਿਹਾ ਸੀ ਕਿ ਉਹਦਾ ਪਰਿਵਾਰ ਪਿੰਡ ਵਿਚ ਡੂਢ ਰੁਪਏ ਦਿਹਾੜੀ ਛੱਡ ਕੇ ਨਾਲ ਦੇ ਪਿੰਡ ਦੋ ਰੁਪਏ ਦਿਹਾੜੀ 'ਤੇ ਜਾਂਦਾ ਹੈ। ... ਹਜਾਰਾ ਰਾਮ ਨਾਲ ਥੋੜੇ ਸਮੇਂ ਲਈ ਦੇਵ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਆਇਆ ਤਸੀਲਦਾਰ ਮਿਸਟਰ ਮਿਲਟਨ ਜਾਣ ਲਈ ਕਾਹਲਾ ਪੈ ਰਿਹਾ ਸੀ ਪਰ ਹਜਾਰਾ ਰਾਮ ਪਰਸਾ ਸਿੰਘ ਨਾਲ ਗੱਲਾਂ ਕਰਕੇ ਬੜਾ ਖੁਸ਼ ਹੋ ਰਿਹਾ ਸੀ। .... ਉਹ ਵੀ ਦੁਆਬੇ ਵਿਚ , ਅਛੂਤਾਂ ਦੇ ਹੱਕਾਂ ਲਈ ਹੁੰਦੇ ਜਲਸੇ-ਜਲੂਸਾਂ ਵਿਚ ਹਿੱਸਾ ਲੈਂਦਾ ਰਿਹਾ ਸੀ। ਤੇ ਸਰਕਾਰ ਤੇ ਦਬਾਅ ਪਾ ਕੇ ਉਹਨਾਂ ਨੇ ਪਹਿਲਾਂ ਵਗਾਰ ਤੋਂ ਦਿਹਾੜੀ ਤੇ ਫਿਰ ਦਿਹਾੜੀ ਡੂਢ ਤੋਂ ਦੋ ਰੁਪਏ ਕਰਵਾਈ ਸੀ। ... ਵਪਾਰੀ ਹਜਾਰਾ ਰਾਮ ਤੇ ਤਸੀਲਦਾਰ ਮਿਸਟਰ ਮਿਲਟਨ ਦੇਵ ਦੇ ਵਿਆਹ ਵਿਚ ਚਾਹ ਪੀ ਕੇ, ਸ਼ਗਨ ਦੇ ਕੇ ਚਲੇ ਗਏ ਸਨ। ਜਾਂਦਾ ਹੋਇਆ ਹਜਾਰਾ ਰਾਮ ਪਰਸਾ ਸਿੰਘ ਨੂੰ ਮਿਲਦਾ ਗਿਲਦਾ ਰਹਿਣ ਲਈ ਕਹਿ ਗਿਆ ਸੀ।

ਸੀਬੋ ਦੇ ਪਿਓ ਦੀ ਮੌਤ ਹੋ ਗਈ ਸੀ। ਉਹ ਆਪਣੇ ਪੁੱਤਰ ਦੇਵ ਨੂੰ ਲੈ ਕੇ ਇਸੇ ਸ਼ਹਿਰ ਵਿਚ ਰਹਿੰਦੇ ਆਪਣੇ ਭਰਾਵਾਂ ਨੂੰ, ਦੇਵ ਦੇ ਵਿਆਹ 'ਤੇ ਆਉਣ ਲਈ ਭੇਲੀ ਦੇ ਕੇ ਆਈ ਸੀ। ਭਰਾ ਵੀ ਵਿਆਹ ਵਿਚ ਆਉਣ ਦਾ ਵਾਅਦਾ ਕਰਕੇ ਆਏ ਨਹੀਂ ਸਨ। ... ਤੇ ਨਾਨਕਾ-ਸ਼ੱਕ ਲਿਆਉਣ ਤੋਂ ਲੈ ਕੇ ਦੇਵ ਦੇ ਪਿਓ ਦੀ ਥਾਂ ਖੜ੍ਹਨ ਦੀਆਂ ਸਾਰੀਆਂ ਰਸਮਾਂ... ਸੀਬੋ ਦੇ ਜੱਦੀ ਪਿੰਡੋਂ ਆਏ ਉਹਦੇ ਚਾਚੇ ਤਾਇਆ ਦੇ ਪੁੱਤ-ਭਰਾਵਾਂ ਨੇ ਕੀਤੀਆਂ ਸਨ। ਤੇ ਇਸਦੇ ਨਾਲ ਨਾਲ ਉਹ ਸੀਬੋ ਦੇ ਸਕੇ ਭਰਾਵਾਂ ਦੀ ਵਿਆਹ ਵਿਚ ਨਾ ਆਉਣ ਕਰਕੇ ਨਖੇਧੀ ਕਰਦੇ ਰਹੇ ਸਨ। ... ਸੀਬੋ ਡਾਢੀ ਪਰੇਸ਼ਾਨ ਹੋਈ ਜਾ ਰਹੀ ਸੀ। ਉਹਨੂੰ ਤੱਤੀਆਂ-ਠੰਡੀਆਂ ਤ੍ਰੇਲੀਆਂ ਪੈ ਰਹੀਆਂ ਸਨ।... ਦੇਵ ਦੇ ਵਿਆਹ ਕੇ ਆਉਣ ਦੀ ਦੇਰ ਸੀ ਕਿ ਪੁੱਤ ਬਹੂ ਦੇ ਉੱਤੋਂ ਪਾਣੀ ਵਾਰ ਕੇ ਪੀਂਦਿਆਂ ਹੀ ਜਿਵੇਂ ਉਹ ਉਹਨਾਂ ਦੇ ਆਉਣ ਨੂੰ ਹੀ ਉਡੀਕ ਰਹੀ ਸੀ ... ਉਹ ਪਤੀ ਤੇ ਭਰਾਵਾਂ ਦੇ ਵਿਆਹ ਵਿਚ ਸ਼ਾਮਲ ਨਾ ਹੋਣ ਦੇ ਸਦਮੇ ਨੂੰ ਬਰਦਾਸ਼ਤ ਨਾ ਕਰਦਿਆਂ ... ਦਿਲ ਦਾ ਦੌਰਾ ਪੈਣ ਕਰਕੇ ਡਿੱਗ ਪਈ। ਤੇ ਮੁੜਕੇ ਨਹੀਂ ਉਠ ਸਕੀ। ਵਿਆਹ ਦਾ ਚਾਅ ਸੋਗ ਵਿਚ ਬਦਲ ਗਿਆ ਸੀ। ਦੂਜੇ ਦਿਨ ਨੰਦੂ ਘਰ ਆ ਕੇ ਬਾਹਾਂ ਮਾਰ-ਮਾਰ ਕੇ ਰੋਂਦਾ ਰਿਹਾ। "... ਤੂੰ ਵੀ ਮੇਰਾ ਸਾਥ ਦੇਣ ਤੋਂ ਚਲਦੀ ਬਣੀ ... ਮੈਂ ਹੁਣ 'ਕੱਲਾ ਇਸ ਦੁਨੀਆਂ ਵਿਚ ਜੀਅ ਕੇ ਕੀ ਕਰਾਂਗਾ ...।"

ਸੀਬੋ ਦੇ ਮਰਨ ਤੋਂ ਬਾਦ ਨੰਦੂ ਨੇ ਘਰ ਦੇ ਇਕ ਖੂੰਜੇ ਵਾਲਾ ਦੋ ਖਣਾਂ ਦਾ ਕਮਰਾ ਸਾਂਭ ਲਿਆ ਸੀ। ਉਹ ਮੂੰਹ ਨ੍ਹੇਰੇ ਆਪਣੇ ਕਮਰੇ ਵਿਚੋਂ ਨਿਕਲ ਕੇ, ਨਾਲ ਲਗਦੀ ਜੈਨਤੀ ਨਦੀ ਦੇ ਵਿਚੇ ਵਿਚ ਤੁਰਦਿਆਂ... ਸ਼ਹਿਰ ਦੇ ਹੇਠਲੇ ਪਾਸੇ ਜੈਨਤੀ ਨਦੀ ਦੇ ਕਿਨਾਰੇ ਬਣੇ ਚਮੜਾ ਰੰਗਣ ਦੇ ਕਾਰਖਾਨੇ ਵਿਚ ਚਲਾ ਜਾਂਦਾ। ਤੇ ਸ਼ਾਮ ਨੂੰ ਕੰਮ ਤੋਂ ਹਟਕੇ ਜੈਨਤੀ ਨਦੀ ਦੇ ਵਿਚੇ-ਵਿਚ ਨੂੰ ਹੁੰਦਿਆਂ ਆਪਣੇ ਘਰ, ਆਪਣੇ ਕਮਰੇ ਵਿਚ ਪਹੁੰਚ ਜਾਂਦਾ। ਘਰ ਵਿਚ ਬਿਜਲੀ ਆਉਣ ਤੇ ਜਿਵੇਂ ਉਹਦੀਆਂ ਅੱਖਾਂ ਚੁੰਧਿਆਉਣ ਲੱਗ ਪਈਆਂ ਸਨ। ਉਹ ਆਪਣੇ ਕਮਰੇ ਦਾ ਜ਼ੀਰੋ ਪਾਵਰ ਦਾ ਬਲਬ ਵੀ ਘੱਟ ਹੀ ਜਗਾਉਂਦਾ। ਅਖੇ ਕਾਹਨੂੰ ਵਾਧੂ ਖਰਚਾ ਕਰਨਾ ਹੈ। ... ਜੇ ਨੰਦੂ ਦੇ ਘਰ ਹੁੰਦਿਆ ਦੇਵ ਨੂੰ ਕੋਈ ਮਿਲਣ ਆ ਜਾਂਦਾ... ਤਾਂ ਉਹ ਆਪਣੇ ਕਮਰੇ ਵਿਚੋਂ ਨਾ ਨਿਕਲਦਾ। ਦੇਵ ਨੂੰ ਕਹਿਣਾ ਪੈਂਦਾ ਕਿ ਬੇਬੇ ਦੇ ਮਰਨ ਤੋਂ ਬਾਦ ਬਾਪੂ ਆਪਣੇ ਕਮਰੇ ਵਿਚ ਨਾਮ

ਸਿਮਰਨ ਵਿਚ ਲੱਗੇ ਰਹਿੰਦੇ ਹਨ।... ਕਿਸੇ ਨੂੰ ਮਿਲਦੇ ਨੀ ਹੈਗੇ।

ਨੰਦੂ ਨੂੰ ਘਰਦਿਆਂ ਨੇ ਉਸ ਦਿਨ ਖੁੱਲ ਕੇ ਹਸਦਿਆਂ ਦੇਖਿਆ ਸੀ... ਜਿਸ ਦਿਨ ਉਹਨੂੰ ਚਮੜੇ ਦੀ ਰੰਗਾਈ ਦਾ 'ਸਿਰਮੌਰ ਕਾਰੀਗਰ' ਹੋਣ ਦਾ ਇਨਾਮ ਮਿਲਿਆ ਸੀ। ਨੰਦੂ ਦੇਵ ਕੋਲੋਂ ਪੜ੍ਹਨਾ-ਲਿਖਣਾ ਸਿਖਿਆ ਹੋਣ ਕਰਕੇ, ਕਾਰਖਾਨੇ ਵਿਚ ਗਾਂਵਾ, ਮੱਝਾਂ ਦੇ ਚਮੜਿਆਂ ਦੀ ਸਾਧਾਰਣ ਰੰਗਾਈ ਤੋਂ ਬਿਨਾ ਬੱਕਰੀਆਂ ਤੇ ਭੇਡਾਂ ਦੀਆਂ ਖੱਲਾਂ ਤੋਂ ਲਾਲ ਚਮੜਾ ਤੇ ਨੀਲਾ ਚਮੜਾ ਤਿਆਰ ਕਰਨ ਦਾ ਕੰਮ ਵੀ ਕਰਵਾਉਣ ਲੱਗ ਪਿਆ ਸੀ। ਬਿਨਾ ਕਮਾਇਆ ਹੋਇਆ ਹਰੇ ਰੰਗ ਦਾ ਚਮੜਾ ਵੀ ਤਿਆਰ ਕਰਵਾਉਣ ਲੱਗ ਪਿਆ ਜਿਹੜਾ ਕੇਵਲ ਮੁਸਲਮਾਨ ਹੀ ਕਰਦੇ ਸੀ ... ਨੰਦੂ ਨੂੰ 'ਉਤਮ ਕਾਰੀਗਰ' ਹੋਣ ਦਾ ਇਨਾਮ 'ਪੰਜਾਬ ਚਮੜਾ-ਮੰਡਲ' ਦੇ ਪ੍ਰਧਾਨ ਚੌਧਰੀ ਨੌਹਰੀਆ ਮੱਲ, ਚੌਧਰੀ ਹਜ਼ਾਰਾ ਰਾਮ ਤੇ ਤਹਿਸੀਲਦਾਰ ਮਿਸਟਰ ਮਿਲਟਨ ਰਾਹੀਂ ਵਿਸ਼ੇਸ਼ ਸਮਾਗਮ ਦਾ ਆਯੋਜਨ ਕਰਕੇ ਦਿੱਤਾ ਗਿਆ ਸੀ। ਉਸ ਦਿਨ ਨੰਦੂ ਫੁੱਲਿਆ ਨਹੀਂ ਸੀ ਸਮਾਂ ਰਿਹਾ..ਉਹਦੇ ਕੰਮ ਦੀ ਕਦਰ ਪਈ ਸੀ। ... ਤੇ ਅੰਗਰੇਜ਼ ਤਹਿਸੀਲਦਾਰ ਮਿਸਟਰ ਮਿਲਟਨ ਉਸ ਦਿਨ ਤੋਂ ਦੇਵ ਦੀ ਬਹੁਤ ਕਦਰ ਕਰਨ ਲੱਗ ਪਿਆ ਸੀ ਕਿ ਉਹਦਾ ਪਿਓ ਨੰਦੂ ਕਿੱਕਰ ਦੇ ਸ਼ੱਕ ਤੇ ਹੋਰ ਕੈਮੀਕਲਾਂ ਨਾਲ... ਨਹੁੰ ਕਾਲੇ ਕਰਵਾ ਕੇ ਵੀ ...ਐਨਾ ਉਤਮ ਕੰਮ ਕਰ ਰਿਹਾ ਹੈ। ਮਿਸਟਰ ਮਿਲਟਨ ਦੇਵ ਨੂੰ ਕਹਿੰਦਾ ਰਹਿੰਦਾ ਕਿ ਉਹ ਤਸੀਲ ਵਿਚ ਹੋਣ ਵਾਲੇ ਕਿਸੇ ਸਮਾਗਮ ਵਿਚ ਉਹਦੇ ਪਿਓ ਨੰਦੂ ਨੂੰ ਬੁਲਾ ਕੇ ਸਨਮਾਨਿਤ ਕਰੇਗਾ।

ਤੇ ਦੇਵ ਨਿੱਤ ਬਾਪੂ ਦੀ ਸੁੱਖ-ਸਾਂਦ ਪੁਛਣ ਲਈ ਉਹਦੇ ਕਮਰੇ ਵਿਚ ਜਾਂਦਾ। ਨੰਦੂ ਦੇਵ ਨੂੰ ਪੁੱਛਦਾ ਕਿ ਉਹਨੂੰ ਤਸ਼ੀਲ ਦੇ ਦਫ਼ਤਰ ਵਿਚ ਕੋਈ ਮੁਸ਼ਕਲ ਪੇਸ਼ ਤਾਂ ਨਹੀਂ ਆ ਰਹੀ। ... ਤਸੀਲਦਾਰ ਅੰਗਰੇਜ਼ ਸੀ। ... ਉਹਦੇ ਮਨ ਵਿਚ ਜਾਤ-ਪਾਤ ਦਾ ਕੋਈ ਭੇਦ ਭਾਵ ਨਹੀਂ ਸੀ।

ਇਸ ਲਈ ਤਹਿਸ਼ੀਲ ਦੇ ਦਫ਼ਤਰ ਵਿਚ ਦੇਵ ਨਾਲ ਉੱਠਣ ਬੈਠਣ ਤੇ ਖਾਣ-ਪੀਣ ਦੇ ਸਬੰਧ ਵਿਚ ਕੋਈ ਵੀ ਵਿਤਕਰਾ ਕਰਨ ਦੀ ਜ਼ੁਰਅਤ ਨਹੀਂ ਸੀ ਕਰਦਾ। ... ਸਗੋਂ ਤਸ਼ੀਲਦਾਰ ਦੇ ਦਫਤਰ ਅੱਗੇ ਖੜ੍ਹਨ ਦੀ ਡਿਊਟੀ ਹੋਣ ਕਰਕੇ ਉਹ ਪਿੰਡੋਂ ਤੇ ਨਾਲ ਦਿਆਂ ਪਿੰਡਾਂ ਤੋਂ ਆਏ ਜ਼ਿਮੀਂਦਾਰਾਂ ਦੇ ਕੰਮ ਛੇਤੀ ਕਰਵਾ ਦਿੰਦਾ। ... ਪਿੰਡ ਮਿਲਣ ਗਏ ਦੇਵ ਦੀ ਵੀ ਜ਼ਿਮੀਂਦਾਰ ਚੰਗੀ ਆਉ-ਭਗਤ ਕਰਦੇ। ਪਰ ਤਸ਼ੀਲ ਦਫ਼ਤਰ ਦੇ ਅੱਗੇ ਉਹਦੇ ਨਾਲ ਬੈਂਚ ਤੇ ਬੈਠਦੇ ... ਤੇ ਉਹਦੇ ਹੱਥੋਂ ਦੁਕਾਨ ਤੋਂ ਮੰਗਵਾ ਕੇ ਚਾਹ ਪੀਂਦੇ ਜ਼ਿਮੀਂਦਾਰ... ਉਹਨੂੰ ਘਰ ਗਏ ਨੂੰ ਮੰਜੇ ਤੇ ਆਪਣੇ ਬਰਾਬਰ ਬਿਠਾਉਣ ਤੋਂ ਝਿਜਕਦੇ। ... ਤੇ ਉਹਨੂੰ ਮਿਲਣ ਲਈ ਆਪ ਉਠਕੇ ਗਲੀ ਵਿਚ ਆਣ ਖੜ੍ਹਦੇ। ਤੇ ਉਹਦਾ ਤਸ਼ੀਲਦਾਰ ਤੋਂ ਛੇਤੀ ਕੰਮ ਕਰਵਾਉਣ ਲਈ ਧੰਨਵਾਦ ਕਰਦੇ।

ਪਿੰਡ ਗਏ ਨਾਲ ਉਹਨਾਂ ਦੇ ਆਪਣੇ ਕਿਰਸਾਣ ਜੰਡਿਆਲੀਆਂ ਦਾ ਬੁੜ੍ਹਾ, ਉਸ ਨਾਲ ਅਪਣੱਤ ਦਿਖਾਉਂਦਿਆਂ ਲੰਮੀ ਕਹਾਣੀ ਛੇੜ ਕੇ ਬਹਿ ਜਾਂਦਾ। "ਭਾਈ ਦੇਵ... ਸਾਡੀ ਥੁਆਡੇ ਬਜ਼ੁਰਗਾਂ ਨਾਲ ਪੁਸ਼ਤਾਂ ਤੋਂ ਲਿਹਾਜ ਚਲੀ ਆਉਂਦੀ ਐ। ... ਸੈਕੜੇ ਬਰਸ ਪਹਿਲਾਂ ਸਾਡੇ ਬਜ਼ੁਰਗ, 'ਕਾਲ ਪੈਣ ਤੇ ਰਾਜਸਥਾਨ ਦੇ ਜੰਡਿਆਲੇ ਦੇ ਇਲਾਕੇ ਤੋਂ ਤੁਰੇ ਸਨ। ... ਸਾਡੇ ਬਜ਼ੁਰਗਾਂ ਨੇ ਥੁਆਡੇ ਬਜ਼ੁਰਗਾਂ ਨੂੰ ਗੱਡਿਆਂ ਦੇ ਪਿੱਛੇ ਪਿੱਛੇ ਤੋਰ ਲਿਆ... ਬਈ ਜਿਥੇ ਅਸੀਂ ਜਾਵਾਂਗੇ ... ਉਥੇ ਤੁਸੀਂ ਚਲਿਓ। ... ਤੇ ਬਜ਼ੁਰਗ ਆਹ ਸੀਮਵਾਂ ਦੀਆਂ ਪਹਾੜੀਆਂ ਦੇ ਹੇਠਲੇ ਮੈਦਾਨੀ ਇਲਾਕੇ ਦੀ ਜ਼ਮੀਨ ਵਾਹੀ ਯੋਗ ਬਣਾ ਕੇ ਇਥੇ ਵਸ ਗਏ। ... ਥੁਆਡੇ ਬਜ਼ੁਰਗਾਂ ਨੂੰ ਸਾਡੇ ਬਜ਼ੁਰਗਾਂ ਦੇ 'ਗੱਡਿਆ' ਦੇ ਮਰਗ ਲੱਗ ਕੇ ਆਉਣ ਕਰਕੇ... ਲੋਕੀ 'ਗੱਡੂ' ਕਹਿਣ ਲੱਗ ਪਏ ... ਤੇ ਇਹੀ ਥੁਆਡਾ ਗੋਤ ਬਣ ਗਿਆ।" ਜੰਡਿਆਲੀਆਂ ਦੇ





ਬੁੜ੍ਹੇ ਨੇ ਆਪਣੇ ਬਾਰੇ ਦੱਸਿਆ ਕਿ ਉਹਨਾ ਤੋਂ ਮਗਰੋਂ ਆਏ ਜ਼ਿਮੀਂਦਾਰਾਂ ਨੇ ਆਪਣਾ 'ਗੋਤਰ' ਬਦਲ ਕੇ ਰੱਖ ਲਿਆ... ਪਰ ਸਾਡਾ ਪਰਿਵਾਰ 'ਜੰਡਿਆਲੀਆਂ' ਆਖਵਾਉਂਦਾ ਆ ਰਿਹਾ ਹੈ।

ਐਨੇ ਨੂੰ ਜੰਡਿਆਲੀਆਂ ਦੇ ਬੁੜ੍ਹੇ ਦਾ ਪੋਤਾ ਗਰਮ ਕੀਤੇ ਦੁੱਧ ਦਾ ਗੜਵਾ ਚੁੱਕ ਲਿਆਇਆ। ਪਰ ਜਦ ਉਹ ਦੇਵ ਨੂੰ ਫੜਾਉਣ ਲਈ... ਸੀਰੀ ਲਈ ਰੱਖੇ ਗਿਲਾਸ ਵਿਚ ਦੁੱਧ ਪਾਉਣ ਲੱਗਿਆ ਤਾਂ ਦੇਵ ਇਹ ਆਖ ਕੇ ਘਰ ਨੂੰ ਤੁਰ ਪਿਆ ਕਿ ਸ਼ਹਿਰ ਜਾ ਕੇ ਉਹਨੇ ਦੁੱਧ ਪੀਣਾ ਛੱਡ ਦਿੱਤਾ ਹੈ ... ਤੇ ਉਹਨੂੰ ਚਾਹ ਪੀਣ ਦੀ ਆਦਤ ਪੈ ਗਈ ਹੈ।

ਦੇਵ ਨੂੰ ਸ਼ਹਿਰ 'ਚ ਰਹਿੰਦਿਆਂ ਅੱਠ-ਦਸ ਸਾਲ ਹੋ ਗਏ ਸਨ। ਉਹਦੇ ਘਰ ਮੀਤੂ ਤੇ ਜੀਤੂ ਨਾਂ ਦੇ ਦੋ ਜੁਆਕ ਵੀ ਹੋ ਗਏ ਸਨ। ਪਰ ਸ਼ਹਿਰ ਵਿਚ ਰਹਿੰਦਿਆਂ ਦੇਵ ਦੀ ਪਤਨੀ ਸੰਤੀ ਬਹੁਤੀ ਖੁਸ਼ ਨਹੀਂ ਸੀ। ਉਹ ਦੇਵ ਨੂੰ ਮੁਹੱਲੇ ਦੀਆਂ ਤੀਵੀਆਂ ਰਾਹੀਂ ਸੁਣਾਈਆਂ ਸੁਣਾਵਤਾਂ ਸੁਣਾਉਂਦੀ ਰਹਿੰਦੀ। ਉਹ ਨੰਦੂ ਦੇ ਕਮਰੇ ਵੱਲ ਇਸ਼ਾਰਾ ਕਰਕੇ ਮੂੰਹ ਜਿਹਾ ਬਣਾਉਂਦੀ ... ਜਿਵੇਂ ਕਹਿ ਰਹੀ ਹੋਵੇ ਕਿ ... ਉਹਨਾਂ ਦਾ ਘਟਾਓ ... ਉਹਦੇ ਸਹੁਰੇ ਦੇ ਕਾਲੇ ਨਹੁੰਆਂ ਕਰਕੇ ਹੋ ਰਿਹਾ। ... ਦੇਵ ਦੇ ਬਾਪੂ ਨੂੰ ਜਿਵੇਂ ਅਜਿਹੀਆਂ ਗੱਲਾਂ ਦਾ ਬਿਨਾ ਦੱਸਿਆ ਹੀ ਪਤਾ ਹੋਵੇ। ਇਸ ਲਈ ਉਹ ਘਰ ਵਿਚ ਚੁੱਪ ਹੀ ਰਹਿੰਦਾ। ਜਿਵੇਂ ਉਹਦੇ ਮੂੰਹ ਨੂੰ ਤਾਲਾ ਲੱਗਿਆ ਹੋਵੇ।

ਹਾਂ, ਉਹ ਉਸ ਦਿਨ ਜ਼ਰੂਰ ਖੁਸ਼ ਹੁੰਦਾ, ਜਿਸ ਦਿਨ ਉਹਨੂੰ ਤਨਖਾਹ ਮਿਲਦੀ। ਤੇ ਉਹ ਸਾਰੀ ਤਨਖਾਹ ਤੇ ਖਾਣ-ਪੀਣ ਦਾ ਪੈਕ ਕੀਤਾ ਹੋਇਆ ਸਮਾਨ... ਲਿਆ ਕੇ ਦੇਵ ਦੀ ਪਤਨੀ, ਸੰਤੀ ਨੂੰ ਫੜਾ ਦਿੰਦਾ। ਜਿਵੇਂ ਕਹਿ ਰਿਹਾ ਹੋਵੇ ਕਿ ਉਹਨੇ ਆਪ ਕਿਸੇ ਖਾਣ-ਪੀਣ ਦੀ ਚੀਜ਼ ਨੂੰ ... ਆਪਣੇ ਕਾਲੇ ਹੋਏ ਨਹੁੰਆ ਵਾਲੇ ਹੱਥ ਨਹੀਂ ਲਾਏ ... ਕਿ ਇਹ ਸਮਾਨ ਭਿੱਟਿਆ ਗਿਆ ਹੋਵੇ ਤੇ ਥੁਆਡੇ ਖਾਣ ਲਾਇਕ ਨਾ ਰਿਹਾ ਹੋਵੇ... ਤੇ ਇਹ ਸਮਾਨ ਸਿਧਾ ਦੁਕਾਨਦਾਰ ਤੋਂ ਪੈਕ ਕਰਵਾਇਆ ਹੈ। ... ਬਾਪੂ ਇੰਨਾ ਧਿਆਨ ਇਸ ਲਈ ਰੱਖਣ ਲੱਗ ਪਿਆ ਸੀ... ਕਿਉਂਕਿ ਉਹਨੂੰ ਪਤਾ ਲੱਗ ਗਿਆ ਸੀ ਕਿ ਦੇਵ ਦੀ ਪਤਨੀ ਨੇ ਰਸੋਈ ਵਿਚ... ਉਹਨੂੰ ਖਾਣਾ ਦੇਣ ਵਾਲੇ ਬਰਤਨ ਅਲਗ ਰੱਖੇ ਹੋਏ ਹਨ। ... ਪਰ ਤਨਖਾਹ ਮਿਲਣ ਵਾਲੇ ਦਿਨ... ਉਹ ਉਸ ਨਾਲ ਖੁਸ਼ ਰਹਿੰਦੀ ... ਤੇ ਉਸ ਦਿਨ ਆਪਣੇ ਪੁੱਤਰਾਂ ਮੀਤੂ ਤੇ ਜੀਤੂ ਨੂੰ ਵੀ ... ਸਕੂਲ ਦਾ ਕੰਮ ਕਰਨ ਦਾ ਬਹਾਨਾ ਬਣਾ ਕੇ ... ਉਹਦੇ ਕਮਰੇ ਵਿਚ ਜਾਣ ਤੋਂ ਨਾ ਰੋਕਦੀ।

ਤੇ ਦੇਵ ਦਾ ਬਾਪੂ ਨੰਦੂ ਬੱਚਿਆ ਨੂੰ ਅਨੇਕਾਂ ਵਾਰੀ ਸੁਣਾਈ... ਉਹੀ ਕਹਾਣੀ ਸੁਣਾਉਣ ਲੱਗ ਪੈਂਦਾ। ... "ਬੱਚਿਓ... ਇਕ ਵਾਰੀ ਗੁਟਾਰ ਮੋਰ ਦੇ ਸੁਨਾਇਰੀ ਪੰਜੇ ਤੇ ਚੁੰਜ ... ਵਿਆਹ ਤੇ ਜਾਣ ਲਈ... ਉਧਾਰੇ ਲੈ ਗਈ..." ਦੇਵ ਨੂੰ ਹਰ ਵਾਰੀ ਇਹੀ ਜਾਪਦਾ ਕਿ ਉਹਦਾ ਬਾਪੂ ... ਇਸ ਕਹਾਣੀ ਨੂੰ ਆਪਣੇ-ਆਪ ਤੇ ਢੁਕਾਉਂਦਾ ਹੈ। ਤੇ ਉਹ ਸਹਿਜ-ਸੁਭਾ ਆਪਣੇ ਬਾਪੂ ਨੂੰ ਆਖਦਾ, "ਬਾਪੂ ... ਤੂੰ ਇਸ ਧੰਦੇ ਨੂੰ ਛੱਡ ਕਿਉਂ ਨੀ ਦਿੰਦਾ ... ਹੌਲੀ-ਹੌਲੀ ਤੇਰੇ ਕਾਲੇ ਨਹੁੰ ਆਪੇ-ਚਿੱਟੇ ਹੋ ਜਾਣਗੇ...।" ਉਹਦੀ ਗੱਲ ਨੂੰ ਕੱਟਦਿਆਂ ਨੰਦੂ ਆਖਦਾ, "ਪੁੱਤਰਾ ... ਇਹ ਕਾਲੇ ਹੋਏ ਨਹੁੰ ... ਚਮੜਾ ਰੰਗਣ ਦਾ ਕੰਮ ਛੱਡਦੇ ਸਾਰ ਚਿੱਟੇ ਨਹੀਂ ਹੋਣੇ... ਤੇਰੇ ਨਹੁੰ ਚਿੱਟੇ ਨਹੀਂ ਹੋਏ ... ਇਹ ਤੇਤੋਂ ਅਗਲੀ ... ਉਸਤੋਂ ਅਗਲੀ... ਤੇ ਕਿੰਨੀਆਂ ਹੀ ਅਗਲੀਆਂ ਪੁਸ਼ਤਾਂ ਤੱਕ ਚਿੱਟੇ ਨਹੀਂ ਹੋਣੇ... ਸ਼ਾਇਦ ਉਦੋਂ ਤੱਕ... ਜਦੋਂ ਤੱਕ ਗੁਟਾਰ ... ਮੋਰ ਤੋਂ ਉਧਾਰ ਲਏ ਹੋਏ .... ਉਹਦੇ ਸੁਨਹਿਰੀ ਪੰਜੇ ਤੇ ਚੁੰਜ ਨਹੀਂ ਮੋੜਦੀ।

## ਕਹਾਣੀ / ਤ੍ਰਿਸ਼ਨਾ / ਨਰਿੰਦਰ ਕੌਰ ਭੱਚੂ

*ਨਰਿੰਦਰ ਕੌਰ ਭੱਚੂ ਕੋਈ ਨਵਾਂ ਨਾਂਅ ਨਹੀਂ। ਇਹਨਾਂ ਦੀ ਰਚਨਾ ਜਿਸ ਅਣਦਿਸਦੇ ਸੰਸਾਰ ਦੀ ਦਿਦਾਰੇ ਕਰਵਾ ਜਾਂਦੀ ਹੈ, ਪੰਜਾਬੀ ਸਾਹਿਤ ਵਿੱਚ ਨਿਵੇਕਲੀ ਪਛਾਣ ਬਨਾਉਣ ਲਈ ਕਾਫੀ ਹੈ। ਇੱਕ ਗੱਲ ਹੋਰ ਜਿਹੜੀ ਧਿਆਨ ਦੀ ਮੰਗ ਕਰਦੀ ਹੈ ਕਿ ਅਜੋਕੀ ਪੰਜਾਬੀ ਕਹਾਣੀ ਅਲੰਕਾਰਾਂ-ਵਿਸ਼ੇਸ਼ਣਾਂ ਤੋਂ ਨਿਰਲੇਪ ਹੋ ਕੇ ਸਧਾਰਨ ਭਾਸ਼ਾ 'ਚ ਗਹਿਰੀ ਗੱਲ ਕਰਨ ਵਾਲੀ ਬਣ ਗਈ ਹੈ। ਇਹ ਕਹਾਣੀ ਕਿਸਾਨੀ ਦੇ ਨਵੇਂ ਪਸਾਰ ਨੂੰ ਖੋਲਦੀ ਹੈ। ਉਨ੍ਹਾਂ ਨੇ ਬੜੀ ਸਹਿਜਤਾ ਨਾਲ ਕਹਾਣੀ ਨੂੰ ਪੇਸ਼ ਕੀਤਾ ਹੈ। ਭਾਵੇਂ ਉਨ੍ਹਾਂ ਨੇ ਵੱਡੀ ਉਮਰੇ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਹਨ ਪਰ ਉਨ੍ਹਾਂ ਦੀ ਕਲਮ ਵਿਚ ਨਿਖਾਰ ਬਹੁਤ ਤੇਜੀ ਨਾਲ ਆ ਰਿਹਾ ਹੈ। ਭੱਚੂ ਦੀ ਕਹਾਣੀ ਚੌਹ-ਮੁਖੀ ਪਾਸਾਰ ਵਾਲੀ ਹੁੰਦੀ ਹੈ।*

ਨਾ ਜਾਣੇ ਮੇਰੇ ਚਿਤ ਨੂੰ ਕਦੇ- ਕਦੇ ਕੀ ਹੋਣ ਲੱਗ ਪੈਂਦਾ। ਹੋਰ ਤਰ੍ਹਾਂ ਈ ਹੋਈ ਜਾਊ। ਡੋਬ ਜੇ੍ਹ ਪੈਣ ਲੱਗ ਪੈਂਦੇ ਆ। ਜਿਹੜੀ ਸ਼ੈਅ ਨੂੰ ਹੱਥ ਪਾਉਂਨੀ ਆਂ... ਹੱਥੋਂ ਐ ਛੁੱਟ ਜਾਂਦੀ। ਕਈ ਦਿਨਾਂ ਦੀ ਸੱਜੀ ਅੱਖ ਵੀ ਫੜਕਦੀ ਆ। ਰੱਬ ਸੁੱਖ ਰੱਖੇ।

ਚੀਜ਼ਾਂ ਆਪੇ ਛੁਟਣੀਆਂ ਹੱਥੋਂ... ਪਹਿਲਾਂ ਵਾਲੀ ਜਾਨ ਗ੍ਹੀ ਨ੍ਹੀਂ ਹੱਡਾਂ 'ਚ... ਹੱਡ-ਗੋਡੇ ਰਗੜਨ ਵਾਲੀ ਗੱਲ ਹੋਈ ਵੀ ਆ। ਜਵਾਨੀ ਵੇਲੇ ਦੀ ਗੱਲ ਈ ਹੋਰ ਸੀ। ਕੰਮ ਕਰਨ ਲੱਗੇ ਪੁੱਛੀਦਾ ਨ੍ਹੀਂ ਸੀ ਕਿਸੇ ਨੂੰ। ਸਾਰੀਆਂ ਨੂੰ ਵਿੱਚ ਪਾ ਕੇ ਕੰਮ ਕਰ ਲਈਦਾ ਸੀ।

ਮੂੰਹ ਨ੍ਹੇਰੇ ਉੱਠਣਾ, ਅੰਦਰ ਬਾਹਰ ਜਾਣਾ... ਬਾਰ੍ਹ ਜਾਂਦੀਆਂ ਸੀ 'ਕੱਠੀਆਂ ਹੋ ਕੇ... ਲਫ਼ੰਗਾ ਡੁੱਡਾ ਹੁਣ ਵੀ ਉਹਦੇ 'ਤੇ ਹਾਸਾ ਆਉਂਦਾ। ਮੱਲੋ-ਮੱਲੀ ਮੇਰਾ 'ਕੱਲੀ ਦਾ ਹਾਸਾ ਨਿਕਲ ਗਿਆ। ਕੀੜੇ ਪੈਣਾ, ਉੱਚੀ ਵੱਟ 'ਤੇ ਬੇਰੀ ਹੇਠ ਬਹਿ ਰਹਿੰਦਾ ਸੀ। ਪਹਿਲਾਂ-ਪਹਿਲਾਂ ਬਾਹਲੀਆਂ ਔਖੀਆਂ ਹੋਈਆਂ ਉਹਦੀ ਵੱਲ ਵੇਖ ਕੇ ਸਾਰੀਆਂ ਨੇ ਸ਼ਰਮ ਲਾਹਤੀ, ਮੂੰਹ ਸਿਰ ਲਪੇਟ ਕੇ ਉਹਦੇ ਵੱਲ ਪਛਾੜੀ ਕਰਕੇ ਬਹਿ ਜਾਂਦੀਆਂ ਨੈਣਾਂ ਨੇ ਕਹਿਣਾ, "ਏਹਨੂੰ ਲੁੱਚੇ ਨੂੰ ਹੈਨੀ... ਸਾਨੂੰ ਵੀ ਕੀ... ਦੇਖੀ ਜਾਵੇ, ਸਾਡਾ ਕੀ ਲਾਹ ਲੂਗਾ। ਹਲਕੀਆਂ ਹੋ ਕੇ ਰਾਹ 'ਚ ਸਾਰੀਆਂ ਨੇ ਧਮੱਚੜ ਪਾਉਣਾ। ਆ ਕੇ ਸਾਰਾ ਕੰਮ ਦੂਹ ਹੋ ਦੂਹ ਨਿਬੇੜਨਾ।

ਮੇਰਾ ਤੋਤਾ ਉਦੋਂ ਨਿੱਕਾ ਜਿਹਾ ਸੀ। ਸੁੱਖ ਨਾ ਹੁਣ ਜਵਾਨ ਹੋ ਗਿਆ । ਜਵਾਨੀ ਵੀ ਕਾਹਦੀ ਆਈ ਮੇਰੇ ਪੁੱਤ 'ਤੇ ... ਚੰਦਰਾ ਰੱਬ ਵੀ... ਸੋਚ ਕੇ ਈ ਮੇਰੇ ਜੀਅ ਨੂੰ ਹੋਲ ਪੈਣ ਲੱਗ ਪੈਂਦੇ। ਕੀ ਬਣੂ, ਮੇਰੇ ਪੁੱਤ ਦਾ, ਮੇਰੇ ਬਾਅਦ। ਖਵਰੇ ਕਿਹੜੇ ਕਰਮਾਂ ਦਾ ਫ਼ਲ।

ਆਪੇ ਗੱਲਾਂ ਕਰੀ ਜਾਵੇ। ਗਲਾਸੀ ਹੱਥੋਂ ਫੇ ਛੁੱਟ'ਗੀ। ਉਹਨੂੰ ਚੱਕਣ ਲੱਗੀ, ਚਮਕਦਾ ਸੂਰਜ ਮੇਰੇ ਮੱਥੇ ਲੱਗਾ। ਹੈਹਾ ਲੋਹੜਾ ... ਕਿਹੜੇ ਵੇਲੇ ਦੀਆਂ ਰੋਟੀਆਂ ਪਕਾ ਕੇ ਰੱਖੀਆਂ... ਲਾਹਣਤ ਪਾਈ ਮੈਂ ਆਪਣੇ ਆਪ ਨੂੰ, ਪ੍ਰਕਾਸ਼ ਕੁਰੇ, ਸੋਚੀ ਪਈ ਰਵੇਂਗੀ... ਮੈਂ ਧੁੱਪ ਵੱਲ ਵੇਖਿਆ ਧੁੱਪ ਕੰਧ ਤੋਂ ਉੱਤਰ ਕੇ ਹੇਠਾਂ ਵਿਹੜੇ 'ਚ ਆਈ ਹੋਈ ਸੀ।

ਮੈਂ ਦਬਾਦਬ ਹੱਥ ਮਾਰਨ ਲੱਗੀ। ਕਿੱਡਾ ਦਿਨ ਚੜ੍ਹ ਆਇਆ, ਮਾਂ ਮਰ ਜੇ, ਭੁੱਖਾ ਸਵੇਰ ਦਾ, ਗਿਆ ਤਾਂ ਉਹਦਾ ਭਾਪਾ ਵੀ ਚਾਹ ਦਾ ਗਲਾਸ ਪੀ ਕੇ ਸੀ... ਕਹਿੰਦਾ ਸੀ ਆ ਜੂਗਾ ਵਿਚ , ਆਇਆ ਨ੍ਹੀਂ।

ਕਾਹਲੀ ਕਾਹਲੀ ਦੋ ਰੋਟੀਆਂ ਆਵਦੇ ਢਿੱਡ 'ਚ ਸਿੱਟੀਆਂ... ਜੀ ਭਿਆਈ ਜੀ ਨੇ 'ਚਾਰ ਨਾਲ ਰੋਟੀਆਂ ਦਹੀਂ ਲੱਸੀ ਟੋਕਰੀ 'ਚ ਰੱਖ ਲਏ... ਅੰਦਰੇ ਵੜੇ ਮੁੰਡੇ -ਵਹੁਟੀ ਨੂੰ 'ਵਾਜ ਮਾਰ ਕੇ ਮੈਂ ਬਾਹਰਲਾ





ਦਰ ਟੱਪ ਗਈ।

ਟੋਕਰੀ ਸਿਰ 'ਤੇ ਰੱਖੀ ਛਾਹ ਵੇਲਾ ਲੈ ਕੇ ਖੂਹ ਨੂੰ ਤੁਰੀ ਜਾਂਦੀ ਮੈਂ ਆਵਦੇ ਆਰ-ਪਰਿਵਾਰ ਦਾ ਸੋਚਦੀ ਜਾਵਾਂ। ਵੱਡਾ ਹਰਦੇਵ ਮੇਰਾ, ਆਵਦੇ ਟੱਬਰ ਟੀਰ੍ਹ ਨਾਲ ਸ਼ਹਿਰ 'ਚ ਰਹਿੰਦਾ। ਨਿੱਕੇ-ਨਿਆਣੇ ਉਹਦੇ ਉਥੇ ਪੜ੍ਹਦੇ ਆ। ਕਦੇ-ਕਦਾਈ ਆਉਂਦਾ ਪਿੰਡ। ਬਾਹਲਾ ਤੇਹ ਕਰਦਾ ਤੋਤਾ ਉਹਨਾਂ ਦਾ। ਗੰਨੇ, ਸ਼ੱਕਰਗੰਦੀ, ਹੌਲਾਂ ਲਕੋ ਕੇ ਰੱਖੂ ਵੱਡੀ ਕੁੜੀ ਲਈ। ਨਿੱਕੇ ਨੂੰ ਕੁੱਛੜ ਨ੍ਹੀਂ ਲਾਊ, ਮੂੰਹ ਚੁੰਮੀ ਜਾਊ ਉਹਦਾ। ਬਹਲਾ ਚਾਅ ਚੜ੍ਹਦਾ ਏਹਨੂੰ, ਜਦੋਂ ਉਹ ਪਿੰਡ ਆਉਂਦੇ ਆ।

ਸਾਹਮਣਿਉਂ ਮੈਨੂੰ ਝੌਲਾ ਪਿਆ ... ਉਹੋ ਡੁੱਡਾ... ਚੰਦਰੇ ਨੇ ਖੰਗੂਰਾ ਵੀ ਨ੍ਹੀਂ ਮਾਰਿਆ... ਮੈਂ ਵੀ ਨੰਗੇ ਮੂੰਹ ਤੁਰੀ ਗਈ।

ਛੋਟਾ ਕੁਲਦੀਪ... ਦੋ ਸਫ਼ਰ ਲਾ ਆਇਆ ਡੁਬਈ ਦੇ... ਦੋ ਮ੍ਹੀਨੇ ਹੋਗੇ ਆਏ ਨੂੰ ਵੱਟੋ ਵੱਟ ਜਾਂਦਾ ਖੂਹ 'ਤੇ, ਅੰਦਰੋ ਗਿੱਟ-ਮਿੱਟ ਕਰਦਾ ਰਉ... ਉਹ ਬੀਬੀ ਰਾਣੀ, ਜਿੱਦਣ ਆਈ ਸੀ ਹੜਬਾਂ ਨਿਕਲੀਆਂ ਵੀਆਂ ਸੀ... ਹੁਣ ਪਾਟਣ 'ਤੇ ਆਈ ਵੀ ਆ... ਤਿੰਨਾਂ ਮੀਨਿਆਂ ਦਾ ਮੁੰਡਾ ਉਹਦਾ ... ਰੋਂਦਾ ਫਿਰੂ... ਚਊਂ-ਚਊਂ ... ਉਹ ਵੀ ਉਹੋ ਜਿਹਾ ਉਹਨਾਂ ਦੀ ਮਰਜ਼ੀ, ਜਿੱਦਾਂ ਮਰਜ਼ੀ ਕਰਨ... ਜਵਾਨ ਆ ਭੋਰਾ ਭਰ, ਅੰਦਰੇ ਤਾੜੀ ਰੱਖਣਗੇ ਉਹਨੂੰ ਵੀ।

ਤੁਰੀ ਜਾਂਦੀ ਦੇ ਮੇਰੇ ਘਸੀ ਹੋਈ ਚੱਪਲੀ ਵਿਚੋਂ ਦੀ ਕੰਡਾ ਚੁੱਭ ਗਿਆ... ਕੱਚਾ ਰਾਹ... ਭੱਖੜਾ ਬ੍ਹ ਆ... ਮਾੜਾ ਜਿਹਾ ਖੜ੍ਹੀ ਹੋ ਕੇ ਮੈਂ ਚਪਲੀ 'ਚੋਂ ਕੰਡਾ ਕੱਢ ਕੇ ਅਹੁ ਮਾਰਿਆ... ਏਸ ਉਮਰੇ ਵੀ ਕੰਡੇ ਜਾਨ ਨ੍ਹੀਂ ਛੱਡਦੇ। ਸਾਰੀ ਉਮਰ ਕੰਡੇ ਈ ਚੁਗੇ ਰਾਹਾਂ 'ਚੋਂ ... ਗ੍ਰਿਹਿਸਥ ਦੀ ਗੱਡੀ ਚਲਾਉਣੀ ਕਿਹੜੀ ਸੌਖੀ... ਕਿਸੇ ਚੀਜ਼ ਦਾ ਫ਼ਿਕਰ , ਕਦੇ ਫਾਕਾ... ਨਿਕਲ ਗੀ ਜਿੱਦਾ ਦੀ ਸੀ... ਚੰਗੀ ਚਾਹੇ ਮਾੜੀ ... ਮੈਨੂੰ ਹੌਂਕਾ ਆ ਗਿਆ... ਖਵਰੇ ਹੋਰ ਦੋ ਸਾਲ ਜੀਣਾ ਕਿ ਨ੍ਹੀਂ।

ਖੱਤੇ ਦੀ ਵੱਟ ਆ ਗੀ, ਮੈਨੂੰ ਪਤਾ ਨਾ ਲੱਗਾ, ਠੇਡਾ ਖਾ ਕੇ ਮਸਾਂ ਡਿਗਣੋਂ ਬਚੀ। ਡਮਾਕ ਵੀ ਕਦੇ ਕਦੇ ਘੁੰਮਣ ਲੱਗ ਪੈਂਦਾ। ਠੇਡਾ ਲੱਗ ਮੇਰੇ ਮੂੰਹ 'ਤੇ ਤ੍ਰਪਕੇ ਜੇ੍ਹ ਡਿੱਗੇ... ਹੱਥ ਲਾ ਕੇ ਵੇਖਿਆ, ਲੱਸੀ... ਸ਼ੁਕਰ ਆ ਡੁੱਲਣੋ ਬਚ ਗੀ। ਉਦਾ ਲੱਸੀ ਦੇ ਮੈਨੂੰ ਠੰਡ ਪਾਤੀ.... ਮੇਰੇ ਜੀਅ 'ਚ ਆਈ। ਮੈਂ ਐਵੇਂ ਆਵਦੇ ਤੋਤੇ ਦਾ ਫਿਕਰ ਕਰਦੀ ਆ। ਰੱਬ ਸਾਰਿਆਂ ਦਾ ਰਾਖਾ, ਮੇਰੇ ਤੋਤੇ ਦਾ ਵੀ... ਉਹਦਾ ਭਾਪਾ ਹਜੇ ਚੰਗਾ ਭਲਾ। ਅੱਜ ਕੱਲ ਦੇ ਮੁੰਡਿਆਂ-ਖੁੰਡਿਆਂ ਨਾਲੋਂ ਰੱਬ ਆਲਾ, ਨਵੀਂ ਪਨੀਰੀ ਤਾਂ ਉਈਂ ਮਾੜੀ ਜੀ... ਵੈਲਾਂ ਦੀ ਪੱਟੀ ਹੋਈ। ਕੰਨ੍ਹਾਂ 'ਚ ਮੁਰਕੀਆਂ ਪਾ ਕੇ, ਬੱਕਰੀ ਆਗੂੰ ਮੂੰਹ ਮਾਰੀ ਜਾਣਗੇ ਤੁਰੇ ਫਿਰਦੇ। ਦੋ- ਚਹੁੰ ਨੂੰ ਛੱਡ ਕੇ ਦੀਹਦਾ ਕੋਈ ਪਿੰਡ 'ਚ ਚੱਜਦੀ ਸਿਹਤ ਵਾਲਾ ਮੁੰਡਾ। ਏਓਂ ਲੱਗਦੇ ਜਿਉਂ ਅੰਬ ਚੂਪ ਕੇ ਸਿੱਟਿਆ ਹੁੰਦਾ ... ਮੇਰਾ ਮੂੰਹ ਬਕਬਕਾ ਹੋ ਗਿਆ। ਏਨੇ ਨੂੰ ਮੈਂ ਖੂਹ 'ਤੇ ਪਹੁੰਚੀ। ਹਜੇ ਬਹਿਣ ਨੂੰ ਛਾਂ ਦੇਖਦੀ ਸੀ। ਨਾਲ ਦੇ ਖੱਤੇ ਦੇ ਬੰਨੇ 'ਤੇ ਖੜ੍ਹੀ ਦੇਬੂ ਦੀ ਵਹੁਟੀ ਕਹਿਣ ਲੱਗੀ,

'ਆ 'ਗੀ ਚਾਚੀ ਰੋਟੀ ਲੈ ਕੇ, ਅੱਜ ਕੁਵੇਲਾ ਕਰਤਾ। ਅੱਖ ਦੱਬ ਕੇ ਕਹਿੰਦੀ , ਤੋਤਾ ਸਾਡੇ ਖੂਹ ਤੇ ਆ, ਸਿਆਣਾ ਹੋ ਗਿਆ ਚਾਚੀ ਹੁਣ, ਦਾਦੇ ਮਗੌਣਾ ਹੋਰ ਈ ਤਰ੍ਹਾਂ ਦੀਆਂ ਗੱਲਾਂ ਕਰਦਾ।' ਮੀਸਣੀ ਜ੍ਹੀ ਵੱਖੀਆਂ ਥਾਣੀਂ ਹੱਸੇ... ਗੱਲ ਹੋਰ ਪਾਸੇ ਲੈਗੀ, 'ਅੱਜ ਸਾਡੇ ਕੁਛ ਧਰਨ ਨੂੰ ਹੈਨੀ ਸੀ, ਮੈਂ ਕਿਆ ਕੋਈ ਲਵਾ ਜਿਆ ਘੀਆ... ਟੀਂਡਾ ਦੇਖ ਲਿਆਵਾਂ, ਕੀ ਗੱਲ ਚਾਚੀ , ਕੁਲਦੀਪ ਘਰੇ ਹੈਨੀ, ਚਾਚਾ 'ਕੱਲਾ ਕਿਆਰੇ ਮੋੜਨ ਲੱਗਾ ਵਿਆ।"

ਮੈਨੂੰ ਅੱਗ ਜ੍ਹੀ ਲੱਗ ਗੀ ਉਹਦੀਆਂ ਗੱਲਾਂ ਸੁਣ ਕੇ... ਜ਼ਰਾ ਚੰਗੀ ਨਾ ਲੱਗੇ ਮੈਨੂੰ। ਨਖੁੱਟੜੀ... ਉਹ ਆਵਦੇ ਖੂਹ ਨੂੰ ਤੁਰਗੀ... ਮੁੰਡੇ ਤਾਂ ਮੁੰਡੇ , ਆਹ ਚੁਗਲੋ ਕਿਹੜੀ ਘੱਟ ਆ। ਅੱਖਾਂ ਨਾ ਗੱਲਾਂ ਕਰਦੀ। ਅੱਜ ਕੱਲ ਦੀਆਂ ਕੁੜੀਆਂ ਵਹੁਟੀਆਂ ਕਿਹੜੀਆਂ ਘੱਟ ਆ, ਕਿਰਲੀਆਂ ਜਹੀਆਂ। ਸੁੱਕੀਆਂ-ਸੜੀਆਂ। ਭਾਵੇਂ ਸਿਰੀਆਂ ਵੱਢ ਦਿਓ ਤਾਂ ਵੀ ਭੁੜਕੀ ਜਾਣਗੀਆਂ। ਇਹ ਤਾਂ ਉਦਾਂ ਵੀ ਮਾੜੀ ਆ... ਨਖ਼ਸਮੀ

ਨੇ ਦੇਰ ਵੀ ਨੂੰ ਛੱਡਿਆ। ਖਸਮ ਵੀ... ਮਨ 'ਚ ਆਈ... ਦਫਾ ਕਰ ਮਨਾਂ, ਤੈਂ ਕੀ ਲੈਣਾ, ਜੀਹਦੀਆਂ ਅੱਖਾਂ ਦੁਖਣਗੀਆਂ। ਆਪੇ ਪੱਟੀ ਬੰਨ ਲੂ। ਫੇ ਵੀ ਮੇਰੇ ਮੂੰਹੋਂ ਨਿਕਲ ਈ ਗਿਆ, ਚਗਲ ਕਿਸੇ ਥਾਂ ਦੀ, ਉਂਗਲਾਂ 'ਤੇ ਨਚਾਉਂਦੀ ਸਾਰਿਆਂ ਨੂੰ... ਇਹਦੇ ਮੁੱਢ ਈ ਬਹਿ ਰਹਿੰਦਾ ਹੋਣਾ ਤੋਤਾ ਵੀ... ਵਰਜਣਾ ਪਊ। ਕਰਨੀ ਆ ਗੱਲ ਹੁਣ ਆਉਂਦਾ ਤਾਂ... ਅਸੀਂ ਕੀ ਲੈਣਾ... ਦੇਣਾ ਇਹਦੇ ਤੋਂ, ਸਾਡੀ ਸਕੀ ਥੋੜ੍ਹਾ ... ਕਹੀਦਾ ਬੰਨੇ ਨਾ ਬੰਨਾ ਸਾਂਝਾ... ਗਵਾਂਢ ਮੱਥਾ, ਪਿੰਡ 'ਚ ਕੋਈ ਏਹਨੂੰ ਮੂੰਹ ਨ੍ਹੀਂ ਲਾਉਂਦਾ।"

ਛੱਡ ਮਨਾਂ ਕਿਹੜੀਆਂ ਗਿਣਤੀਆਂ ਮਿਣਤੀਆਂ 'ਚ ਪੈ ਗਿਆ ਤੂੰ... ਮੈਂ ਪਸ਼ੂਆਂ ਵਾਲੇ ਢਾਰੇ ਕੋਲ ਖੜਗੀ। ਸੋਚਿਆ ਏਥੋਂ 'ਵਾਜ਼ ਮਾਰਾ ਪੇ-ਪੁੱਤ ਨੂੰ... ਰੋਟੀ ਖਾਣ ਆ ਕੇ, ਕੁਵੇਲਾ ਹੋ ਗਿਆ। ਅੱਗੇ ਸੂਰਜ ਵੀ ਕੈੜਾ, ਧੁੱਪ ਨੇ ਹੁਣੇ ਵੱਟ ਕੱਢੇ ਪਏ ਆ। ਤੂਤ ਦੀ ਛਾਂ ਦੇਖ ਕੇ ਮੈਂ ਬਹਿਣ ਲਈ ਉਧਰ ਨੂੰ ਹੋਈ। ਸੰਘਣੀ ਜੀ ਛਾਂ ਦੇਖ ਕੇ ਸਿਰ ਤੋਂ ਟੋਕਰੀ ਲਾਹ ਕੇ ਮੈਂ ਹੇਠਾਂ ਰੱਖਤੀ, ਦੋ ਕੁ ਰਸ਼ੀਆਂ ਗੋਲ੍ਹਾਂ ਚੁੱਕ ਕੇ ਮੂੰਹ 'ਚ ਪਾ ਲੀਆਂ। ਬਾਹਲੀਆਂ ਸਵਾਦ ਲੱਗੀਆਂ ਚੱਪਲੀਆਂ ਲਾਹ ਕੇ ਬਹਿਣ ਲੱਗੀ, ਕਿਆ, ਪਹਿਲਾਂ 'ਵਾਜ ਮਾਰਾ, ਖੜ੍ਹੀ- ਖੜ੍ਹੀ ਮੈਂ 'ਵਾਜਾਂ ਮਾਰਨ ਲੱਗੀ,

"ਮਖਿਆ, ਆ ਜਾ ਛੇਤੀ , ਰੋਟੀ ਖਾ ਲਾ... 'ਵਾਜ਼ ਮਾਰ ਮੁੰਡੇ ਨੂੰ ਵੀ।"

"ਆਇਆ, ਕਿਆਰਾ ਮੋੜ ਕੇ।"

ਤੋਤੇ ਦਾ ਭਾਪਾ ਕਹਿੰਦਾ। ਮੈਂ ਦੇਖਿਆ, ਫੇ ਉਥੇ ਈ ਕਹੀ ਫੜ੍ਹ ਕੇ ਘੁਲੀ ਜਾਵੇ, "ਲੈ ਭੈਣ 'ਚੋਂ ਆੜ ਨੂੰ ਪਾੜ ਵੀ ਹੁਣੇ ਪੈਣਾ ਸੀ।"

ਉਹ ਆੜ 'ਤੇ ਮਿੱਟੀ ਪਾਉਣ ਲੱਗ ਪਿਆ। ਗੁੱਸੇ 'ਚ ਬੋਲੀ ਜਾਵੇ।

'ਕੁੜੀ ਜਾਵ੍ਹਾ... ਸੁਣਦਾ ਨ੍ਹੀ ਮੇਰੀ... ਦੇਬੂ ਦੀ ਤੀਵੀਂ ਦੇ ਮੌਰਾਂ 'ਤੇ ਚੱੜਿਆ ਰਹਿੰਦਾ... ਵਡਾਰੂ ਨ੍ਹੀ ਘਰੋਂ ਵਿਹਲ ਨ੍ਹੀਂ ... ਅੰਦਰੇ ਵੜਿਆ ਰਹਿੰਦਾ... ਵਿਆਹ ਕੀ ਹੋਇਆ , ਭੈਣ 'ਚੋਂ ... ਲੋਕਾਂ ਦੇ ਵਿਆਹ ਨ੍ਹੀਂ ਹੁੰਦੇ। ਕੰਮ ਛੱਡ ਕੇ ਬਹਿ ਜੀ ਦਾ ਕਿਤੇ... ਕਹਿੰਦਾ ਹੋਣਾ ਮੈਂ ਡੁਬਈ ਵਾਲਾ, ਮੈਂ ਕਿਉਂ ਮਿੱਟੀ 'ਚ ਮਿੱਟੀ ਹੋਵਾਂ... ਹੁਣ ਸਹੁਰੀ ਦਾ ਹੁੰਦਾ ਏਨਾ ਕੰਮ... ਵਾ ਗੁਰੂ ਵਾ ਗੁਰੂ ਕਰਨ ਦਾ ਟੈਮ ... ਭੈਣ ... ਕਤੀੜ ਚੱਜਦੀ ਹੋਵੇ, ਫੇ ਕਾਹਦਾ ਘਾਟਾ।"

ਸਾਰਾ ਜ਼ੋਰ ਲੱਗਾ ਵਿਆ ਸੀ ਉਹਦਾ। ਕਹੀ ਦਾ ਫਾਲ੍ਹਾ ਨਿਕਲ ਗਿਆ, ਉਹਨੂੰ ਠੱਕ ਠੱਕ ਕਰਨ ਲੱਗ ਪਿਆ, ਆਹ ਕਹੀ ਵੀ ਹੁਣ ਕੰਮ ਦੀ ਨਹੀਂ ਰਹੀ... ਡੰਗ ਟਪਾਉਦੀ ਮਾੜਾ ਮੋਟਾ ਸਿੱਟਣ ਨੂੰ ਵੀ ਜੀਅ ਨ੍ਹੀ ਕਰਦਾ... ਸਹੁਰੀ ਦਾ ਚੀਜ਼ਾ ਨਾਲ ਵੀ ਮੋਹ ਪੈ ਜਾਂਦਾ।"

ਕਹੀ ਵੱਲ ਵੇਖ ਕੇ ਤੋਤੇ ਦੇ ਭਾਪੇ ਨੂੰ ਆਪਦੇ ਮਾਂ ਬਾਪੂ ਚੇਤੇ ਆ ਗਏ। ਆੜ ਮੋੜ ਕੇ ਮੁੜਕੋ-ਮੁੜਕੀ ਉਹ ਹੋਇਆ ਆਵਦੀ ਦਾੜ੍ਹੀ 'ਤੇ ਹੱਥ ਫੇਰਦਾ ਮੇਰੇ ਵੱਲ ਤੁਰਿਆ ਆਵੇ। ਗੱਲਾਂ ਕਰਕੇ ਖੁਸ਼ ਹੋਈ ਜਾਵੇ। ਕਹਿਣ ਲੱਗਾ, "ਉਦੋਂ ਮੇਰੇ ਦਾੜੀ ਆਈ ਸੀ ਮਾੜੀ-ਮਾੜੀ ਜਦੋਂ ਭਾਈਆਂ ਇਹ ਕਹੀ ਸ਼ਹਿਰੋਂ ਲਿਆਇਆ ਸੀ, ਭਾਈਏ ਦੇ ਹੁੰਦਿਆਂ ਰਾਜ ਕਰੀਦਾ ਸੀ। ਫੇ ਮੁੜਕਾ ਪੂੰਝਣ ਲੱਗ ਪਿਆ, ਮਾਂ ਵੀ ਦੇਸੀ ਘਿਉ ਦੀ ਚੂਰੀ ਖਵਾਉਂਦੀ ਹੁੰਦੀ ਸੀ। ਝੁਰੜੀਆਂ ਵਾਲੇ ਮੂੰਹ 'ਤੇ ਹੱਥ ਫੇਰਦਾ ਹੱਸ ਪਿਆ, ਰੰਗ ਰੂਪ ਸੀ ਕਿਤੇ ਮੇਰਾ, ਦੇਖਿਆ ਈ ਆ ਤੂੰ, ਮੈਂ ਕਿਆ ਆਹੋ, ਕਿਹੜਾ ਭੁੱਲੀ ਆ।" ਪੁੱਤ ਦਾ ਰੰਗ ਰੂਪ ਉਹਤੋਂ ਝੱਲਿਆ ਨ੍ਹੀ ਸੀ ਜਾਂਦਾ। ਕਹਿੰਦੀ ਹੁੰਦੀ ਸੀ, ਮੇਰੇ ਸਾਹਮਣੇ ਨਾ ਆਇਆ ਕਰ ਨਜ਼ਰ ਲੱਗ ਜੂਗੀ ਮੇਰੀ... ਭਲਾ ਪ੍ਰਕਾਸ਼ ਕੋਰੇ ਮਾਂ ਦੀ ਨਜ਼ਰ ਲੱਗਣੀ ਹੋਈ... ਮਾਵਾਂ ਰੁੱਖਾਂ ਦੀਆਂ ਛਾਵਾਂ ਵਰਗੀਆਂ ਹੁੰਦੀਆਂ, ਠੰਡੀਆਂ-ਮਿੱਠੀਆਂ। ਮੂੰਹ 'ਚੋਂ ਕੱਢ ਕੇ ਵੀ ਦਿੰਦੀਆਂ ਨਿਆਣਿਆ ਨੂੰ... ਨਿਆਣੇ ਭਾਵੇਂ ਮਾਂ- ਬਾਪ ਨੂੰ ਪੁੱਛਣ ਭਾਵੇਂ ਨਾ।"

"ਖੜਾ ਗੱਲਾਂ ਕਰੀ ਜਵੇਂਗਾ ਹੁਣ... ਧੋ ਲਾ ਮੂੰਹ ਹੱਥ ... ਖਾ ਰੋਟੀ...।" ਮੈਨੂੰ ਲਗਦਾ ... ਰੋਟੀਆਂ ਠੰਡੀਆਂ ਹੋ ਜਾਣੀਆਂ... ਕੀ ਸਵਾਦ ਰਹਿਣਾ ਖਾਣ ਦਾ। ... ਤੋਤੇ ਦੇ ਭਾਪੇ ਦੇ ਮੱਥੇ ' 'ਤੇ ਕਿੰਨੀਆਂ ਤੀੜੀਆਂ ਪੈਂਦੀਆਂ । ਕਹਿੰਦਾ 'ਜੂਨ ਆ ਮੇਰੀ ਕੋਈ, ਬੁੱਢੇ ਵਾਰੇ ਹੱਡ ਤੜਾਉਣ ਡਿਆਂ ਵਾਂ... ਛੱਡ





ਕਿਸ਼ਨ ਸਿਆਂ, ਕੰਮ ਨ੍ਹੀਂ ਮੁੱਕਣਾ ਸਾਰੀ ਉਮਰ, ਬੰਦਾ ਮੁੱਕਜੂ, ਬੈਠ ਦੋ ਘੜੀਆਂ ਤੂਤ ਦੀ ਛਾਂਵੇਂ, ਖਾ ਬਹਿ ਕੇ ਪ੍ਰਕਾਸ਼ ਕੌਰ ਦੀਆਂ ਪੱਕੀਆਂ ਮੰਨੀਆਂ, ਰੁੱਖੀਆਂ-ਮਿੱਸੀਆਂ।

ਤੋਤੇ ਦਾ ਭਾਪਾ ਚਲ੍ਹੇ 'ਚ ਮੂੰਹ-ਹੱਥ ਧੋਣ ਲੱਗ ਪਿਆ। ਮੈਂ ਦੇਬੂ ਕੇ ਖੂਹ ਵੱਲ ਮੂੰਹ ਕਰਕੇ ਤੋਤੇ ਨੂੰ ਕਈ 'ਵਾਜ਼ਾ ਮਾਰੀਆਂ,

"ਵੇ ਪੁੱਤ, ਆ ਜਾ ਵੇ ਮੁੰਡਿਆ, ਤੱਤੀ ਲੋਅ ਵਗਦੀ ਆ, ਮੈਂ ਘਰੇ ਵੀ ਮੁੜਨਾ... ਵੇ ਤੇਰੀ ਭੈਣ ਨੇ... ।" ਮੈਨੂੰ ਚੇਤੇ ਆ ਗਿਆ। ਅੱਜ ਕੁਲਵੀਰੋ ਨੇ ਵੀ ਆਉਂਣਾ, ਮੇਰੀ ਧੀ ਨੇ। ਖਵਰੇ ਆਗੀ ਹੋਵੇ ਘਰੇ... ਕੇਹਨੇ ਪੁੱਛਣਾ ਉਹਨੂੰ ਪਾਣੀ ਧਾਣੀ । ਮਾੜੇ ਲਾਣੇ ਦੀਆਂ ਜਦੋਂ ਆ ਜਾਂਦੀਆਂ। ਕੁਲਦੀਪ ਦੀ ਬਹੂ, ਆਵਦੀ ਨੂੰਹ ਨੂੰ ਜਾਣਦੀ ਆ ਮੈਂ ਚੰਗੀ ਤਰ੍ਹਾਂ, ਜੀ ਕੀਤਾ ਪਾਣੀ ਪੁੱਛੂ, ਜੀ ਕੀਤਾ ਅੰਦਰੋਂ ਨ੍ਹੀਂ ਨਿਕਲਣਾ।"

"ਕੁੜੀ ਨੂੰ ਮੈਂ ਘਰੇ ਨਾ ਦਿਸੀ, ਬੁਸ-ਬੁਸ ਕਰੂ। ਜਿੰਨੀ ਸਾਊ ਸੀ ਮੇਰੀ ਧੀ, ਖਲਣਾ ਉਹਨੂੰ ਮਾੜਾ ਟੱਕਰਿਆ...। ਬੈਠੀ-ਬੈਠੀ ਤੋਤੇ ਦਾ ਰਾਹ ਦੇਖਾਂ, ਸੋਚੀ ਜਾਵਾਂ... ਘੜੀ ਘੜੀ ਮੱਥੇ 'ਤੇ ਮੱਖੀ ਬੈਠੀ ਜਾਵੇ, ਮੈਂ ਖਿੱਚ ਕੇ ਹੱਥ ਮਾਰਿਆ, ਮੱਖੀ ਉੱਡਗੀ, ਆਪੀਂ ਆਵਾਦਾ ਮੱਥਾ ਭੰਨ ਲਿਆ, ਅੱਖਾਂ ਮੋਹਰੇ ਕੁਲਬੀਰੋ ਆਈ ਜਾਵੇ, ਚੁੰਨੀ ਜ੍ਹੀ ਉਹਦੀ ਗੱਲ ਵੀ ... ਸੱਸ ਨੇ ਵੀ ਉਹਦੀ ਜਾਨ ਖਾਧੀ ਹੋਈ... ਵੱਡੀ ਜਠਾਣੀ ਪਹਿਲਾਂ ਪੈਰ ਨ੍ਹੀਂ ਸੀ ਲੱਗਣ ਦਿੰਦੀ... ਪ੍ਰਾਹੁਣਾ ਤਾਂ ਨੀ ਚੱਜ ਦਾ... ਰੋਜ਼ ਪੀ ਕੇ ਕੰਜਰਖਾਨਾ ਪਾਈ ਰੱਖਦਾ, ਕੁੜੀ ਮੇਰੀ ਸੁੱਕ ਕੇ ਤੀਲਾ ਹੋਗੀ... ਸੋਹਣੀ ਸੀ ਕਿਤੇ, ਹੱਥ ਲਾਇਆ ਮੈਲੀ ਹੁੰਦੀ ਸੀ, ਖਵਰੇ ਕਿਹੜੇ ਭੜਵੇ ਨੇ ਬਣਾ 'ਤੀ ਇਹ... ਜੀਹਦੇ ਮੂੰਹ ਨੂੰ ਲੱਗ ਜਾਂਦੀ ਲਹਿਣ ਦਾ ਨਾਂ ਨੀ ਲੈਂਦੀ... ਜਵਾਕ ਤਾਂ ਵਿਲੂੰ ਵਿਲੂੰ ਕਰਨਗੇ ... ਧੀਆਂ ਦਾ ਦੁੱਖ ਕਿਤੇ ਦੇਖਿਆ ਜਾਦਾ ਮਾਪਿਆ ਤੋਂ...।

ਕਿੰਨਾ ਚਿਰ ਦੇਖਾਂਗੇ ਅਸੀਂ ਕੁੜੀ ਦਾ... ਝੱਟ ਦਾ ਵਸਾਅ ਨ੍ਹੀਂ ... ਰੱਬ ਧੀਆਂ ਨੂੰ ਘਰੇ ਭਾਗ ਲਾਵੇ... ਚੰਦਰਾ ਨਾ ਪੀਵੇ... ਖਰੇ ਸੋਨੇ ਵਰਗਾ। ਸੋਫੀ ਦੇ ਮੂੰਹ 'ਚ ਜ਼ਬਾਨ ਨ੍ਹੀਂ ਹੁੰਦੀ। ਪੀ ਕੇ ਸਭ ਦੀ ਧੀ-ਭੈਣ ਇੱਕ ਕਰ ਛੱਡਦਾ। ਹੋਈ ਆਵਦੀ ਵੀ ਜਵਾਨ...। ਮੈਨੂੰ ਆਵਦੇ 'ਤੇ ਗੁੱਸਾ ਬੜਾ ਆਇਆ, ਦੁਰ-ਫਿੱਟੇ ਮੂੰਹ ਮੇਰੇ... ਦੋਹਤੀ ਆ ਮੇਰੀ ... ਭੈੜਾ ਖਿਆਲ ਕਿੱਦਾਂ ਆ ਗਿਆ ਮੈਨੂੰ ਉਹਦਾ... ਆਇਆ ਖੜਾ ਉਹਦਾ ਟੈਮ ਵੀ... ਹੱਥ ਪੀਲੇ ਕਰਨਾ ਦਾ... ਕੁੜੀਆਂ ਵੱਧਦੀਆਂ ਨੂੰ ਕਿਹੜਾ ਚਿਰ ਲਗਦਾ ਕੌੜੀ ਵੇਲ ਆਂਗੂ ਵਧਦੀਆਂ।

'ਕੁੜੀ ਦਾ ਨਾਂ ਲੈ ਕੇ ਮੇਰੇ ਢਿੱਡ ਨੂੰ ਕੁਸ਼ ਹੋਣ ਲੱਗ ਪਿਆ... ਇਹ ਕਿਸੇ ਨੂੰ ਦੁੱਖ ਥੋੜ੍ਹੇ ਦਿੰਦੀਆਂ... ਗਲੰਮ ਵੀ ਮੁੰਡਿਆਂ ਤੋਂ ਵੱਧ ਕਰਦੀਆਂ, ਭਾਗਾਂ ਆਲੀਆਂ ਹੋਣ... ਫੇ ਕੋਈ ਦੁੱਖ ਨੀ...।'

"ਪ੍ਰਾਹਣਾ ਈ ਆ ਨਾ, ਆਪੇ ਸੁਧਰ ਜੂਗਾ।"

"ਵਾ ਦਾ ਬੁੱਲਾ ਆਇਆ, ਮੈਂ ਦੇਖਿਆ, ਚੜ੍ਹਦੀ ਵੱਲੋਂ ਗੈਰ ਜ੍ਹੀ ਚੜ੍ਹੀ ਵੀ ਸੀ। ਮੈਂ ਤੋਤੇ ਦੇ ਭਾਪੇ ਵੱਲ ਵੇਖਿਆ, 'ਜ਼ਿੱਲਾ ਇਹ ਵੀ।' ਮੈਨੂੰ ਹਾਸਾ ਆ ਗਿਆ, ਮੈਂ ਕਿਆ, "ਕੁਲਬੀਰ ਦੇ ਭਾਪਾ, ਤੂੰ ਵੀ ਮਿੱਚ-ਮਿੱਚ ਕਰੇਗਾ, ਰੋਟੀ ਖਾਣ ਤੋਂ ਪਹਿਲਾਂ, ਏਦਾਂ ਨੂੰ ਪਈ, ਛੇਤੀ ਕਰ ਲਵਾਂ... ਆ ਜਾ ਹੁਣ... ਲੱਗੀ ਮਾੜੀ ਜੀ ਵਾਅ ਵਗਣ, ਖਾਲਾ ਬੁਰਕੀ...।"

"ਆ ਗਿਆ- ਆ ਗਿਆ ਤੂੰ ਕਾਹਲੀ ਨਾ ਪਓ।"

ਕਹਿੰਦੇ ਉਹਨੇ ਧੋਤੇ ਹੋਏ ਹੱਥ-ਮੂੰਹ ਪਰਨੇ ਨਾਲ ਪੂੰਝ ਕੇ ਪਰਨਾ 'ਕੱਠਾ ਕਰਕੇ ਮੋਢੇ 'ਤੇ ਸਿੱਟ ਲਿਆ। ਆਵਦੇ ਹੱਥ ਰਗੜੀ ਜਾਵੇ, ਕਹਿੰਦਾ, ਹੱਥ ਵੀ ਸਾਲੇ ਸੁੱਕੀ ਲੱਕੜ ਵਾਂਗੂੰ ਹੋਏ ਪਏ ਆ... ਫੇ ਮੈਨੂੰ ਪਰਨਾ ਦਿਖਾਉਣ ਲੱਗਾ... ਪਰਨਾ ਨਵਾਂ ਲੈ ਆਈਂ... ਆਹ ਘਸ ਗਿਆ ਝੱਟ...।'

ਮੇਰੇ ਮੂੰਹੋਂ ਸਹਿਜ ਭਾਅ ਨਿਕਲ ਗਿਆ, ਤੈਨੂੰ ਪਰਨੇ ਦੀ ਪਈ ਆ, ਆਪਣੇ ਤਾਂ ਹੱਡ ਵੀ ਘਸ ਗਏ।"

"ਘਸ ਗਏ ਤਾਂ ਘਸੇ ਰਹਿਣ, ਤੂੰ ਕਿਹੜਾ ਹੱਡਾਂ ਦੀ ਧਾਰ ਕੱਢਣੀ ਆ।"

ਤਪਿਆ ਪਿਆ ਸੀ। ਮੈਂ ਕਿਆ... ਫੋਟ ... ਇਹ ਕੀ ਕਹਿੰਨਾ। ਉਹ ਵੱਟ 'ਤੇ ਤੁਰੇ ਆਉਂਦੇ ਤੋਤੇ ਨੂੰ ਦੇਖ ਕੇ ਬੋਲਿਆ,

"ਆ ਗਿਆ, ਮਾਂ ਦਾ ਸ਼ਿੰਦਾ ਪੁੱਤ... ਹੀਂ ਹੀਂ ਕਰਦਾ ਵੱਟਾਂ ਮਿੱਧਦਾ।"

ਮੇਰੇ ਜੀਅ ਨੂੰ ਅੱਗੇ ਕੁਛ ਹੋਈ ਜਾਂਦਾ ਸੀ। ਸਵੇਰੇ ਦਾ ਭੁੱਖਾ ਮੇਰਾ ਪੁੱਤ। ਮੈਂ ਉਹਨੂੰ ਛੇਤੀ ਛੇਤੀ ਪੈਰ ਪੱਟਣ ਲਈ ਹੱਥ ਮਾਰਿਆ, ਆ ਜਾ ਆ ਜਾ ਦੌੜ ਕੇ ਮੇਰਾ ਪੁੱਤ... ਧੋ ਲਾ ਹੱਥ-ਮੂੰਹ, ਟੈਮ ਨਾ ਰੋਟੀ ਖਾਇਆ ਕਰ।" ਮੈਂ ਲੱਕੜ ਦਾ ਮੁੱਢ ਨੇੜੇ ਕਰ ਲਿਆ, "ਆ ਜਾ ਐਥੇ ਮੇਰੇ ਕੋ....।"

ਤੋਤੇ ਨੇ ਦਬਾ ਸਟ ਮੂੰਹ-ਹੱਥ ਪਾਣੀ ਨਾਲ ਘਚੱਲ੍ਹਿਆ। ਮਾੜਾ ਮਾੜਾ ਗੰਦਾ ਪਾਣੀ ਉਹਦੇ ਹੱਥਾਂ 'ਚ ਚੋਂਦਾ ਸੀ... ਉਹਨੇ ਉਦਾਂ ਵੀ ਦੋਵੇਂ ਹੱਥ ਕੁੜਤੇ ਦੇ ਦੋਹੀਂ ਪਾਸੀ ਪੂੰਝ ਲਏ। ਮੇਰੇ ਕੋਲ ਮੁੱਢ 'ਤੇ ਬਹਿ ਕੇ ਰੋਟੀ ਖਾਣ ਲੱਗ ਪਿਆ। ਭਾਪਾ ਉਹਦਾ ਰੋਟੀ ਖਾ ਕੇ ਭਿੰਡੀਆਂ ਤੋੜਨ ਜਾ ਲੱਗਾ। ਮੈਂ ਤੋਤੇ ਦੀ ਕੰਡ 'ਤੇ ਹੱਥ ਫੇਰਿਆ , ਪੁੱਤ ਆਵਦੇ ਭਾਪੇ ਨਾ ਕੰਮ ਕਰਾਇਆ ਕਰ... ਸਿਆਣਾ ਸਰੀਰ ... ਉਹ ਤੋਂ ਏਨਾਂ ਕੰਮ ਨ੍ਹੀਂ ਹੁੰਦਾ ਹੁਣ... ਤੂੰ ਵੀ ਟੈਮ ਨਾ ਰੱਜ ਕੇ ਰੋਟੀ ਖਾਇਆ ਕਰ...।"

ਤੋਤਾ ਰੋਟੀ ਖਾਂਦਾ ਵੜਾਛਾਂ ਖੜਾਵੀ ਜਾਵੇ, ਅੱਖਾਂ 'ਚ ਵੀ ਉਹਦੇ ਵਾਹਵਾ ਲਿਸ਼ਕ ਸੀ, ਮੇਰੇ ਚਿਤ ਨੂੰ ਖੜਕੀ। ਮੈਂ ਹੌਲੀ ਜੇ ਉਹਨੂੰ ਪੁੱਛਿਆ,

"ਪੁੱਤ ਦੇਬੂ ਹੋਣੀਂ ਕੀ ਕਹਿੰਦੇ ਸੀ ਤੈਨੂੰ।" ਉਹ ਖੁੱਲ੍ਹ ਕੇ ਹੱਸ ਪਿਆ। ਉਹਦੇ ਸਾਰੇ ਦੰਦਾਂ 'ਚ ਕਰੇੜਾ ਜੰਮਿਆ ਵਿਆ... ਮੈਂ ਕਿਆ ਹੈਂ, 'ਹੱਸੀ ਕਾਹਨੂੰ ਜਾਨਾ...? ਮੈਂ ਉਹਨੂੰ ਨਰਮੀ ਨਾ ਝਿੜਕਿਆ,

"ਜਾਇਆ ਨਾ ਕਰ ਉਹਨਾਂ ਦੇ ਬਹੁਤਾ, ਦੇਬੂ ਦੀ ਤੀਵੀ ਨ੍ਹੀਂ ਚੰਗੀ। ਮਿਹਣੇ ਦੇਊ ਮੈਨੂੰ... ਅਸੀਂ ਵਿਹਲੇ ਆਂ ਐਵੇਂ ਤੁਰੇ ਫਿਰੀਏ, ਕੰਮ ਨਾ ਮਤਲਬ ਰੱਖੀਦਾ... ਸਮਝ ਗਿਆ ਮੇਰੀ ਗੱਲ... ਕੰਮ ਦਾ ਕੋਈ ਮਿਹਣਾ ਨ੍ਹੀਂ ... ਹੱਲਾ। ਅੱਜ ਤੇਰੀ...।"

ਮੇਰੇ ਚਿਤ 'ਚ ਫੇ ਕੁਲਬੀਰੋ ਦਾ ਖਿਆਲ ਆ ਗਿਆ। ਅੱਜ ਤੇਰੀ ਭੈਣ ਨੇ ਆਉਣਾ... ਚੱਲੀ ਤੂੰ ਵੀ ਘਰੇ... ਤੇਲ-ਤੂਲ ਝੱਸ ਕੇ ਬੋਦਾ ਸਵਾਰੂੰ ਤੇਰਾ... ਸੁਰਤ ਆਊ ਤੈਨੂੰ... ਉਹਦੇ ਲੀੜੇ ਵੀ ਮੈਨੂੰ ਬਹੁਤ ਗੰਦੇ ਲੱਗੇ, "ਲੀੜੇ ਦੇਖ ਆਵਦੇ, ਚੈੱਕ ਵਰਗੇ ਹੋਏ ਵੇ ਆ... ਛੇਤੀ ਕਰ... ਰੋਟੀ ਖਾ ਕੇ ਪਸ਼ੂਆਂ ਨੂੰ ਪਾਣੀ ਡਾਹ ਦੇ, ਛਾਵੇਂ ਕਰ ਬੇਜ਼ਬਾਨਿਆਂ ਨੂੰ।"

ਮੈਂ ਦੇਖਿਆ ਨਿੱਕਾ ਕੱਟੜੂ ਧੁੱਪ ਕਰਕੇ ਹਉਂਕੀ ਜਾਵੇ, ਮੈਂ ਕਿਆ ਪੁੱਤ, "ਦੇਖ... ਪਹਿਲਣ ਝੋਟੀ ਦਾ ਕੱਟੜੂ ... ਵਿਤਲਿਆ ਪਿਆ... ਏਦਾਂ ਨਾ ਕਰਿਆ ਕਰ...।'

ਮੈਨੂੰ ਲੱਗਾ ਤੋਤੇ ਨੇ ਮੇਰੀਆਂ ਗੱਲਾਂ ਵੱਲ ਕੋਈ ਧਿਆਨ ਨ੍ਹੀਂ ਦਿੱਤਾ... ਰੋਟੀ ਖਾ ਹਟਿਆ ਤਾਂ ਮੈਂ ਉਹਨੂੰ ਪੋਣੇ 'ਚ ਲਪੇਟਿਆ ਲੱਡੂ ਕੱਢ ਕੇ ਦੇ ਤਾ। ਲੱਡੂ ਖਾਂਦਾ ਫੇ ਮੁਸ਼ਕੜੀਆਂ 'ਚ ਹੱਸਣ ਲੱਗਾ। ਮੈਂ ਸੋਚਿਆ ਏਹਨੂੰ ਮਿੱਠੀ ਚੀਜ਼ ਪਸੰਦ ਆ, ਨਿੱਕਾ ਹੁੰਦਾ ਵੀ ਏਦਾ ਮਿੱਠੀ ਚੀਜ ਵੱਲ ਵੇਖ ਕੇ ਹੱਸਦਾ ਹੁੰਦਾ ਸੀ, ਮੈਂ ਫੇ ਉਹਨੂੰ ਥਾਪੀ ਦਿੱਤੀ,

"ਉਠ ਮੇਰਾ ਪੁੱਤ... ਨਬੇੜ ਲਾ ਕੰਮ... ਮੈਂ ਪਾਥੀਆਂ ਪੱਥ ਲਵਾਂ।"

ਬੀਬੀ ... ਭੈਣ ... ਘਰ... ਅਜ।"

ਤੋਤਾ ਮੈਨੂੰ ਕੁਲਵੀਰੋ ਦਾ ਪੁੱਛਣ ਲੱਗ ਪਿਆ, ਮੈਂ ਕਿਆ, 'ਆਹੋ , ਆਉਣਾ ਅੱਜ ਉਹਨੇ, ਤੂੰ ਕਮਲਾ ਨਾ ਬਣ... ਛੇਤੀ ਕਰ, ਮੱਝਾਂ ਧੁੱਪੇ ਸੰਗਲ ਤੜਾਉਣ ਡਹੀਆਂ... ਕਰਦੇ ਛਾਂਵੇ... ਮੇਰਾ ਸ਼ਿੰਦਾ।'

"ਆਪਣੇ ਵੱਲੋਂ ਮੈਂ ਉਹਨੂੰ ਦਿਲਬਰੀਆਂ ਦਈ ਜਾਵਾਂ। ਦਿਲ 'ਚ ਮੇਰੇ ਚੀਸ ਪਈ ਜਾਵੇ ਤੋਤੇ ਨੂੰ ਦੇਖ ਕੇ, 'ਰੱਬਾ ਕਿਹੜੇ ਪਾਪਾਂ ਦੀ ਸਜ਼ਾ ਦਿੱਤੀ ਤੂੰ ਮੇਰੇ ਪੁੱਤ ਨੂੰ... ਤੇਰਾ ਕੀ ਜਾਂਦਾ, ਜੇ ਤੂੰ ਏਹਨੂੰ ਜ਼ੁਬਾਨ ਦੇ ਦਿੰਦਾ... ਸਾਰੇ ਕੰਮ ਕਰਦਾ, ਹਰ ਗੱਲ ਸਮਝਦਾ... ਇੱਕ ਬੋਲ ਨੀ ਸਕਦਾ ਚੰਗੀ ਤਰ੍ਹਾਂ... ਮੈਂ ਮਾਂ ਵਾਂ





ਏਹਦੀ... ਸਮਝ ਜਾਂਦੀ ਆ... ਨਾ ਬੋਲੇ ਤਾਂ ਵੀ... ਪਰ ਜੋ ਮੈਨੂੰ ਕਹਿੰਦਾ, 'ਮੈਂ ਏਦਾ ਈ... ਭਾਬੀ ਨ੍ਹੀਂ ਮੈਂ... ਇੱਕ ਕਾਕਾ... ਇੱਕ ਗੁੱਡੀ। ਭਾਊ- ਭਾਬੀ ਘਰੇ... ਕੋਠਾ .. ਪੱਖਾ ... ਮੈਂ ਖੂਹ ... ਕੋਠਾ ਹੈਨੀ ਪੱਖਾ ਹੈਨੀ।"

ਉਹਦੀ ਗੱਲ ਸੁਣ ਕੇ ਮੈਂ ਤੱਤੀ ਬਾਹਲੀ ਦੁੱਖੀ ਹੋਈ। ਮੇਰੇ ਮਨ 'ਚ ਆਈ, 'ਤੋਤਿਆ ਜੇ ਤੇਰੇ ਨਸੀਬ ਚੰਗੇ ਹੁੰਦੇ, ਤੋਤੇ ਨਾ ਏਦਾਂ ਨਾ ਹੁੰਦੀ ... ਰੱਬ ਤੇਰਾ ਕੁਸ਼ ਸੋਚਦਾ। ਮੇਰਾ ਮਨ ਭਰ ਗਿਆ। ਮੈਂ ਉਹਲੇ ਦੇਬੂ ਕਿਆ ਨੂੰ ਚੰਗੀਆਂ ਗਾਲ੍ਹਾਂ ਕੱਢੀਆਂ,

"ਔਂਤ ਜਾਣੀ ਦਿਉ... ਤਵਾਡਾ ... ਕੱਖ ਨਾ ਰਵੇ, ਜਾਉਂ ਜਹਾਨੋਂ ਖਾਲੀ... ਮੇਰੇ ਪੁੱਤ ਨੂੰ ਉਂਗਲਾਂ ਦੇ ਦੇ ਕੇ ਵਗਾੜ 'ਤਾ ਏਹਨੂੰ ... ਚੰਗਾ ਭਲਾ ਚੁੰਹ ਜਣਿਆ ਜਿੰਨਾ ਕੰਮ ਖਿੱਚੀ ਫਿਰਦਾ ਸੀ... ਕਿਹੜੀ ਬਿੱਲੀ ਛਿੱਕਗੀ ਹੁਣ ਏਹਨੂੰ ... ਕੰਮ ਨੂੰ ਹੱਥ ਲਾ ਕੇ ਵੀ ਨੀ ਰਾਜ਼ੀ ।" ਮੇਰਾ ਰੋਣਾ ਨਿਕਲਣ ਨੂੰ ਕਰੇ। ਸੰਭਲੀ ਮਸਾਂ ਮੈਂ। ਭਰੀ-ਪੀਤੀ ਮੈਂ ਪਾਥੀਆਂ ਪੱਥਣ ਲੱਗ ਪੀ। ਤੋਤਾ ਖਿੱਝੂ ਖਿੱਝੂ ਕਰਦਾ ਡੰਗਰਾਂ ਨੂੰ ਪਾਣੀ ਪਿਆ ਕੇ ਛਾਵੇਂ ਕਰਨ ਡੈਅ ਪਿਆ। ਉਹਦੇ ਭਾਪੇ ਨੇ ਭਿੰਡੀਆਂ ਤੋੜ ਕੇ ਟੋਕਰੀ 'ਚ ਰੱਖਤੀਆਂ। ਤੋਤੇ ਨੇ ਇੱਕ ਝੋਟੀ ਨੂੰ ਨਾ ਪਾਣੀ ਪਿਆਇਆ ਨਾ ਛਾਵੇਂ ਕੀਤੀ। ਮੰਜੇ ਤੇ ਜਾ ਕੇ ਲੱਤ ਤੇ ਲੱਤ ਰੱਖ ਕੇ ਲੰਮਾ ਪੈ ਗਿਆ। ਉਹਨੂੰ ਲੰਮਾ ਪਿਆ ਦੇਖ ਕੇ ਉਹਦਾ ਭਾਪਾ ਉਹਨੂੰ ਹੂਰਾ ਲੈ ਕੇ ਪਿਆ, ਦੇਖ ਕੇ ਮੇਰੀਆਂ ਆਂਦਰਾ ਖਿੱਚੀਆਂ ਗਈਆਂ। ਉਹ ਤੋਤੇ ਨੂੰ ਦਬਕਣ ਲੱਗਾ।

ਮਦਰ 'ਚੋਂ ... ਝੋਟੀ ਮੇਰੀ ਮਾਂ ਨੇ... ਉੱਠ ਮਾਂ ਦਿਆਂ ਖਸਮਾਂ।"

ਮੈਂ ਗੋਹੇ ਨਾਲ ਲਿਬੜੇ ਹੱਥ ਲੈ ਕੇ ਮੋਹਰੇ ਹੋਗੀ, ਕਿਤੇ ਮੁੰਡੇ ਦੇ ਜੜ੍ਹ ਨਾ ਦੇਵੇ, ਮੈਂ ਔਖੀ ਬੋਲੀ, ਨਾ ਏਹਨੂੰ ਨਾ ਕੁਸ਼ ਕਹਿ... ਇਹ ਅੱਗੇ ਰੱਬ ਦਾ ਧੱਕਿਆ... ਸਮਝਾਦੂਗੀ ਮੈਂ ਘਰੇ ਲੈ ਜਾ ਕੇ... ਵੱਡੇ ਨੂੰ ਕਹੂੰ... ਕੰਮ ਕਰਾਊ ਤੇਰੇ ਨਾ ਆ ਕੇ... ਰੰਨ ਦੇ ਸਰ੍ਹਾਣੇ ਬੈਠਾ ਰਹਿੰਦਾ। ਚੰਦਰਾਂ ਖੂਹ 'ਤੇ ਆ ਕੇ ਹੱਥ ਪੱਲਾ ਮਾਰੇ... ਫ਼ਸਲ ਦੇਖੇ ਆਵਦੀ...।"

ਮੈਂ ਤੋਤੇ ਕੋਲ ਮੰਜੇ 'ਤੇ ਬਹਿ 'ਗੀ। ਉਹਦਾ ਭਾਪਾ ਫ਼ੰਕਾਰੇ ਮਾਰੀ ਜਾਵੇ,

"ਤੂੰ ਥੱਕ-ਹਾਰ ਕੇ ਸਾਰਾ ਗੁੱਸਾ ਏਹਤੇ ਨਾ ਕੱਢਿਆ ਕਰ। ਰਮਾਨ ਕਰਲਾ ਦੋ ਘੜੀਆਂ ਤੂੰ ਵੀ।" ਮੈਂ ਤੋਤੇ ਨੂੰ ਕਿਆ।" ' ਉੱਠ ਪੁੱਤ, ਮੰਜਾ ਖ਼ਾਲੀ ਕਰਦੇ, ਤੇਰਾ ਭਾਪਾ ਲੱਕ ਸਿੱਧਾ ਕਰ ਲਵੇ। ਥੱਕਿਆ ਹੋਇਆ, ਇਹ।" ਉਹ ਉੱਠ ਕੇ ਖੜੋ ਗਿਆ। ਪਹੇ ਵੱਲ ਵੇਖ ਕੇ ਕਹਿੰਦਾ,

"ਬੀਬੀ ... ਔਹ ਭੈਣ।"

ਮੈਂ ਅੱਖਾਂ ਟੱਡ ਕੇ ਪਿੰਡੋਂ ਆਉਂਦੇ ਰਾਹ ਵੱਲ ਦੇਖਣ ਲੱਗੀ। ਕੁੜੀ ਸੜਦੀ ਧੁੱਪੇ ਤੁਰੀ ਆਵੇ 'ਕੱਲੀ। ਮੇਰਾ ਕਾਲਜਾ ਲੂਹ ਹੋ ਗਿਆ, ਮੇਰਾ ਮੱਥਾ ਪਹਿਲਾਂ ਠਣਕਦਾ ਸੀ, ਉਹਨੇ ਨ੍ਹੀਂ ਪੁੱਛਣਾ ਕੁੜੀ ਆਈ ਨੂੰ, ਕੁਲਬੀਰੋ ਆਉਂਦੀ ਮੇਰੀ ਛਾਤੀ ਨਾ ਲੱਗ 'ਗੀ। ਮੈਂ ਸਾਰੇ ਨਿੱਕੇ ਨਿਆਣਿਆਂ ਦੀ ਰਾਜੀ-ਬਾਜੀ ਪੁੱਛੀ। ਉਹਦਾ ਭਾਪਾ ਵੀ ਉੱਠ ਕੇ ਬਹਿ ਗਿਆ। ਉਹ ਆਵਦੇ ਭਾਪੇ ਦੇ ਮੋਢੇ ਲੱਗ ਕੇ ਡੁਸਕਣ ਲੱਗ ਪੀ। ਏਹਦੀਆਂ ਅੱਖਾਂ 'ਚ ਵੀ ਪਾਣੀ ਆ ਗਿਆ। ਏਹਨੇ ਕੁਲਬੀਰੋ ਨੂੰ ਪਿਆਰ ਦਿੱਤਾ, ਖੜ੍ਹਾ ਤੋਤਾ ਸਾਰਿਆ ਦਾ ਮੂੰਹ ਦੇਖੀ ਜਾਵੇ। ਕੁਲਬੀਰੋ ਦਾ ਚਿਤ ਹੌਲਾ ਹੋਇਆ। ਉਹ ਤੋਤੇ ਨੂੰ ਮਿਲੀ 'ਕਿੱਦਾਂ ਵੀਰ।" ਤੋਤਾ 'ਹੂੰ' ਕਹਿ ਕੇ ਚੁੱਪ ਕਰ ਲਿਆ। ਕੁਲਬੀਰੋ ਆਪਣੇ ਭਾਪੇ ਕੋਲ ਮੰਜੇ 'ਤੇ ਬਹਿਗੀ।

"ਕਿੱਦਾਂ ਪ੍ਰਾਹੁਣਾ... ਘਟਿਆ ਕੁਸ਼?" ਉਹਦੇ ਭਾਪੇ ਨੇ ਪੁੱਛਿਆ।

ਕਹਿੰਦੀ, "ਨਾ ਭਾਪਾ, ਉਹਨੇ ਕੀ ਘਟਣਾ... ਕੱਲ੍ਹ ਰੱਜ ਕੇ ਆਇਆ, ਮੈਂ ਕਿਹਾ , ਏਨੀ ਨਾ ਪੀਆ ਕਰ... ਸੇਰੂ ਚੁੱਕ ਕੇ ਮੇਰੇ ਮਾਰਿਆ... ਹਜੇ ਕੱਲ੍ਹ ਤੱਕ ਮੇਰੇ ਮੋਢਿਆ 'ਚ ਚੀਸਾਂ ਪੈਂਦੀ।"

ਕਹਿੰਦੇ ਉਹ ਫੇ ਰੋਣ ਲੱਗ ਪੀ। ਉਹਦੇ ਭਾਪੇ ਨੇ ਉਹਨੂੰ ਚੁੱਪ ਕਰਾਇਆ, "ਮੈਂ ਚੱਲੂ ਤੇਰੇ ਨਾਲ, ਕਰਦੇ ਆ ਕੰਜਰ ਨੂੰ ਰੁਕ ... ਮੈਂ ਤਾਂ ਕਿਆ ਸੀ... ਕੀ ਕਹਿਣਾ, ਰਿਸ਼ਤਾ ਉਹੋ ਜਿਹਾ, ਆਪੇ ਸਿੱਧਾ ਹੋਜੂ...

ਵਿਗੜਿਆ ਤਿਗੜਿਆ ਦਾ ਪੀਰ ਡੰਡਾ।" ਕੁਲਬੀਰੋ ਦੇ ਭਾਪੇ ਨੇ ਲੱਕੜ ਦਾ ਟੋਟਾ ਏਦਾਂ ਚੁੱਕਿਆ ਜਾਣੀ ਦੀ ਹੁਣੇ ਪ੍ਰਾਹੁਣੇ ਦੇ ਮਾਰ ਕੇ ਉਹਨੂੰ ਸਿੱਧਾ ਕਰਦੂ। ਕੁੜੀ ਕਹਿਣ ਲੱਗੀ,

"ਭਾਪਾ ਤੂੰ ਨਾ ਕਹੀਂ ਕੁਛ ਉਹਨੂੰ, ਨਿਆਣੇ-ਸਿਆਣੇ ਹੋ ਗਏ... ਚੰਗਾ ਨੀ ਲਗਦਾ... ਮੈਂ ਕਿਹੜਾ ਹੁਣ... ਉਥੇ ਕੱਟਣੀ ਆ ਸਾਰੀ ਉਮਰ।" ਕਹਿੰਦੀ... ਉਦਾਂ ਤਾਂ ਘੱਟ ਪੀਂਦਾ ਹੁਣ, ਉਦਣ ਪਤਾ ਨੀ ਕਿਹੜੀ ਗੱਲ ਦਾ ਕਹਿਰ ਚੱੜ੍ਹਿਆ ਸੀ, ਸਵੇਰੇ ਉੱਠ ਕੇ ਨਮੋਸ਼ੀ ਜ੍ਹੀ ਮੰਨਣ ਲੱਗ ਪਿਆ, ਕਹਿੰਦਾ ਮੇਰੇ ਡਮਾਕ ਨੂੰ ਪਤਾ ਨੀ ਕੀ ਹੋ ਜਾਂਦਾ... ਹੋਰ ਈ ਤਰ੍ਹਾਂ ਮੂੰਹ ਕਰੇ ਫੇਰ... ਮੇਰੀ ਦਵਾ ਈ ਆਪੇ ਲੈ ਕੇ ਆਇਆ ਡਾਕਟਰ ਦਿਉਂ।"

ਕੁੜੀ ਨੂੰ ਮੈਂ ਪੁੱਛਿਆ, "ਪੁੱਤ ਚਾਹ ਪਾਣੀ ਪੀਤਾ ਘਰੋਂ?' ਕਹਿੰਦੀ, 'ਕਿੱਥੇ, ਅੰਦਰੋਂ ਨੀ ਨਿਕਲੀ, ਪਹਿਲਾਂ ਵੀਰ ਦੀ 'ਵਾਜ਼ ਆਈ, ਜਦੋਂ ਮੈਂ ਬੋਲੀ, ਉਹ ਵੀ ਚੁੱਪ ਕਰ ਗਿਆ। ਮੈਂ ਅੰਦਰ ਬਾਰ੍ਹ ਦੇਖਿਆ... ਮੈਂ ਕਿਆ, ਬੀਬੀ ਖੂਹ 'ਤੇ ਹੋਣੀ... ਮੈਂ ਨਲਕੇ ਤੋਂ ਦੋ ਘੁੱਟਾਂ ਪਾਣੀ ਪੀਤਾ ਤੇ ਆ ਗਈ।"

'ਔਂਤਰਿਆ ਦੀ... ਜਣਦੇ ਜਦੋਂ ਆਉਂਦੇ ... ਠੰਡਾ ਤੱਤਾ ਲੈ ਕੇ ਭੱਜੀ ਫਿਰੂ।'

ਕੁਲਬੀਰੋ ਦੇ ਭਾਪੇ ਨੇ ਵੱਡਾ ਸਾਰਾ ਹੌਂਕਾ ਭਰਿਆ, 'ਹਜੇ ਅਸੀਂ ਜੀਨੇ ਆ... ਕੰਜ਼ਰ ਦੇ ਹੁਣੇ ਏਦਾਂ ਕਰਨ ਡੈਅ ਪਏ... ਜਦੋਂ ਮਰ ਗਏ ਅਸੀਂ... ਕੀ ਕਰਨਗੇ ਇਹ ! ਸਹੁਰੀ ਦਿਓ ਘਰ ਆਏ ਦੁਸ਼ਮਣ ਵੀ ਲੋਕ ਬਠਾ ਕੇ ਪਾਣੀ-ਧਾਣੀ ਪੁੱਛ ਲੈਂਦੇ, ਇਹ ਤਾਂ ਘਰ ਦੀ ਧੀ ਆ... ਭੈਣ ਤਵੱਡੀ... ਪਾਣੀ ਖੁਣੋਂ ਵੀ ਗਏ ਗੁਜਰੇ।'

ਤੋਤੇ ਦੇ ਭਾਪੇ ਦੀਆਂ ਲਾਲ ਸੂਹੀਆਂ ਅੱਖਾਂ ਦੇਖ ਕੇ ਮੈਂ ਡਰ ਗੀ। ਕੁੜੀ ਨੂੰ ਮੈਂ ਚੁੱਪ ਰਹਿਣ ਲਈ ਕਹਿਤਾ। ਆਵਦੇ ਨੂੰਹ -ਪੁੱਤ ਤੇ ਗੁੱਸਾ ਮੈਨੂੰ ਵੀ ਬਹੁਤ ਆਇਆ ਸੀ, ਮੈਂ ਅੰਦਰ ਦੱਬ ਲਿਆ। ਜਦ ਆਵਦਾ ਭਾਂਡਾ ਮਾੜਾ... ਦੂਏ ਨੂੰ ਕੀ ਦੋਸ਼।' ਹਜੇ ਮੈਂ ਉਹਦੇ ਅੱਡ ਹੋਣ ਵਾਲੀ ਗੱਲ ਉਹਦੇ ਭਾਪੇ ਤੋਂ ਲਕੋਈ ਹੋਈ, ਪਈ ਅੱਡ ਹੋਣ ਨੂੰ ਕਹਿੰਦਾ। ਸੋਚਿਆ ਹੁਣ ਕੁੜੀ ਸਾਹਮਣੇ ਕੀ ਗੱਲ ਕਰਨੀ... ਮਗਰੋਂ ਸਹੀ। ਕੁੜੀ ਦਾ ਚਿੱਤ ਅੱਗੇ ਨ੍ਹੀ ਚੰਗਾ, ਐਵੇਂ ਮਨ ਨੂੰ ਲਾ ਲੂ।

ਮੇਰੇ ਚਿੱਤ 'ਚ ਕਈ ਆਉਣ ਕਈ ਜਾਣ... ਮਸੋਸੇ ਜਹੇ ਮਨ ਨਾ ਮੈਂ ਪਰ੍ਹੇ ਪਈਆਂ ਛਿੱਟੀਆਂ ਦੀ ਭਰੀ ਬੰਨੀ, ਟੋਕਰਾ ਪਾਥੀਆਂ ਦਾ ਭਰਿਆ। ਤੋਤੇ ਤੇ ਕੁਲਬੀਰੋ ਨੂੰ ਕਿਆ, "ਚਲੋ, ਚੱਲੀਏ ਘਰ ਨੂੰ।'

ਤੋਤੇ ਨੂੰ ਛਿੱਟੀਆਂ ਚਕਾਈਆਂ। ਕੁਲਬੀਰੋ ਨੂੰ ਭਾਂਢਿਆ ਤੇ ਭਿੰਡੀਆਂ ਵਾਲੀ ਟੋਕਰੀ , ਆਪ ਪਾਥੀਆਂ ਵਾਲਾ ਟੋਕਰਾ ਚੱਕ ਲਿਆ। ਤੁਰਨ ਲੱਗੀ ਨੇ ਉਹਨਾ ਦੇ ਭਾਪੇ ਨੂੰ ਕਿਆ,

"ਮਾਖਿਆ ਤੂੰ ਵੀ ਤਪ੍ਹੈਰੇ ਘਰੇ ਆ ਜੀ, ਘੜੀ ਕੁੜੀ ਨਾ ਗੱਲਾਂ ਬਾਤਾਂ ਕਰਾਂਗੇ ਬਹਿ ਕੇ।"

ਤੁਰੀ ਜਾਂਦੀ ਸਿਰਮੁੰਨੀ ਮੈਂ ਤੋਤੇ ਨੂੰ ਕਹਿ ਬੈਠੀ, "ਝੋਟੀ ਛਾਵੇਂ ਕਰ ਦਿੰਦਾ ਪੁੱਤ, ਡੰਗਰਾਂ ਨਾ ਕਾਹਦਾ ਗੁੱਸਾ... ਦੁੱਧ ਪੀਣਾ ਆਪਾਂ ਉਹਦਾ, ਜਦੋਂ ਸੂਈ... ਖਿਆਲ ਰੱਖਿਆ ਕਰ ਉਹਦਾ, ਸੂਣ ਵਾਲੀ ਆ।"

ਮੁੰਡਾ ਵਿਟਰ ਗਿਆ। ਲੱਗਾ ਸੀ ਭਰੀ ਰਾਹ 'ਚ ਸਿੱਟਣ। ਮਸੀਂ ਹਟਾਇਆ ਮੈਂ..., "ਮੈਂ.. ਨ੍ਹੀਂ ਮੱਝ ਮੁੱਝ... ਭਾਬੀ... ਅੰਨੀ... ਕੁੱਤੀ... ਭਾਊ ਘਰ... ਪੱਖਾ ... ਅੱਧੀ ਘਰ... ਮੈਂ ਏਦਾਂ ਈਂ... ਮੈਂ ਵੀ ਭਾਬੀ... ਹੈਨੀ ਮੱਝ ...ਖ਼ਾਲੀ।"

ਤੋਤੇ ਦੀ ਗੱਲ ਨੇ ਮੇਰਾ ਸੀਨਾ ਲੀਰੋ ਲੀਰ ਕਰਤਾ। ਅੱਧੀ ਉਹ ਰੋਟੀ ਨੂੰ ਕਹਿੰਦਾ, ਆਖੇ ਭਾਊ ਘਰੇ ਰੋਟੀ ਖਾਂਦਾ। ਮੱਝ ਵੀ ਕਹਿੰਦਾ ਐਵੇਂ ਆ। ਕੀ ਕਰਾਂ ਮੈਂ ਹੁਣ ਵਹੁਟੀ ਦਾ ਰੱਫੜ ਪਾ ਕੇ ਬਹਿ ਜਾਂਦਾ। ਮੇਰਾ ਜੀਅ ਕਰੇ, ਰੱਬ ਕਿਤੇ ਨੇੜੇ ਹੋਵੇ, ਉਹਨੂੰ ਕੋਲ ਬਠਾ ਕੇ ਪੁੱਛਾ , 'ਰੱਬਾ ਕੀ ਗਵਾਇਆ ਮੇਰੇ ਪੁੱਤ ਨੇ ਤੇਰਾ, ਆਪੇ ਚਿੱਤ 'ਚ ਆਉਂਦਾ, ਜੋ ਵਾਗੁਰੂ ਨੂੰ ਭਾਵੇ। ਉਹਦੇ ਹੁਕਮ ਤੋਂ ਬਿਨਾ ਪੱਤਾ ਨ੍ਹੀ ਝੁੱਲਦਾ, ਅਸੀਂ ਕੇਹਦੇ ਪਾਣੀ ਹਾਰ ਆ। ਏਸ 'ਚ ਏਹਦਾ ਭਲਾ ਹਊ।

ਅਸੀਂ ਤਿੰਨੇ ਜਣੇ ਘਰ ਪਹੁੰਚ ਗਏ, ਉਹਨੇ ਇਕੋ ਰਟ ਲਾਈ ਰੱਖੀ... ਭਾਬੀ ਕੁੱਤੀ... ਅੰਨੀ ਬਿੱਲੀ।





ਰਾਹ 'ਚ ਉਹਨੂੰ ਮੈਂ ਬਥੇਰਾ ਰੋਕਿਆ ਸੀ, "ਚੰਦਰਿਆ ਤੇਰਾ ਭਾਊ ਗੁੱਸੇ ਹਊ... ਭਾਬੀ ਨੂੰ ਗਾਲ੍ਹਾਂ ਨ੍ਹੀਂ ਕੱਢੀ ਦੀਆਂ , ਨਾ ਪਾਈ ਤੂੰ ਉਹਦੀ ਮੱਝ ਨੂੰ ਪੱਠੇ, ਜ਼ਬਾਨ ਕਾਹਨੂੰ ਗੰਦੀ ਕਰਦਾ... ਏਸੇ ਦੇ ਵੱਸ ਪੈਣਾ ਤੂੰ ਬਾਅਦ 'ਚ ਉਹ ਵਿਹੜੇ 'ਚ ਫਿਰਦਾ ਚੁੜ ਚੁੜ ਕਰੀ ਗਿਆ।

ਤੋਤਾ ਜਿਹੜੀ ਝੋਟੀ ਦੀ ਗੱਲ ਕਰਦਾ, ਉਹ ਮੇਰੀ ਨੂੰਹ ਨੂੰ ਉਹਦੇ ਪੇਕਿਆ ਨੇ ਸੂਸ਼ਕੜੇ 'ਚ ਦਿੱਤੀ ਸੀ। ਇਥੇ ਜਦ ਦੀ ਆਈ... ਇਹ ਦੋ ਵਾਰੀ ਲਵਾਈ ਵੀ... ਖ਼ਾਲੀ ਨਿਕਲੀ... ਹੁਣ ਕਈ ਦਿਨਾਂ ਦੀ ਅੜਾਟ ਪਾਉਂਦੀ...।

ਚੁੱਪ ਕੀਤੀ ਨੇ ਮੈਂ ਕੁੜੀ ਨੂੰ ਭਿੰਡੀਆਂ ਧੋ ਕੇ ਦੇ 'ਤੀਆਂ ਕਿਆ ਬਣਾ ਲਾ... ਆਪ ਮੈਂ ਤੋਤੇ ਨੂੰ ਲੈ ਕੇ ਬਹਿ 'ਗੀ। ਕੈਂਚੀ ਲੈ ਕੇ ਉਹਦੀ ਦਾੜੀ ਤੇ ਬੋਦਾ ਕੱਟਣ ਲੱਗ ਪੀ। ਬਨੇਰੇ ਤੇ ਬੈਠਾ ਕਾਂ, ਕਾਂ ਕਾਂ ਕਰੀ ਜਾਵੇ... ਕੁਲਬੀਰੋ ਉਡਾ ਨੀ ਏਹਨੂੰ... ਹੁਣ ਕੀਹਨੇ ਆਉਣਾ ਸਾਡੇ... ਉਹ ਲੁਤਰੋ ਝੱਟ ਅੰਦਰੋਂ ਨਿਕਲ ਆਈ... ਆਜੂ ਕੋਈ ਮੇਰੇ ਪੇਕਿਆ ਤੋਂ ਹੁਣ...।'

ਮਗਰੋਂ ਤੋਤੇ ਵੱਲ ਨੂੰ ਹੋਗੀ, 'ਵੇ ਤੂੰ ਕੀ ਕਹਿੰਦਾ, ਭਾਬੀ ਲੈਣੀ , ਵੇ ਵਹੁਟੀ ਕਹਿ ਵਹੁਟੀ ਕਹਿ ਕੇ ਵਲ ਜ੍ਹੇ ਖਾਂਦੀ ਹੱਸਣ ਲੱਗ ਪੀ। ਮੈਂ ਉਹਦੇ ਮੋਹਰੇ ਹੱਥ ਬੰਨੇ, "ਵਹੁਟੀਏ ਚੁੱਪ ਕਰ... ਉਹ ਸਿੱਧਾ , ਤੂੰ ਅਕਲ ਕਰ, ਬੋਲਦੀ ਨੂੰ ਸੁਣ ਕੇ ਲੋਕ ਕੀ ਕਹਿਣਗੇ, ਕਿਹੜਾ ਚਿਰ ਹੋਇਆ ਤੈਨੂੰ ਵਿਆਹੀ ਆਈ ਨੂੰ, ਉਹ ਚੌੜ ਹੋਗੀ,

"ਲੋਕਾਂ ਦੇ ਸਿਰ ਸੁਆਹ , ਜਿਹੜਾ ਕੁਛ ਕਹੂ, ਮੈਂ ਆਪੇ ਸਿੱਝ ਲੂਗੀ।" ਮੈਂ ਚੁੱਪ ਕਰਗੀ, ਤੋਤਾ ਉਹਦੇ ਵੱਲ ਨੱਠਿਆ, "ਤੂੰ ਅੰਨੀ ਕੁੱਤੀ ... ਭਾਊ ... ਅੰਨਾ... ਤੈਨੂੰ ਨੀ ਮੈਂ... ਤੂੰ ਖਾ ਗੂੰਹ... ਭਾਪਾ ਖੂਹ... ਭਾਊ ਘਰ... ਮੱਝ ਆਪੇ ਤੂੰ... ਮੈਂ ਨ੍ਹੀਂ... ਆਹ ਲੈ ਮੇਰਾ...।"

ਉਹ ਨਾਉਣ ਲਈ ਲੀੜੇ ਲਾਹ ਕੇ ਫਿਰਦਾ ਸੀ। ਉਹਨੇ ਆਪਦੇ ਕੱਛੇ ਨੂੰ ਹੱਥ ਪਾ ਲਿਆ। ਮੈਂ ਛੇਤੀ ਦੇਣੀ ਉਹਨੂੰ ਪਿੱਛਿਓ ਫੜਿਆ। ਕਿਤੇ ਕੁਛ ਪੁੱਠਾ-ਸਿੱਧਾ ਨਾ ਕਰ ਦੇਵੇ,

"ਮਾਰੂੰ ਤੇਰੇ ਇਕ, ਬਹਿ ਜਾ ਮੇਰੇ ਕੋਲ।"

ਤੋਤੇ ਨੂੰ ਮੈਂ ਦਬਕ ਕੇ ਆਵਦੇ ਕੋਲ ਬਿਠਾ ਲਿਆ। ਉਹਦੇ ਤੇਲ ਝੱਸਿਆ। ਵਿਹਲੀ ਹੋਈ, ਉਹਨੂੰ ਪਾਣੀ ਦੀ ਬਾਲਟੀ ਭਰਨ ਲਾਇਆ। ਨਲਕਾ ਗੇੜਦਾ ਫੇ ਉਹ ਗਾਲ੍ਹਾਂ ਕੱਢੀ ਜਾਵੇ। ਕਹਿੰਦਾ ਹੋਣਾ ਨਲਕੇ ਦੇ ਖੜਕੇ ਕਿਸੇ ਨੂੰ ਸੁਣਦੀਆਂ ਨ੍ਹੀਂ ਹੋਣੀਆਂ। ਘੇਸਲ ਮਾਰ ਕੇ ਮੈਂ ਅੰਦਰੋਂ ਉਹਦਾ ਧੋਤਾ ਹੋਇਆ ਬਨੈਣ-ਕੱਛਾ , ਕੁੜਤਾ ਪਜ਼ਾਮਾ ਲਿਆਈ। ਕੁਲਬੀਰੋ ਸ਼ਬਜੀ ਬਣਾਉਣ ਲੱਗੀ ਹੋਣੀ ... ਬਹੂ ਦੈਂਤਣੀਂ ਨਾਸਾਂ ਫੁਲਾ ਕੇ ਅੰਦਰ ਜਾ ਕੇ ਲੰਮੀ ਪੈ 'ਗੀ। ...ਮੈਂ ਤੋਤੇ ਨੂੰ ਚੰਗੀ ਤਰ੍ਹਾਂ ਸਾਬਣ ਮਲ-ਮਲ ਕੇ ਨਵਾਇਆ। ਉਹ ਰੁੜੇ ਜਾਂਦੇ ਸਾਬਣ ਵਾਲੇ ਮੈਲੇ ਪਾਣੀ ਵੱਲ ਵੇਖੀ ਜਾਵੇ, ਕਹਿੰਦਾ , "ਬੀਬੀ , ਆਹ ਸਾਰੀ ... ਮਿੱਟੀ ।" ਮੈਂ ਕਿਆ ਆਹੋ, ਹੁਣ ਤੂੰ ਸੋਹਣਾ ਹੋ ਗਿਆ, ਮੇਰਾ ਬੀਬਾ ਪੁੱਤ... ਪਾ ਲਾ ਹੋਰ ਪਾਣੀ ਪਿੰਡੇ 'ਤੇ, ਮਾੜਾ ਜਿਆ ਤੇਲ ਲਾ 'ਲੀ ਮਗਰੋਂ ਨ੍ਹਾ ਕੇ।"

ਮੈਂ ਤੇਲ ਵਾਲੀ ਸ਼ੀਸ਼ੀ ਉਹਦੇ ਕੋਲ ਰੱਖਤੀ, ਤੌਲੀਆਂ , ਉਹਦੇ ਲੀੜੇ ਕਿੱਲੀ ਤੇ ਟੰਗ 'ਤੇ। ਕੁੜੀ ਐਵੇਂ ਮਾੜਾ ਮਾੜਾ ਕੋਲ ਆ ਕੇ ਮੈਂ ਚੌਂਕੇ 'ਚ ਬਹਿਗੀ... ਆਟੇ ਨੂੰ ਮੁੱਕੀ ਦਿੱਤੀ। ਚਿੱਤ ਮੇਰਾ ਐਵੀਂ ਹੋਇਆ ਵਿਆ ਸੀ। ਤਾਂ ਵੀ... ਮੈਂ ਭੱਠੀ 'ਚ ਅੱਗ ਬਾਲੀ ... ਲੋਹ ਤੇ ਅਸੀਂ ਮਾਂ ਧੀ ਨੇ ਝੱਟ ਰੋਟੀਆਂ ਸੇਕ ਲਈਆਂ। ਰੋਟੀਆਂ ਨੂੰ ਚੋਪੜਦੀ ਕੁਲਬੀਰੋ ਕਹਿਣ ਲੱਗੀ,

'ਬੀਬੀ, ਨਿੱਕਾ ਵੀਰ ਕੀ ਕਹਿੰਦਾ ?'

'ਕਹਿੰਦਾ ਸੀ ਸਿਰ ਜੰਮਣ ਵਾਲੀ ਦਾ, ਲੋਕਾਂ ਦੀ ਚੱਕ 'ਚ ਆਇਆ ਵਿਆ, ਕਮਲ ਘੋਟਦਾ।'

'ਕਮਲ ਕਾਹਤੋਂ ਬੀਬੀ, ਸਹੀਂ ਕਹਿੰਦਾ, ਕੋਈ ਲੋੜਵੰਦ ਦੇਖ ਕੇ ਕਰ ਦਿੰਦੇ ਏਹਦਾ ਵੀ... ਮੇਰੀ ਪਤੀਸ ਦਾ ਮੁੰਡਾ ਬੋਲਾ... ਥਥਲਾਉਂਦਾ ਵੀ ਆ ਥੋੜਾ-ਥੋੜਾ ... ਉਹਦਾ ਕਰਤਾ... ਵਹੁਟੀ ਮਾੜਾ

ਜਿਆ ਟੀਰ ਮਾਰਦੀ ਆ... ਕੰਮ ਨੂੰ ਛੋਹਲੀ ਆ ਕਿਤੇ... ਬਾਹਲੀ ... ਨੱਠੀ ਫਿਰੂ... ਗਾਂਹ (ਮੈਦ ਵੀ ਹੈਗੀ।"

ਬਾਹਰਲਾ ਬੂਹਾ ਚੀਂ-ਚੀਂ ਕਰਕੇ ਖੁੱਲਾ। ਦੇਖਿਆ ਮੈਂ... ਕੁਲਬੀਰੋ ਦਾ ਭਾਪਾ ਸੀ, ਉਹਨੂੰ ਮੈਂ ਕਿਆ, 'ਚੁੱਪ ਕਰ, ਤੇਰਾ ਭਾਪਾ ਆ ਗਿਆ, ਕੀ ਕਹੂ , ਕਿੱਦਾਂ ਦੀਆਂ ਗੱਲਾਂ ਕਰਦੀਆਂ।"

ਚਿੱਤ ਐਵੇਂ ਏਹਦੇ ਹਾਣਦਿਆਂ ਦੇ ਜਵਾਕ ਨੱਠੇ ਫਿਰਦੇ। ...ਮੈਨੂੰ ਕੁੜੀ ਦੀ ਗੱਲ ਜੱਚ ਗਈ, ਸਾਰਾ ਕੰਮ ਚੱਕੀ ਫਿਰਦਾ, ਹੋਰ ਕੀ ਚਾਹੀਦਾ... ਕਰਦੀ ਆ ਏਹਦੇ ਭਾਪੇ ਨਾ ਗੱਲ ... ਤੂੰ ਕੁੜੀਏ ਚੌਂਕਾਂ ਸਾਂਭ ਕੇ ਰੋਟੀ ਪਾ ਲਿਆਈ ਸਾਰਿਆ ਦੀ।

ਕੁੜੀ ਨੂੰ ਆਹਰੇ ਲਾ ਮੈਂ ਦਲਾਨ ਵੱਲ ਨੂੰ ਤੁਰ ਪੀ ਮੇਰੇ ਮਨ 'ਚ ਇਕ ਚੜ੍ਹੇ-ਇਕ ਉਤਰੇ... ਪਾਲ ਲੂਗਾ ਇਹ ਟੱਬਰ ਟੀਰ੍ਹ... ਮੈਂ ਤੋਤੇ ਦੇ ਭਾਪੇ ਕੋ ਜਾ ਕੇ ਪੀੜ੍ਹੀ ਡਾਹ ਕੇ ਬਹਿ 'ਗੀ। ਮਨ 'ਚ ਆਵੇ ਕਵਾਂ ਕਿ ਨਾ। ਚਿੱਤ ਮੇਰਾ ਘਾਬਰੀ ਜਾਵੇ... ਕਹਿ ਕੇ ਦੇਖ ਲੈਨੀ... ਦੁਚਿੱਤੀ ਜ੍ਹੀ 'ਚ ਫਸਗੀ ਮੈਂ... ਏਹਦਾ ਮੂੰਹ ਦੇਖਦੇ ਜੇਰਾ ਕਰਕੇ ਮੈਂ ਕਹਿਤਾ,

"ਮਖਿਆ, ਜੇ ਤੈਨੂੰ ਚੰਗਾ ਲੱਗੇ... ਤੋਤਾ ਹੈਗਾ ਕੰਮ ਨੂੰ ਸ਼ਿਆਰ, ਫ਼ਸਲ ਵਾੜੀ ਵੀ ਸਾਰੀ ਸਾਂਭਦਾ... ਪਸ਼ੂ-ਡੰਗਰ ਵੀ... 'ਕੱਲਾ ਕੈਰ ਖੂਹ 'ਤੇ ਸੌਂਦਾ... ਸਾਰੇ ਆਪੋ ਆਪਣੀ ਅੰਦਰੀਂ ਵੜ੍ਹ ਕੇ ਪੈ ਜਾਂਦੇ... ਇਹ ਮਾਂ ਮਸ਼ੋਰ... ਏਹਦੀ ਚਿੰਤਾ ਨ੍ਹੀਂ ਕਿਸੇ ਨੂੰ... ਪਹਾੜ ਜਿੱਡੇ ਗਰਮੀਆਂ ਦੇ ਦਿਨ ਸੁੰਨ-ਮਸਾਨ, ਠੰਡੀਆਂ-ਠਾਰ ਸਿਆਲੂ ਰਾਤਾਂ, ਜਿੰਨਾਂ ਚਿਰ ਮੈਂ ਹੈਗੀ, ਕਰੀ ਜਾਨੀ ਅੱਗਾ-ਤੱਗਾ, ...ਮਰਗੀ... ਕਿਸੇ ਨ੍ਹੀਂ ਪੁੱਛਣਾ ਏਹਨੂੰ...।'

ਇਹ ਮੇਰੇ ਮੂੰਹ ਵੱਲ ਵੇਖੀ ਜਾਵੇ। ਸਾਹ ਲੈ ਕੇ ਸੰਘ ਸਾਫ਼ ਕੀਤਾ,

"ਜੇ ਤੂੰ ਕਵੇਂ ... ਆਪਾਂ ਕੋਈ... ਅੰਨੀ-ਕਾਣੀ ... ਵਸੀਲਾ ਘੜਦੀਏ ਏਹਦੇ ਵਾਲਾ ਵੀ।"

"ਕੀ ਹੋ ਗਿਆ ਅੱਜ ਤੈਨੂੰ।"

ਕੁਲਬੀਰੋ ਦਾ ਭਾਪਾ ਮੈਨੂੰ ਟੁੱਟ ਕੇ ਪੈ ਗਿਆ।

'ਹੋਣਾ ਕੀ , ਰੱਬ ਨੇ ਮੇਰੇ ਪੁੱਤ ਨਾ ਚੰਗੀ ਨ੍ਹੀ ਕੀਤੀ... ਜੈ ਵੱਢੇ ਏਹਦੇ ਕੰਨ ਭਰਦੇ ਰਹਿੰਦੇ... ਬੈਠਾ ਰਹਿੰਦਾ ਜਾ ਕੇ ਰੰਨਾ 'ਚ ਧੰਨਾ। ਕਈ ਦਿਨਾਂ ਦਾ ਕਹਿੰਦਾ ਵਹੁਟੀ ਲੈਣੀ... ਗੁੱਡੀ ਵੀ ਕਾਕਾ ਵੀ।'

'ਫੇ!'

'ਫੇ ਕੀ! ਦੇਖ ਲਾਗੇ ਕੋਈ।' ਜੀਭ ਦੱਬ ਕੇ ਮੈਂ ਕਹਿਤਾ।

'ਨਹੀਂ, ਮੈਂ ਬਗਾਨੀ ਧੀ ਫਾਹੇ ਨੀ ਲਾਉਣੀ, ਤੂੰ ਵੀ ਸੁਰਤ ਕਰ ਕੋਈ, ਕਬੀਲਦਾਰੀ ਚੱਕਣ ਜੋਗਾ ਹੈਗਾ ਏਹ... ਤੂੰ ਕੀ ਸਮਝਦੀ ਮੈਨੂੰ ਇਹਦਾ ਦੁੱਖ ਹੈਨੀ।"

ਮੈਨੂੰ ਉਦੋਂ ਪਤਾ ਲੱਗਾ, ਕੁਲਬੀਰੋ ਦੇ ਭਾਪੇ ਦਾ ਦਿਲ ਥੋੜ੍ਹਾ, ਅੱਖਾ 'ਚ ਉਹਦੇ ਪਾਣੀ ਵਗੇ, 'ਵਾਜ਼ ਚੱਜ ਨਾ ਨਿਕਲੇ ਨਾ, ਬਾਹਲਾ ਅਊਖਾ ਬੋਲੇ,

"ਏਹਦਾ ਦੁੱਖ ਮੈਨੂੰ ਵੀ ਬਥੇਰਾ, ਪਿਓ ਵਾਂ ਮੈਂ ਏਹਦਾ, ਕੀ ਨ੍ਹੀਂ ਕੀਤਾ ਮੈਂ ਇਹਦੇ ਲਈ, ਬਥੇਰੇ ਧੱਕੇ ਖਾਧੇ, ਨਿੱਕੇ ਹੁੰਦੇ ਦਾ ਤੰਦੂਆ ਕਟਾਇਆ। ਡਾਕਟਰਾਂ, ਸਾਧਾਂ-ਸੰਤਾਂ ਦੇ ਘਰ ਭਰਤੇ। ਮੋਗੇ 'ਤੋਂ ਪਰ੍ਹਾਂ, ਮੋਰਾ ਦੇ ਖੰਭ ਲਾ ਕੇ ਰਾਜੀ ਕਰਨ ਵਾਲੇ ਬਾਬੇ ਕੋ ਮੈਂ ਗਿਆ। ਤਿੰਨ ਦਿਨ ਉਥੇ ਖੱਜਲ ਹੋਇਆ ਭੁੱਖਣ-ਭਾਣਾ।'

ਬਾਹਲਾ ਜੀਅ ਹੌਲਾ ਕਰ ਲਿਆ ਏਹਦੇ ਭਾਪੇ ਨੇ। ਪੱਗ ਦੇ ਲੜ ਨਾ ਈ ਅੱਖਾਂ ਪੂੰਝੀ ਜਾਵੇ, ਬਹੁਤੀ ਏਹਦੀ... ਕੁਝ ਸਾਡੀ ਕਿਸਮਤ ਈ ਸਾਲੀ ਖਰਾਬ ਆ...।'

ਫੇ ਤਾਂ ਉਹਨੂੰ ਜਿੱਦਾਂ ਕਿਸੇ ਸ਼ੈਅ ਨੇ ਡੰਗਿਆ ਹੁੰਦਾ। ਬਾਹਲਾ ਉੱਚੀ ਗਰਜਿਆ,

"ਏਹਨੂੰ ਕਹਿ ਦੇਬੂ ਦੀ ਤੀਵੀਂ ਕੋ ਨਾ ਜਾਇਆ ਕਰੇ... ਲੁੱਚੀ ਚਾਰ ਜ਼ਮਾਨੇ ਦੀ, ਬਦ-ਜਾ ਤ, ਮੈਨੂੰ ਪਤਾ ਲੱਗਾ , ਛਿੱਟ ਲਵਾਉਂਦੇ ਵੀ ਆ ਉਹ ਏਹਨੂੰ।'





ਗੁੱਸੇ 'ਚ ਆ ਕੇ ਉਹਨੇ ਹੇਠਾਂ ਥੁੱਕਤਾ। ਮੈਂ ਕਿਹਾ ਹੌਲੀ ਬੋਲ, ਕੁੜੀ ਕੀ ਕਹੂ। ਤੇਰਾ ਪੁੱਤ ਨੂੰਹ ਵੀ ਅੰਦਰ ਬੈਠੇ ਸੁਣਦੇ ਹੋਣੇ... ਬਾਹਰ ਗਲੀ 'ਚੋਂ ਲੰਘਦੇ ਵੜਦੇ...।'

'ਮੈਨੂੰ ਕਿਸੇ ਕੁ... ੜੀ... ਦੀ ਡਰੀ ਨ੍ਹੀਂ ਮਾਰੀ।"

ਮੈਂ ਡਰਦੀ ਹੱਥ ਜੋੜ ਕੇ ਬਹਿਗੀ ਰੱਬ ਰੱਬ ਕਰੀ ਜਾਵਾਂ।

"ਬੀਬੀ ਆਹ!'

ਤੋਤੇ ਦਾ ਬੋਲ ਸੁਣ ਕੇ ਸਾਡੀਆਂ ਗੱਲਾਂ ਬੰਦ ਹੋ ਗੀਆਂ ਮੈਂ ਭੌਂ ਕੇ ਉਹਦੀ ਵੱਲ ਵੇਖਿਆ। ਉਹ ਨ੍ਹਾ ਕੇ ਆ ਗਿਆ ਸੀ, 'ਕੱਲਾ ਕੱਛਾ ਪਾਈ ਖੜ੍ਹਾ... ਬਨੈਣ ਉਹਨੇ ਮੋਢੇ ਤੇ ਰੱਖੀ ਵੀ, 'ਵੇ ਤੈਨੂੰ ਪਾਣੀ ਨੇ ਵੀ ਠੰਡ ਨੀ ਪਾਣੀ।' ਕਿਆ ਨ੍ਹੀ ਉਹਨੂੰ ਮੈਂ, ਚਿਤਵੀ ਗਈ ਮੈਂ, ਉਹਦੇ ਸਰੀਰ ਵੱਲ ਦੇਖ ਕੇ ਮੇਰਾ ਤ੍ਰਾਹ ਨਿਕਲ ਗਿਆ, ਸ਼ਰਮਿੰਦੀ ਜੀ ਹੋਈ ਦੇ ਮੂੰਹੋਂ ਕਾਹਲ 'ਚ ਨਿਕਲ ਗਿਆ,

'ਵੇ ਸਾਫਾ ਬੰਨ ਲੈਂਦਾ ਤੇੜ... ਚੱਲ, ਪਾ ਲਾ ਹੁਣ ਲੀੜੇ ਦਬਾ ਸੱਟ, ਰੋਟੀ ਖਾਣੀ ਏ ਆਪਾਂ। ਉਹਦੇ ਹੱਥ 'ਚ ਕੁੜਤਾ ਪਜ਼ਾਮਾ ਫੜਿਆ ਹੋਇਆ ਸੀ, ਉਹਦੇ ਵੱਲ ਵੇਖੀ ਜਾਵੇ, "ਆਹ-ਇਕੋ ਹੈਨੀ, ਆਹ... ਬਸ ਐਦਾ ਈ.. ਖਾਲੀ ... ਆਹ ਨ੍ਹੀ ਮੈਂ ... ਹੋ ਸ਼ੈਰ੍ਹ ... ਨਵਾਂ ਨ੍ਹੀਂ...।"

ਉਹ ਮੈਨੂੰ ਅਵਦਾ ਕੁੜਤਾ ਪਜ਼ਾਮਾ ਦਿਖਾਉਣ ਲੱਗ ਪਿਆ ਕੁੜਤੇ ਦਾ ਇੱਕ ਬਟਨ ਟੁੱਟਾ ਵਿਆ ਸੀ ਪਜ਼ਾਮੇ ਦਾ ਲਾਸਟਕ ਖੁੱਲਾ ਵਿਆ। ਮੈਂ ਲੀੜੇ ਫੜਨ ਲਈ ਹੱਥ ਉਹਦੇ ਵੱਲ ਕੀਤਾ, 'ਲਿਆ ਫੜਾ ਲਾ ਦਿਨੀ ਟਾਂਕਾ... ਬਟਨ ਵੀ ਦੇਖਦੀ , ਜੇ ਲੱਝ ਪਿਆ ਤਾਂ...।" ਉਹਦੇ ਭਾਪੇ ਨੇ ਉਹਨੂੰ ਦੇਖ ਕੇ ਨੀਵੀਂ ਪਾ 'ਲੀ, ਬੈਠਾ ਬੁੜਾ ਬੁੜ ਕਰੇ, ਅਖੇ, "ਬੰਦੇ ਦਾ ਮਨ ਬਾਹਲੀ ਕੁੱਤੀ ਸ਼ੈਅ... ਕਦੇ ਕਿਤੇ ਕਦੇ ਕਿਤੇ, ਮ੍ਰਿਗਾਂ ਆਗੂੰ ਚੁੰਗੀਆਂ ਭਰਦਾ ਫਿਰਦਾ, ਮਨ ਨੂੰ ਸਾਧਣਾ ਬਾਹਲਾ ਈ ਆਉਖਾ, ਜੀਹਨੇ ਸਾਧ ਲਿਆ, ਸਮਝੋ ਤਰ ਗਿਆ... ਬੰਦਾ ਕੀ ਸ਼ੈਅ ਏਥੇ ਵੱਡੇ ਵੱਡੇ ਦੇਵਤੇ , ਰਿਸ਼ੀ ਮੁੰਨੀ ਨਾ ਕਾਬੂ ਕਰ ਸਕੇ ਮਨ।"

ਬੁੜ-ਬੁੜ ਚੁੱਪ ਹੋ ਗਈ। ਸੋਚਣ ਲੱਗ ਪਿਆ। ਮਗਰੋਂ ਉੱਚੀ ਦੇਣਾ ਬੋਲਿਆ, 'ਕਰਦਾ ਰੁਕ ਕੁੜੀ ਜਾਵਿਆ ਨੂੰ ਖੂਹ ਤੇ ਜਾ ਕੇ।'

ਕੁਲਬੀਰੋ ਚੁੱਪ ਕਰਕੇ, ਕਿੰਨਾਂ ਚਿਰ ਚੌਂਕੇ 'ਚ ਬੈਠੀ ਗੱਲਾਂ ਸੁਣਦੀ ਰਹੀ। ਡੱਕੇ ਨਾ ਚੁੱਲ੍ਹੇ ਦੀ ਸਵਾਹ ਫੋਲੀ ਜਾਵੇ। ਉਹਦਾ ਭਾਪਾ ਬਾਰੀ 'ਚੋਂ ਬਾਰ੍ਹ ਨੂੰ ਦੇਖਣ ਲੱਗ ਪਿਆ। ਮੈਂ ਉੱਠ ਕੇ ਤੋਤੇ ਨੂੰ ਸਾਫਾ ਦਿੱਤਾ, ਉਹ ਲੱਕ ਦੁਆਲੇ ਵਲ ਕੇ ਬਹਿ ਗਿਆ।

ਦਲਾਨ 'ਚ ਅਸੀਂ ਤਿੰਨੇ ਚੁੱਪ ਕਰ ਗਏ, ਉਹ ਰੋਟੀ ਚੁੱਕ ਲਿਆਈ,

'ਬੀਬੀ ...ਰੋਟੀ।'

ਮੈਂ ਕਿਆ ਦੇਹ ਪਾ ਕੇ ਭਾਪੇ ਨੂੰ, ਤੁਸੀਂ ਵੀ ਪਾ ਲਓ ਭੈਣ ਭਰਾ ਦੋਏ, ਮੈਨੂੰ ਹਜੇ... ਭੁੱਖ ਨੀ।

ਭੁੱਖ ਕਿੱਥੇ , ਭੁੱਖ ਤਾਂ ਮਰਗੀ ਸੀ ਮੇਰੀ ... ਤੋਤੇ ਦੇ ਫਿਕਰ ਨਾ ਧੂਹ ਪਵੇ ਕਾਲਜੇ ਨੂੰ ... ਮਾਂ ਜਿਉਂ ਹੋਈ ਉਹਦੀ... ਤੜਫਾ ਕਿਤੇ। ਹੱਥ 'ਚ ਲੀੜੇ ਫੜੀ ਮਸੋਸੇ ਜ੍ਹੇ ਮਨ ਨਾ ਮੈਂ ਦਲਾਨ 'ਚੋਂ ਬਾਹਰ ਨਿਕਲੀ , 'ਤੇਰੇ ਕੀੜੇ ਪੈਣ... ਕੁੱਤੀਏ ...ਹਰਾਬੜੇ।'

ਚਿੱਤ 'ਚ ਆਏ, ਜੋਰ ਜੋਰ ਦੇਣੀ ਦੇਬੂ ਦੀ ਤੀਵੀਂ ਨਿੱਕੋਂ ਨੂੰ ਗਾਲ੍ਹਾਂ ਕੱਢਾ। ਪਰੇਸ਼ਾਨ ਹੋਈ ਮੈਂ ਕੁੜਤਾ ਪਜ਼ਾਮਾ ਚੁੱਕ ਕੇ ਪਿਛਲੇ ਅੰਦਰ ਜਾ ਕੇ ਸੂਈ ਧਾਗਾ ਲੱਭਣ ਲੱਗ 'ਪੀ।

## ਕਹਾਣੀ / ਪੇਰੇਂਟ ਗੁਲਾਬ / ਸੋਮਾ ਸਬਲੋਕ

*ਸੋਮਾ ਸਬਲੋਕ ਨੇ ਆਪਣੇ ਸਿਰਜਣਾਤਮਕ ਅਮਲ ਦਾ ਪਹਿਲਾ ਕਦਮ ਬ੍ਰਾਹਮਣੀ ਕਦਰਾਂ ਵਿਰੁੱਧ ਔਰਤ ਦੀ ਆਵਾਜ਼ ਉਭਾਰਨ ਵਜੋਂ ਪੁੱਟਿਆ ਸੀ। ਸਿਰਜਣਾ ਦੇ ਨਾਲ-ਨਾਲ ਸੰਸਥਾਗਤ ਕਾਰਜ ਵੀ ਉਸਦੇ ਜੀਵਨ ਨੂੰ ਨਿਖਾਰਦੇ ਹਨ। ਕਿੱਤੇ ਵਜੋਂ ਅਧਿਆਪਕ ਸਮਾਜਿਕ ਕਾਰਜਾਂ ਵਜੋਂ ਸਮਾਜ ਸੇਵਕ, ਸਿਰਜਣਾਤਮਕ ਕਾਰਜਾਂ 'ਚ ਸ਼ਾਇਰਾ ਵੀ ਤੇ ਕਹਾਣੀਕਾਰ ਵੀ, ਤਿਕੜਮਬਾਜ਼ੀਆਂ ਤੋਂ ਦੂਰ ਮਸਤ ਚਾਲੇ ਤੁਰਨ ਵਾਲੀ ਇਸ ਸਾਹਿਤਕਾਰ ਦਾ ਮੁੱਲ ਗਹਿਰੀ ਸੋਚ ਵਾਲੇ ਪਾਠਕ ਜ਼ਰੂਰ ਪਾਉਣਗੇ। ਉਸ ਦੀ ਕਹਾਣੀ ਔਰਤ ਦੀ ਆਵਾਜ਼ ਦੀ ਕਹਾਣੀ ਹੈ, ਔਰਤ ਦੇ ਹੱਕ ਦੀ ਕਹਾਣੀ ਹੈ।*

'ਧੀਏ, ਇਸ ਨੂੰ ਦੁੱਧ ਦੇ ਕੇ ਤਾਂ ਵੇਖ... ਸ਼ਾਇਦ ਉਤਰ ਈ ਆਵੇ... ਮਾਂ ਤਾਂ ਮਾਂ ਈ ਏ ਨਾ... ਜ਼ਰੂਰ ਉਤਰੇਗਾ... ਹਾਂ, ਕੋਸ਼ਿਸ਼ ਕਰ... ਕੋਸ਼ਿਸ਼ਾਂ ਨਾਲ ਤਾਂ ਬੰਦਾ ਵੱਡੇ-ਵੱਡੇ ਪਹਾੜ ਵੀ ਟੱਪ ਜਾਂਦੈ... ਇਹ ਤਾਂ ਦੁੱਧ ਉਤਰਨ ਦੀ ਗੱਲ ਏ... ਤੂੰ ਤਾਂ ਮਾਂ ਏਂ ਹੁਣ ....' ਤਾਈ ਸ਼ਿਵਦੇਈ ਨੇ ਸੁੱਖੋ ਨੂੰ ਪਲੋਸਦਿਆਂ ਕਿਹਾ... ਪਰ...'''

ਸੁਖੋ ਨੂੰ ਧੀ ਜੰਮੀ ਸੀ, ਪਰਸੋਂ ਰਾਤੀਂ। ਤਾਈ ਸਿਵਦੇਈ ਨੇ ਹੀ ਸੁਖੋ ਦੀ ਮਦਦ ਕੀਤੀ ਸੀ। ਦਰਦ ਮਾਰੇ ਹਾਲੋਂ ਬੇਹਾਲ ਹੋਈ ਸੁੱਖੋ ਸੜਕ ਕੰਢੇ ਪਈ ਹੋਈ ਸੀ ਤਾਂ ਕੋਈ ਭਲਾ ਲੋਕ ਉਸ ਨੂੰ ਇੱਥੇ ਨਾਰੀ ਨਿਕੇਤਨ ਵਿੱਚ ਛੱਡ ਗਿਆ ਸੀ। ਮੈਨੇਜਰ ਨੇ ਸੁੱਖੋ ਨੂੰ ਤਾਈ ਸ਼ਿਵਦੇਈ ਦੇ ਕਮਰੇ ਵਿੱਚ ਭਿਜਵਾ ਦਿੱਤਾ ਸੀ। ਤਾਈ ਨੇ ਵੀ ਉਸ ਤੇ ਆਪਣਾ ਸਨੇਹ ਇੰਜ ਬਿਖੇਰਨਾ ਸ਼ੁਰੂ ਕਰ ਦਿੱਤਾ ਜਿਵੇਂ ਉਹ ਉਸਦੀ ਸਕੀ ਮਾਂ ਹੋਵੇ। ਉਸ ਦੇ ਰਹਿਮ ਦਾ ਪਿਆਲਾ ਐਨਾ ਕਿਉਂ ਛਲਕਿਆ, ਸਮਝ ਨਾ ਆਇਆ। ਸੋਚ ਦਰ ਸੋਚ ਉਭਰਦੀ ਰਹੀ-

'ਬਾਲੜੀ ਇਸੇ ਅਵਸਥਾ 'ਚੋਂ ਨਾ ਗੁਜਰੀ ਹੋਵੇ...।'

'ਬਾਲੜੀ ਮਾਂ ਨਾ ਬਣੀ ਹੋਵੇ ਕਿਧਰੇ...।'

'ਕਿਧਰੇ ... ਤੇ ਹੋਰ ਕਿਧਰੇ...।'ਜੋ ਵੀ ਹੋਇਆ ਹੋਵੇ, ਤਾਈ ਨੂੰ ਸੁੱਖੋ ਤੇ ਲਾਡ ਲਡਾਉਂਦਿਆਂ ਦੇਖ ਕੇ ਮੇਰੀ ਮਮਤਾ ਮੈਨੂੰ ਟੁੰਭਣ ਲੱਗੀ। ਸੁੱਖੋ ਦੀ ਧੀ ਨੂੰ ਦੇਖ ਦੇਖ ਉਹ ਚਾਅ ਨਾਲ ਇਵੇਂ ਹੁੱਬ ਰਹੀ ਸੀ ਜਿਵੇਂ ਕਿਸੇ ਔਰਤ ਨੂੰ ਨਾਨੀ ਬਣਨ ਦਾ ਚਾਅ ਹੁੰਦੈ... ਤੇ ਉਹ ਆਸ ਲਾਉਂਦੀ ਏ ਕਿ ਉਸ ਦੀ ਧੀ ਸਹੁਰੇ ਘਰ ਸੁਖੀ ਰਹੇਗੀ... ਨਵੀਂ ਤੰਦ ਉਸ ਦੇ ਚਿਰ ਵਸੇਵੇ ਦਾ ਕਾਰਣ ਬਣੇਗੀ... ਰਿਸ਼ਤੇ ਹੋਰ ਪੀਡੇ ਹੋਣਗੇ ...।

ਮੇਰੀ ਰਾਤ ਦੀ ਡਿਊਟੀ ਸੀ। ਦਿਲ ਵਿੱਚ ਆਇਆ ਸੁੱਖੋ ਨਾਲ ਗੱਲ ਕਰਾਂ। ਗੱਲਾਂ ਕੀਤੀਆਂ ਵੀ ਤੇ ਗੱਲਾਂ ਗੱਲਾਂ ਵਿੱਚ ਹੀ ਮੈਂ ਪੁੱਛਿਆ-

"ਸੁੱਖੀ , ਉਂਜ ਤੈਨੂੰ ਪਤਾ ਤਾਂ ਹੋਊ ਇਸ ਦੇ ਬਾਪ ਬਾਰੇ...।"

"ਹੂੰ... ਐ... ਮੈਨੂੰ ਨ੍ਹੀਂ ਪਤਾ ਕੁਝ ਵੀ... ਮੈਂ ਕੀਹਨੂੰ ਕਹਾਂ... ਇਸ ਦਾ ਬਾਪ ... ਮੈਨੂੰ ਤਾਂ ਆਪਣੇ ਬਾਪ ਦਾ ਵੀ ਨ੍ਹੀਂ ਪਤਾ...।"

"ਤੈਨੂੰ ਤੇਰੇ ਬਾਪ ਦਾ ਨਹੀਂ ਪਤਾ ...? ਕਿਉਂ ...? ਕਿਵੇਂ ...?"

"ਹਾਂ , ਮੈਂ ਸਹੀ ਕਹਿੰਦੀ ਪਈ ਆ... ਹੋਰ ਸੁਣੋ ... ਮੈਨੂੰ ਆਪਣੀ ਮਾਂ ਦਾ ਵੀ ਨਈਂ ਪਤਾ ...।"

"ਹੈਂ ...?"

"ਹਾਂ... ਮੈਨੂੰ ਦੋਹਾਂ ਦਾ ਈ ਨ੍ਹੀਂ ਪਤਾ ...।"

'ਤੈਨੂੰ ਪਾਲਿਆ ਕੀਹਨੇ ...?"





"ਮੈਨੂੰ...? ਅਵਾਰਾ ਜਾਨਵਰਾਂ ਨੂੰ ਕੌਣ ਪਾਲਦਾ ਹੁੰਦਾ ...? ਮੈਨੂੰ ਵੀ ਉਹਨਾਂ ਨੇ ਹੀ ਪਾਲਿਆ..."

ਅਜਿਹੇ ਜਵਾਬਾਂ ਦੀ ਉਸ ਨਿਆਣੀ ਕੋਲੋਂ ਮੈਨੂੰ ਆਸ ਨਹੀਂ ਸੀ। ਮੈਂ ਤਾਂ ਸਿਰਫ ਇਹੀ ਸਮਝ ਰਹੀ ਸੀ ਕਿ ਮਾਂ-ਧੀ ਦੋ ਬੱਚੀਆਂ ਹਨ ਇਸ ਨਿਕੇਤਨ ਵਿੱਚ...। ਫੇਰ ਉਹ ਆਪ ਹੀ ਅੱਗਿਓਂ ਹੋਰ ਬੋਲ ਪਈ-

'ਮਾਸੀ ... ਮੈਂ ਨ ਇੱਕ ਦਿਨ ਮਸੀਤੇ ਲੰਗਰ 'ਚ ਰੋਟੀ ਖਾਂਦੀ ਪਈ ਸੀ... ਉਹ ਬਾਬਾ ਜੀ ਆਇਆ, ਕਹਿੰਦਾ.. ਪੁੱਤਰ ਚੱਲ ਮੇਰੇ ਨਾਲ ਡੇਰੇ, ਤੈਨੂੰ ਕਿੰਨੀ ਵੜੀ ਰੋਟੀ ਦਊਂਗਾ... ਹੈਨਾ ਰੱਜ ਕੇ... ਮੈਂ ਉਹਦੇ ਨਾਲ ਚਲੀ ਗਈ... ਉੱਥੇ ਮੈਨੂੰ ਕਿੰਨੀ ਵੜੀ ਰੋਟੀ ਮਿਲਦੀ ਸੀ... ਮਠਿਆਈ ਵੀ ਮਿਲਦੀ ਸੀ... ਦੁੱਧ ਵੀ ਮਿਲਦਾ ਸੀ...।"

"ਤੂੰ ਕੰਮ ਕੀ ਕਰਦੀ ਸੀ ?"

"ਬਾਬੇ ਜੀ ਦੀਆਂ ਲੱਤਾਂ ਘੁੱਟਦੀ ਹੁੰਦੀ ਸੀ... ਬਾਬਾ ਜੀ ਬੜਾ ਖੁਸ਼ ਹੁੰਦਾ ਸੀ... ਉਹ ਮੈਨੂੰ ਬੜਾ ਪਿਆਰ ਕਰਦਾ ਹੁੰਦਾ ਸੀ...।" ਉਸ ਦੋਵੇਂ ਬਾਹਾਂ ਫੈਲਾ ਕੇ ਪਿਆਰ ਦੀ ਮਿਕਦਾਰ ਦੱਸੀ।

"ਫੇਰ ਤੂੰ ਸੜਕਾਂ ਤੇ ਕਿਉਂ ਘੁੰਮਣ ਲੱਗ ਪਈ ?" ਉਸ ਦੀਆਂ ਅੱਖਾਂ ਵਿਚਲੀ ਮਾਸੂਮੀਅਤ ਨੂੰ ਪੜ੍ਹਦਿਆਂ ਮੈਂ ਪੁੱਛਿਆ।

"ਬਾਬਾ ਜੀ ਕਹਿੰਦਾ ਸੀ ਤੂੰ ਵੱਡੀ ਹੋ ਗਈ ਏ... ਤੂੰ ਹੁਣ ਇੱਥੋਂ ਚਲੇ ਜਾ...।"

"ਤੂੰ ਉੱਥੇ ਰਹੀ ਕਿੰਨਾ ਚਿਰ ਸੀ...?" ਦੰਦਾਂ ਨਾਲ ਉਪਰਲਾ ਬੁੱਲ ਟੁੱਕ ਰਹੀ ਨੂੰ ਮੈਂ ਫੇਰ ਪੁੱਛਿਆ।

"ਕਿੰਨਾ ਆ ਈ ਚਿਰ...।" ਤੇ ਉਹ ਸੱਜੇ ਹੱਥ ਦੀਆਂ ਉਂਗਲਾ ਨਾਲ ਖੱਬੇ ਹੱਥ ਦੀਆਂ ਉਂਗਲੀਆਂ ਦੇ ਪੋਟੇ ਕੁਝ ਗਿਣਨ ਜਿਹੇ ਵਾਂਗ ਕਰਨ ਲੱਗੀ।

***

ਨਿਕੇਤਨ ਦੀ ਚਾਰ ਦੀਵਾਰੀ ਅੰਦਰ ਤਾਈ ਸ਼ਿਵਦੇਈ ਕੋਲ ਦੋ ਹੀ ਆਹਰ ਸਨ ਸੁੱਖੋ ਦੀ ਧੀ ਦੀ ਪਾਲਣਾ ਕਰਨੀ ਤੇ ਗੁਲਾਬ ਉਗਾਉਣੇ। ਗੁਲਾਬ ਦੀ ਸ਼ੌਕੀਨ ਉਹ ਸੁੱਖੋ ਦੇ ਨਾਲ ਨਾਲ ਉਸ ਦੀ ਧੀ ਨੂੰ ਵੀ ਇੱਕ ਗੁਲਾਬ ਹੀ ਤਾਂ ਸਮਝਦੀ ਸੀ। ਤਦੇ ਉਸ ਦਾ ਨਾਂ ਗੁਲਾਬ ਰੱਖਿਆ ਹੋਇਆ ਸੀ। ਖੱਬੀ ਬਾਂਹ ਨਾਲ ਜੇਕਰ ਉਸ ਗੁਲਾਬ ਨੂੰ ਫੜਿਆ ਹੋਇਆ ਹੁੰਦਾ ਤਾਂ ਸੱਜੇ ਹੱਥ ਵਿੱਚ ਖੁਰਪੀ ਲਈ ਉਹ ਗੁਲਾਬਾਂ ਦੀਆਂ ਕਿਆਰੀਆਂ ਗੁੱਡ ਰਹੀ ਹੁੰਦੀ ... ਕਦੇ ਇੱਕ ਕਿਆਰੀ ਵਿੱਚੋ ਤੇ ਕਦੇ ਦੂਜੀ ਕਿਆਰੀ ਵਿੱਚੋਂ ਘਾਹ ਪੱਟਦੀ ਉੱਥੇ ਵਿੱਚ ਵਿਚਕਾਰ ਇੱਕ ਤਖ਼ਤੀ ਲੱਗੀ ਹੋਈ ਸੀ। ਉਸ ਉੱਪਰ ਲਿਖਿਆ ਹੋਇਆ ਸੀ 'ਲਿਟਲ ਰੋਜ਼ੇਜ਼'। ਨਾਲ ਹੀ ਪਰਲੇ ਹੱਥ ਸ਼ੋਖ ਭਾਅ ਮਾਰਦਾ ਫੁੱਲਦਾਰ ਗੁਲਾਬ ਦਾ ਬੂਟਾ ਸੀ। ਉਸ ਬੂਟੇ ਦੇ ਨਾਲ ਲੱਗੀ ਤਖ਼ਤੀ ਤੇ 'ਪੇਰੇਂਟ ਗੁਲਾਬ' ਲਿਖਿਆ ਹੋਇਆ ਸੀ।

'ਪੇਰੇਂਟ ਗੁਲਾਬ...?'

'ਹਾਂ -ਹਾਂ, ਪੇਰੇਂਟ ਗੁਲਾਬ ... ਤੇ ਉਹ ਵੇਖ ਪਰ੍ਹਾਂ 'ਲਿਟਲ ਰੋਜ਼ੇਜ਼' ਬੜੀ ਉਮੰਗ ਨਾਲ ਵਾਰਡ ਸਾਹਿਬ ਨੇ ਜਵਾਬ ਦਿੱਤਾ ਸੀ।

ਖੁਰਪੀ ਜ਼ਮੀਨ ਤੇ ਰੱਖ ਕੇ, ਗੋਡਿਆਂ ਨੂੰ ਸਹਾਰਾ ਦਿੰਦੀ ਹੋਈ ਤਾਈ ਬੜੇ ਅਦਬ ਨਾਲ ਉੱਠ ਖਲੋਤੀ ਸੀ। ਝੁਰੜੀਆਂ ਉੱਭਰ ਆਈਆਂ ਸਨ ਉਹਦੇ ਚਿਹਰੇ 'ਤੇ। ਦੇਹ ਵੀ ਕੰਬ ਰਹੀ ਸੀ। ਚਾਂਦੀ ਰੰਗੇ ਵਾਲ਼। ਉਸ ਵਕਤ ਉਹ ਮੈਨੂੰ ਕਿਸੇ ਜੋਗਣ ਤੋਂ ਘੱਟ ਨਹੀਂ ਸੀ ਲੱਗੀ ਇੱਕ ਤਪਸਵਨੀ ਜਿਹੀ ਤਾਈ ਸ਼ਿਵਦੇਈ।

ਵਾਰਡਨ ਸਾਹਿਬ ਨੇ ਦੱਸਿਆ। ਉਹ ਸਾਰੇ ਗੁਲਾਬ ਤਾਈ ਸ਼ਿਵਦੇਈ ਨੇ ਹੀ ਉਗਾਏ ਸਨ। ਉਹਨਾ ਗੁਲਾਬਾਂ ਦੀਆਂ ਕਿਆਰੀਆਂ ਉੱਪਰ ਕੋਈ ਵੀ ਮੌਸਮ ਆਪਣਾ ਪ੍ਰਭਾਵ ਨਹੀਂ ਸੀ ਪਾਉਂਦਾ ... ਉਹ ਹਾਰ ਜਾਂਦਾ ਸੀ ਉਸ ਦੇ ਸਿਦਕ ਅਤੇ ਸਿਰੜ ਅੱਗੇ। ਮਮਤਾ ਦੀ ਛਾਂ ਹਮੇਸ਼ਾਂ ਉਹਨਾਂ ਗੁਲਾਬਾਂ ਤੇ ਮਿਹਰ ਕਰਦੀ... ਉਹਨਾਂ ਨੂੰ ਠੰਡਕ ਪਹੁੰਚਾਉਂਦੀ ... ਉਹਨਾਂ ਨੂੰ ਪਲੋਸਦੀ।

ਸ਼ਹਿਰ ਵਿੱਚ ਜਦੋਂ ਵੀ ਕਿਸੇ ਦੇ ਬੱਚੇ ਦਾ ਜਨਮ ਦਿਨ ਹੁੰਦਾ, ਜਾਂ ਬੱਚਿਆਂ ਨਾਲ ਸੰਬੰਧਤ ਖੁਸ਼ੀ ਦਾ

ਕੋਈ ਮੌਕਾ ਹੁੰਦਾ ਤਾਂ ਉਹਨਾਂ ਨੂੰ ਭੇਂਟ ਕਰਨ ਲਈ ਗੁਲਦਸਤਾ ਇੱਥੋਂ ਤਾਈ ਦੇ ਫੁੱਲਾਂ ਦਾ ਹੀ ਬਣਵਾ ਕੇ ਲਿਜਾਇਆ ਜਾਂਦਾ। ਤਾਈ ਚਾਈਂ-ਚਾਈਂ ਆਪਣੇ ਹੱਥਾਂ ਨਾਲ ਗੁਲਦਸਤਾ ਬਣਾਉਂਦੀ...। ਉਹ ਸੁਰਖ ਪੱਤੀਆਂ ਨੂੰ ਢੇਰ ਸਾਰਾ ਅਸ਼ੀਰਵਾਦ ਦੇ ਕੇ ਭੇਜਦੀ ਤੇ ਬੱਚੇ ਦੀ ਲੰਮੀ ਉਮਰ ਦੀ ਕਾਮਨਾ ਕਰਦੀ।

ਮੇਰੇ ਦਿਮਾਗ਼ ਵਿੱਚ ਇਹ ਸਵਾਲ ਇੱਕ ਦਮ ਫਿੱਟ ਹੋ ਗਿਆ, "ਆਖਿਰ ਮਾਂ ਬਾਪ ਆਪਣੇ ਬੱਚਿਆ ਲਈ ਇਹ ਗੁਲਾਬ ਕਿਉਂ ਮੰਗਵਾਉਂਦੇ ਹਨ ? ... ਇਸ ਦਾ ਰਾਜ਼ ... ਇਸ ਦਾ ਮਹੱਤਵ ...?'

***

ਅੱਜ ਮੇਰੀ ਡਿਊਟੀ ਦਿਨ ਦੀ ਸੀ। ਮੈਂ ਵਾਰਡਨ ਸਾਹਿਬ ਕੋਲ ਗਈ। ਉਕਤ ਸਵਾਲ ਦਾ ਜਵਾਬ ਉਹਨਾਂ ਤੋਂ ਜਾਣਨਾ ਚਾਹਿਆ। ਸਵਾਲ ਸੁਣ ਕੇ ਉਹ ਮੈਨੂੰ ਤਾਈ ਸ਼ਿਵਦੇਈ ਕੋਲ ਲੈ ਆਏ। ਉਹਨਾਂ ਮੈਨੂੰ ਤਾਕੀਦ ਕੀਤੀ ਕਿ ਮੈਂ ਖੁਦ ਹੀ ਉਸ ਕੋਲੋਂ ਪੁੱਛ ਲਵਾਂ।

ਮੈਂ ਆਪਣਾ ਸਵਾਲ ਖ਼ਤਮ ਕੀਤਾ ਹੀ ਸੀ ਕਿ ਗੋਡਿਆਂ ਵਿੱਚ ਸਿਰ ਦੇ ਕੇ ਉਹ ਤਪਸਵਨੀ ਹਟਕੋਰੇ ਭਰਨ ਲੱਗ ਪਈ। ਉਸ ਦੀ ਇਹ ਦਸ਼ਾ ਦੇਖ ਮੇਰੀ ਦੇਹ ਝੂਠੀ ਜਿਹੀ ਪੈਣ ਨੂੰ ਹੋ ਗਈ, ਪਰ ਫਿਰ ਵੀ ਬੜੇ ਹੌਸਲੇ ਨਾਲ ਮੈਂ ਉਸ ਦੀ ਪਿੱਠ ਪਲੋਸੀ। ਉਸ ਨੂੰ ਹੌਸਲਾ ਦਿੱਤਾ। ਉਹ ਥੋੜਾ ਸੰਵਰੀ। ਹੌਕਾਂ ਭਰਿਆ ਤੇ ਕਹਿਣ ਲੱਗੀ, "ਮੈਂ ਘਰਾਂ 'ਚ ਚੌਂਕਾ-ਭਾਂਡਾ ਕਰ ਕੇ ਤੋਰੀ ਫੁਲਕੇ ਦਾ ਜੁਗਾੜ ਕਰਦੀ ਸੀ... ਤਿੰਨ ਧੀਆਂ ਸੀ ਮੇਰੀਆਂ...ਵੱਡੀ ਰਤਾਂ ਤਕੜੀ ਸੀ ਤੇ ਛੋਟੀਆਂ ਦੋਵੇਂ ਜੌੜੀਆਂ... ਨਿਆਣੀਆਂ... ਘਰ ਵਾਲਾ ਵਿਹਲੜ ... ਅਲਾਮਤੀ ... ਪਹਿਲਾਂ ਟਰੱਕ ਦੀ ਕਲੀਨਰੀ ਕਰਦਾ ਹੁੰਦਾ ਸੀ... ਡਰੈਵਰ ਉਸ ਦੇ ਮਿੱਤਰ ਬੇਲੀ... ਦੜੇ ਸੱਟੇ ਆਲਿਆ ਦਾ ਸੂਹੀਆ... ਕੁੜੀਏ-ਕੰਜਰਖਾਨਾ ਕਰਨ ਨੂੰ ਹੋਰ ਥਾਂ ਨਾ ਲੱਭਦੀ ਤਾਂ ਮੰਡਲੀ ਨੂੰ ਘਰੇ ਲੈ ਆਉਂਦਾ- ਮੋਇਆ ਨਖਤਰਾ...।

'ਕਰਮਾਂ ਸੜੀ ਮੈਂ ... ਉਸ ਨੂੰ ਪਿਆਰ ਨਾਲ ਸਮਝਾਉਂਦੀ... ਨਹੌਰੀ ਨਾਲ ਇਸ਼ਾਰੇ ਕਰਦੀ... ਕਦੇ ਲੜ ਵੀ ਪੈਂਦੀ, ਪਰ ਉਸ ਨਖੱਟੂ ਦੇ ਕਦੇ ਜੂੰ ਤੱਕ ਨਈਂ ਸਰਕੀ ਕੰਨਾਂ 'ਤੇ... ਜੰਮਦਿਆਂ ਨੂੰ ਖਾਣਾ...।"

ਉਹਦੇ ਘਰ ਦੇ ਕੋਈ ਨ੍ਹੀ ਸਨ ਜਿਹੜੇ ਉਹਨੂੰ ਅਜਿਹੀਆਂ ਹਰਕਤਾਂ ਤੋਂ ਵਰਜਦੇ...?' ਮੈਂ ਉਸ ਦੀ ਗੱਲ ਵਿੱਚ ਦਿਲਚਸਪੀ ਲੈਂਦਿਆਂ ਪੁੱਛਿਆ।

'ਧੀਏ, ਸਾਰੇ ਈ ਹੈਗੇ ਸੀ... ਕੁੱਤਾ ਕੋੜ੍ਹਮਾ, ਪਰ ਇੱਦਾਂ ਦੇ ਨੂੰ ਕੌਣ ਮੂੰਹ ਲਾਉਂਦਾ... ਉਹਨਾਂ ਨੇ ਟੱਬਰ ਸਮੇਤ ਘਰੋਂ ਕੱਢ ਮਾਰਿਆ। ਅੱਡ ਹੋ ਕੇ ਵੀ ਸ਼ਰਮ ਨ੍ਹੀ ਆਈ... ਸਗੋਂ ਹੋਰ ਚੌੜਾ ਹੋ ਗਿਆ... ਸ਼ਰਾਬੀ ਹੋ ਕੇ ਘਰ ਪਰਤਣਾ ਤੇ ਮੇਰੇ 'ਤੇ ਹੱਥ ਚੁੱਕਣਾ-ਉਸਦਾ ਨਿੱਤ ਦਾ ਹੀ ਕੰਮ ਹੋ ਗਿਆ ਸੀ...।'

ਆਪਣੀ ਕਹਾਣੀ ਬਿਆਨ ਕਰਦੀ ਕਦੇ ਉਹ ਜ਼ਮੀਨ ਖੁਰਚਣ ਜਿਹੀ ਲੱਗ ਪੈਂਦੀ, ਕਦੇ ਸੱਜੇ ਹੱਥ ਦੇ ਅੰਗੂਠੇ ਨਾਲ ਧਰਤੀ 'ਤੇ ਲੀਕਾਂ ਮਾਰਨ ਲੱਗ ਪੈਂਦੀ। ਹੋਰ ਅੱਗੇ ਜਾਨਣ ਦੀ ਇੱਛਾ ਨਾਲ ਮੈਂ ਕਿਹਾ-

'ਫੇਰ?'

'ਫੇਰ ਕੀ ਕੁੜੀਏ, ਇੱਕ ਦਿਨ ਤਾਂ ਉਸ ਹੱਦ ਹੀ ਮੁਕਾ ਦਿੱਤੀ... ਮੇਰਾ ਸੱਜਾ ਗੁੱਟ ਤੋੜ ਦਿੱਤਾ ਤੇ ਚੀਕ-ਚੀਕ ਕੇ ਕਹਿਣ ਲੱਗਾ, "ਵੱਡੀ ਨੂੰ ਜੇ ਕਰ ਕੰਮ ਤੇ ਲੈ ਕੇ ਗਈ ਤਾਂ ਮੈਂ ਤੁਹਾਨੂੰ ਦੋਹਾਂ ਨੂੰ ਲੰਮੀਆਂ ਪਾਊਂ...। ਸਾਲੀਆਂ ਰੋਟੀ ਕਮੌਣ ਦੀਆਂ... ਪਤਾ ਨ੍ਹੀਂ ਕਿੱਥੇ ਕਿੱਥੇ ਖੇਹ ਖਾ ਕੇ ਆਉਂਦੀਆਂ ... ਇਹ ਕਹਿੰਦਿਆਂ ਉਸ ਵੱਡੀ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ...

'ਮੇਰੇ ਅੰਦਰਲਾ ਚੋਰ ਹੋਰ ਪੱਕਾ ਹੋ ਗਿਆ... ਉਸਦੀ ਨੀਯਤ ਤੇ ਮੇਰਾ ਸ਼ੱਕ ਯਕੀਨ ਵਿੱਚ ਬਦਲ ਗਿਆ... ਉਹ ਕਲਯੁਗੀ ਆਪਣੀ ਧੀ ਤੇ ਹੀ ਨਜ਼ਰ ਰੱਖਣ ਲੱਗ ਪਿਆ ਸੀ... ਮੈਂ ਉਸ ਦੀ ਗੱਲ ਨਹੀਂ ਮੰਨੀ ਤੇ ਕੁੜੀ ਨੂੰ ਨਾਲ ਲੈ ਕੇ ਜਾਂਦੀ ਰਹੀ... ਕਹਿੰਦਿਆਂ ਉਸ ਆਪਣੇ ਦੋਹਾਂ ਹੱਥਾਂ ਨਾਲ ਕਮੀਜ਼ ਦੇ ਮੂਹਰਲੇ ਪਾਸੇ ਦੇ ਦੋਵੇਂ ਕਿਨਾਰੇ ਫੜ ਕੇ ਪੱਲਾ ਉੱਚਾ ਕੀਤਾ। ਉਪਰੰਤ ਅੱਖਾਂ ਦੀਆਂ ਕੋਰਾਂ ਤੇ ਆ ਗਏ ਹੰਝੂਆਂ ਨੂੰ ਅਗੂੰਠੇ ਦੇ ਨਹੂੰਆ ਨਾਲ ਪੂੰਝਣ ਲੱਗ ਪਈ।





ਉਸ ਦੀਆਂ ਅੱਖਾਂ ਵਿੱਚ ਪਸਰੀ ਬੇਬਸੀ ਨੂੰ ਪੜ੍ਹਦਿਆਂ ਮੈਂ ਫੇਰ ਗੱਲ ਅੱਗੇ ਤੋਰਨੀ ਚਾਹੀ ਪਰ ਉਹ ਆਪ ਹੀ ਬੋਲ ਪਈ,

'ਉਸ ਦਿਨ ਅਸੀਂ ਮਾਂ-ਧੀ ਘਰ ਪਰਤੀਆਂ... ਅੱਗਿਉਂ ਉਹ ਮਹਿਫਿਲ ਸਜਾਈ ਬੈਠਾ ਸੀ... ਗਲਾਸੀਆਂ ਖੜਕਦੀਆਂ ਪਈਆਂ ਸਨ। ਸਾਨੂੰ ਅੰਦਰ ਵੜਦੀਆਂ ਨੂੰ ਦੇਖ ਕੇ ਉਹ ਉੱਠਿਆ, ਕੁੜੀ ਵੱਲ ਨੂੰ ਹੋਇਆ, ਉਸ ਦੀ ਬਾਂਹ ਫੜ ਕੇ ਚੀਕਣ ਲੱਗਾ, "ਮਾਂਈ ਜ਼੍ਹਾਵੀਏ, ਇਹਨੂੰ ਧੰਦੇ 'ਚ ਲਾ ਦੇ... ਐਸ਼ ਕਰ ਐਸ਼ ... ਆਪ ਵੀ ਸੌਖੇ ਦਿਨ ਕੱਟ ਤੇ ਮੈਨੂੰ ਵੀ ਜਿਉਂ ਲੈਣ ਦੇ... ਸਾਰਾ ਦਿਨ ਜੂਠੇ ਭਾਂਡੇ ਮਾਂਜ-ਮਾਂਜ ਕੇ ਮਹੀਨੇ ਮਗਰੋਂ ਪੰਜਾਹ ਰੁਪਏ ਵੀ ਨਹੀਂ ਲਿਆ ਸਕਦੀ ਕੰਜਰ ਦੀ... ਕਰਦੇ ਇਹਨੂੰ ਇੱਧਰ... ਦਸ ਵੀ ਭੁਗਤਾਊ ਤਾਂ ਦੇਖ, ਦੂਜੇ ਪਲ ਈ ਲਹਿਰਾਂ-ਬਹਿਰਾਂ ਹੋ ਜੂਗੀਆਂ...।"

ਉਸਦੀਆਂ ਇਹ ਗੱਲਾਂ ਸੁਣਕੇ ਮੇਰੇ ਹੋਸ਼ ਟਿਕਾਣੇ ਨਾ ਰਹੇ। ਉਹ ਹੋਰ ਅੱਗਿਓਂ ਬੋਲੀ-

'ਉਹਦੀਆਂ ਗੱਲਾਂ ਸੁਣ ਅਸੀਂ ਮਾਵਾਂ-ਧੀਆਂ ਬਾਹਰ ਵਰਾਂਡੇ ਵਿੱਚ ਆ ਗਈਆਂ... ਹੋਸ਼ ਤਾਂ ਸਾਡੇ ਉੱਡ ਹੀ ਗਏ ਸਨ... ਸਾਰੀ ਰਾਤ ਅਸੀਂ ਤਾਰੇ ਗਿਣਦੀਆਂ ਨੇ ਲੰਘਾਈ... ਚਾਰੇ ਜਣੀਆਂ ਭੁੱਖੀਆਂ-ਭਾਣੀਆਂ... ਮੈਂ ਆਪੇ ਹੀ ਆਪਣੇ ਆਪ ਤੋਂ ਪ੍ਰਸ਼ਨ ਕਰਦੀ... ਆਪੇ ਹੀ ਜਵਾਬ ਦਿੰਦੀ... ਕਦੇ ਸੋਚਦੀ ਕਿੱਦਾਂ ਬਚਾਵਾਂ ਇਹਨਾਂ ਫੁੱਲ ਭਰ ਜਿੰਦਾ ਨੂੰ? ਕਿੱਥੇ ਲੁਕੋ ਲਵਾਂ ਇਹਨਾਂ ਨੂੰ ? ਜਿਸ ਦੇ ਲਹੂ ਮਾਸ ਦਾ ਇਹ ਅੰਸ਼ ਨੇ ਉਹੀ ਇਹਨਾਂ ਨਾਲ ਖੇਡ ਰਚਾਉਣੀ ਚਾਹ ਰਿਹੈ... ਦੁਨੀਆਂ ਨੂੰ ਕੀ ਦੋਸ਼! ਫੇਰ ਵਿਚਾਰ ਆਇਆ ਕਿਉਂ ਨਾ ਇਹਨਾਂ ਨੂੰ ਮੈਂ ਨਾਨਕੇ ਛੱਡ ਆਵਾਂ ?

' ਛੱਡ ਆਈ ਸੀ ਮੈਂ ਉਹਨਾਂ ਨੂੰ ਨਾਨਕੇ... ਗੱਲ ਕੋਈ ਨਹੀਂ ਸੀ ਦੱਸੀ ਮੈਂ... ਐਵੀਂ ਬਦਨਾਮੀ ਡਰੋਂ...' ਉਸ ਹਉਂਕਾਂ ਭਰਿਆ ਤੇ ਗੱਲ ਜਾਰੀ ਰੱਖਦਿਆਂ ਬੋਲੀ-

'ਹਫ਼ਤਾ ਦਸ ਦਿਨ ਚੰਗੇ ਨਿਕਲ ਗਏ ਸਨ। ਉਹ ਦਾਰੂ-ਸਿੱਕਾ ਤਾਂ ਚਲਾਉਂਦਾ ਪਰ ਕੁੜੀ ਬਾਰੇ ਕੁੱਝ ਨਾ ਪੁੱਛਿਆ... ਫੇਰ ਇੱਕ ਦੁਪਹਿਰਾ ਧੀਏ... ਹਾਂਅ, ਉਸ ਕਾਲੀ ਬੋਲੀ ਦੁਪਹਿਰ ਨੂੰ... ਸੂਰਜ ਦੀ ਰੌਸ਼ਨੀ ਦਰਮਿਆਨ ਵੀ ਹਨ੍ਹੇਰਾ ਪੱਸਰ ਗਿਆ ਸੀ... ਘਰ ਪਰਤੀ ਤਾਂ ਕੀ ਦੇਖਦੀ ਆਂ ਕੁੜੀ ਫਰਸ਼ ਤੇ ਹਾਲੋਂ ਬੇਹਾਲ ਹੋਈ ਪਈ ਸੀ ਤੇ ਮੁੱਠੀ ਵਿੱਚ ਪੰਜਾਹ-ਪੰਜਾਹ ਦੇ ਦੋ ਨੋਟ...

"ਸਭ ਕੁਝ ਸਮਝ ਗਈ... ਪੂਰਾ ਘਰ ਚੱਕੇ ਵਾਂਗ ਘੁੰਮ ਗਿਆ ਨਜ਼ਰ ਦੇ ਸਾਹਮਣੇ... ਕੁੜੀ ਨੂੰ ਉਠਾਇਆ... ਪਾਣੀ ਦੇ ਛਿੱਟੇ ਉਸ ਦੀਆਂ ਅੱਖਾਂ 'ਤੇ ਮਾਰੇ ... ਘੁੱਟ ਕੁ ਪਾਣੀ ਪਿਲਾਇਆ ਵੀ। ਉਸ ਅੱਖਾਂ ਪੱਟੀਆਂ ਤੇ ਧਾਹ ਕੇ ਮੈਨੂੰ ਚੰਬੜ ਗਈ, "ਮਾਂ, ਓਹ ਕਹਿੰਦਾ ਸੀ, ਘਰ ਚੱਲ, ਤੇਰੀ ਮਾਂ ਹਸਪਤਾਲ ਦਾਖਲ ਏ... ਮਾਂ, ਮੈਂ ਕਿੱਧਰੇ ਜੋਗੀ ਨਹੀਂ ਰਹੀ... ਮਾਂ, ਉਹ ਉਹਨਾਂ ਮਿੱਤਰਾਂ ਨਾਲ ਬਾਹਰ ਚਲਾ ਗਿਆ।"

'ਉਸ ਰਾਤ ਮੈਂ ਸੌਂ ਨਾ ਸਕੀ... ਮੈਨੂੰ ਅਸਮਾਨ ਵਿੱਚ ਅੱਗ ਹੀ ਅੱਗ ਦਿਖਾਈ ਦੇ ਰਹੀ ਸੀ... ਕੌਣ ਕਰੂਗਾ ਇਹਨਾਂ ਤਿੰਨਾਂ ਦੀ ਰੱਖਿਆ ? ਸਕਾ ਬਾਪ ਤਾਂ ਦਲਾਲੀ ਕਰਨ ਤੇ ਉਤਰ ਆਇਆ... ਕੀ ਕੋਠੇ ਤੇ ਪਹੁੰਚਾਉਣ ਵਿੱਚ ਉਹ ਕੋਈ ਕਸਰ ਰੱਖੇਗਾ ? ਬੇਯਕੀਨਾ ਆਦਮੀ, ਸੰਵੇਦਨਹੀਣ ਬਾਪ... ਰੱਬਾ! ਮੈਨੂੰ ਤਾਂ ਤੇਰੇ ਉਪਰ ਵੀ ਭਰੋਸਾ ਨਹੀਂ ਰਿਹਾ ... ਕਿਹੋ ਜਿਹਾ ਬਾਪ ਬਣਾਇਆ ਏ ਤੂੰ ਉਸਨੂੰ ...? ... ਮੈਂ ਅੰਦਰੇ ਅੰਦਰ ਕੁਰਲਾਉਂਦੀ ਰਹੀ... ਕਿਵੇਂ ਬਚਾਵਾਂ ਆਪਣੀਆਂ ਮਾਸੂਮ ਬਾਲੜੀਆਂ ਨੂੰ ਵੇਸਵਾਵਾਂ ਬਣਨ ਤੋਂ ? ਗਰੀਬੀ ਕਿਧਰੇ ਮੈਨੂੰ ਲਾਚਾਰ ਹੀ ਨਾ ਬਣਾ ਦੇਵੇ ...।' ਉਹ ਇਕ ਦਮ ਉੱਠੀ , ਥੋੜਾ ਪਿਛਾਂਹ ਹੋਈ ਤੇ ਕੰਧ ਨਾਲ ਢੋਅ ਲਾ ਕੇ ਖਲੋ ਗਈ।

'ਮੈਨੂੰ ਇੱਕੋ ਹੀ ਉਪਾਅ ਸੁੱਝਾ ਉਹਨਾਂ ਨੂੰ ਨਰਕ ਤੋਂ ਮੁਕਤੀ ਦਵਾਉਣ ਦਾ... ਤਿੰਨਾਂ ਨੂੰ ਕਲਾਵੇ 'ਚ ਲੈ ਕੇ ਮੈਂ ਤੇਲ ਦੀ ਪੂਰੀ ਕੈਨੀ ਉੱਪਰ ਉਲਟ ਲਈ ਉਹਨਾਂ ਨੂੰ ਤੀਲੀ ਦਖਾ ਦਿੱਤੀ... ਅੱਗ ਭਾਂਅ ਭਾਂਅ ਕਰਕੇ ਬਲ ਉੱਠੀ, ਚੀਕਦੀਆਂ ਹੋਈਆਂ ਉਹ ਮੈਨੂੰ ਧਾਹ ਚੰਬੜੀਆਂ, ਮੈਨੂੰ ਵੀ ਅੱਗ ਲੱਗ ਗਈ... ਹਾਅ ਇਹ ਮੈਂ ਕੀ ਕਰ ਬੈਠੀ ? ਦਰਵਾਜ਼ਾ ਖੋਲ੍ਹ ਕੇ ਬਾਹਰ ਵੱਲ ਨੂੰ ਭੱਜੀ...

'ਧੀਏ ਮੇਰੀਆਂ ਬੱਚੀਆਂ ਤਾਂ ਕੁਝ ਘੰਟੇ ਵੀ ਨਹੀਂ ਸਨ ਜੀ ਸਕੀਆਂ। ਹਸਪਤਾਲ ਵਿੱਚ ਤਿੰਨਾਂ ਦੀ ਹੀ ਮੌਤ ਹੋ ਗਈ...। ਮੈਂ ਬੱਚ ਗਈ ਹਤਿਆਰੀ ਡੈਣ... ਕਲੰਕਣ...।' ਬੋਲਦਿਆਂ ਬੋਲਦਿਆਂ ਉਹ ਕਦੇ ਅੱਖਾਂ ਮੀਟ ਲੈਂਦੀ, ਕਦੇ ਚੁੰਨੀ ਦਾ ਕਿਨਾਰਾ ਉਂਗਲਾਂ ਉੱਪਰ ਲਪੇਟਦੀ ਤੇ ਕਦੇ ਖੋਲ੍ਹਦੀ। ਅਗਾਂਹ ਦੀ ਗੱਲ ਸੁਨਾਉਣ ਲੱਗਿਆ ਉਸ ਕੰਧ ਦੇ ਨਾਲ-ਨਾਲ ਆਪਣੀਆਂ ਬਾਹਵਾਂ ਖਲਾਰ ਲਈਆਂ-

'ਸਿਰਫ ਪੁਲਿਸ ਕੋਲ ਹੀ ਨਹੀਂ, ਜੱਜ ਦੇ ਸਾਹਮਣੇ ਵੀ ਮੈਂ ਕਬੂਲ ਲਿਆ ਸੀ ਆਪਣਾ ਗੁਨਾਹ... ਮੈਂ ਕਹਿ ਦਿੱਤਾ ਸੀ। ਮੈਂ ਆਪਣੀਆਂ ਧੀਆਂ ਨੂੰ ਜਾਣ ਬੁੱਝ ਕੇ ਅੱਗ ਲਾਈ ਏ...।'

"ਅਦਾਲਤ ਨੇ ਤੇਰੇ ਕੋਲੋਂ ਇਹ ਸਭ ਕਰਨ ਦਾ ਕਾਰਣ ਨਹੀਂ ਸੀ ਪੁੱਛਿਆ ?"

"ਪੁੱਛਿਆ ਸੀ, ਮੇਰੇ ਸਹੀ ਜਵਾਬ ਤੇ ਯਕੀਨ ਨਹੀਂ ਕੀਤਾ ਗਿਆ... ਮੇਰੇ ਹੱਕ 'ਚੇ ਕੋਈ ਗਵਾਹ ਵੀ ਨਹੀਂ ਸੀ ਨਿਤਰਿਆ... ਮੇਰਾ ਅਪਰਾਧ ਜੁ ਜਾਹਰ ਸੀ... ਉਸ ਪਿਓ ਦੀ ਦਲਾਲੀ ਨੂੰ ਕਿਸੇ ਵੇਖਿਆ ਨਹੀਂ ਸੀ... ਮੈਂ ਸੀਖਾਂ ਅੰਦਰ ਸਾਂ ਤੇ ਦਲਾਲ ਸੀਖਾਂ ਤੋਂ ਬਾਹਰ ਕਿਸੇ ਹੋਰ ਦੀ ਦਲਾਲੀ ਕਰਨ ਲਈ ਸ਼ਾਇਦ ...'

***

ਤਾਈ ਸ਼ਿਵਦੇਈ ਨੇ ਕਮੀਜ਼ ਉੱਪਰ ਚੁੱਕ ਕੇ ਮੈਨੂੰ ਆਪਣੀ ਸੜੀ ਹੋਈ ਕਮਰ ਦਿਖਾਈ... ਚੁੰਨੀ ਪਰ੍ਹਾਂ ਕਰਕੇ ਸੜੀ ਹੋਈ ਛਾਤੀ ਦਿਖਾਈ... ਕਹਿਣ ਲੱਗੀ- 'ਜਿਉਣ ਜੋਗੀਏ, ਇਹ ਕਮਰ ਦਾ ਸਾੜ ਤਾਂ ਪਿਆ ਕਿ ਨਿੱਕੀਆਂ ਦੋਵੇਂ ਮੇਰੇ ਦਵਾਲੇ ਬਾਹਾਂ ਕਰਕੇ ਚੰਬੜ ਗਈਆਂ ਸਨ ਤੇ ਇਹ ਛਾਤੀ ਉੱਤੇ ? ਇੱਥੇ ਵੱਡੀ ਨੇ ਸੜਦਾ ਹੋਇਆ ਮੂੰਹ ਰੱਖਿਆ ਸੀ... ਤਰਲੇ ਲੈ ਰਹੀਆਂ ਸਨ ਮੇਰੀਆਂ ਬੱਚੀਆਂ ਪਰ ਮੈਂ ਰਾਹਤ ਮਹਿਸੂਸ ਕਰ ਰਹੀ ਸੀ... ਮੈਂ ਉਹਨਾਂ ਨੂੰ ਰੋਜ ਕਤਲ ਹੋਣ ਤੋਂ ਬਚਾ ਲਿਆ ਸੀ... ਉਸ ਦਲਾਲ ਕੋਲ ਮੈਂ ਉਹਨਾਂ ਦੀ ਰਤ ਪੀਣ ਜੋਗੀ ਰਹਿਣ ਹੀ ਨਹੀਂ ਸੀ ਦਿੱਤੀ...।' ਉਹ ਚੁੱਪ ਕਰ ਗਈ ਸੀ। ਥਕਾਵਟ ਦੇ ਚਿੰਨ੍ਹ ਉਸਦੇ ਸਾਰੇ ਸਰੀਰ ਤੇ ਹੀ ਹੰਭਲਾ ਮਾਰ ਬੈਠੇ ਸਨ। ਉਹ ਕਮਰੇ ਅੰਦਰ ਚਲੀ ਗਈ ਤੇ ਮੈਂ ਆਪਣੇ ਡਿਊਟੀ ਰੂਮ ਵਿੱਚ ਆ ਗਈ।

ਮੇਰੇ ਡਿਊਟੀ ਰੂਪ ਦੇ ਨਾਲ ਹੀ ਵਾਰਡਨ ਸਾਹਿਬ ਦਾ ਕਮਰਾ ਸੀ। ਝਟ ਕੁ ਬਾਅਦ ਮੈਂ ਉੱਥੇ ਚਲੇ ਗਈ। ਗੁਲਾਬ ਲਾਉਣ ਦਾ ਰਾਜ਼ ਉਹਨਾਂ ਤੋਂ ਪੁੱਛਿਆ। ਕਹਿਣ ਲੱਗੇ-

'ਇੱਕ ਦਿਨ ਮੈਂ ਸ਼ਿਵਦੇਈ ਨੂੰ ਪਛਤਾਵੇਂ ਦੀ ਅੱਗ ਵਿੱਚ ਸੜਦਿਆਂ ਦੇਖਿਆ ਉਹ ਬੜੀ ਹੀ ਬੇਬਸ ਜਿਹੀ ਹੋ ਕੇ ਹੱਥ ਪੈਰ ਮਾਰ ਰਹੀ ਸੀ। ਕਾਰਣ ਪੁੱਛਿਆ ਤਾਂ ਡੌਰ-ਭੌਰ ਹੋਈ ਏਧਰ ਉਧਰ ਟਹਿਲਣ ਲੱਗੀ... ਫੇਰ ਮੈਂ ਉਸਨੂੰ ਸੁਝਾਅ ਦਿੱਤਾ ਕਿ ਜਦੋਂ ਜ਼ੇਲ ਕੱਟ ਕੇ ਨਿਕੇਤਨ ਵਿੱਚ ਆ ਹੀ ਗਈ ਏਂ ਤਾਂ ਕੁੱਝ ਸਾਰਥਕ ਕਰ... ਅਜਿਹਾ ਕਿ ਤੇਰਾ ਕੰਮ ਉਦਾਹਰਣ ਬਣ ਜਾਵੇ। ਇਸ ਅੰਦਰ ਉਤਸੁਕਤਾ ਪੈਦਾ ਹੋਈ। ਮੈਂ ਇਸਦੀ ਰੁਚੀ ਬਾਰੇ ਪੁੱਛਿਆ ਤਾਂ ਕਹਿਣ ਲੱਗੀ ਕਿ ਮੈਨੂੰ ਬੂਟੇ ਲਾਉਣੇ ਚੰਗੇ ਲਗਦੇ ਹਨ... ਪਰ ਨਾਲ ਹੀ ਧਾਹਾਂ ਮਾਰਨ ਲੱਗੀ, ਮੈਂ ਆਪਣੇ ਲਾਏ ਬੂਟੇ ਆਪੇ ਪੱਟ ਛੱਡੇ ਪਤਾ ਨਈਂ ਮੇਰੇ ਉਹਨਾਂ ਬੂਟਿਆਂ ਦੀ ਖ਼ੁਸ਼ਬੂ ਕਿੱਥੋਂ ਕਿੱਥੋਂ ਤੱਕ ਜਾਣੀ ਸੀ।

"ਮੈਂ ਉਸ ਨੂੰ ਹੌਸਲਾ ਦਿੱਤਾ ਕਿ ਤੇਰੇ ਉਗਾਏ ਫੁੱਲਾਂ ਦੀ ਖ਼ੁਸ਼ਬੂ ਹੁਣ ਦੂਰ ਦੂਰ ਤੱਕ ਜਾਵੇਗੀ। ਤੂੰ ਗੁਲਾਬ ਉਗਾ। ਨਿਕੇਤਨ ਅੰਦਰ ਤੈਨੂੰ ਜ਼ਮੀਨ ਵੀ ਦੇਵਾਂਗੇ ਤੇ ਟ੍ਰੇਨਿੰਗ ਵੀ। ਇੰਜ ਇੱਕ ਇੱਕ ਸੁਰਖ ਗੁਲਾਬ ਉਸ ਦੀਆਂ ਬੱਚੀਆਂ ਦੇ ਰੂਪ ਵਿੱਚ ਫੇਰ ਜਨਮ ਲਵੇਗਾ... ਉਸ ਦੇ ਹੱਥਾਂ ਦੀ ਕੁੱਖ ਉਹਨਾਂ ਨੂੰ ਸੰਸਾਰ ਦਾ ਮੂੰਹ ਦਿਖਾਵੇਗੀ... ਉਹ ਜੀਅ ਸਕੇਗੀ ਆਪਣੀਆਂ ਬੱਚੀਆਂ ਸੰਗ ਗੁਲਾਬਾਂ ਦੀ ਸ਼ਕਲ ਵਿੱਚ ਉਹਨਾਂ ਦੀ ਮਹਿਕ ਨਾਲ...।"

ਮੈਨੂੰ ਸਾਰੀ ਕਹਾਣੀ ਸਮਝ ਲੱਗ ਗਈ ਸੀ। ਕਿਉਂ ਤਾਈ ਸ਼ਿਵਦੇਈ ਗੁਲਾਬ ਉਗਾਉਂਦੀ ਸੀ ...? ਕਿਉਂ ਉਹ ਸੁੱਖੋ ਦੀ ਕੁੜੀ ਨੂੰ ਲਾਡ ਲਡਾਉਂਦੀ ਸੀ ...? ਤਾਈ ਸ਼ਿਵਦੇਈ ਦੇ ਵਿਵਹਾਰ ਨੇ ਮੈਨੂੰ ਧੁਰ-





ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ ਸੀ। ਮੈਂ ਕਿਧਰੇ ਹੋਰ ਹੀ ਗਵਾਚ ਗਈ ਸੀ। ਉਸ ਕਿਤਾਬ ਦੇ ਕਾਲੇ ਪੰਨੇ ਇੱਕ ਵਾਰ ਫੇਰ ਉਲਟ ਹੋਣ ਲੱਗੇ... ਉਹ ਪੰਨੇ ਜਿਨ੍ਹਾਂ ਦੀ ਸਿਆਹੀ ਹੱਥ ਕਾਲੇ ਕਰਦੀ ਹੈ, ਸਵਾਦ ਕਾਲਾ ਕਰਦੀ ਹੈ... ਨਾੜੀਆਂ ਵਿੱਚ ਜੰਮ ਗਏ ਲਹੂ ਵਾਂਗ ਇਹ ਕਾਲਖ਼ ਵੀ ਪੋਰ ਪੋਰ ਵਿੱਚ ਜੰਮ ਜਾਂਦੀ ਹੈ। ਸੰਪੂਰਣ ਚੇਤਨਾ ਕਿਸੇ ਉਨਮਾਦੀ ਵਾਵਰੋਲੇ ਵਾਂਗ ਸਾਂਅ-ਸਾਂਅ ਕਰਦੀ ਮੈਨੂੰ ਹਲੂਣਦੀ ਏ... ਮੈਂ ਅੰਦਰੇ ਅੰਦਰ ਚੀਕ ਉਠਦੀ ਹਾਂ- ਮੇਰੀ ਪੂਜਾ ਨਾ ਕਰੋ... ਮੈਨੂੰ ਇਨਸਾਨ ਹੀ ਰਹਿਣ ਦਿਉ...।

***

ਕਿਸੇ ਭੈੜੇ ਅਤੇ ਡਰਾਉਣੇ ਸੁਫਨੇ ਦੀਆਂ ਕੁਰੂਪ ਯਾਦਾਂ... ਉਹਨਾਂ ਯਾਦਾਂ ਦੀਆਂ ਆਤਮਾਵਾਂ ਮੇਰੇ ਅੰਦਰ ਜਦੋਂ ਵੀ ਉਧੜਨ ਲਈ... ਉਘੜਨ ਲਈ ਬੇਚੈਨ ਹੋ ਜਾਂਦੀਆਂ ਹਨ, ਉਹਨਾਂ ਨੂੰ ਪ੍ਰਗਟਾਉਣ ਲਈ ਹੱਥ ਪੈਰ ਮਾਰਦੀ ਹਾਂ... ਕੋਨੇ ਕੋਠੜੀਆਂ ਦੀ ਤਲਾਸ਼ ਕਰਦੀ ਹਾਂ... ਚੇਤੇ ਆਉਂਦੀਆਂ ਨੇ ਮੈਨੂੰ ਵੀ ਉਹ ਗਲੀਆਂ... ਉਹ ਲੋਕ... ਜਿਹੜੇ ਮੈਨੂੰ ਟੱਕਰੇ ਸਨ ਕਿਸੇ ਮੋੜ ਤੇ... ਮੈਂ ਉਲਝ ਗਈ ਸਾਂ ਹਮਦਰਦੀ ਦੀ ਖਾਤਰ ਕਿਤਿਓਂ ਵੀ ਹਮਦਰਦੀ ਤਲਾਸ਼ਣ ਦੀ ਖਾਤਰ ... ਉਹ ਸਨ ਵੀ ਮੇਰੇ ਆਪਣੇ ਈ... ਮੈਂ ਸੁੱਖੋ ਵਰਗੀ... ਤਾਈ ਸ਼ਿਵਦੇਈ ਦੀ ਧੀ ਵਰਗੀ... ਰੇਪ ... ਸਰੀਰਕ ਬਲਾਤਕਾਰ ... ਮਾਨਸਿਕ ਬਲਾਤਕਾਰ । ਦਿਨ ਦਿਹਾੜੇ। ਇਨਸਾਫ ਦੇ ਕਾਰਖਾਨੇ ਵਿੱਚ। ਨਿਯਮ ਤੇ ਕਾਨੂੰਨ ਬਨਾਉਣ ਵਾਲੇ ਕਾਰਖਾਨੇ ਵਿੱਚ। ਬੁਰਿਆਂ ਨੂੰ ਤਰਾਸ਼ ਕੇ ਚੰਗੇ ਬਨਾਉਣ ਵਾਲੇ ਕਾਰਖਾਨੇ ਵਿੱਚ। ਬੁੱਤ ਤਰਾਸ਼ਾਂ ਦਾ ਚੌਗਿਰਦਾ। ਉੱਥੇ ਸਾਣ ਤੇ ਚੜ੍ਹਦਾ ਮਾਸ। ਫਰਿਆਦੀ ਨੂੰ ਆਪਣੀ ਪਹਿਲੀ ਫਰਿਆਦ ਦਾ ਮਜ਼ਮੂਨ ਭੁੱਲ ਜਾਂਦੈ। ਕਿਸੇ ਦੂਜੀ ਫਰਿਆਦੀ ਦਾ ਮਜ਼ਮੂਨ ਉਸਦੇ ਜਹਿਨ 'ਚ ਤਰਲੋਮੱਛੀ ਹੋਣ ਲਗਦੈ। ਕਿੰਨੇ ਹੀ ਔਖੇ ਔਖੇ ਮਜ਼ਮੂਨ। ਆਖਿਰ ਇਹਨਾਂ ਮਜ਼ਮੂਨਾਂ ਨਾਲ ਦੋ-ਦੋ ਹੱਥ ਹੁੰਦਿਆਂ ਦਿਮਾਗੀ ਤੰਤਰ ਤਾਰ-ਤਾਰ ਹੋ ਜਾਂਦੈ।

ਮੈਂ ਆਪਣੀ ਮਾਂ ਦੇ ਦੂਜੇ ਆਦਮੀ ਦੀ ਸ਼ਿਕਾਇਤ ਲੈ ਕੇ ਆਈ ਸੀ ਉਹਨਾਂ ਕੋਲ। ਉਹਨਾਂ ਮੈਨੂੰ ਬਿਠਾ ਲਿਆ ਸੀ। ਮੈਂ ਇਸ ਆਸ ਨਾਲ ਬੈਠ ਗਈ ਸਾਂ ਕਿ ਵਿਹਲੇ ਹੋ ਕੇ ਸ਼ਇਦ ਬੜੇ ਧਿਆਨ ਨਾਲ ਸੁਣਨਗੇ ਮੇਰੀ ਫਰਿਆਦ। ਉਸ ਨੂੰ ਸਾਰੇ ਡੀ. ਐੱਸ. ਪੀ. ਸਾਹਿਬ ਸੱਦ ਰਹੇ ਸਨ। ਬੜੀ ਕੜਕਵੀਂ ਆਵਾਜ਼ ਵਿੱਚ ਬੋਲਿਆ ਸੀ ਉਹ, "ਸ਼ਿਕਾਇਤ ਕਰਦੀ ਏ ? ਪਿਓ ਦੀ ਸ਼ਿਕਾਇਤ ? ਉਸ ਪਿਉ ਦੀ ਜਿਸ ਤੇਰੀ ਮਾਂ ਨੂੰ ਛੱਤ ਦਿੱਤੀ ਏ ? ... ਚੱਲ ਦਫਾ ਹੋ ਉਸ ਕੋਠੜੀ ਵੱਲ। ... ਬੈਠ ਉਥੇ ਜਾ ਕੇ ...। ਦੱਸਦਾ ਮੈਂ ਤੈਨੂੰ ... ਨਾਲੇ ਸਮਝਾਉਨਾ ਆਦਮੀ ਤੋਂ ਛਤ ਕਿੱਦਾਂ ਲਈਦੀ ...?'

ਡੀ. ਐੱਸ. ਪੀ. ਨੇ ਮੇਰੀ ਮਾਂ ਦੇ ਆਦਮੀ ਦੇ ਕਹੇ ਕਈ ਦਿਨ ਮੇਰੇ ਨਾਲ ਬਲਾਤਕਾਰ ਕੀਤਾ... ਕਦੇ ਇੱਕ ਕੋਣ ਤੋਂ ਤੇ ਕਦੇ ਦੂਜੇ ਕੋਣ ਤੋਂ। ਧੂੰਹਦਾ ਰਿਹਾ ਸੀ ਮੈਨੂੰ ਉਹ ਇੱਕ ਖੂੰਜੇ ਤੋਂ ਦੂਜੇ ਖੂੰਜੇ ਵੱਲ। ਮੈਨੂੰ ਮਾਇਨੇ ਸਮਝਾਏ ਸਨ ਆਦਮੀ ਦੇ ਤੇ ਘਰੋਂ ਬੇ ਘਰ ਹੋਈ ਮੈਂ ਇਸੇ ਨਾਰੀ-ਨਿਕੇਤਨ ਵਿੱਚ ਪਹੁੰਚੀ ਸੀ। ਬੱਚਾ ਵੀ ਇੱਥੇ ਹੀ ਪੈਦਾ ਹੋਇਆ ਸੀ। ਰਾਤ ਦਿਨ ਕਰੋਸ਼ੀਆ ਬੁਣਿਆ ਸੀ। ਚੋਖੀ ਆਮਦਨੀ ਹੋਣ ਲੱਗੀ ਸੀ ਨਿਕੇਤਨ ਨੂੰ ਨਿਕੇਤਨ ਦੇ ਇੰਚਾਰਜ ਬਾਬੂ ਜੀ ਮੈਨੂੰ ਸਕੇ ਪਿਤਾ ਸਮਾਨ ਲੱਗੇ ਸਨ। ਨਾਰੀ ਕਲਿਆਣ ਸਮਿਤੀ ਨਾਲ ਗੱਲ ਕਰ ਕੇ ਉਹਨਾਂ ਮੇਰੇ ਲਈ ਲੋੜਵੰਦ ਸਾਥੀ ਲੱਭ ਦਿੱਤਾ ਸੀ। ਮੇਰੇ ਸਾਥੀ ਨੇ ਮੇਰਾ ਬੱਚਾ ਵੀ ਆਪਣਾ ਲਿਆ। ਮੈਂ ਉਹਨਾਂ ਕੋਲ ਨਰਸਿੰਗ ਦੀ ਪੜ੍ਹਾਈ ਕਰਨ ਦੀ ਇੱਛਾ ਜ਼ਾਹਰ ਕੀਤੀ ਤੇ ਅੱਜ ਮੈਂ ਉਹਨਾਂ ਦੇ ਸਹਿਯੋਗ ਸਦਕਾ ਇੱਥੇ ਉਸੇ ਨਾਰੀ ਨਿਕੇਤਨ ਵਿੱਚ ਡਿਊਟੀ ਕਰ ਰਹੀ ਹਾਂ।

***

ਸੁੱਖੋ ਤੇ ਉਸ ਦੀ ਧੀ ਮੈਨੂੰ ਲਿਟਲ ਰੋਜ਼ਜ਼ ਵਾਂਗ ਲੱਗ ਰਹੀਆਂ ਹਨ ਮੇਰੇ ਘਰ ਅੰਦਰ ਅਤੇ ਮੈਨੂੰ ਆਪਣਾ ਆਪ ਪੇਰੇਂਟ ਗੁਲਾਬ ਵਾਂਗ ਜਿਨ੍ਹਾਂ ਨੂੰ ਉਗਾਇਆ ਸੀ ਤਾਈ ਸ਼ਿਵਦੇਈ ਨੇ... ਪੇਰੇਂਟ ਗੁਲਾਬ ਨੇ।

## ਨਾਵਲ ਕਾਂਡ / ਬੰਦ ਖਿੜਕੀ / ਨਛੱਤਰ

*ਇਹ ਨਾਵਲ ਛੋਟੇ ਛੋਟੇ ਪਿੰਡਾਂ ਤੋਂ ਰੋਜੀ ਰੋਟੀ ਦੀ ਭਾਲ 'ਚ ਮਹਾਂ ਨਗਰਾਂ ਵਿੱਚ ਆ ਵਸੇ ਕਿਰਦਾਰਾਂ ਦੀਆਂ ਆਸਾਂ ਉਮੰਗਾਂ ਬਾਰੇ ਹੈ ਕਿਵੇਂ ਉਨ੍ਹਾਂ ਦੀਆਂ ਇਛਾਵਾਂ ਤਿਲ-ਤਿਲ ਕਰਕੇ ਮਰ ਰਹੀਆਂ ਹਨ ਕਿਉਂਕਿ ਉਨ੍ਹਾਂ ਨੇ ਕਦੇ ਵੀ ਨਹੀਂ ਪੂਰੇ ਹੋਣਾ ਅਤੇ ਨਾ ਹੀ ਉਹ ਵਾਪਸ ਆਪਣੇ ਪਿੰਡੀਂ ਮੁੜਨਾ ਚਾਹੁੰਦੇ ਹਨ ਕਿਉਂਕਿ ਪਿੰਡ ਤੋਂ ਲੈ ਕੇ ਮਹਾਂਨਗਰ ਤੱਕ ਦਾ ਜੋ ਸਫ਼ਰ ਹੈ ਜੋ ਖਿਲਾਅ ਹੈ ਉਹ ਕਿਸੇ ਵੀ ਤਰ੍ਹਾਂ ਨਹੀਂ ਭਰੀ ਜਾ ਸਕਦੀ। ਪਿੰਡ ਹੀ ਉਨ੍ਹਾਂ ਦੇ ਚੇਤਿਆਂ 'ਚ ਵਸਿਆ ਹੋਇਆ ਹੈ ਉਸਦਾ ਤਰਸੇਵਾਂ ਦਿਨ ਰਾਤ ਉਨ੍ਹਾਂ ਨੂੰ ਸਤਾਉਂਦਾ ਹੈ ਅਤੇ ਮਹਾਂਨਗਰ ਦੀ ਤੇਜ਼ ਜ਼ਿੰਦਗੀ ਜਿਸਦਾ ਉਹ ਇਕ ਅੰਗ ਬਣ ਗਏ ਹਨ ਉਥੋਂ ਉਹ ਟੁੱਟਣਾ ਨਹੀਂ ਚਾਹੁੰਦੇ। ਇਹੋ ਜਿਹੇ ਮਸਲਿਆਂ ਬਾਰੇ ਚਰਚਿਤ ਕਹਾਣੀਕਾਰ ਤੇ ਨਾਵਲਕਾਰ ਨਛੱਤਰ ਆਪਣੇ ਨਵੇਂ ਨਾਵਲ 'ਚ ਗੱਲ ਕਰਨ ਦਾ ਯਤਨ ਕੀਤਾ ਹੈ। - ਸੰਪਾਦਕ*

ਸੂਰਜ ਛਿਪ ਗਿਆ ਸੀ। ਹਲਕਾ ਹਨੇਰਾ ਬਿਨਾਂ ਖੜਾਕ ਕੀਤੇ ਕਮਰੇ ਅੰਦਰ ਆਉਣਾ ਸ਼ੁਰੂ ਹੋ ਗਿਆ ਸੀ। ਸੂਰਜ ਦੀ ਧੁੱਪ ਮਰਨ ਕਾਰਨ ਖੁਲ੍ਹੀ ਖਿੜਕੀ ਵਿਚੋਂ ਦੀ ਆਉਂਦੇ ਸਰਦ ਹਵਾ ਦੇ ਬੁੱਲਿਆ ਨਾਲ ਠੰਢ ਵੀ ਕਮਰੇ ਅੰਦਰ ਆ ਰਹੀ ਸੀ। ਖਿੜਕੀ ਲਾਗੇ ਖੜ੍ਹਾ ਅਮਨ ਫਲੈਟਾਂ ਦੀਆਂ ਛੱਤਾਂ ਦੇ ਉਤੋਂ ਦੀ ਅਸਮਾਨ ਦੀ ਉਸ ਨੁੱਕਰ ਨੂੰ ਅਜੇ ਤੱਕ ਵੀ ਦੇਖੀ ਜਾ ਰਿਹਾ ਸੀ ਜਿਥੇ ਕੁਝ ਸਮਾਂ ਪਹਿਲਾਂ ਸੂਰਜ ਡੁੱਬਿਆ ਸੀ।

"ਸ਼ਾਲੂ ! ਤੈਨੂੰ ਇਸ ਤਰ੍ਹਾਂ ਨਹੀਂ ਸੀ ਕਰਨਾ ਚਾਹੀਦਾ।"ਬਾਹਰੋਂ ਨਜ਼ਰਾਂ ਘੁਮਾ ਅਮਨ ਨੇ ਆਪਣੇ ਚਿਹਰੇ ਨੂੰ ਹਥੇਲੀਆਂ ਨਾਲ ਢਕਦਿਆਂ ਇਕ ਠੰਡਾ ਹਾਉਂਕਾ ਭਰਿਆ।

ਭਰ ਆਈਆਂ ਅੱਖਾਂ ਨੂੰ ਸਾਫ਼ ਕਰਦਿਆਂ ਉਸ ਦਾ ਮਨ ਕੀਤਾ ਕਿ ਪੰਛੀ ਵਾਂਗ ਉਡ ਕੇ ਉਸ ਥਾਵੇਂ ਪਹੁੰਚ ਜਾਵੇ ਜਿਥੇ ਹੁਣੇ ਹੁਣੇ ਸੂਰਜ ਕਬਰ 'ਚ ਵੜਿਆ ਸੀ। ਸਾਹਮਣੇ ਪਾਰਕ ਵਿਚਲੇ ਦਰਖਤਾਂ, ਬੂਟਿਆਂ ਅਤੇ ਘਾਹ ਉਪਰ ਹਲਕਾ ਹਨੇਰਾ ਕੋਹਰੇ ਦੀ ਚਾਦਰ ਵਾਂਗ ਤਣਦਾ ਜਾ ਰਿਹਾ ਸੀ। ਰੁੱਖ, ਬੂਟੇ ਅਤੇ ਪਾਰਕ ਅੰਦਰ ਪਸਰਿਆ ਪਿਆ ਸਭ ਕੁਝ ਉਸਦੇ ਆਪਣੇ ਵਾਂਗ ਹੀ ਉਦਾਸ ਲਗ ਰਿਹਾ ਸੀ।

ਖਿੜਕੀ ਵਲੋਂ ਮੂੰਹ ਭਵਾਂ ਉਸਨੇ ਕਮਰੇ ਅੰਦਰ ਭਰ ਗਏ ਹਨੇਰੇ ਵਿਚੋਂ ਦੀ ਕਮਰੇ ਅੰਦਰਲੀਆਂ ਚੀਜ਼ਾਂ ਵਲ ਦੇਖਿਆ ਉਹ ਸਾਰੀਆਂ ਦੀਆਂ ਸਾਰੀਆਂ ਕਾਲੀ ਚਾਦਰ ਵਿੱਚ ਲਿਪਟੀਆਂ ਪਈਆਂ ਸਨ। ਉਸਨੇ ਖਿੜਕੀ ਦੇ ਲਾਗੇ ਖੜ੍ਹੇ ਖੜ੍ਹੇ ਹੀ ਹੱਥ ਵਧਾ ਕੇ ਕੰਧ ਉਪਰ ਲਗਿਆ ਸਵਿਚ ਦਬਾਇਆ ਤਾਂ ਹਨੇਰੇ ਵਿੱਚ ਡੁੱਬੀਆਂ ਪਈਆਂ ਚੀਜ਼ਾਂ ਬਾਹਰ ਨਿਕਲ ਆਈਆਂ ਕਮਰੇ ਅੰਦਰਲੀ ਇਕ ਇਕ ਚੀਜ਼ ਉਪਰੋਂ ਸਰਕਦੀ ਉਸਦੀ ਨਿਗਾਹ ਸਾਹਮਣੇ ਮੇਜ ਉਪਰ ਪਈ ਸ਼ਾਲੂ ਦੀ ਤਸਵੀਰ ਉਪਰ ਗਈ ਨਜ਼ਰ ਉਥੇ ਹੀ ਜੰਮ ਕੇ ਰਹਿ ਗਈ। ਤਸਵੀਰ ਵਿੱਚ ਮੁਸਕਰਾਉਂਦਾ ਸ਼ਾਲੂ ਦਾ ਚਿਹਰਾ ਦੇਖ ਅਮਨ ਨੂੰ ਲੱਗਿਆ ਜਿਵੇਂ ਉਹ ਹੁਣੇ ਹੀ ਫਰੇਮ ਵਿਚੋਂ ਬਾਹਰ ਆ ਉਸ ਦੇ ਗਲ ਆ ਲੱਗੇਗੀ। ਪਰ ਕਿੰਨਾ ਹੀ ਚਿਰ ਉਪਰ ਨੂੰ ਦੇਖਦੇ ਰਹਿਣ ਤੋਂ ਬਾਅਦ ਵੀ ਜਦੋਂ ਕੁਝ ਨਾ ਵਾਪਰਿਆ ਤਾਂ ਉਸਨੇ ਦਰਦ ਨਾਲ ਫਟਦੇ ਜਾ ਰਹੇ ਆਪਣੇ ਸਿਰ ਨੂੰ ਦੋਵੇਂ ਹਥੇਲੀਆਂ ਨਾਲ ਘੁੱਟ ਲਿਆ। ਕੁਰਸੀ ਉਪਰ ਬੈਠਦਿਆਂ ਉਸਨੇ ਅੱਖਾਂ ਵੀ ਮੀਚ ਲਈਆਂ। ਕੁਝ ਪਲ ਉਹ





ਇਸੇ ਅਵਸਥਾ 'ਚ ਬੈਠਾ ਰਿਹਾ। ਕਮਰੇ ਤੋਂ ਬਾਹਰ ਵਾਂਗ ਉਸਦੇ ਮਨ 'ਚ ਵੀ ਹਨੇਰਾ ਪੂਰੀ ਤਰ੍ਹਾਂ ਭਰਿਆ ਪਿਆ ਸੀ। ਮੇਜ਼ ਉਪਰ ਪਈ ਬੋਤਲ ਵਿਚੋਂ ਉਸ ਨੇ ਇਕ ਪੈਗ ਬਣਾਇਆ ਅਤੇ ਇਕੋ ਸਾਹੇ ਦੋ ਤਿੰਨ ਘੁੱਟ ਭਰਨ ਤੋਂ ਬਾਅਦ ਗਲਾਸ ਮੇਜ ਉਪਰ ਰੱਖ ਦਿੱਤਾ। ਸਿਗਰਟ ਸੁਲਘਾ ਕੇ ਉਹ ਫੇਰ ਖਿੜਕੀ ਲਾਗੇ ਜਾ ਖੜ੍ਹਾ। ਬਾਹਰ ਹਨੇਰੇ ਵਿੱਚ ਡੁੱਬ ਗਏ ਪਾਰਕ ਵਿਚਲੇ ਦਰਖਤਾਂ ਵਲ ਦੇਖਿਆ। ਹਨੇਰਾ ਪਹਿਲਾਂ ਨਾਲੋ ਹੋਰ ਸੰਘਣਾ ਹੋ ਗਿਆ ਸੀ। ਖਿੜਕੀ ਵਿਚੋਂ ਆਉਂਦੀ ਹਵਾ। ਦੇ ਬੁਲੇ ਵੀ ਪਹਿਲਾਂ ਨਾਲੋਂ ਜਿਆਦਾ ਠੰਢੇ ਲਗ ਰਹੇ ਸਨ। ਸਿਗਰਟ ਦੇ ਲੰਬੇ ਲੰਬੇ ਕਸ਼ ਖਿਚਦਿਆਂ ਇਕ ਵਾਰ ਫੇਰ ਉਸ ਨੇ ਮੇਜ਼ ਉਪਰ ਪਈ ਸ਼ਾਲੂ ਦੀ ਤਸਵੀਰ ਵਲ ਦੇਖਿਆ।

ਤ੍ਰਿਵੈਣੀ 'ਚ ਅਮਨ ਦੇ ਚਿੱਤਰਾਂ ਦੀ ਪਹਿਲੀ ਪਰਦਰਸ਼ਨੀ ਲੱਗੀ ਸੀ। ਲੋਕ ਆਉਂਦੇ ਅਤੇ ਅਮਨ ਦੇ ਬਣਾਏ ਇਕ ਇਕ ਚਿੱਤਰ ਨੂੰ ਗਹੁ ਨਾਲ ਦੇਖਦੇ ਅਤੇ ਦਰਵਾਜੇ ਲਾਗੇ ਮੇਜ ਉਪਰ ਪਏ ਇਕ ਰਜਿਸਟਰ ਵਿੱਚ ਆਪਣੇ ਵਿਚਾਰ ਲਿਖ ਦਿੰਦੇ । ਕਈ ਬਿਨਾਂ ਕੁਝ ਲਿਖੇ ਹੀ ਚਲੇ ਜਾਂਦੇ। ਅਮਨ ਆਉਣ ਵਾਲੇ ਇਕ ਇਕ ਦਰਸ਼ਕ ਨੂੰ ਆਪਣੇ ਚਿੱਤਰਾਂ ਅੱਗੇ ਖੜ੍ਹੇ ਦੇਖਦਾ ਤਾਂ ਉਸ ਦੇ ਮਨ ਅੰਦਰ ਕੁਝ ਕੁਝ ਹੋਣ ਲੱਗ ਪੈਂਦਾ। ਚਿੱਤਰ ਦੇਖਣ ਤੋਂ ਬਾਅਦ ਜਦੋਂ ਕੋਈ ਦਰਸ਼ਕ ਆਪਣੇ ਵਿਚਾਰ ਰਜਿਸਟਰ ਵਿੱਚ ਲਿਖਣ ਲਗਦਾ ਤਾਂ ਪੰਨਿਆਂ ਉਪਰ ਚਲਦੇ ਪੈਨ ਨੂੰ ਦੇਖ ਅਮਨ ਦੇ ਦਿਲ ਦੀ ਧੜਕਣ ਵੀ ਤੇਜ਼ ਹੋ ਜਾਂਦੀ ਸੀ।

"ਪਤਾ ਨਹੀਂ ਕੀ ਲਿਖਿਆ ਹੋਵੇਗਾ ?" ਕਈ ਵਾਰ ਉਸ ਦਾ ਮਨ ਕਰਦਾ ਕਿ ਉਹ ਲਿਖਣ ਵਾਲੇ ਦੇ ਬਾਹਰ ਜਾਣ ਦੇ ਤੁਰੰਤ ਬਾਅਦ ਉਸ ਵਲੋਂ ਲਿਖੇ ਵਿਚਾਰ ਪੜ੍ਹੇ ਪਰ ਗੈਲਰੀ ਵਿੱਚ ਫਿਰਦੇ ਹੋਰ ਦਰਸ਼ਕਾਂ ਨੂੰ ਤੁਰੇ ਫਿਰਦੇ ਦੇਖ ਉਹ ਝਿਜਕ ਜਾਂਦਾ ਸੀ।

ਪਰਦਰਸ਼ਨੀ ਦਾ ਪਹਿਲਾ ਦਿਨ ਖਤਮ ਹੋਇਆ ਤਾਂ ਸਭ ਤੋਂ ਪਹਿਲਾਂ ਉਸਨੇ ਰਜਿਸਟਰ ਚੁੱਕ ਉਸ ਵਿੱਚ ਲਿਖੇ ਹੋਏ ਦਰਸ਼ਕਾਂ ਦੇ ਵਿਚਾਰ ਪੜ੍ਹੇ ਸਨ। ਲਗਭਗ ਹਰ ਇਕ ਨੇ ਹੀ ਉਸ ਦੇ ਚਿੱਤਰਾਂ ਦੀ ਪ੍ਰਸ਼ੰਸ਼ਾ ਕੀਤੀ ਸੀ।

ਪਰਦਰਸ਼ਨੀ ਦੇ ਦੂਸਰੇ ਦਿਨ ਦੀ ਦੁਪੈਹਿਰ ਢਲ ਰਹੀ ਸੀ। ਗੈਲਰੀ ਅੰਦਰ ਇੱਕਾ-ਦੁੱਕਾ ਹੀ ਦਰਸ਼ਕ ਸਨ। ਸਵੇਰ ਤੋਂ ਇਧਰ ਉਧਰ ਤੁਰਿਆ ਫਿਰਦਾ ਅਮਨ ਥੱਕ ਕੇ ਇਕ ਕੁਰਸੀ ਉਤੇ ਬੈਠ ਗਿਆ ਸੀ। ਭਾਵੇਂ ਉਸਦੀ ਕੁਰਸੀ ਗੈਲਰੀ ਦੀ ਇਕ ਨੁੱਕਰੇ ਪਈ ਹੋਈ ਸੀ ਪਰ ਉਸ ਦੀਆਂ ਨਜ਼ਰਾ ਚਿਤੱਰ ਦੇਖ ਰਹੇ ਇਕ ਇਕ ਦਰਸ਼ਕ ਨੂੰ ਦੇਖ ਸਕਦੀਆਂ ਸਨ। ਕਿਹੜੇ ਕਿਹੜੇ ਚਿੱਤਰ ਨੂੰ ਦਰਸ਼ਕ ਅਲੱਗ ਅਲੱਗ ਕੋਣਾਂ ਤੋਂ ਦੇਖਦਾ ਹੈ ਅਤੇ ਕਿਹੜੇ-ਕਿਹੜੇ ਨੂੰ ਉਹ ਸਰਸਰੀ ਨਜ਼ਰੇ ਦੇਖ ਕੇ ਅੱਗੇ ਲੰਘ ਜਾਂਦਾ ਹੈ। ਇਨ੍ਹਾਂ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਵੀ ਉਹ ਦੂਰ ਬੈਠਾ ਨੋਟ ਕਰੀ ਜਾ ਰਿਹਾ ਸੀ।

ਉਸੇ ਵੇਲੇ ਇਕ ਅਠਾਰਾਂ ਉਨ੍ਹੀਆਂ ਵਰ੍ਹਿਆਂ ਦੀ ਕੁੜੀ ਗੈਲਰੀ ਅੰਦਰ ਦਾਖਲ ਹੋਈ ਸੀ। ਉਸਨੇ ਚਿੱਟੀ ਟੀ ਸ਼ਰਟ ਅਤੇ ਨੀਲੀ ਜੀਨ ਪਾਈ ਹੋਈ ਸੀ। ਅੰਦਰ ਆਉਂਦਿਆਂ ਹੀ ਉਸਨੇ ਇਕ ਪਲ ਖੜ੍ਹੇ ਹੋ ਕੰਧਾਂ ਉਪਰ ਲਟਕਦੇ ਚਿੱਤਰਾਂ ਵਲ ਨਹੀਂ ਸਗੋਂ ਉਥੇ ਤੁਰੇ ਫਿਰਕੇ ਦਰਸ਼ਕਾਂ ਵਲ ਦੇਖਿਆ ਸੀ। ਜਿਵੇਂ ਉਸ ਦੀਆਂ ਨਜ਼ਰਾਂ ਕਿਸੇ ਨੂੰ ਲਭ ਰਹੀਆਂ ਹੋਣ। ਘੁੰਮਦੀ ਘੁੰਮਦੀ ਉਸਦੀ ਨਿਗਾਹ ਗੈਲਰੀ ਦੀ ਇਕ ਨੁਕਰੇ ਕੁਰਸੀ ਉਪਰ ਬੈਠੇ ਅਮਨ ਉਤੇ ਆ ਕੇ ਅਟਕ ਗਈ। ਕੁਝ ਪਲ ਉਹ ਅਮਨ ਦੇ ਚਿਹਰੇ ਨੂੰ ਘੂਰਦੀ ਰਹੀ ਪਰ ਅਮਨ ਉਸ ਵੇਲੇ ਕਿਧਰੇ ਹੋਰ ਦੇਖ ਰਿਹਾ ਸੀ।

ਠੰਢੀ ਹਵਾ ਦਾ ਇਕ ਤੇਜ਼ ਬੁਲਾ ਅਮਨ ਦੇ ਚਿਹਰੇ ਨਾਲ ਟਕਰਾਇਆ ਤਾਂ ਉਸਨੂੰ ਇਕ ਝੁਣਝੁਣੀ ਜਿਹੀ ਆਈ। ਬੁਝ ਰਹੀ ਸਿਗਰਟ ਦਾ ਇਕ ਲੰਬਾ ਕਸ਼ ਖਿਚਦਿਆਂ ਪਲ ਦੀ ਪਲ ਉਸਨੇ ਸ਼ਾਲੂ ਦੀ

ਤਸਵੀਰ ਵਲ ਫੇਰ ਦੇਖਿਆ। ਉਸਨੂੰ ਲੱਗਿਆ ਜਿਵੇਂ ਸ਼ਾਲੂ ਦਾ ਮੁਸਰਾਉਂਦਾ ਚਿਹਰਾ ਉਸਨੂੰ ਆਪਣੇ ਕੋਲ ਆਉਣ ਦਾ ਇਸ਼ਾਰਾ ਕਰ ਰਿਹਾ ਹੋਵੇ। ਨਿੱਕੇ ਨਿੱਕੇ ਕਦਮ ਪੁੱਟ ਅਮਨ ਨੇ ਮੇਜ਼ ਉਪਰ ਪਈ ਸ਼ਾਲੂ ਦੀ ਤਸਵੀਰ ਨੂੰ ਆਪਣੇ ਹੱਥ ਵਿੱਚ ਚੁੱਕ ਲਿਆ। ਸਿਗਰਟ ਦਾ ਆਖਰੀ ਕਸ਼ ਖਿਚ ਉਸਨੇ ਟੋਟੇ ਨੂੰ ਮਸਲ ਕੇ ਐਸ਼-ਟਰੇਅ ਵਿੱਚ ਸੁੱਟ ਦਿੱਤਾ। ਸ਼ਾਲੂ ਦੀ ਤਸਵੀਰ ਨੂੰ ਉਸਨੇ ਆਪਣੇ ਦੋਵੇਂ ਹੱਥਾਂ ਵਿੱਚ ਇਸ ਤਰ੍ਹਾਂ ਫੜ ਲਿਆ ਜਿਵੇਂ ਉਹ ਸਚਮੁੱਚ ਉਸਦੇ ਸਾਹਮਣੇ ਖੜ੍ਹੀ ਹੋਵੇ।

ਇੱਕ ਇੱਕ ਚਿੱਤਰ ਨੂੰ ਬੜੇ ਗਹੁ ਨਾਲ ਦੇਖਦੀ ਉਹ ਕੁੜੀ ਗੈਲਰੀ ਦੀ ਇੱਕ ਨੁੱਕਰੇ ਲਟਕਦੇ ਇਕ ਚਿੱਤਰ ਅੱਗੇ ਜਾ ਕੇ ਰੁਕ ਗਈ। ਉਹ ਇਕ ਪੇਂਡੂ ਕੁੜੀ ਦਾ ਸਕੈਚ ਸੀ। ਕੁੜੀ ਆਪਣੇ ਚਿਹਰੇ ਉਪਰ ਲਟਕਦੀ ਵਾਲਾਂ ਦੀ ਇਕ ਲਿੱਟ ਨੂੰ ਆਪਣੇ ਗਿੱਲੀ ਮਿੱਟੀ ਨਾਲ ਲਿਬੜੇ ਹੱਥ ਨਾਲ ਪਰ੍ਹਾਂ ਹਟਾ ਰਹੀ ਸੀ। ਇਸ ਤਰ੍ਹਾਂ ਕਰਦਿਆਂ ਮਿੱਟੀ ਉਸ ਦੀ ਗੱਲ੍ਹ ਉਪਰ ਵੀ ਲਗ ਗਈ ਸੀ ਪਰ ਉਸਦੇ ਚਿਹਰੇ ਉਪਰ ਖੇਡਦੀ ਹਲਕੀ ਜਿਹੀ ਮੁਸਕ੍ਰਾਹਟ ਨੂੰ ਦੇਖ ਲਗਦਾ ਸੀ ਜਿਵੇਂ ਉਹ ਇਸ ਸਭ ਕਾਸੇ ਤੋਂ ਬੇ-ਖਬਰ ਹੋਵੇ। ਚਿੱਤਰ ਵਿਚਲੇ ਚਿਹਰੇ ਨੂੰ ਦੇਖ ਸਾਹਮਣੇ ਖੜ੍ਹੀ ਕੁੜੀ ਨੂੰ ਲੱਗਿਆ ਜਿਵੇਂ ਚਿੱਤਰ ਵਿਚਲੀ ਕੁੜੀ ਉਹ ਆਪ ਹੀ ਹੋਵੇ। ਨੱਕ ਬੁੱਲ੍ਹ , ਅੱਖਾਂ , ਮੱਥਾ ਅਤੇ ਇਥੋਂ ਤੱਕ ਕਿ ਉਸ ਦੇ ਮੁਸਕਰਾਉਣ ਦਾ ਅੰਦਾਜ ਵੀ ਉਸਨੂੰ ਆਪਣੇ ਨਾਲ ਹੂ-ਬ-ਹੂ ਮਿਲਦਾ ਲੱਗਿਆ ।

ਉਸ ਤਸਵੀਰ ਨੂੰ ਦੇਖਣ ਤੋਂ ਬਾਅਦ ਉਹ ਕਿਸੇ ਹੋਰ ਚਿੱਤਰ ਅੱਗੇ ਨਹੀਂ ਰੁਕੀ ਸਗੋਂ ਨਿੱਕੇ ਨਿੱਕੇ ਕਦਮ ਪੁੱਟ ਅਮਨ ਲਾਗੇ ਆ ਖੜ੍ਹੀ ਸੀ। ਉਸ ਅਜਨਬੀ ਕੁੜੀ ਨੂੰ ਸਾਹਮਣੇ ਖੜ੍ਹੀ ਦੇਖ ਅਮਨ ਉਠ ਕੇ ਖੜ੍ਹਾ ਹੋ ਗਿਆ ਸੀ। ਕੁਝ ਕਹਿਣ ਲਈ ਕੁੜੀ ਦੇ ਬੁੱਲ ਫਰਕ ਰਹੇ ਸਨ, ਪਰ ਇਉਂ ਲਗ ਰਿਹਾ ਸੀ ਜਿਵੇਂ ਜੋ ਕੁਝ ਉਹ ਕਹਿਣਾ ਚਾਹੁੰਦੀ ਹੋਵੇ ਉਹ ਉਸ ਕੋਲੋਂ ਆਖਿਆ ਨਾ ਜਾ ਰਿਹਾ ਹੋਵੇ।

"ਮੈਨੂੰ ਲਗਦਾ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ ?" ਸਸ਼ੋਪੰਜ ਵਿੱਚ ਪਈ ਕੁੜੀ ਨੂੰ ਦੇਖ ਅਮਨ ਬੋਲਿਆ ਸੀ,

"ਮੇਰਾ ਨਾਂ ਸ਼ਾਲੂ ਏ ਅਤੇ ਮੈਂ ਫਾਈਨ ਆਰਟਸ ਦੀ ਦੂਸਰੇ ਸਾਲ ਦੀ ਵਿਦਿਆਰਥਣ ਹਾਂ। ਮੈਂ ਕੱਲ੍ਹ ਵੀ ਇਥੇ ਆਈ ਸੀ। ਔਹ ਸਾਹਮਣੇ ਲਟਕਦੇ ਚਿੱਤਰ ਵਿਚਲੀ ਕੁੜੀ ਦੀਆਂ ਅੱਖਾਂ ਮੈਨੂੰ ਸਾਰੀ ਰਾਤ ਹਾਂਟ ਕਰਦੀਆਂ ਰਹੀਆਂ ਨੇ। ਉਨ੍ਹਾਂ ਨੂੰ ਦੇਖਣ ਲਈ ਹੀ ਮੈਂ ਅੱਜ ਫੇਰ ਆ ਗਈ ਹਾਂ। ਭਲਾਂ ਮੈਨੂੰ ਦੱਸ ਸਕਦੇ ਹੋ ਕਿ ਏਹ ਕੁੜੀ ਕੌਣ ਏ।" ਗੱਲ ਸ਼ੁਰੂ ਕਰਨ ਲੱਗਿਆ ਤਾਂ ਉਹ ਕੁਝ ਝਿਜਕੀ ਸੀ ਪਰ ਫੇਰ ਉਹ ਸੰਭਲ ਗਈ ਸੀ।

"ਮੈਨੂੰ ਜਾਣ ਕੇ ਬੜੀ ਖੁਸ਼ੀ ਹੋਈ ਕਿ ਤੁਹਾਨੂੰ ਮੇਰੇ ਕਿਸੇ ਚਿੱਤਰ ਨੇ ਪ੍ਰਭਾਵਤ ਕੀਤਾ ਏ ਪਰ ਉਹ ਤਾਂ ਮੇਰੇ ਪਿੰਡ ਦੀ ਇਕ ਸਧਾਰਨ ਜਿਹੀ ਕੁੜੀ ਏ।" ਅਮਨ ਨੇ ਸਾਲੂ ਦੇ ਨਾਲ ਨਾਲ ਉਸ ਚਿੱਤਰ ਵਲ ਜਾਂਦਿਆਂ ਜੁਆਬ ਦਿੱਤਾ ਸੀ।

"ਪਰ ਉਹ ਕੁੜੀ ਕੋਈ ਸਧਾਰਨ ਕੁੜੀ ਨਹੀਂ। ਤੁਸੀਂ ਉਸ ਦੀਆਂ ਅੱਖਾਂ ਜਰਾ ਧਿਆਨ ਨਾਲ ਦੇਖੋਂ ਜੋ ਕਦੇ ਹੱਸਦੀਆਂ ਲਗਦੀਆਂ ਨੇ ਅਤੇ ਕਦੇ ਰੋਂਦੀਆਂ। ਉਨ੍ਹਾਂ ਦੇ ਪਿਛੇ ਕਿੰਨਾ ਕੁਝ ਹੀ ਲੁਕਿਆ ਪਿਆ ਹੈ। ਮੈਨੂੰ ਲੱਗਦਾ ਜਿਵੇਂ ਉਹ ਕੁੜੀ ਮੈਂ ਹੀ ਹੋਵਾਂ।" ਸ਼ਾਲੂ ਦਾ ਜੁਆਬ ਸੁਣ ਅਮਨ ਨੇ ਗਹੁ ਨਾਲ ਉਸਦੇ ਚਿਹਰੇ ਵਲ ਦੇਖਿਆ।

ਉਸਦੇ ਚਿਹਰੇ ਵਲ ਦੇਖਦਿਆਂ ਪਲ ਦੀ ਪਲ ਅਮਨ ਦੀਆਂ ਅੱਖਾਂ ਵਿਚ ਇਕ ਚਮਕ ਆ ਗਈ। ਉਸਨੂੰ ਲਗਿਆ ਜਿਵੇਂ ਪਿੰਡ ਵਾਲੀ ਕੁੜੀ ਸਚਮੁੱਚ ਹੀ ਉਸਦੇ ਸਾਹਮਣੇ ਆ ਖੜ੍ਹੀ ਹੋਵੇ। ਕਦੇ ਉਹ





ਚਿੱਤਰ ਵਿਚਲੀ ਕੁੜੀ ਨੂੰ ਅਤੇ ਕਦੇ ਸਾਹਮਣੇ ਖੜ੍ਹੀ ਕੁੜੀ ਦੀਆਂ ਨੀਲੀਆਂ ਅੱਖਾਂ ਨੂੰ ਦੇਖ ਦੇਖ ਹੈਰਾਨ ਹੋਈ ਜਾ ਰਿਹਾ ਸੀ।

"ਏਹ ਕੁੜੀ ਸਾਡੇ ਗੁਆਂਢ 'ਚ ਰਹਿੰਦੀ ਸੀ। ਜਦੋਂ ਮੈਂ ਕਾਗਜ਼ਾਂ ਉਪਰ ਟੇਢੀਆਂ ਮੇਢੀਆਂ ਲਕੀਰਾਂ ਵਾਹ ਰਿਹਾ ਹੁੰਦਾ ਸਾਂ ਤਾਂ ਉਹ ਮੇਰੇ ਅੱਗੇ ਆ ਖੜ੍ਹਦੀ ਸੀ ਅਤੇ ਜਿੱਦ ਕਰਨ ਲਗ ਪੈਂਦੀ ਕਿ ਮੈਂ ਉਸਦੀ ਵੀ ਤਸਵੀਰ ਬਣਾਵਾਂ ਪਰ ਹਰ ਵਾਰ ਹੀ ਮੈਂ ਉਸਨੂੰ ਕੁਝ ਨਾ ਕੁਝ ਆਖ ਕੇ ਟਾਲ ਦਿੰਦਾ ਰਿਹਾ। ਉਹ ਕਈ ਵਾਰ ਮੇਰੇ ਨਾਲ ਰੁਸੀ ਸੀ ਪਰ ਮੇਰੇ ਕੋਲੋਂ ਉਸਦੀ ਤਸਵੀਰ ਨਾ ਬਣਾਈ ਗਈ। ਫੇਰ ਮੈਂ ਦਿੱਲੀ ਆ ਗਿਆ। ਕੁਝ ਸਮੇਂ ਬਾਅਦ ਦੁਬਾਰਾ ਪਿੰਡ ਗਿਆ ਤਾਂ ਉਹ ਵਿਆਹੀ ਜਾ ਚੁੱਕੀ ਸੀ ਪਰ ਉਸਦਾ ਚਿਹਰਾ ਸਦਾ ਸਦਾ ਲਈ ਮੇਰੇ ਜ਼ਿਹਨ ਵਿੱਚ ਉਕਰਿਆ ਗਿਆ। ਏਹ ਉਸੇ ਕੁੜੀ ਦਾ ਸਕੈਚ ਏ ।" ਇਹ ਕਹਿਦਿਆਂ ਅਮਨ ਨੇ ਆਪਣੀ ਗੱਲ ਖਤਮ ਕੀਤੀ ਤਾਂ ਭਰ ਆਈਆਂ ਅੱਖਾਂ ਨਾਲ ਸ਼ਾਲੂ ਨੇ ਉਸ ਨੇ ਚਿਹਰੇ ਵਲ ਇਉਂ ਦੇਖਿਆ ਜਿਵੇਂ ਆਖ ਰਹੀ ਹੋਵੇ ਕਿ ਤੁਸੀਂ ਠੀਕ ਨਹੀਂ ਕੀਤਾ।

ਜਿੰਨੇ ਦਿਨ ਪਰਦਰਸ਼ਨੀ ਲੱਗੀ ਰਹੀ ਸ਼ਾਲੂ ਉਨੇ ਹੀ ਦਿਨ ਉਥੇ ਜਾਂਦੀ ਰਹੀ। ਹਰ ਰੋਜ ਹੀ ਕੁਝ ਪਲ ਉਸ ਚਿੱਤਰ ਅੱਗੇ ਉਹ ਜ਼ਰੂਰ ਖੜ੍ਹਦੀ ਸੀ ਜਿਵੇਂ ਚਿੱਤਰ ਵਿਚਲੀ ਕੁੜੀ ਨਾਲ ਉਹ ਗੱਲਾਂ ਕਰ ਰਹੀ ਹੋਵੇ। ਉਸ ਤੋਂ ਬਾਅਦ ਉਹ ਅਮਨ ਲਾਗੇ ਜਾ ਬੈਠਦੀ। ਉਥੇ ਬੈਠ ਉਹ ਉਸ ਨਾਲ ਕਿੰਨਾ ਕਿੰਨਾ ਚਿਰ ਹੀ ਗੱਲਾਂ ਕਰਦੀ ਰਹਿੰਦੀ। ਰੰਗ, ਬਰੁਸ਼ , ਤੇਲ ਚਿੱਤਰ, ਵਾਟਰ ਕਲਰ, ਕੈਨਵਸ, ਈਜਲ ਅਤੇ ਰੰਗਾਂ ਦੀ ਦੁਨੀਆਂ ਨਾਲ ਸਬੰਧਤ ਹਰ ਪਹਿਲੂ ਬਾਰੇ ਉਹ ਅਮਨ ਨਾਲ ਆਪਣੇ ਵਿਚਾਰ ਸਾਂਝੇ ਕਰਦੀ ਰਹਿੰਦੀ । ਜਦੋਂ ਉਹ ਬੋਲ ਰਹੀ ਹੁੰਦੀ ਸੀ ਤਾਂ ਅਮਨ ਬੜੇ ਧਿਆਨ ਨਾਲ ਉਸ ਦੀਆਂ ਗੱਲਾਂ ਸੁਣਦਾ ਸੀ। ਉਸਦੇ ਚਿਹਰੇ ਉਪਰ ਆ ਰਹੇ ਇਕ ਇਕ ਉਤਰਾ-ਚੜ੍ਹਾ ਨੂੰ ਉਹ ਨੋਟ ਕਰਦਾ ਰਹਿੰਦਾ ਸੀ। ਬਹੁਤਾ ਸਮਾਂ ਸ਼ਾਲੂ ਹੀ ਬੋਲਦੀ ਅਮਨ ਤਾਂ ਉਸਨੂੰ ਸੁਣਦਾ ਹੀ ਸੀ।

ਸ਼ਾਲੂ ਦੀ ਤਸਵੀਰ ਫੜੀ ਖੜੇ ਅਮਨ ਨੇ ਆਪਣੇ ਸੱਜੇ ਹੱਥ ਦੀਆਂ ਉਂਗਲਾਂ ਉਸਦੇ ਚਿਹਰੇ ਉਪਰ ਇਉਂ ਫੇਰੀਆਂ ਜਿਵੇਂ ਸ਼ਾਲੂ ਸਗਵੀਂ ਦੀ ਸਗਵੀਂ ਉਸਦੇ ਸਾਹਮਣੇ ਖੜ੍ਹੀ ਹੋਵੇ।

"ਸਾਲੂ ?" ਅਮਨ ਨੇ ਇਕ ਠੰਢਾ ਹਾਉਂਕਾ ਲੈਂਦਿਆਂ ਤਸਵੀਰ ਮੇਜ ਉਪਰ ਰੱਖ ਦਿੱਤੀ।

ਮੇਜ ਉਪਰ ਪਈ ਬੋਤਲ ਵਿਚੋਂ ਉਸਨੇ ਇਕ ਹੋਰ ਪੈੱਗ ਬਣਾ ਲਿਆ ਅਤੇ ਦੋ ਤਿੰਨ ਘੁੱਟ ਭਰ ਦੁਬਾਰਾ ਖਿੜਕੀ ਲਾਗੇ ਜਾ ਖੜ੍ਹਿਆ। ਅਸਮਾਨੋਂ ਵਰ੍ਹਨ ਲਗ ਪਈ ਹਲਕੀ ਹਲਕੀ ਧੁੰਦ ਦੇ ਵਿਚੋਂ ਦੀ ਲੰਘ ਕੇ ਆਈ ਹਵਾ ਦੇ ਬੁਲ੍ਹੇ ਖਿੜਕੀ ਵਿੱਚੋਂ ਦੀ ਅਮਨ ਦੇ ਚਿਹਰੇ ਨਾਲ ਖਹਿ ਕੇ ਕਮਰੇ ਅੰਦਰ ਆ ਰਹੇ ਸਨ। ਠੰਢ ਕਾਰਨ ਕਮਰੇ ਅੰਦਰਲੀ ਹਰ ਚੀਜ਼ ਠਰਦੀ ਜਾ ਰਹੀ ਸੀ ਪਰ ਆਪਣੇ ਚਿਹਰੇ ਉਪਰ ਠਰੀ ਹਵਾ ਦੇ ਬੁਲਿਆਂ ਦੀ ਮਾਰ ਸਹਿੰਦਾ ਅਮਨ ਖਿੜਕੀ ਲਾਗੇ ਹੀ ਖੜ੍ਹਾ ਰਿਹਾ। ਅਚਾਨਕ ਉਸਨੂੰ ਲੱਗਿਆ ਜਿਵੇਂ ਖਿੜਕੀ ਦੇ ਪਰਲੇ ਪਾਸੇ ਸ਼ਾਲੂ ਹੋਵੇ। ਉਸ ਦੇ ਚਿਹਰੇ ਨਾਲ ਹਵਾ ਦੇ ਬੁੱਲੇ ਨਹੀਂ ਸਗੋਂ ਸ਼ਾਲੂ ਦੇ ਸਾਹ ਟਕਰਾ ਰਹੇ ਹੋਣ। ਪਲ ਦੀ ਪਲ ਉਸਨੇ ਸਾਹਮਣੇ ਖੜ੍ਹੀ ਸ਼ਾਲੂ ਦਾ ਚਿਹਰਾ ਆਪਣੇ ਹੱਥਾਂ ਵਿੱਚ ਫੜ ਲੈਣਾ ਚਾਹਿਆ ਪਰ ਉਸਦੇ ਹੱਥ ਖਿਲਾਅ ਵਿੱਚ ਭਟਕ ਕੇ ਹੀ ਵਾਪਸ ਪਰਤ ਆਏ। ਉਸ ਪਰਦਰਸ਼ਨੀ ਤੋਂ ਬਾਅਦ ਤਾਂ ਸਾਲੂ ਅਮਨ ਦੀ ਜ਼ਿੰਦਗੀ 'ਚ ਇਸ ਤਰ੍ਹਾਂ ਆ ਵੜੀ ਜਿਵੇਂ ਪਿੰਡ ਵਾਲੀ ਕੁੜੀ ਦਾ ਚਿਹਰਾ ਉਸਦੇ ਜ਼ਿਹਨ ਵਿੱਚ ਆ ਵੜਿਆ ਸੀ। ਹਫਤੇ ਵਿੱਚ ਇਕ ਦੋ ਵਾਰ ਉਹ ਜ਼ਰੂਰ ਅਮਨ ਦੇ ਸਟੂਡੀਓ ਚਲੀ ਜਾਂਦੀ ਸੀ।

"ਮੇਰੀ ਵੀ ਇਕ ਤਸਵੀਰ ਬਣਾਓ।" ਇਕ ਦਿਨ ਸਾਲੂ ਨੇ ਮਚਲ ਕੇ ਅਮਨ ਨੂੰ ਕਿਹਾ ਸੀ।'

"ਤੇਰੀ ਤਸਵੀਰ ਬਣਾਉਣ ਦੀ ਕੀ ਲੋੜ ਆ। ਤੂੰ ਤਾਂ ਜਿਉਂਦੀ ਜਗਦੀ ਮੂਰਤ ਮੇਰੇ ਸਾਹਮਣੇ ਖੜ੍ਹੀ

*ਕਹਾਣੀ ਧਾਰਾ-1*
ਅਪ੍ਰੈਲ-ਜੂਨ,2006

ਏਂ।” ਅਮਨ ਨੇ ਉਸਦੇ ਚਿਹਰੇ ਨੂੰ ਆਪਣੇ ਹੱਥਾਂ ਵਿੱਚ ਫੜ ਉਸਦੀਆਂ ਅੱਖਾਂ ਵਿੱਚ ਝਾਕਦਿਆਂ ਕਿਹਾ ਸੀ।

“ਤੁਸੀਂ ਮੈਨੂੰ ਵੀ ਉਸ ਕੁੜੀ ਵਾਂਗ ਟਰਕਾ ਰਹੇ ਹੋ।” ਸ਼ਾਲੂ ਨੇ ਆਪਣੀਆਂ ਅੱਖਾਂ ਨੀਵੀਆਂ ਕਰਦਿਆਂ ਕਿਹਾ ਜਿਵੇਂ ਉਹ ਰੁਸ ਗਈ ਹੋਵੇ।

ਉਸ ਤੋਂ ਬਾਅਦ ਜਦ ਵੀ ਉਹ ਅਮਨ ਦੇ ਸਟੂਡੀਓ ਜਾਂਦੀ ਤਾਂ ਕਿੰਨਾ ਕਿੰਨਾ ਚਿਰ ਹੀ ਉਸਦੇ ਸਾਹਮਣੇ ਖੜ੍ਹੀ ਰਹਿੰਦੀ ਅਮਨ ਸ਼ਾਲੂ ਦੇ ਚਿਹਰੇ ਨੂੰ ਹੱਸਦਿਆਂ ਚਿੱਤਰਨਾ ਚਾਹੁੰਦਾ ਸੀ। ਜਦੋਂ ਉਹ ਸ਼ਾਲੂ ਦੇ ਚਿਹਰੇ ਨੂੰ ਅਲੱਗ ਅਲੱਗ ਕੋਣਾਂ ਤੋਂ ਦੇਖਦਾ ਤਾਂ ਕਈ ਵਾਰ ਉਹ ਖਿੱਝ ਜਾਂਦੀ ਸੀ ਅਤੇ ਪਰ੍ਹਾਂ ਜਾ ਕੇ ਬੈਠ ਜਾਂਦੀ ਪਰ ਕੈਨਵਸ ਤੇ ਬੁਰਸ਼ ਚਲਾਉਂਦਾ ਅਮਨ ਕਦੇ ਵੀ ਨਹੀਂ ਸੀ ਖਿਝਦਾ। ਇਸ ਤਰ੍ਹਾਂ ਕਰਦਿਆਂ ਕਿੰਨੇ ਹੀ ਦਿਨ ਨਿਕਲ ਗਏ ਪਰ ਚਿੱਤਰ ਪੂਰਾ ਨਹੀਂ ਸੀ ਹੋ ਰਿਹਾ। ਬੁਰਸ਼ ਨਾਲ ਜੋ ਵੀ ਛੋਹਾਂ ਉਹ ਲਾਉਂਦਾ ਉਸ ਨਾਲ ਸਦਾ ਹੀ ਉਸ ਪਿੰਡ ਵਾਲੀ ਕੁੜੀ ਦਾ ਚਿਹਰਾ ਬਣ ਜਾਂਦਾ ਸੀ। ਉਹ ਫੇਰ ਨਵੇਂ ਸਿਰਿਓਂ ਸ਼ੁਰੂ ਕਰਦਾ ਪਰ ਜੋ ਚਿਹਰਾ ਉਸਦੇ ਜਿਹਨ ਵਿੱਚ ਘਰ ਕਰੀ ਬੈਠਾ ਸੀ ਉਹ ਹਰ ਵਾਰ ਹੀ ਉਸਦੀ ਕੈਨਵਸ ਉਪਰ ਆ ਕੇ ਚਿਪਕ ਜਾਂਦਾ ਸੀ।

ਇਕ ਦਿਨ ਜਦੋਂ ਅਮਨ ਸ਼ਾਲੂ ਦਾ ਚਿੱਤਰ ਪੂਰਾ ਕਰਕੇ ਹਟਿਆ ਤਾਂ ਕੈਨਵਸ ਤੋਂ ਥੋੜ੍ਹੀ ਦੂਰੀ ਉਪਰ ਖੜ੍ਹੇ ਹੋ ਉਸਨੇ ਪਹਿਲਾਂ ਸ਼ਾਲੂ ਦੇ ਚਿਹਰੇ ਵੱਲ ਅਤੇ ਫੇਰ ਕੈਨਵਸ ਵਲ ਦੇਖਿਆ। ਪਰ ਕੈਨਵਸ ਵਲ ਦੇਖਣ ਤੋਂ ਬਾਅਦ ਉਸਨੇ ਸਿਰ ਮਾਰ ਦਿੱਤਾ ਜਿਸਦਾ ਭਾਵ ਸੀ ਚਿੱਤਰ ਇਸ ਵਾਰ ਵੀ ਠੀਕ ਨਹੀਂ ਬੱਣਿਆ। ਉਹ ਅਜੇ ਕੈਨਵਸ ਉਪਰ ਬੁਰਸ਼ ਨਾਲ ਕੁਝ ਕਰਨ ਲਈ ਅੱਗੇ ਵਧਿਆ ਹੀ ਸੀ ਕਿ ਸ਼ਾਲੂ ਅੱਗੇ ਹੋ ਉਸਦੇ ਹੱਥ ਵਿਚਲਾ ਬੁਰਸ਼ ਫੜ ਲਿਆ।

‘ਚਿੱਤਰ ਤੇ ਮੁਕੰਮਲ ਏ। ਹੋਰ ਮੇਰਾ ਚੇਹਰਾ ਕਿਹੋ ਜਿਹਾ ਚਿੱਤਰੋਗੇ ?” ਸ਼ਾਲੂ ਨੇ ਕੈਨਵਸ ਵੱਲ ਗਹੁ ਨਾਲ ਦੇਖਦਿਆਂ ਕਿਹਾ ਸੀ।

ਪਰ ਅਮਨ ਅਜੇ ਵੀ ਸਿਰ ਮਾਰੀ ਜਾ ਰਿਹਾ ਸੀ।

“ਏਹ ਮੈਂ ਹੀ ਤਾਂ ਹਾਂ।” ਸਾਲੂ ਨੇ ਅਮਨ ਦਾ ਹੱਥ ਫੜਦਿਆਂ ਕਿਹਾ ਸੀ।

“ਨਹੀਂ ਏਹ ਤੇਰਾ ਚਿੱਤਰ ਨਹੀਂ ਏਹ ਤਾਂ ਉਸ ਪਿੰਡ ਵਾਲੀ ਕੁੜੀ ਦਾ ਚੇਹਰਾ ਹੈ।” ਅਮਨ ਨੇ ਸ਼ਾਲੂ ਦੇ ਮੋਢੇ ਉਪਰ ਹੱਥ ਰੱਖਦਿਆਂ ਆਖਿਆ।

“ਮੈਂ ਉਹੋ ਪਿੰਡ ਵਾਲੀ ਕੁੜੀ ਹੀ ਤਾਂ ਹਾਂ।” ਇਹ ਆਖ ਸ਼ਾਲੂ ਨੇ ਆਪਣਾ ਸਿਰ ਅਮਨ ਦੇ ਮੋਢੇ ਉਪਰ ਰੱਖ ਦਿੱਤਾ ਸੀ।

ਅਮਨ ਨੇ ਤ੍ਰਬਕ ਕੇ ਆਪਣੇ ਮੋਢੇ ਉਪਰ ਟਿਕੇ ਸਾਲੂ ਦੇ ਚਿਹਰੇ ਨੂੰ ਆਪਣੇ ਹੱਥਾਂ ਵਿੱਚ ਫੜ ਕੇ ਧਿਆਨ ਨਾਲ ਦੇਖਿਆ। ਇਕ ਜਾਣੀ ਪਹਿਚਾਣੀ ਮਹਿਕ ਉਸਦੇ ਆਲੇ ਦੁਆਲੇ ਖਿੱਲਰ ਗਈ। ਉਹ ਅੱਖਾਂ ਮੀਚ ਲੰਬੇ ਲੰਬੇ ਸਾਹ ਲੈਣ ਲਗ ਪਿਆ ਜਿਵੇਂ ਆਪਣੇ ਆਸੇ ਪਾਸੇ ਖਿੰਡੀ ਫਿਰਦੀ ਪੂਰੀ ਮਹਿਕ ਨੂੰ ਉਹ ਪੀ ਜਾਣਾ ਚਾਹੁੰਦਾ ਹੋਵੇ।

ਉਸਦੇ ਚਿਹਰੇ ਨੂੰ ਅਮਨ ਨੇ ਆਪਣੇ ਹੱਥਾਂ ਵਿੱਚ ਫੜਿਆ ਹੋਇਆ ਸੀ ਪਰ ਸਾਲੂ ਕੋਲੋਂ ਉਸਦੀਆਂ ਅੱਖਾਂ ਵਿੱਚ ਬਹੁਤੀ ਦੇਰ ਤੱਕ ਨਾ ਦੇਖਿਆ ਗਿਆ ਅਤੇ ਉਸਨੇ ਆਪਣੀਆਂ ਅੱਖਾਂ ਮੀਚ ਲਈਆਂ। ਮਹਿਕ ਦੀਆਂ ਘੁੱਟਾਂ ਭਰਕੇ ਅਮਨ ਦੀਆਂ ਅੱਖਾਂ ਅੱਗੇ ਆਪਣੇ ਪਿੰਡ ਦੀ ਉਹੋ ਬੈਠਕ ਸਾਕਾਰ ਹੋ ਉਠੀ ਜਿਥੇ ਬੈਠ ਉਹ ਆਪਣੇ ਕਾਗਜ਼ਾਂ ਉਪਰ ਚਿੱਤਰ ਉਲੀਕਿਆ ਕਰਦਾ ਸੀ। ਇਕ ਦੁਪੈਹਰ ਨੂੰ ਸ਼ੰਤੋਸ ਮਲਕੜੇ ਜਿਹੇ ਉਸਦੇ ਪਿੱਛੇ ਆ ਖੜ੍ਹੀ ਅਤੇ ਅਮਨ ਦੇ ਹੱਥ ਵਿਚਲੀ ਉਹ ਕਾਪੀ ਖਿੱਚ ਲਈ ਜਿਸ ਉਪਰ ਉਹ ਕੋਈ





ਚਿੱਤਰ ਬਣਾ ਰਿਹਾ ਸੀ। ਕਾਪੀ ਫੜ ਉਹ ਵਿਹੜੇ ਵਿੱਚ ਭੱਜ ਗਈ। ਦੁਪੈਹਰਾ ਹੋਣ ਕਾਰਨ ਸਭ ਆਪੋ ਆਪਣੇ ਅੰਦਰੀਂ ਵੜੇ ਹੋਏ ਸਨ। ਕਾਪੀ ਖੋਹਣ ਲਈ ਅਮਨ ਵੀ ਉਸ ਦੇ ਪਿੱਛੇ ਪਿੱਛੇ ਭੱਜਿਆ। ਵਿਹੜੇ ਵਿਚੋਂ ਗੇੜਾ ਕੱਢ ਕੇ ਉਹ ਫੇਰ ਬੈਠਕ ਵਿੱਚ ਆ ਗਈ। ਗਲੀ ਵਿੱਚ ਉਹ ਨਿਕਲਣਾ ਨਹੀਂ ਸੀ ਚਾਹੁੰਦੀ ਅਤੇ ਅਮਨ ਨੇ ਉਸਨੂੰ ਦਰਵਾਜੇ ਲਾਗੇ ਜਾ ਫੜਿਆ। ਉਸ ਕੋਲੋਂ ਕਾਪੀ ਖੋਹਦਿਆਂ ਉਹ ਦੋਵੇਂ ਗੁਥਮਗੁਥਾ ਹੋ ਗਏ ਸਨ। ਉਸ ਪਲ ਸੰਤੋਸ ਦਾ ਸਾਹ ਉਖੜ ਗਿਆ ਅਤੇ ਉਹ ਹਫ ਕੇ ਮੰਜੇ ਉਪਰ ਡਿੱਗ ਪਈ ਸੀ। ਉਸ ਵੇਲੇ ਅਮਨ ਨੇ ਉਸਨੂੰ ਆਪਣੀ ਜੱਫ਼ੀ ਵਿੱਚ ਘੁੱਟਿਆ ਹੋਇਆ ਸੀ। ਸਾਹੋ ਸਾਹ ਹੋਏ ਉਹ ਇਕ ਦੂਜੇ ਦੇ ਚਿਹਰਿਆਂ ਵੱਲ ਦੇਖੀ ਜਾ ਰਹੇ ਸਨ। ਉਥੋਂ ਉਠਣ ਲਈ ਜਿਵੇਂ ਕਿਸੇ ਦਾ ਵੀ ਮਨ ਨਾ ਕਰ ਰਿਹਾ ਹੋਵੇ। ਉਸ ਪਲ ਮੁੜਕਾ ਆਏ ਸੰਤੋਸ਼ ਦੇ ਪਿੰਡੇ ਵਿੱਚੋਂ ਉਹੋ ਜਿਹੀ ਹੀ ਮਹਿਕ ਆ ਰਹੀ ਸੀ ਜਿਹੋ ਜਿਹੀ ਉਸ ਵੇਲੇ ਸ਼ਾਲੂ ਦੇ ਪਿੰਡੇ ਵਿਚੋਂ ਆ ਰਹੀ ਸੀ।

ਦਰਵਾਜੇ ਉਪਰ ਹੋਈ ਖੜਾਕ ਸੁਣ ਅਮਨ ਨੇ ਆਪਣੇ ਆਪ ’ਚ ਆਉਂਦਿਆਂ ਸਾਹਮਣੇ ਖੜੇ ਇਕ ਅਜਨਬੀ ਵਲ ਸਵਾਲੀਆਂ ਨਜ਼ਰਾਂ ਨਾਲ ਦੇਖਿਆ ਸੀ। ਉਹ ਨੌਜੁਆਨ ਸ਼ਾਲੂ ਨੂੰ ਘੂਰ ਘੂਰ ਕੇ ਦੇਖ ਰਿਹਾ ਸੀ। ਦਰਵਾਜੇ ਵਿੱਚ ਖੜ੍ਹੇ ਆਪਣੇ ਭਰਾ ਨੂੰ ਦੇਖ ਸ਼ਾਲੂ ਦਾ ਚਿਹਰਾ ਇਕ ਦਮ ਪੀਲਾ ਪੈ ਗਿਆ ਸੀ।

ਉਸ ਨੌਜੁਆਨ ਨੇ ਅਮਨ ਨੂੰ ਕੁਝ ਨਹੀਂ ਸੀ ਕਿਹਾ। ਸ਼ਾਲੂ ਆਪਣੇ ਆਪ ਹੀ ਬਿਨਾਂ ਉਸਦੇ ਕੁਝ ਕਿਹਾ ਕਮਰੇ ਵਿਚੋਂ ਨਿਕਲ ਆਪਣੇ ਭਰਾ ਦੇ ਅੱਗੇ ਅੱਗੇ ਤੁਰ ਪਈ ਸੀ। ਉਸ ਨੌ–ਜੁਆਨ ਨੇ ਉਥੋਂ ਤੁਰਨ ਲੱਗਿਆਂ ਇਕ ਵਾਰ ਅਮਨ ਵਲ ਘੂਰ ਕੇ ਦੇਖਿਆ ਸੀ ਪਰ ਬੋਲਿਆ ਕੁਝ ਨਹੀਂ।

ਸ਼ਾਲੂ ਦੇ ਉਥੋਂ ਚਲੀ ਜਾਣ ਤੋਂ ਬਾਅਦ ਸਸ਼ੋਪੰਜ ’ਚ ਪਏ ਅਮਨ ਨੂੰ ਕੁਝ ਵੀ ਸਮਝ ਨਹੀਂ ਸੀ ਆਇਆ ਕਿ ਪਲਾਂ ਛਿਨਾਂ ਵਿੱਚ ਕੀ ਹੋ ਗਿਆ ਸੀ। ਉਸਨੂੰ ਉਹ ਸਭ ਕੁਝ ਇਕ ਸੁਫਨੇ ਵਾਂਗ ਲਗ ਰਿਹਾ ਸੀ ਜੋ ਉਥੇ ਵਾਪਰਿਆ ਸੀ।

ਕਿੰਨੇ ਹੀ ਦਿਨ ਅਮਨ ਉਸਦੇ ਆਉਣ ਦੀ ਉਡੀਕ ਕਰਦਾ ਰਿਹਾ। ਉਹ ਤਾਂ ਨਾ ਆਈ ਪਰ ਇਕ ਦਿਨ ਉਸਦੀ ਚਿੱਠੀ ਆ ਗਈ।

“ਮੈਂ ਤੁਹਾਨੂੰ ਦੱਸਣਾ ਚਾਹੁੰਦੀ ਸੀ ਪਰ ਦੱਸ ਨਹੀਂ ਸਕਦੀ। ਪਿਛਲੇ ਕੁਝ ਸਮੇਂ ਤੋਂ ਮੈਨੂੰ ਲਗ ਰਿਹਾ ਸੀ ਜਿਵੇਂ ਮੇਰਾ ਭਰਾ ਮੇਰਾ ਪਿੱਛਾ ਕਰ ਰਿਹਾ ਹੋਵੇ। ਨਾਲ ਦੇ ਵਿਦਿਆਰਥੀਆਂ ਨੇ ਦੱਸਿਆ ਕਿ ਉਹ ਇਕ ਦੋ ਵਾਰ ਕਾਲਜ ਵੀ ਗਿਆ ਸੀ। ਉਸ ਦਿਨ ਵੀ ਉਹ ਮੇਰਾ ਪਿੱਛਾ ਕਰਦਾ ਕਰਦਾ ਉਥੋਂ ਤੱਕ ਆ ਪਹੁੰਚਿਆ ਸੀ। ਮੇਰਾ ਬਾਹਰ ਨਿਕਲਣਾ ਬਿਲਕੁਲ ਬੰਦ ਕਰ ਦਿੱਤਾ ਹੈ। ਅਤੇ ਛੇਤੀ ਹੀ ਮੇਰਾ ਵਿਆਹ ਕਰ ਦੇਣ ਬਾਰੇ ਵਿਚਾਰਾਂ ਹੋਣ ਲਗ ਪਈਆਂ ਨੇ। ਪਰ ਮੈਂ ਤੁਹਾਥੋਂ–ਬਿਨਾਂ ਜਿਉਂ ਨਹੀਂ ਸਕਾਂਗੀ। ਮੈਂ ਮਾਂ ਨੂੰ ਆਖ ਦਿਤਾ ਹੈ ਕਿ ਵਿਆਹ ਕਰਾਂਵਾਂਗੀ ਤਾਂ ਅਮਨ ਨਾਲ ਹੀ ਨਹੀਂ ਤਾਂ ਕੁਝ ਖਾ ਕੇ ਮਰ ਜਾਵਾਂਗੀ। ਮੈਂ ਤੁਹਾਨੂੰ ਮਿਲਣਾ ਚਾਹੁੰਦੀ ਹਾਂ ਪਰ ਘਰ ਵਾਲਿਆਂ ਨੇ ਮੇਰੇ ਉਪਰ ਇੰਨੀਆਂ ਪਾਬੰਦੀਆਂ ਲਾ ਰੱਖੀਆਂ ਹਨ ਕਿ ਇਕ ਮਿੰਟ ਲਈ ਵੀ ਮੈਨੂੰ ਇਕੱਲਿਆਂ ਨਹੀਂ ਛੱਡਦੇ। ਜਲਦੀ ਹੀ ਮਿਲਣ ਦਾ ਕੋਈ ਨਾ ਕੋਈ ਸਬੱਬ ਬਣਾਂਵਾਂਗੀ।

ਤਾਕੀ ਲਾਗੇ ਖੜ੍ਹਾ ਅਮਨ ਠੰਢ ਨਾਲ ਸੁੰਨ ਹੁੰਦਾ ਜਾ ਰਿਹਾ ਸੀ ਧੁੰਦ ਵਿਚਲੀ ਨਮੀ ਕਾਰਨ ਉਸਦੀਆਂ ਮੁੱਛਾਂ ਅਤੇ ਦਾੜ੍ਹੀ ਗਿੱਲੀ ਹੋ ਗਈ ਸੀ। ਰੁਮਾਲ ਨਾਲ ਆਪਣਾ ਚਿਹਰਾ ਪੂੰਝ ਉਸਨੇ ਆਪਣੀਆਂ ਦੋਵੇਂ ਹਥੇਲੀਆਂ ਨੂੰ ਆਪੋ–ਵਿੱਚ ਰਗੜਿਆ। ਕੁਝ ਪਲ ਇਸ ਤਰ੍ਹਾਂ ਕਰਨ ਤੇ ਉਸਦੇ ਸੁੰਨ ਹੁੰਦੇ ਜਾ ਰਹੇ ਹੱਥਾਂ ਵਿੱਚ ਕੁਝ ਗਰਮਾਹਟ ਆ ਗਈ ਸੀ।

ਬਾਹਰ ਮੀਂਹ ਵਾਂਗ ਵਰ੍ਹ ਰਹੀ ਧੁੰਦ ਕਾਰਨ ਪਾਰਕ ਦੇ ਆਸੇ–ਪਾਸੇ ਜਗ ਰਹੀਆਂ ਬੱਤੀਆਂ ਧੁਆਂਖੀਆਂ

ਧੁਆਂਖੀਆਂ ਲਗ ਰਹੀਆਂ ਸਨ। ਪਾਰਕ ਅੰਦਰਲੇ ਦਰਖਤ, ਬੂਟਿਆਂ ਅਤੇ ਫੁੱਲਾਂ ਦੁਆਲੇ ਧੁੰਦ ਹਨੇਰੇ ਵਾਂਗ ਹੀ ਲਿਪਟੀ ਹੋਈ ਸੀ। ਹਲਕੇ ਬੱਦਲਾਂ ਵਾਂਗ ਧੁੰਦ ਦੇ ਬੁੱਲੇ ਪਾਰਕ ਵਲੋਂ ਆਉਂਦੇ ਅਤੇ ਅਮਨ ਦੇ ਚਿਹਰੇ ਨਾਲ ਟਕਰਾ ਕੇ ਕਮਰੇ ਅੰਦਰ ਵੜ ਜਾਂਦੇ।

ਮੇਜ ਉਪਰ ਪਈ ਬੋਤਲ ਵਿੱਚ ਬਚੀ ਪਈ ਸਰਾਬ ਉਸਨੇ ਇਕੋ ਵਾਰ ਗਲਾਸ ਵਿੱਚ ਉਲੱਦ ਲਈ ਅਤੇ ਪਾਣੀ ਪਾ ਗਿਲਾਸ ਨੱਕੋ ਨੱਕ ਭਰ ਲਿਆ। ਦੋ ਘੁੱਟ ਭਰਦਿਆਂ ਅਮਨ ਨੇ ਸ਼ੀਸ਼ੇ ਵਿੱਚ ਆਪਣਾ ਚਿਹਰਾ ਦੇਖਿਆ। ਚਿਹਰੇ ਉਪਰ ਹੱਥ ਫੇਰਦਿਆਂ ਉਸਨੂੰ ਲੱਗਿਆ ਜਿਵੇਂ ਉਸਦਾ ਹੱਥ ਕਿਸੇ ਹੋਰ ਦੇ ਚਿਹਰੇ ਉਪਰ ਫਿਰ ਰਿਹਾ ਹੋਵੇ।

ਖੜ੍ਹੇ ਖੜ੍ਹੇ ਅਮਨ ਨੂੰ ਲੱਗਿਆ ਜਿਵੇਂ ਕਿਸੇ ਨੇ ਪਿਛੋਂ ਆ ਉਸਦੀ ਗਰਦਨ ਦੁਆਲੇ ਆਪਣੀਆਂ ਬਾਹਾਂ ਵਲ ਲਈਆਂ ਹੋਣ। ਕੁਝ ਪਲ ਉਹ ਅੱਖਾਂ ਮੀਚ ਉਸੇ ਤਰ੍ਹਾਂ ਖੜ੍ਹਾ ਰਿਹਾ ਕਿਉਂਕਿ ਅੱਖਾਂ ਖੋਲ੍ਹ ਸੱਚਾਈ ਦਾ ਸਾਹਮਣਾ ਉਸ ਕੋਲੋਂ ਕਰ ਨਹੀਂ ਸੀ ਹੋਣਾ। ਜਦੋਂ ਉਹ ਕੈਨਵਸ ਉਪਰ ਕੰਮ ਕਰ ਰਿਹਾ ਹੁੰਦਾ ਸੀ ਤਾਂ ਉਸੇ ਤਰ੍ਹਾਂ ਹੀ ਬਿਨਾਂ ਖੜਾਕ ਕੀਤਿਆਂ ਸ਼ਾਲੂ ਅੰਦਰ ਆ ਉਸ ਦੀ ਗਰਦਣ ਦੁਆਲੇ ਆਪਣੀਆਂ ਬਾਹਾਂ ਵਲ ਲਿਆ ਕਰਦੀ ਸੀ। ਅੱਖਾਂ ਖੋਲ੍ਹ ਉਸਨੇ ਪਿਛਾਂਹ ਗਰਦਨ ਘੁਮਾ ਕੇ ਦੇਖਿਆ। ਕਮਰੇ ਅੰਦਰ ਉਸ ਤੋਂ ਸਿਵਾਏ ਕੋਈ ਵੀ ਨਹੀਂ ਸੀ। ਭਾਵੇਂ ਕਮਰੇ ਦੀ ਖਿੜਕੀ ਪੂਰੀ ਤਰ੍ਹਾਂ ਖੁੱਲੀ ਹੋਈ ਸੀ ਪਰ ਫੇਰ ਵੀ ਅਮਨ ਨੂੰ ਅੰਦਰ ਖੜ੍ਹਿਆ ਆਪਣਾ ਸਾਹ ਘੁੱਟਦਾ ਘੁੱਟਦਾ ਜਾਪਿਆ। ਮੇਜ ਉਪਰ ਪਏ ਗਿਲਾਸ ਵਿਚਲੀ ਦਾਰੂ ਉਸ ਨੇ ਖਤਮ ਕੀਤੀ ਅਤੇ ਦਰਵਾਜ਼ਾ ਬੰਦ ਕਰ ਉਹ ਬਾਹਰ ਸੜਕ ਉਤੇ ਨਿਕਲ ਗਿਆ। ਪੂਰਾ ਆਲਾ ਦੁਆਲਾ ਧੁੰਦ ਨੇ ਆਪਣੇ ਕਲਾਵੇ ਵਿਚ ਲਿਆ ਹੋਇਆ ਸੀ। ਧੁੰਦ ਤਹਿਆਂ ਬਣ ਬਣ ਬਾਹਰਲੀ ਹਰ ਚੀਜ਼ ਉਪਰ ਜੰਮੀ ਪਈ ਸੀ।

ਪਾਰਕ ਦੇ ਵਿਚੋਂ ਦੀ ਹੁੰਦਾ ਹੋਇਆ ਅਮਨ ਦੂਸਰੇ ਬਲਾਕ ਦੀ ਮੁੱਖ ਸੜਕ ਉਤੇ ਆ ਗਿਆ। ਧੁੰਦ ਵਧ ਜਾਣ ਕਾਰਨ ਸੜਕ ਉਤੇ ਜਾਂਦੇ ਆਉਂਦੇ ਤੀਵੀਆਂ ਮਰਦ ਜਿਵੇਂ ਕੱਪੜੇ ਦਾ ਗਿਲਾਫ਼ ਆਪਣੇ ਦੁਆਲੇ ਲਪੇਟੀ ਫਿਰਦੇ ਹੋਣ। ਰੂੰ ਦੇ ਫੰਬਿਆਂ ਵਾਂਗ ਉਡੇ ਫਿਰਦੇ ਧੁੰਦ ਦੇ ਬੁਲਿਆਂ ਕਾਰਨ ਉਥੇ ਫਿਰਦੇ ਬੰਦਿਆਂ ਦੇ ਚਿਹਰੇ ਸਾਫ਼ ਸਾਫ਼ ਨਹੀਂ ਸਨ ਦਿਖਾਈ ਦੇ ਰਹੇ। ਜਵਾਲਾ ਹੇੜੀ ਦੇ ਸਾਹਮਣੇ ਵਾਲੀ ਸੜਕ ਪੈ ਉਹ ਪਟਰੋਲ ਪੰਪ ਤੋਂ ਅੱਗੇ ਲੰਘ ਗਿਆ। ਮਦਰ ਡੇਅਰੀ ਤੋਂ ਥੋੜਾ ਜਿਹਾ ਪਹਿਲਾਂ ਉਸਦੇ ਕਦਮ ਆਪਣੇ ਆਪ ਰੁਕ ਗਏ। ਉਸ ਨੇ ਖੱਬੇ ਹੱਥ ਖੜੀ ਕਤਾਰ ਵਿਚਲੇ ਦੂਸਰੀ ਮੰਜ਼ਲ ਉਤਲੇ ਇਕ ਫਲੈਟ ਵਲ ਧਿਆਨ ਨਾਲ ਦੇਖਿਆ। ਧੁੰਦ ਵਿੱਚ ਪੂਰੀ ਤਰ੍ਹਾਂ ਡੁੱਬਿਆ ਹੋਇਆ ਫਲੈਟ ਕਿਸੇ ਕਾਗਜ਼ੀ ਖਿਡੌਣੇ ਵਾਂਗ ਲਗ ਰਿਹਾ ਸੀ। ਗੈਲਰੀ ਵਾਲੀ ਬੱਤੀ ਅੱਜ ਬੰਦ ਸੀ। ਸਿਰਫ ਇਕੋ ਕਮਰੇ ਅੰਦਰ ਚਾਨਣ ਸੀ ਜੋ ਸ਼ੀਸ਼ਿਆ ਵਾਲੀ ਖਿੜਕੀ ਵਿਚੋਂ ਦੀ ਬਾਹਰ ਤਾਂ ਆਉਣਾ ਚਾਹੁੰਦਾ ਸੀ ਪਰ ਰੋਸ਼ਨੀ ਹਨੇਰੇ ਅਤੇ ਧੁੰਦ ਵਿੱਚ ਹੀ ਗੁਆਚ ਕੇ ਰਹਿ ਗਈ ਸੀ। ਪੂਰੇ ਦਾ ਪੂਰਾ ਫਲੈਟ ਇਉਂ ਲਗ ਰਿਹਾ ਸੀ ਜਿਵੇਂ ਸਮੁੰਦਰ ਦੀ ਸਤਹ ਉਪਰ ਡੋਲਦਾ ਕੋਈ ਜਹਾਜ ਹੌਲੀ ਹੌਲੀ ਡੁਬਦਾ ਜਾ ਰਿਹਾ ਹੋਵੇ। ਪਿਛਲੇ ਕੁਝ ਸਮੇਂ ਤੋਂ ਲਗਾਤਾਰ ਉਸੇ ਵੇਲੇ ਉਧਰ ਆਇਆ ਕਰਦਾ ਸੀ। ਉਸਦੇ ਉਥੇ ਪਹੁੰਚਦਿਆਂ ਹੀ ਪਿਛਲੇ ਬੈੱਡ ਰੂਮ ਦੀ ਜੋ ਖਿੜਕੀ ਖੁਲ੍ਹ ਜਾਇਆ ਕਰਦੀ ਅਤੇ ਉਸ ਵਿਚੋਂ ਝਾਕਦਾ ਸ਼ਾਲੂ ਦਾ ਚਿਹਰਾ ਅਮਨ ਨੂੰ ਦੇਖਦਿਆਂ ਹੀ ਖਿੜ ਉਠਦਾ ਸੀ। ਉਸ ਤੋਂ ਬਾਅਦ ਖਿੜਕੀ ਬੰਦ ਹੋ ਜਾਂਦੀ ਅਤੇ ਸ਼ਾਲੂ ਕਾਹਲੀ ਕਾਹਲੀ ਪੌੜੀਆਂ ਉਤਰ ਹੇਠਾਂ ਆ ਜਾਂਦੀ ਸੀ। ਸ਼ਾਲੂ ਨੂੰ ਤੁਰੀ ਆਉਂਦੀ ਦੇਖ ਅਮਨ ਹੌਲੀ-ਹੌਲੀ ਤੁਰਦਾ ਸਾਹਮਣੇ ਪਾਰਕ ਵਲ ਨਿਕਲ ਜਾਂਦਾ ਸੀ। ਉਹ ਅਜੇ ਪਾਰਕ ਦਾ ਮੇਨ ਗੇਟ ਪਾਰ ਕਰਕੇ ਅੰਦਰ ਪਹੁੰਚਾ ਹੀ ਸੀ ਕਿ ਪਿਛਿਓ ਆ ਸਾਲੂ ਉਸਦੇ ਗਲ ਦੁਆਲੇ ਬਾਹਾਂ





ਵਲ ਲੈਂਦੀ ਸੀ।

ਕਿੰਨੀ ਹੀ ਦੇਰ ਤੱਕ ਉਹ ਪਾਰਕ ਦੀਆਂ ਹਨੇਰੀਆਂ ਪੰਗਡੰਡੀਆਂ ਉਪਰ ਘੁੰਮਦੇ ਰਹਿੰਦੇ। ਉਨ੍ਹਾਂ ਨੂੰ ਇਸ ਤਰ੍ਹਾਂ ਤੁਰੇ ਫਿਰਦੇ ਦੇਖ ਆਸ ਪਾਸ ਦੇ ਫੁੱਲ-ਬੂਟੇ ਉਨ੍ਹਾਂ ਵੱਲ ਹੈਰਾਨੀ ਨਾਲ ਦੇਖਦੇ ਕਿਉਂਕਿ ਉਥੇ ਤੁਰੇ ਫਿਰਦੇ ਉਹ ਕਿੰਨੀ ਕਿੰਨੀ ਦੇਰ ਤੱਕ ਵੀ ਕਿਸੇ ਨਾਲ ਕੋਈ ਗੱਲ ਨਹੀਂ ਸਨ ਕਰਦੇ। ਪਰ ਇਕ ਦੂਜੇ ਦਾ ਹੱਥ ਫੜ ਚੁਪ-ਚਾਪ ਤੁਰੇ ਜਾਂਦੇ ਵੀ ਉਹ ਕਿੰਨਾ ਕੁਝ ਹੀ ਇਕ ਦੂਜੇ ਨੂੰ ਕਹਿ ਰਹੇ ਹੁੰਦੇ ਸਨ। ਫੇਰ ਉਹ ਪਾਰਕ ਦੀ ਇਕ ਨੁੱਕਰੇ ਸੰਘਣੇ ਦਰਖਤ ਹੇਠਾਂ ਡਹੇ ਪਏ ਬੈਂਚ ਉਪਰ ਜਾ ਬੈਠਦੇ।

ਫੇਰ ਪਾਗਲਾਂ ਵਾਂਗ ਸ਼ਾਲੂ ਉਸਦੇ ਗਲ ਦੁਆਲੇ ਲਿਪਟ ਜਾਂਦੀ ਸੀ। ਸਾਹੋ ਸਾਹ ਹੋਈ ਉਹ ਕਦੇ ਅਮਨ ਦੇ ਮੱਥੇ ਨੂੰ ਚੁੰਮਦੀ ਕਦੇ ਗਰਦਨ ਨੂੰ ਫੇਰ ਹੌਲੀ ਹੌਲੀ ਸਮੁੰਦਰ ਵਿੱਚ ਉਠੀ ਛੱਲ ਵਾਂਗ ਉਹ ਆਪਣੇ ਆਪ ਹੀ ਠੰਢੀ ਪੈ ਜਾਂਦੀ ਸੀ।

"ਅਮਨ, ਮੈਂ ਤੇਰੇ ਬਿਨਾਂ ਰਹਿ ਨ੍ਹੀਂ ਸਕਦੀ।" ਠੰਢੀ ਹੋ ਗਈ ਛੱਲ 'ਚ ਜਿਵੇਂ ਅਚਾਨਕ ਹੀ ਜਾਨ ਪੈ ਜਾਂਦੀ ਹੋਵੇ।

ਉਸਦੀ ਗੱਲ ਸੁਣ ਅਮਨ ਕੋਈ ਵੀ ਜੁਆਬ ਨਹੀਂ ਸੀ ਦਿੰਦਾ। ਸਿਰਫ ਉਸਦੇ ਵਾਲਾਂ ਵਿੱਚ ਆਪਣੀਆਂ ਉਂਗਲਾਂ ਫੇਰਦਾ ਰਹਿੰਦਾ ਸੀ।

"ਜੇ ਘਰ ਵਾਲਿਆਂ ਨੇ ਕਿਤੇ ਹੋਰ ਵਿਆਹ ਕਰਾਉਣ ਲਈ ਕਿਹਾ ਤਾਂ ਮੈਂ ਜ਼ਹਿਰ ਖਾ ਲਵਾਂਗੀ।" ਸੜਕ ਉਪਰ ਖੜ੍ਹੇ ਅਮਨ ਦੇ ਕੰਨਾਂ ਵਿੱਚ ਸ਼ਾਲੂ ਦੇ ਆਖੇ ਇਹ ਸ਼ਬਦ ਪਏ ਤਾਂ ਉਸਨੇ ਤ੍ਰਭਕ ਕੇ ਇਧਰ ਉਧਰ ਦੇਖਿਆ।

ਸੜਕ ਚੁਪ-ਚਾਪ ਕਿਸੇ ਸਰਾਲ ਵਾਂਗ ਲੰਮੀ ਪਈ ਸੀ ਅਤੇ ਉਸ ਉਪਰ ਇਕ ਪਰਦੇ ਵਾਂਗ ਤਣੀ ਧੁੰਦ ਵਿਚੋਂ ਦੀ ਇੱਕਾ ਦੁੱਕਾ ਵਿਅਕਤੀ ਆ ਜਾ ਰਹੇ ਸਨ। ਕੁਝ ਪਲ ਇਥੇ ਖੜ੍ਹੇ ਰਹਿਣ ਤੋਂ ਬਾਅਦ ਉਸਨੇ ਇਕ ਵਾਰ ਫੇਰ ਫਲੈਟ ਦੀ ਖਿੜਕੀ ਵਿਚੋਂ ਦੀ ਆਉਂਦੀ ਮੱਧਮ ਰੌਸ਼ਨੀ ਵਲ ਦੇਖਿਆ ਉਸਨੂੰ ਲਗਿਆ ਜਿਵੇਂ ਹੁਣੇ ਹੀ ਖਿੜਕੀ ਖੁੱਲ੍ਹੇਗੀ ਅਤੇ ਇਕ ਚਿਹਰਾ ਉਸ ਵਿਚੋਂ ਦੀ ਬਾਹਰ ਨਿਕਲ ਮੁਸਕਰਾਏਗਾ ਅਤੇ ਉਸ ਦੁਆਲੇ ਲਿਪਟੀਆਂ ਉਦਾਸੀ ਦੀਆਂ ਤਹਿਆਂ ਆਪਣੇ ਆਪ ਇਕ ਇਕ ਕਰਕੇ ਕਿਧਰ ਉਠ ਜਾਣਗੀਆਂ ਪਰ ਕਿੰਨਾ ਹੀ ਚਿਰ ਉਥੇ ਖੜ੍ਹੇ ਰਹਿਣ ਤੋਂ ਬਾਅਦ ਤੱਕ ਵੀ ਅਜਿਹਾ ਕੁਝ ਨਹੀਂ ਸੀ ਵਾਪਰਿਆ ਜਿਸਦੀ ਉਸਨੂੰ ਆਸ ਸੀ।

ਫੇਰ ਉਸਦਾ ਮਨ ਕੀਤਾ ਸੀ ਕਿ ਉਹ ਨਿਰਮਲ ਦੇ ਫਲੈਟ 'ਚ ਕੁਝ ਪਲ ਜਾ ਬੈਠੇ ਸ਼ਾਇਦ ਉਸ ਨਾਲ ਕੋਈ ਗੱਲ ਕਰ ਉਸਦੇ ਭਟਕਦੇ ਮਨ ਨੂੰ ਕੁਝ ਸਾਂਤੀ ਮਿਲ ਸਕੇ। ਨਿਰਮਲ ਦਾ ਫਲੈਟ ਉਸੇ ਬਲਾਕ ਵਿੱਚ ਸੀ। ਉਹ ਅਤੇ ਸ਼ਾਲੂ ਕਈ ਵਾਰ ਉਸਦੇ ਫਲੈਟ ਵਿੱਚ ਮਿਲੇ ਸਨ ਪਰ ਹੁਣ ਉਧਰ ਨੂੰ ਤੁਰਨ ਲਈ ਉਸਦੇ ਪੈਰ ਤਿਆਰ ਨਹੀਂ ਸਨ ਹੋ ਰਹੇ।

ਫੇਰ ਉਸਦੇ ਪੈਰ ਆਪਣੇ ਆਪ ਹੀ ਉਸ ਪਾਰਕ ਵੱਲ ਨੂੰ ਹੋ ਤੁਰੇ ਜਿਥੇ ਉਹ ਤੇ ਸ਼ਾਲੂ ਮਿਲਿਆ ਕਰਦੇ ਸਨ। ਪਾਰਕ ਅੰਦਰ ਵੜਦਿਆਂ ਹੀ ਜਿਵੇਂ ਉਸਨੂੰ ਕੁਝ ਹੋਣ ਲਗ ਪਿਆ ਹੋਵੇ। ਇਕ ਜਾਣੀ-ਪਹਿਚਾਣੀ ਮਹਿਕ ਉਸਦੇ ਸਿਰ ਨੂੰ ਚੜ੍ਹਨ ਲਗ ਪਈ। ਇਹ ਉਹੋ ਹੀ ਮਹਿਕ ਸੀ ਜੇ ਸ਼ਾਲੂ ਦੇ ਪਿੰਡੇ ਵਿਚੋਂ ਆਇਆ ਕਰਦੀ ਸੀ। ਦਰਖ਼ਤ ਹੇਠਾਂ ਪਏ ਬੈਂਚ ਵੱਲ ਵਧਦਿਆਂ ਅਮਨ ਨੂੰ ਲੱਗਿਆ ਜਿਵੇਂ ਸ਼ਾਲੂ ਕਿਤੇ ਨੇੜੇ ਤੇੜੇ ਹੀ ਤੁਰੀ ਫਿਰ ਰਹੀ ਹੋਵੇ।

ਬੈਂਚ ਉਪਰ ਬੈਠ ਉਸਨੇ ਆਪਣੀਆਂ ਅੱਖਾਂ ਮੀਚ ਲਈਆਂ। ਅੱਖਾਂ ਮੀਚੀ ਬੈਠੇ ਉਸਨੂੰ ਲਗ ਰਿਹਾ ਸੀ

ਜਿਵੇਂ ਅਜੇ ਵੀ ਸ਼ਾਲੂ ਪਹਿਲੇ ਦਿਨ ਵਾਂਗ ਉਸ ਨਾਲ ਲਿਪਟੀ ਬੈਠੀ ਹੋਵੇ। ਅਚਾਨਕ ਦਰਖਤ ਉਪਰ ਬੈਠੇ ਕਿਸੇ ਪੰਛੀ ਨੇ ਆਪਣੇ ਪਰ ਫੜਫੜਾਏ ਤਾਂ ਦਰਖਤ ਦੇ ਪੱਤਿਆਂ ਉਪਰ ਪਈ ਧੁੰਦ ਦੇ ਤੁਪਕੇ ਬੈਂਚ ਉਪਰ ਬੈਠੇ ਅਮਨ ਦੇ ਚਿਹਰੇ ਉਪਰ ਆ ਡਿੱਗੇ। ਅੱਖਾਂ ਮੀਟੀ ਬੈਠੇ ਅਮਨ ਨੂੰ ਲੱਗਿਆ ਜਿਵੇਂ ਉਸਦੇ ਉਪਰ ਝੁਕਿਆ ਕੋਈ ਚਿਹਰਾ ਰੋ ਰਿਹਾ ਹੋਵੇ ਪਰ ਜਦੋਂ ਉਸਨੇ ਅੱਖਾਂ ਖੋਲ੍ਹ ਆਪਣੇ ਆਸ ਪਾਸ ਦੇਖਿਆ ਤਾਂ ਉਥੇ ਕੋਈ ਵੀ ਨਹੀਂ ਸੀ।

ਤੇ ਸੱਚ ਮੁੱਚ ਸ਼ਾਲੂ ਨੇ ਕੋਈ ਜ਼ਹਿਰੀਲੀ-ਚੀਜ਼ ਪੀ ਲਈ ਸੀ। ਘਰ ਵਾਲਿਆਂ ਨੇ ਉਸਦਾ ਘਰੋਂ ਨਿਕਲਣ ਬੰਦ ਕਰ ਦਿੱਤਾ ਸੀ। ਜਦ ਕਦੇ ਵੀ ਉਹ ਬਾਹਰ ਜਾਂਦੀ ਤਾਂ ਘਰ ਦਾ ਕੋਈ ਨਾ ਕੋਈ ਮੈਂਬਰ ਜ਼ਰੂਰ ਉਸਦੇ ਨਾਲ ਹੁੰਦਾ ਸੀ। ਮਹੀਨੇ ਦੇ ਵਿੱਚ ਹੀ ਉਸਦੀ ਮਰਜੀ ਦੇ ਖਿਲਾਫ਼ ਉਸਦਾ ਵਿਆਹ ਰੱਖ ਦਿੱਤਾ ਗਿਆ ਸੀ ਸ਼ਾਲੂ ਨੇ ਇਸ ਰਿਸ਼ਤੇ ਲਈ ਬੜੀ ਨਾਂਹ ਨੁੱਕਰ ਕੀਤੀ ਪਰ ਉਸਦੀ ਕਿਸੇ ਨੇ ਵੀ ਨਹੀਂ ਸੀ ਸੁਣੀ। ਬਰਾਤ ਆਉਣ ਤੋਂ ਇਕ ਦਿਨ ਪਹਿਲਾਂ ਉਸਨੇ ਕੋਈ ਜ਼ਹਿਰੀਲੀ ਚੀਜ਼ ਪੀ ਲਈ ਸੀ। ਜਦੋਂ ਘਰ ਵਾਲਿਆਂ ਨੂੰ ਪਤਾ ਲੱਗਿਆ ਤਾਂ ਬਹੁਤ ਦੇਰ ਹੋ ਚੁੱਕੀ ਸੀ। ਹਸਪਤਾਲ ਜਾਂਦੇ-ਜਾਂਦੇ ਹੀ ਉਹ ਦਮ ਤੋੜ ਗਈ ਸੀ।

ਇਸ ਬਾਰੇ ਸ਼ਾਲੂ ਦੇ ਮਰਨ ਤੋਂ ਤੀਸਰੇ ਦਿਨ ਬਾਅਦ ਅਮਨ ਨੂੰ ਪਤਾ ਲੱਗਿਆ ਸੀ। ਜਦੋਂ ਇਸ ਘਟਨਾ ਬਾਰੇ ਨਿਰਮਲ ਨੇ ਉਸਨੂੰ ਦੱਸਿਆ ਤਾਂ ਅਮਨ ਪਾਗਲ ਹੀ ਹੋ ਗਿਆ ਸੀ। ਆਪਣੇ ਸਾਹਮਣੇ ਖੜ੍ਹੇ ਨਿਰਮਲ ਦੇ ਸਿਰ ਦੇ ਵਾਲ ਉਹ ਪੁੱਟਣ ਲਗ ਪਿਆ ਸੀ। ਕਮਰੇ ਅੰਦਰਲੀਆਂ ਚੀਜ਼ਾਂ ਨੂੰ ਚੁੱਕ ਚੁੱਕ ਇਧਰ ਉਧਰ ਸੁਟਣ ਲੱਗ ਪਿਆ। ਉਸ ਤੋਂ ਬਾਅਦ ਨਿਰਮਲ ਦੇ ਗਲ ਲਗ ਪਾਗਲਾਂ ਵਾਂਗ ਰੋਣ ਲਗ ਪਿਆ ਸੀ।

ਬੈਂਚ ਉਪਰ ਬੈਠੇ ਅਮਨ ਦੀਆਂ ਅੱਖਾਂ ਅੱਗੇ ਅਚਾਨਕ ਹੀ ਸ਼ਾਲੂ ਦੀ ਚਿਖਾ ਵਲ ਉਠੀ ਸੀ। ਹਾਰ ਸ਼ਿਗਾਰ ਲਾਈ ਉਹ ਲੱਕੜੀ ਉਪਰ ਅੱਖਾਂ ਮੀਚ ਲੰਮੀ ਪਈ ਸੀ। ਉਸਦੇ ਪਿੰਡੇ ਦੁਆਲੇ ਵਿਆਹ ਵਾਲਾ ਜੋੜਾ ਬਹੁਤ ਹੀ ਫਬ ਰਿਹਾ ਸੀ। ਬਲਦੀ ਚਿਖਾ ਵਿਚੋਂ ਸ਼ਾਲੂ ਦਾ ਸੱਜਾ ਹੱਥ ਲੱਕੜ ਦੇ ਮੱਚ ਜਾਣ 'ਤੇ ਹੇਠਾਂ ਨੂੰ ਲਟਕ ਗਿਆ ਸੀ। ਉਸਨੂੰ ਦੇਖ ਬੈਂਚ ਉਪਰ ਬੈਠ ਅਮਨ ਨੂੰ ਲੱਗਿਆ। ਜਿਵੇਂ ਸ਼ਾਲੂ ਉਸਨੂੰ ਆਪਣੇ ਕੋਲ ਬੁਲਾ ਰਹੀ ਹੋਵੇ।

ਦੇਖਦੇ ਦੇਖਦੇ ਹੀ ਸ਼ਾਲੂ ਦੀ ਬਲਦੀ ਚਿਖਾ ਠੰਢੀ ਹੋ ਗਈ। ਇਕ ਠਰੀ ਹਵਾ ਦਾ ਬੁਲਾ ਅਮਰ ਦੇ ਮੱਥੇ ਨਾਲ ਟਕਰਾਇਆ ਤਾਂ ਉਸਨੂੰ ਇਕ ਧੁੜਧੜੀ ਆ ਗਈ। ਉਠ ਕੇ ਖੜ੍ਹਾ ਹੁੰਦਿਆਂ ਅਮਨ ਨੇ ਆਪਣੇ ਆਸੇ ਪਾਸੇ ਦੇਖਿਆ। ਉਸਦੇ ਸਿਰ ਉਪਰ ਝੁਕਿਆ ਖੜ੍ਹਾ ਦਰਖ਼ਤ ਬਹੁਤ ਉਦਾਸ ਲਗ ਰਿਹਾ ਸੀ। ਉਸਦੇ ਪੱਤਿਆਂ ਉਪਰ ਪਈ ਤ੍ਰੇਲ ਤੁਪਕਾ ਤੁਪਕਾ ਬਣ ਹੇਠਾਂ ਡਿੱਗ ਰਹੀ ਸੀ ਜਿਵੇਂ ਅਮਨ ਵਾਂਗ ਦਰਖ਼ਤ ਵੀ ਰੋ ਰਿਹਾ ਹੋਵੇ। ਅਮਨ ਨੇ ਆਪਣੇ ਚਿਹਰੇ ਉਪਰ ਹੱਥ ਫੇਰਿਆ ਅਤੇ ਸਿੱਲਾਂ ਹੋ ਗਏ ਆਪਣੇ ਚਿਹਰੇ ਨੂੰ ਰੁਮਾਲ ਨਾਲ ਪੂੰਝ ਮਰੇ ਮਰੇ ਜਿਹੇ ਕਦਮ ਪੁੱਟ ਆਪਣੇ ਫਲੈਟ ਵਲ ਨੂੰ ਚੱਲ ਪਿਆ।

(ਛਪ ਰਹੇ ਨਾਵਲ ਵਿੱਚੋਂ)





## ਕਹਾਣੀ / ਕਬੂਤਰ / ਮੋਹਨ ਭੰਡਾਰੀ

***ਮੋਹਨ ਭੰਡਾਰੀ ਨਿੱਕੇ ਨਿੱਕੇ ਫ਼ਿਕਰਿਆਂ ਵਿਚ ਕਹਾਣੀ ਦੀ ਬੁਣਤੀ ਕਰਨ ਦਾ ਮਾਹਰ ਹੈ। ਉਸ ਦੇ ਫ਼ਿਕਰੇ ਤਲਵਾਰ ਵਰਗੇ ਤਿੱਖੇ ਹੁੰਦੇ ਜਾਂ ਤੇਜਾਬ ਦੇ ਛਿੱਟੇ ਵਰਗੇ ਹੁੰਦੇ ਹਨ। ਉਸ ਨੇ ਮਹਾਜਨੀ ਸਭਿਆਚਾਰ ਨੂੰ ਆਪਣੀਆਂ ਕਹਾਣੀਆਂ ਵਿਚ ਬਰੀਕੀ ਨਾਲ ਚਿਤਰਿਆ ਹੈ। ਇਸ ਦੇ ਨਾਲ ਹੀ ਸਾਂਝੇ ਪੰਜਾਬੀ ਸਭਿਆਚਾਰ ਦੀ ਝਲਕ ਵੀ ਉਸ ਦੀਆਂ ਕਹਾਣੀਆਂ ਵਿਚ ਮਿਲਦੀ ਹੈ। ਉਹ ਆਪਣੀ ਕਹਾਣੀ ਵਿਚ ਨਵੇਂ ਵਿਸ਼ੇ ਲੈਂਦਾ ਹੈ।***

ਕਬੂਤਰ ਕਾਰਨ ਪਿਆ ਸਿਆਪਾ।

ਓਸੇ ਦਿਨ ਸ਼ਕਤੀ ਦੇਵੀ ਨੇ ਮੌਨ ਧਾਰ ਲਿਆ। ਅੰਨ ਜਲ ਬੰਦ। ਬੱਸ, ਅੰਦਰ ਜਾ ਵੜੀ। ਪਲੰਘ ਉਤੇ ਚੁੱਪ ਚਾਪ ਰੋਂਦੀ ਰਹੀ। ਦੋ ਦਿਨ ਇਉਂ ਹੀ ਬੀਤ ਗਏ। ਤੀਜੀ ਸਵੇਰ ਮੀਂਹ ਪੈਣ ਲੱਗ ਪਿਆ। ਪਹਿਲਾਂ ਕਿਣਮਿਣ ਕਿਣਮਿਣ। ਫੇਰ ਮੋਹਲੇਦਾਰ।

ਮੈਂ ਕੰਧ ਨਾਲ ਢੋ ਲਾਈ ਵਰਾਂਡੇ ਵਿਚ ਬੈਠਾ ਸਾਂ। ਵਿਹੜੇ ਦੇ ਫ਼ਰਸ਼ ਉਤੇ ਮੋਟੇ-ਮੋਟੇ ਕਣੇ ਡਿਗਦੇ। ਬੁਲਬੁਲੇ ਬਣਦੇ। ਫਟ ਜਾਂਦੇ। ਬਣਦੇ ਬਿਣਸਦੇ ਬੁਲਬੁਲਿਆਂ ਦਾ ਖੇਲ੍ਹ ਮੈਂ ਦੇਖਦਾ ਰਿਹਾ। ਮੰਤਰਮੁਗਧ। ਵਾਛੜੋਂ ਵਿਛੜੀਆਂ ਕਣੀਆਂ ਮੇਰੀਆਂ ਨੰਗੀਆਂ ਲੱਤਾਂ ਉਤੇ ਆਪ ਮੁਹਾਰੇ ਪੈਂਦੀਆਂ ਰਹੀਆਂ। ਪੌਣ ਵਗੀ। ਘੁਟਣ ਭਰੇ ਵਾਤਾਵਰਣ 'ਚ ਸੀਤਲਤਾ ਰਸਣ-ਵਸਣ ਲੱਗੀ।

ਹਰੀ ਓਮ... ਸ਼ਾਂਤੀ ... ਸਾਂਤੀ... ਦਾ ਮੌਨ ਜਾਪ।

ਮੇਰਾ ਮਨ ਪਸੀਜ ਰਿਹਾ ਸੀ।

...

ਫੇਰ ਨਿਕਲੀ ਬਾਹਰ ਸ਼ਕਤੀ ਦੇਵੀ। ਅਲਸਾਈ-ਥੱਕੀ ਜਿਹੀ। ਇਕ ਵਾਰ ਤਾਂ ਜੀਅ 'ਚ ਆਇਆ ਕਿ ਨਤ ਮਸਤਕ ਹੋ ਜਾਂ।... ਕਰਾਂ ਡੰਡੌਤ ਬੰਦਨਾ ਅਨਿਕ ਬਾਰ। ਜਾਂ ਉਂਝ ਹੀ ਧਾਅ ਕੇ ਪੈਰੀਂ ਪੈ ਜਾਂ। ਧੋ ਦਿਆਂ ਹੰਝੂਆਂ ਨਾਲ ਚਰਨ ਓਸ ਦੇ। ਪਰ ਮਨ ਕਰੜਾ ਕਰਕੇ ਓਮੇਂ ਬੈਠਾ ਰਿਹਾ। ਆਪਣਾ ਮੂੰਹ ਦੂਜੇ ਪਾਸੇ ਕਰ ਲਿਆ ਸਗੋਂ ਉਹ ਸਾਹਮਣਿਓਂ, ਐਨ ਮੇਰੇ ਕੋਲੋਂ ਦੀ ਸਾਬਤ ਕਦਮੀਂ ਤੁਰਦੀ ਹੋਈ ਅਗਾਂਹ ਲੰਘ ਗਈ। ਸੰਧੂਰੇ ਹਾਥੀ ਵਾਂਗ ਝੂਲਦੀ ਹੋਈ। ਤੁਰਦੀ ਦੀ ਓਹਦੀ ਪਿੱਠ ਦੇਖਦਾ ਰਿਹਾ ਮੈਂ। "ਗਦਰਾਏ ਮਧਰੇ ਕੱਦ ਦੀ, ਗੋਲ ਮਟੋਲ ਜਿਹੀ ਇਹ ਰੰਨ ਆਪਣੇ ਆਪ ਨੂੰ ਸਮਝਦੀ ਕੀ ਐ ? ਮੈਂ ਇਹਦੇ ਦਰ ਦਾ ਕੂਕਰ ਆਂ ਕੋਈ ?" ਮੇਰੇ ਵਲੂੰਧਰੇ ਅਹਿਸਾਸ ਨੇ ਹੀਣਤ ਮੰਨੀ। ਖੂੰਜੇ 'ਚ ਬਣੇ ਗ਼ੁਸਲਖਾਨੇ 'ਚ ਵੜ ਕੇ ਸ਼ਕਤੀ ਦੇਵੀ ਨੇ ਬੂਹਾ ਢੋਇਆ। ਅੰਦਰੋਂ ਕੁੰਡੀ ਮਾਰ ਲਈ।

ਮੌਨ ਇਤਿ ਹੋਇਆ।

"ਹਰੀ ਓਮ... ਸ਼ਾਂਤੀ ... ਸ਼ਾਂਤੀ..." ਦਾ ਜਾਪ ਆਰੰਭ।

ਫੇਰ ਅਗਲੀ ਸਰਗਮ, 'ਜਲ ਕਾ ਜਾਮਾ ਪਹਿਨ ਕੇ, ਤਨ ਕੀ ਗਈ ਬਲਾਅ...!' ਮਧੁਰ ਸੁਰ ਧੁਨੀ ਦੇ ਲਹਿਰੀਏ ਜਦੋਂ ਸੀਤਲ ਹਵਾ 'ਚ ਤਰੰਗਾਂ ਬਣ ਬਣ ਉੱਡਣ ਲੱਗੇ ਤਾਂ ਟੂਣੇਂਹਾਰ ਬੁਲ੍ਹ ਮੇਰੇ ਲਰਜ਼ ਉੱਠੇ, "ਨਹੀਂ ਰੀਸਾਂ ਬਈ, ਏਸ ਬਲਾਅ ਦੀਆਂ!"

ਉਤੋਂ ਮੀਂਹ ਦਾ ਜਾਦੂ।

......

ਮੈਂ ਸੋਚਦਾਂ, ਕੀ ਸ਼ੈ ਹੈ ਉਹ ਜੋ ਮੈਨੂੰ ਏਥੇ ਬੰਨ੍ਹੀਂ ਬੈਠੀ ਐ! ਸ਼ਰਧਾ, ਨਿਸ਼ਠਾ, ਦਾਬਾ, ਡਰ, ਭਾਓ ਜਾਂ... ਜਾਂ ਚਲੋ ਰਹਿਣ ਦਿਓ। ਆਖੋਗੇ ਬਹਿਕ ਗਿਆ। ਲਾਲਸਾ ਵੀ ਤਾਂ ਹੋ ਸਕਦੀ ਐ। ਠਾਕੁਰਦੁਆਰੇ ਦੇ ਨਾਉਂ ਲੱਗੀ ਹੋਈ ਪੰਜਾਹ ਏਕੜ ਚਾਰੀ ਭੋਂ, ਸੋਲਾਂ ਕਮਰੇ, ਸਿਓਨੇ ਦਾ ਛਤਰ, ਠਾਕੁਰਾਂ ਦੇ ਗਹਿਣੇ... ਚੜ੍ਹਾਵਾ ਵਾਧੂ ਦਾ!

ਪਰ ਕਰਾਂ ਕੀ ਏਸ ਮਨ ਦਾ। ਉਪਰਾਮ ਹੋ ਜਾਂਦੈ ਕਦੇ ਕਦੇ। ਬਈਮਾਨ। ਇਹਦੇ ਆਖੇ ਲੱਗ ਨਿੱਕੀਆਂ-ਨਿੱਕੀਆਂ ਸਰਹਿੰਦੀ ਇੱਟਾਂ ਦੇ ਬਣੇ-ਚਿਣੇ ਏਸ ਠਾਕੁਰਦੁਆਰੇ ਦੀ ਦਿਓਕੱਦ ਇਮਾਰਤ 'ਚੋਂ ਨਿਕਲ ਜਾਣ ਦੀ ਮੈਂ ਕਈ ਵਾਰ ਕੋਸ਼ਿਸ਼ ਕੀਤੀ ਐ। ਕੋਸ਼ਿਸ਼ ਕੀ, ਨਿਕਲਿਆ ਵੀ ਆਂ। ਇਕ ਵਾਰ, ਹੋਇਆ ਇਉਂ ਕਿ ਇਸ਼ਨਾਨ ਕਰਾਉਣ ਲੱਗਿਆਂ ਇਕ ਮੂਰਤੀ ਡਿੱਗ ਪਈ ਮੇਰੇ ਹੱਥੋਂ। ਤੁਸੀਂ ਜਾਣੀ ਜਾਣ ਓਂ ਪਈ ਠਾਕੁਰਾਂ ਦਾ ਡਿਗਣਾ ਕੋਈ ਛੋਟੀ ਮੋਟੀ ਬਾਤ ਨਹੀਂ । ਪਾਪ ਐ ਇਹ। ਉਤੋਂ ਅਨਰਥ ਇਹ ਹੋਇਆ ਕਿ ਮੂਰਤੀ ਬਿਸਮ ਗਈ। ਇਹ ਅਪਸ਼ਗਨ ਦੇਖ ਕੇ ਸ਼ਕਤੀ ਦੇਵੀ ਕ੍ਰੋਧਿਤ ਹੋ ਉਠੀ। ਉਹ ਜੋਤ ਦੀ ਲਾਟ ਵਾਂਗ ਕੰਬੀ। ਸੱਜੇ ਹੱਥ ਦੀ ਪਹਿਲੀ ਉਂਗਲ ਖੜੀ ਕਰ ਗਰਜੀ, "ਦੁਸ਼ਟ! ਜਾਹ ਨਿਕਲ ਜਾ ਏਥੋਂ... ਤੇਰੇ ਚਾਰੇ ਰਾਹ, ਚਾਰੇ ਮੋਕਲੇ।" ਲਓ ਜੀ, ਮੈਂ ਤਾਂ ਸਿਰ 'ਤੇ ਪੈਰ ਧਰ ਕੇ ਭੱਜਿਆ। ਚੌਂਸਲੇ 'ਚ ਫਿਰਿਆ। ਚਾਰੇ ਕੂੰਟਾਂ ਗਾਹ ਮਾਰੀਆਂ। ਜਿੱਥੇ ਜਾਮਾਂ ਮੂਹਰੇ ਠਾਕੁਰ ਦੁਆਰਾ। ਠਾਕੁਰਦੁਆਰੇ 'ਚ ਸ਼ਕਤੀ ਦੇਵੀ ਹਾਜ਼ਰ ਨਾਜ਼ਰ। ਸੱਚ ਮੰਨੋ ਓਦੋਂ ਮੈਨੂੰ ਸਗਲੀ ਧਰਤ ਠਾਕੁਰਦੁਆਰਾ ਲੱਗੀ। ਮੈਂ ਤਾਂ ਜੀ ਬੌਂਦਲਕੇ ਥਾਏਂ ਬੈਠ ਗਿਆ। ਸਾਹ ਨੂੰ ਟੇਕ ਆਈ ਤਾਂ ਇਕ ਦਿਸ਼ਾ ਵੱਲ ਨਿਗਾਹ ਉੱਠ ਗਈ ਮੇਰੀ। ਕੀ ਦੇਖਦਾਂ ਇਕ ਪੁਰਖ ਦੂਰੋਂ ਮੇਰੇ ਵੱਲ ਤੁਰਿਆ ਆ ਰਿਹਾ ਹੈ। ਕੋਲ ਆਇਆ ਤਾਂ ਉਹਨੂੰ ਮੈਂ ਬੜੇ ਚਾਓ ਨਾਲ ਨਿਹਾਰਿਆ। ਉਹ ਮੁਸਕਰਾਇਆ। ਮੇਰਾ ਹੌਂਸਲਾ ਵਧ ਗਿਆ। ਮੈਂ ਪੁੱਛਿਆ, "ਕਿਉਂ ਭਾਈ ਸਾਹਬ , ਕੋਈ ਅਜਿਹੀ ਥਾਂ ਹੈ ਜਿੱਥੇ ਠਾਕੁਰ ਨਾ ਹੋਣ!" ਮੇਰੀ ਗੱਲ ਸੁਣ ਉਹ ਹੱਸਿਆ। ਜ਼ੋਰ-ਜ਼ੋਰ ਦੀ। ਫੇਰ ਬੋਲਿਆ, "ਹੇ, ਜਣ-ਮਾਣਸ, ਠਾਕੁਰ ਤਾਂ ਤੇਰੇ ਅੰਦਰ ਬੈਠੇ! ਆਪਣਾ ਮੂਲ ਪਛਾਣ।" ਮੁਕਤੀ ਬਿਅਰਥ ਹੈ। ਨਿਕਲਣ ਦਾ ਕੋਈ ਰਾਹ ਨਹੀਂ। ਇਹ ਸੋਚ ਮੈਂ ਮੁੜ ਆਇਆ। ਕਬੂਤਰ ਦੀ ਨਿਆਈਂ।

ਉਹ ਵੀ ਤਾਂ ਇਉਂ ਹੀ ਕਰਦਾ ਸੀ। ਸੁਬ੍ਹਾ ਸਵੇਰੇ ਕੰਧ ਦੇ ਅੰਦਰ ਵਾਰ ਉੱਚਾ ਕਰਕੇ ਬਣੇ ਆਲੇ 'ਚੋਂ ਉੜ ਕੇ ਵਿਹੜੇ 'ਚ ਆ ਜਾਂਦਾ। ਸ਼ਕਤੀ ਦੇਵੀ ਹੱਥੋਂ ਚੀਣਾ ਖਾਂਦਾ। ਸਿਰ ਮਾਰ-ਮਾਰ ਗੁਟਕਦਾ। ਫੰਘ ਫੜਫੜਾਉਂਦਾ ਬਨੇਰੇ ਉਤੇ ਜਾ ਬੈਠਦਾ। ਪਲ ਦੋ ਪਲ ਸੁਸਤਾਉਂਦਾ। ਫੇਰ ਉਡਾਰੀ ਮਾਰ ਕੇ ਗਗਨ 'ਚ ਗੁੰਮ ਜਾਂਦਾ। ਆਥਣੇਂ , ਦਿਨ ਢਲੇ ਮੁੜਦਾ ਕਿਤੇ ਜਾ ਕੇ। ਉਹਨੂੰ ਸੁੱਖੀ ਸਾਂਦੀਂ ਮੁੜਿਆ ਦੇਖ ਸ਼ਕਤੀ ਦੇਵੀ ਦਾ ਚਿਹਰਾ ਕਿਸੇ ਅਕਹਿ ਖ਼ੁਸ਼ੀ 'ਚ ਤਮਤਮਾ ਉੱਠਦਾ। ਉਹਨੂੰ ਆਪਣੇ ਗੋਸ਼ ਵਿਚ, ਸਹਿਜ ਆਨੰਦ ਦੀ ਮੁਦਰਾ 'ਚ ਬੈਠੇ ਨੂੰ ਦੇਖ ਕੇ ਪਹਿਲਾਂ ਉਹ ਮੁਸਕਰਾਉਂਦੀ। ਫੇਰ ਉਹਦੇ ਬੁੱਲ੍ਹ ਆਪ ਮੁਹਾਰ ਫ਼ਰਕ ਉਠਦੇ... ਹਰੀ ਓਮ...।

ਇਹੋ ਸੀ ਨਿਤਨੇਮ।

'ਸ਼ਕਤੀ ਦੇਵੀ ਦੀ ਜਾਨ ਕਬੂਤਰ 'ਚ ਐ।' ਮੈਂ ਕਦੇ ਸੋਚਦਾ ਹੁੰਦਾ।

......

'ਕ੍ਰਿਸ਼ਨ ! ਕ੍ਰਿਸ਼ਨ !!' ਇਹ ਕੀਹਨੇ ਪੁਕਾਰਿਆ ? ਮੇਰੀ ਬਿਰਤੀ ਟੁੱਟੀ।

ਸ਼ਕਤੀ ਦੇਵੀ ਪ੍ਰਗਟ ਹੋਈ। ਆਪਣੇ ਇਸ਼ਟ ਨੂੰ ਧਿਆਉਂਦੀ ਹੋਈ। ਸ਼ਵੇਤ ਧੋਤੀ। ਅੱਧੀ ਸੁੱਕੀ, ਅੱਧੀ





ਭਿੱਜੀ ਹੋਈ। ਚਿਹਰਾ ਸਵੱਛ-ਨਿਰਮਲ। ਧੁਲੇ ਤਾਂਬੇ ਦੀ ਭਾਅ ਮਾਰਦਾ। ਕੇਸ ਹੇਠਾਂ ਨੂੰ ਪਲਮੇ ਕਦਮ ਬੋਸੀ ਕਰਦੇ ਹੋਏ। ਨੁੱਚੜ ਰਹੇ। ਉਹ ਤੁਰੀ। ਪੱਬਾਂ ਭਾਰ। ਨਾਲ ਨਾਲ ਤੁਰੀ ਮੇਰੀ ਨਜ਼ਰ ਕਦਮ ਕਦਮ ਵਰਾਂਡੋ ਵਰਾਂਡਾ ਹੁੰਦੀ ਹੋਈ ਜਦੋਂ ਰੁਕੀ ਤਾਂ ਸ਼ਕਤੀ ਦੇਵੀ ਕ੍ਰਿਸ਼ਨ ਜੀ ਦੀ ਤਸਵੀਰ ਸਾਹਮਣੇ ਅੰਤਰ-ਧਿਆਨ ਖੜ੍ਹੀ ਦਿਖਾਈ ਦਿੱਤੀ। ਨਿੱਕੀਆਂ ਨਿੱਕੀਆਂ ਘੰਟੀਆਂ ਮੇਰੇ ਧੁਰ ਅੰਦਰ ਵੱਜਣ ਲੱਗ ਪਈਆਂ। ਜੀਅ ਕੀਤਾ ਉੱਠ ਖੜ੍ਹਾ ਹੋਮਾਂ, ਮੰਦ ਮੰਦ ਮੁਸਕਾਂਦਾ ਉਹਦੇ ਕੋਲ ਜਾਮਾਂ। ਚੁੱਪ ਮਾਰ ਬੈਠਾਂ। ਓਥੇ। ਜਿੱਥੇ ਉਹ ਹੁਣ ਖੜ੍ਹੀ ਐ। ਅੱਖਾਂ ਮੁੰਦ ਲਾਂ। ਭਜਨ ਗਾਮਾਂ। ਜਾਂ ਫੇਰ ਰਹਿਲ ਉਤੇ ਪਈ ਗੀਤਾ ਉੱਚੀ ਪੜ੍ਹਾਂ। ਪਰ ਕਿੱਥੇ ? ਹਿੱਲਿਆ ਤੱਕ ਨਾ ਗਿਆ ਮੈਤੋਂ। ਜਿਮੇਂ ਗੋਡੇ ਜੁੜ ਗਏ ਹੋਣ। ਹੱਥ-ਪੈਰ ਨਿਸੱਤੇ! ਹੇ ਭਗਵਾਨ, ਤੇਰੀ ਲੀਲਾ ਨਿਆਰੀ ਐ। ਮੈਂ ਕਿਤੇ ਭਟਕ ਤਾਂ ਨਹੀਂ ਗਿਆ ? ਡੋਲਣ 'ਤੇ ਰਾਖਿਓ ਪ੍ਰਭੂ... ਅਰਾਧਨਾ ਉਪਰੰਤ ਸ਼ਕਤੀ ਮੁੜੀ, ਤੁਰੀ, ਕਮਰੇ ਅੰਦਰ ਲੰਘ ਗਈ। ਹੁਣ ਤਾਂ ਅੱਖਾਂ ਦੀ ਬੇਬਾਹ। ਛਲਕ ਪਈਆਂ। ਤਦੇ ਉਹ ਬਾਹਰ ਆਈ। ਮੇਰੇ ਵੱਲ ਝਾਕੀ। ਕਲੇਜਾ ਮੇਰਾ ਆਇਆ ਬਾਹਰ ਨੂੰ। ਕੀ ਪਤਾ ਕੀ ਹੋਜੇ। ਉਹ ਨਰਮ ਗਰਮ ਲਹਿਜੇ 'ਚ ਬੋਲੀ, "ਕਿਸ਼ਨ ਮਰਨੈਂ ਤੂੰ ? ਇਉਂ ਕਿੰਨਾ ਚਿਰ ਬੈਠਾ ਰਹੇਂਗਾ ? ਭੁੱਖਾ ਭਾਣਾ! ਉੱਠ ਭੋਜਨ ਤਿਆਰ ਕਰ।" ਸ਼ਕਤੀ ਦੇਵੀ ਸਾਤਵਿਕ ਭੋਜਨ ਖਾਂਦੀ ਐ।" ਚੇਤੰਨ ਹੋ, ਮੈਂ ਆਗਿਆਕਾਰ ਬੱਚੇ ਵਾਂਗ ਉੱਠ ਖੜ੍ਹਾ ਹੋਇਆ। ਨਲਕੇ ਕੋਲ ਜਾ ਹੱਥ ਮੂੰਹ ਧੋਤਾ। ਗਾਗਰ 'ਚੋਂ ਚੌਲ ਕੱਢੇ। ਭਿਉਂਤੇ। ਦਲੀ ਹੋਈ ਮੂੰਗੀ ਦੀ ਦਾਲ ਚੁੱਲ੍ਹੇ 'ਤੇ ਧਰ ਦਿੱਤੀ। ਅੱਗ ਰੁਕ ਰੁਕ ਕੇ ਜਲੀ। ਦਾਲ-ਚੌਲ ਕੱਢੇ। ਭਿਉਂਤੇ। ਦਲੀ ਹੋਈ ਮੂੰਗੀ ਦੀ ਦਾਲ ਚੁੱਲ੍ਹੇ 'ਤੇ ਧਰ ਦਿੱਤੀ। ਅੱਗ ਰੁਕ ਰੁਕ ਕੇ ਜਲੀ। ਦਾਲ-ਚੌਲ ਉਬਲਣ ਲੱਗੇ।

ਮੈਂ ਦਬੇ ਪੈਰੀਂ ਤੁਰਦਾ ਕਮਰੇ ਦੀ ਚੁਗਾਠ ਕੋਲ ਆਇਆ। ਅੰਦਰ ਝਾਤੀ ਮਾਰੀ। ਸ਼ਕਤੀ ਦੇਵੀ ਸ਼ੀਸ਼ੇ ਸਾਹਮਣੇ ਬੈਠੀ ਕੇਸ ਵਾਹ ਰਹੀ ਸੀ। ਹਟਮੇਂ, ਲੁਕਮੇਂ ਥਾਂ ਖੜ੍ਹਾ ਮੈਂ ਚੋਰੀ ਚੋਰੀ ਦੇਖਦਾ ਰਿਹਾ। ਕਦੇ ਸ਼ਕਤੀ ਵੱਲ, ਕਦੇ ਚੁੱਲ੍ਹੇ ਵੱਲ। ਅੱਗ ਬਰਾਬਰ ਮੱਚ ਰਹੀ ਸੀ। ਮੇਰੇ ਅੰਦਰ ਉਥਲ-ਪੁਥਲ ਹੋਣ ਲੱਗੀ।

ਮੈਂ ਭੱਜਿਆ। ਚੁੱਲ੍ਹੇ ਕੋਲ ਗਿਆ। ਨੰਗੇ ਹੱਥੀਂ ਪਤੀਲਾ ਚੁੱਕ ਥੱਲੇ ਰਖਿਆ। ਮੇਰੀਆਂ ਉਂਗਲਾਂ ਦੇ ਫੂਲ ਝੁਲਸ ਗਏ। ਪਰ ਇਕ ਗੱਲੋਂ ਤਸੱਲੀ ਹੋਈ। ਦਾਲ-ਭੱਤ ਦਾ ਉਬਾਲ ਸੀ। ਸਾਰਾ ਕੁਝ ਉਬਲ ਕੇ ਪਤੀਲਿਉਂ ਬਾਹਰ ਡੁੱਲ੍ਹਣੋਂ ਬਚ ਗਿਆ। ਮੀਂਹ ਥੰਮ ਗਿਆ ਸੀ।

ਸ਼ਕਤੀ ਦੇਵੀ ਅਜੇ ਬਾਹਰ ਨਹੀਂ ਸੀ ਆਈ। ਸ਼ੀਸ਼ੇ ਮੂਹਰੇ ਕਾਹਦੀ ਬੈਠੀ। ਸ਼ੀਸ਼ੇ ਦੀ ਹੋ ਕੇ ਰਹਿ ਗਈ। ਮੇਰੀਆਂ ਉਂਗਲਾਂ ਦੇ ਫੂਲਾਂ 'ਚ ਤਿੱਖੀ ਜਲੂਣ ਹੋਈ। ਮੈਂ ਦਲਾਨ 'ਚ ਗਿਆ। ਓਥੇ ਬੰਨ੍ਹੀ ਗਾਂ ਨੂੰ ਆਪਣੇ ਹੱਥ ਚਟਾਏ। ਜਲੂਣ ਤਾਂ ਭਾਮੇਂ ਹਟ ਗਈ। ਪਰ ਮੈਂ ਅਨੋਭੜ ਜਿਹੀ ਔਖ ਮਹਿਸੂਸ ਕਰਨ ਲੱਗਾ। ਸ਼ਕਤੀ ਦੇਵੀ ਅੰਦਰ ਬੈਠੀ ਕੀ ਕਰੀ ਜਾ ਰਹੀ ਐ? ਮੈਤੋਂ ਕਿਹੜੇ ਜਨਮ ਦਾ ਬਦਲਾ ਲੈ ਰਹੀ ਐ ਉਹ ? ਮੈਂ ਕਾਮਾ ਬੰਦਾ ਆਂ। ਕੋਈ ਇਉਂ ਘੰਟਿਆਂ ਬੱਧੀ ਸ਼ੀਸ਼ੇ ਮੂਹਰੇ ਆਪਣਾ ਆਪ ਨਿਹਾਰਦਾ ਰਹੇ। ਕੰਮ ਮੇਰਾ ਵਿਚੇ ਰਹਿ ਜੇ। ਇਹ ਕੀ ਗੱਲ ਹੋਈ! ਕੀ ਚਲਣ ਹੈ ਇਹ! ਫੇਰ ਸੋਚਿਆ ਮੈਨੂੰ ਇਉਂ ਨਹੀਂ ਸੋਚਣਾ ਚਾਹੀਦਾ। ਪਾਪ ਹੁੰਦੈ। ਆਪੋ ਆਪਣੇ ਮਨ ਦੀ ਬਾਤ ਐ।

....

ਕਿਤੇ ਇਕ ਦੁੱਖ ਐ ਉਹਨੂੰ। ਨਿੱਕੀ ਹੁੰਦੀ ਠਾਕੁਰਾਂ ਨੂੰ ਵਿਆਹੀ ਗਈ। ਨਿੱਕੇ ਨਿੱਕੇ ਪੈਰੀਂ ਤੋਰੀਂ, ਉਹਦੇ ਮਾਪੇ ਲਿਆਏ। ਵਿਆਹ ਕੇ ਤੁਰ ਗਏ। ਓਸ ਵੇਲੇ ਤਾਂ ਉਹਨੂੰ ਵੀ ਚਾਓ ਚੜ੍ਹਿਆ। ਬਾਅਦ 'ਚ ਏਹੀ ਚਾਓ ਮਾਮਲਾ ਬਣ ਗਿਆ। ਓਦੋਂ ਅਸੀਂ ਵੀ ਤਾਂ ਨਿਆਣੇ ਈ ਸਾਂ। ਸ਼ੰਭੂ ਤੇ ਮੈਂ। ਸ਼ੰਭੂ। ਮੇਰਾ ਬੜਾ ਭਾਈ। ਉਹ ਸੱਤ ਵਰ੍ਹਿਆਂ ਦਾ। ਮੈਂ ਪੰਜ ਕੁ ਦਾ। ਸ਼ਕਤੀ ਸਾਨੂੰ ਬਾਤੀ ਦਿੰਦੀ ਖਾਣ ਨੂੰ। ਕਦੇ ਫਲ ਫਰੂਟ। ਪ੍ਰਸ਼ਾਦ ਤਾਂ ਮਿਲਦਾ ਈ ਸੀ। ਦਿਨੇ ਅਸੀਂ ਗੌਰੀ ਸ਼ੰਕਰ ਅਚਾਰੀਆ ਕੋਲੋਂ ਪੜ੍ਹਦੇ। ਫੱਟੀਆਂ ਲਿਖ-ਲਿਖ

ਉਹਨੂੰ ਦਿਖਾਉਂਦੇ। ਕਪੜੇ ਧੋਂਦੇ। ਠਾਕੁਰਦੁਆਰਾ ਸੁੰਵਰਦੇ। ਫੇਰ ਛੁੱਟੀ। ਜੋ ਮਰਜੀ ਕਰੀਏ। ਖੇਲੀਏ ਜਾਂ ਘਰ ਚਲੇ ਜਾਈਏ। ਦਿਨ ਤੀਆਂ ਵਰਗੇ ਬੀਤ ਰਹੇ ਸਨ।

ਬਦਲੇ ਦਿਨ ਫੇਰ। ਖੇਲਾਂ ਵੀ ਬਦਲ ਗਈਆਂ।

ਦਿਨੇ ਠਾਕੁਰਦੁਆਰੇ ਦੀ ਛੱਤ ਉਤੇ, 'ਵਿਆਹ, ਵਿਆਹ' ਖੇਲਣਾ ਬੰਦ। ਰਾਤੀਂ ਕਮਰਿਆਂ 'ਚ ਲੁਕਣਮੀਚੀ ਠੱਪ। ਇਹ ਅਚਾਨਕ ਕੀ ਹੋ ਗਿਆ ਸੀ ! ਕਿਉਂ ਹੋ ਗਿਆ। ਸਾਨੂੰ ਕਿਮੇਂ ਪਤਾ ਲੱਗੇ? ਇਕ ਦਿਨ, ਦੋ ਦਿਨ, ਚਾਰ ਦਿਨ...। ਅਸੀਂ ਹੈਰਾਨ ਪ੍ਰੇਸ਼ਾਨ। ਹਾਂ, ਇਕ ਹਾਜ਼ਰੀ ਸਾਂਝੀ ਹੁੰਦੀ ਤਿੰਨਾਂ ਦੀ। ਕਥਾ ਕੀਰਤਨ ਸਮੇਂ ਸ਼ਰਧਾਲੂਆਂ ਤੋਂ ਸੀਧੇ ਦੇ ਥਾਲ ਫੜਨੇ। ਵਿਚ ਪਈਆਂ ਵਸਤਾਂ ਥਾਉਂ-ਥਾਈਂ ਸੰਭਾਲ ਕੇ ਰੱਖਣੀਆਂ। ਕਥਾ ਪਿੱਛੋਂ ਚਰਨਾਮ੍ਰਿਤ ਮਿਲਦਾ। ਸ਼ਕਤੀ ਨੂੰ ਦੇਖ ਮੈਨੂੰ ਬਾਤੀ ਯਾਦ ਆ ਜਾਂਦੀ। ਚੋਰੀਓਂ ਖਿਲਾਉਂਦੀ ਸੀ ਨਾ। ਗੁਫ਼ਾ ਵਰਗੇ ਕਮਰੇ ਦੇ ਹਨੇਰੇ ਖੂੰਜੇ 'ਚ ਜਾ ਕੇ। ਬੁੱਕਲ 'ਚੋਂ ਅੱਧਾ ਕੁ ਹੱਥ ਕੱਢ ਫੜਾ ਦਿੰਦੀ। ਤੇ ਫੇਰ ਖਾਂਦੇ ਨੂੰ ਦੇਖ ਦੇਖ ਖ਼ੁਸ਼ ਹੁੰਦੀ।

ਬਾਤੀ-ਬੂਤੀ ਦੀ ਬਾਤ ਛੱਡੋ। ਹੁਣ ਤਾਂ ਘਰੋਂ ਸੁੱਕਬਰੂਰੀ ਖੰਡ ਮਿਲਦੀ ਸੀ। ਉਹ ਵੀ ਰਿਆੜ ਕਰਕੇ।

ਸਾਡੇ ਤਾਂ ਚਾਓ ਈ ਮਾਰਿਆ ਗਿਆ।

'ਬੇਬੇ, ਨੀ ਬੇਬੇ ! ਸਾਨੂੰ ਠਾਕੁਰਦੁਆਰੇ 'ਚ ਖੇਲਣ ਕਿਉਂ ਨੀ ਦਿੰਦੇ ?' ਹਾਰ ਕੇ, ਇਕ ਦਿਨ ਮੈਂ ਆਪਣੀ ਮਾਂ ਨੂੰ ਪੁੱਛ ਹੀ ਲਿਆ। ਮੇਰਾ ਸਵਾਲ ਸੁਣ ਕੇ ਪਹਿਲਾਂ ਉਹ ਹੱਸੀ। ਫੇਰ ਗੰਭੀਰ ਹੁੰਦਿਆਂ ਬੋਲੀ, "ਹੜਬੋਚੋ ! ਸਾਰੀ ਉਮਰ ਖੇਲੀਂ ਜਾਉਂਗੇ ? ਕਿਸੇ ਕੰਮ ਧੰਦੇ ਲੱਗੋ ਹੁਣ। ਸੁੱਖ ਨਾਲ ਪਿਓ ਦੀ ਜੁੱਤੀ ਮੇਚ ਆਉਣ ਲੱਗਪੀ ਥੋਡੇ।"

ਔਸਰ ਮੱਤ ਮੇਰੀ ਮਾਂ ਦੀਆਂ ਝਾੜਾਂ ਸੁਣ ਪਹਿਲਾਂ ਬੁੱਲ੍ਹ ਟੇਰੇ। ਫੇਰ ਦੰਦ ਕੱਢੇ... 'ਹਿੜ ਹਿੜ' 'ਹਿੜ ਹਿੜ'। ਸਿਰ 'ਤੇ ਖਾਜ ਕੀਤੀ। ਸੋਚਿਆ। ਭੱਜਿਆ। ਤਖ਼ਤਿਆਂ ਉਹਲਿਓਂ ਪਿਓ ਆਪਣੇ ਦੀ ਛਿੱਤਰ ਹੋਈ ਜੁੱਤੀ ਚੱਕ ਲਿਆਇਆ। ਪੈਰੀਂ ਪਾਈ।

"ਦੇਖ ਤਾਂ ਸਈ ਕਿੰਨੀ ਬੜੀ ਐ।"

ਜੁੱਤੀ ਮੈਨੂੰ ਸੱਚਮੁੱਚ ਬੜੀ ਬੜੀ ਲੱਗੀ ਸੀ।

"ਵੇ ਸਿੱਧਰਿਆ ! ਕਦੋਂ ਅਕਲ ਆਊ ਤੈਨੂੰ ? ਤੇਰੀ ਲਗਦੀ ਸ਼ਕਤੀ ਮੁਟਿਆਰ ਹੋਗੀ। ਹੋ ਕੀ ! ਕੋਠੇ ਜਿੱਡੀ ਤਾਂ ਹੋਈ ਪਈ ਐ। ਤਾਂਹੀਉਂ ਤਾਂ ਆਚਾਰੀਆ ਜੀ ਹੁਣ...।" ਗੱਲ ਕਰਦੀ ਕਰਦੀ ਬੇਬੇ ਮੇਰੀ ਚੁੱਪ ਹੋ ਗਈ। ਸਾਡੀਆਂ ਇਹਨਾਂ ਗੱਲਾਂ 'ਚ ਸ਼ੰਭੂ ਨੇ ਭੋਰਾ ਦਿਲਚਸਪੀ ਨਾ ਦਿਖਾਈ। ਨੀਮੀਂ ਪਾ ਲਈ ਸਗੋਂ। ਸ਼ਾਇਦ ਉਹ ਸੰਗ ਗਿਆ ਸੀ।

......"ਆਚਾਰੀਆਂ ਜੀ, ਇਹਨੂੰ ਜੋਤਿਸ਼ ਵਿਦਿਆ 'ਚ ਪ੍ਰਬੀਨ ਕਰੋ। ਬ੍ਰਾਹਮਣ ਬੱਚੈ, ਆਪਣੇ ਸਿਰ ਪੈਰੀਂ ਹੋ ਜੂ।" ਬਾਪ ਮੇਰੇ ਨੇ ਇਕ ਦਿਨ ਸ਼ੰਭੂ ਦੀ ਉਂਗਲੀ ਗੌਰੀ ਸ਼ੰਕਰ ਨੂੰ ਫੜਾ ਦਿੱਤੀ। ਕਾਰਜ ਭਾਮੇਂ ਕਠਿਨ ਸੀ। ਪਰ ਆਪਣੀ ਲਗਨ ਅਤੇ ਪਰੀਸ਼੍ਰਮ ਨਾਲ ਉਹ ਲੋਕਾਂ ਦੇ ਟੇਵੇ, ਕੁੰਡਲੀਆਂ ਬਣਾਉਣ ਲੱਗ ਪਿਆ। ਆਚਾਰੀਆ ਜੀ ਪ੍ਰਸੰਨ ਚਿੱਤ ਰਹਿਣ ਲੱਗੇ। ਸ਼ੰਭੂ ਆਗਿਆਕਾਰ ਤੇ ਸ਼ੀਲ ਸ਼ਿਸ਼ ਸਾਬਤ ਹੋਇਆ ਸੀ। ਉਹਨਾਂ ਦੀ ਰੀਸ ਕਦੇ-ਕਦੇ ਉਹ ਵੀ ਪੰਜਗਜੀ ਧੋਤੀ ਪਹਿਨ ਲੈਂਦਾ। ਆਚਾਰੀਆਂ ਜੀ ਹੁਣ ਉਹਦਾ ਪੂਰਾ ਨਾਂ ਲੈ 'ਬਿਸ਼ੰਭਰ ਦੱਤ' ਕਹਿ ਕੇ ਬੁਲਾਉਂਦੇ ਸਨ। ਪੁੱਛਿਆ ਦੇਣ ਦਾ ਕੰਮ ਅਜੇ ਵੀ ਆਚਾਰੀਆ ਜੀ ਨੇ ਆਪਣੇ ਹੱਥ ਹੇਠ ਰੱਖਿਆ। ਦੂਰ ਦੁਰਾਡੇ ਤੋਂ ਲੋਕ ਆਪਣੇ ਪ੍ਰਸ਼ਨਾਂ ਦੇ ਉੱਤਰ ਲੱਭਣ ਠਾਕੁਰਦੁਆਰੇ ਆਉਂਦੇ। ਭੇਟਾ ਦਾ ਕੋਈ ਪਾਰਾਵਾਰ ਨਾ ਸੀ। ਗਹਿਣੇ, ਬਸਤਰ, ਸੀਧਾ। ਧੌਲਰ ਭਰੇ ਰਹਿੰਦੇ। ਨਕਦ ਨਾਰਾਇਣ ਵੱਖਰਾ।





ਮੈਨੂੰ ਤਾਂ ਉਹ 'ਚੰਚਲ ਬਿਰਤੀ ਆਲਾ' ਕਹਿ ਉਪਰਲੇ ਕੰਮੀਂ ਲਾਈ ਰੱਖਦੇ। ਗਊ ਦੀ ਧਾਰ ਕੱਢ ਲੈਣੀ। ਖੇਤੋਂ ਚਾਰਾ ਲੈ ਆਉਣਾ। ਜਾਂ ਊਈਂ ਆਵਾਰਾਗਰਦੀ ਕਰੀ ਜਾਣੀ। ਇਹਦਾ ਇਕ ਲਾਭ ਵੀ ਹੋਇਆ। ਬਾਹਰਲੇ ਲੋਕਾਂ ਨਾਲ ਵਾਹ ਪੈਣ ਕਰਕੇ ਮੈਨੂੰ ਉਹਨਾਂ ਗੱਲਾਂ ਦਾ ਭੇਤ ਲੱਗ ਜਾਂਦਾ ਜਿਨ੍ਹਾਂ ਦੀ ਆਚਾਰੀਆਂ ਜੀ ਨੂੰ ਭਿਣਕ ਵੀ ਨਹੀਂ ਸੀ ਪੈਂਦੀ। ਸਗਲ ਗਿਆਨ ਕੁੰਡਲੀਆਂ, ਟੇਵਿਆਂ 'ਚ ਬੰਦ ਥੋੜੇ ਹੁੰਦੈ ! ਬਾਹਰ ਵੀ ਬਹੁਤ ਕੁਝ ਹੁੰਦੈ।

ਲੋਕ ਸ਼ਕਤੀ ਦੇਵੀ ਦੇ ਰੂਪ , ਆਚਾਰੀਆਂ ਜੀ ਦੇ ਚਲਣ ਦੀ ਕਥਾ ਕਰਨ ਲੱਗ ਪਏ। ਮੂਹੋਂ-ਮੂਹੋਂ। ਲੋਕ ਤਾਂ ਬੋਲਦੇ ਸਨ ਚੋਰੀ-ਛੱਪੇ। ਘੁਸਰ-ਮੁਸਰ ਕਰਕੇ। ਕੁਝ ਮੁਸ਼ਟੰਡੇ ਖੁੱਲ੍ਹੇ ਆਮ ਬਕਣ ਲੱਗ ਪਏ। "ਸਾਧ ਨੇ ਰੂਹ ਕੈਦ ਕਰ ਰੱਖੀ ਐ।" ਉਹ ਮਸ਼ਕੂਲਾ ਕਰਦੇ।

ਠਾਕੁਰਦੁਆਰੇ ਦੇ ਇਰਦ-ਗਿਰਦ 'ਭੋਬਿਆਂ ਆਲੇ ਗੱਭਰੂ' ਗੇੜੇ ਕੱਢਣ ਲੱਗੇ। ਉਹਨਾਂ 'ਚੋਂ ਬਹੁਤੇ ਠਾਕੁਰਦੁਆਰੇ ਦੀ ਭੋਇੰ ਵਾਹੁਣ ਵਾਲੇ ਮੁਜਾਰਿਆਂ ਦੇ ਮੁੰਡੇ ਸਨ। ਉਹਨਾਂ 'ਚੋਂ ਇਸ ਸੀ ਸੁੱਚਾ ਸਿੰਘ 'ਫੱਟੜ'। ਜੋ ਨਮਾਂ ਨਮਾਂ ਨਕਸਲਬਾੜੀਆਂ ਬਣਿਆ ਸੀ। ਉਹ ਮੁੰਡਾ ਏਨਾ ਨਿਡਰ ਤੇ ਮੂੰਹ ਫਟ ਨਿਕਲਿਆ ਕਿ ਲੋਕਾਂ ਸਾਹਮਣੇ ਆਚਾਰੀਆ ਜੀ ਨੂੰ ਵੰਗਾਰਨ ਲੱਗ ਪਿਆ, "ਪੂਪਨਿਆਂ, ਲੋਕਾਂ ਦੀ ਕਮਾਈ ਖਾ ਖਾ ਫਿੱਟ ਗਿਆ ਤੂੰ। ਕਿਸੇ ਦਿਨ ਢਿੱਡ ਪਾੜ ਦਿਆਂਗੇ, ਤੇਰਾ !"

ਆਚਾਰੀਆ ਜੀ ਨੇ ਧਰਮ ਦਾ ਵਾਸਤਾ ਪਾਇਆ। ਠਾਕੁਰਾਂ ਦੀ ਕ੍ਰੋਪੀ ਦੀ ਗੱਲ ਤੋਰੀ। ਪਰ ਸ਼ਾਂਤ ਵਾਤਾਵਰਣ 'ਚ ਤਣਾਓ ਵਧਦਾ ਹੀ ਗਿਆ। ਆਖ਼ਰ ਆਚਾਰੀਆ ਜੀ ਨੇ ਸ਼ੰਭੂ ਨੂੰ ਆਦੇਸ਼ ਦਿੱਤਾ ਕਿ ਉਹ ਠਾਕੁਰਦੁਆਰੇ ਪਿਆ ਕਰੇ। ਧਰਮ ਹੇਤੁ ਠਾਕੁਰਦੁਆਰੇ ਦੀ ਰੱਖਿਆ ਜ਼ਰੂਰੀ ਸੀ। ਸ਼ੰਭੂ ਰਾਤ ਨੂੰ ਠਾਕੁਰਦੁਆਰੇ ਵਿਚ ਪੈਣ ਲੱਗ ਪਿਆ।

ਦੋ ਮਹੀਨੇ ਇਉਂ ਹੀ ਬੀਤ ਗਏ।

ਫੇਰ ਇਕ ਅਜਿਹਾ ਕਾਰਾ ਹੋਇਆ ਕਿ ਲੋਕਾਂ ਦੇ ਦੰਦ ਜੁੜ ਗਏ। ਇਕ ਰਾਤ 'ਆਚਾਰੀਆ ਜੀ' ਦਾ ਠਾਕੁਰਦੁਆਰੇ ਦੇ ਅੰਦਰ ਕਤਲ ਹੋ ਗਿਆ। ਉਸ ਤੋਂ ਬਿਨਾਂ ਠਾਕੁਰਦੁਆਰੇ ਵਿਚ ਕੇਵਲ ਦੋ ਵਿਅਕਤੀ ਸਨ।

ਸ਼ੰਭੂ ਤੇ ਸ਼ਕਤੀ ਦੇਵੀ। ਮੁਕੱਦਮਾ ਚਲਿਆ। ਸ਼ਕਤੀ ਸਰਕਾਰੀ ਗਵਾਹ ਬਣੀ। ਸੰਭੂ ਨੇ ਆਪਣਾ ਜ਼ੁਰਮ ਮੰਨ ਲਿਆ। ਉਹਨੂੰ ਉਮਰ ਕੈਦ ਹੋਈ।

ਕੈਦ ਦੌਰਾਨ ਸਾਡੀ ਬੇਬੇ ਮਰੀ। ਗ਼ਮ ਨਾਲ ਦੋ ਕੁ ਸਾਲ ਬਾਅਦ ਸਾਡਾ ਪਿਉ ਵੀ ਪੂਰਾ ਹੋ ਗਿਆ।

0 0 0

ਸਭ ਤੋਂ ਪਹਿਲਾਂ ਮੈਨੂੰ ਆਪਣੇ ਭਾਈ ਉਤੇ ਰੋਸ ਆਇਆ। ਉਹਨੇ ਠਾਕੁਰਦੁਆਰੇ ਅੰਦਰ ਕੁਕਰਮ ਕੀਤਾ, ਆਚਾਰੀਆ ਜੀ ਨੂੰ ਕਤਲ ਕਰਕੇ। ਜਿਸ ਕਾਰਨ ਇਕ ਉੱਚ ਧਾਰਮਕ ਅਸਥਾਨ ਦੀ ਮਾਣ ਭੰਗਣਾ ਹੋਈ। ਉਹਦੀ ਮਾਨਤਾ ਘਟੀ। ਸ਼ਾਂਤ ਵਾਤਾਵਰਣ ਵਿਚ ਤਣਾਓ ਪੈਦਾ ਹੋਇਆ। ਕੁੜਿੱਤਣ ਵਧੀ। ਚੜ੍ਹਾਵਾ ਦਿਨ ਪ੍ਰਤੀ ਦਿਨ ਘਟਣ ਲੱਗ ਪਿਆ। ਏਸ ਦੁੱਖ ਸਦਕਾ ਸਾਡੇ ਮਾਂ-ਪਿਓ ਸਾਥੋਂ ਸਦਾ ਲਈ ਵਿਛੜ ਗਏ। ਦੁੱਖਾਂ ਦਾ ਦੁੱਖ ਇਹ ਕਿ ਠਾਕੁਰਦੁਆਰੇ ਵਿਚ ਸ਼ਕਤੀ ਇਕੱਲੀ ਰਹਿ ਗਈ। ਆਚਾਰੀਆਂ ਜੀ ਦੇ ਸਕੇ-ਸੰਬੰਧੀਆਂ ਨੇ ਉਸ ਨੂੰ ਠਾਕੁਰਦੁਆਰੇ ਅਤੇ ਜਾਇਦਾਦ ਤੋਂ ਬੇਦਖ਼ਲ ਕਰਨ ਲਈ ਪਹਿਲਾਂ ਜ਼ੋਰ ਜ਼ਬਰਦਸਤੀ ਕੀਤੀ। ਫੇਰ ਮੁਕੱਦਮਾ। ਜਿਸ ਦਾ ਅਜੇ ਤੱਕ ਫ਼ੈਸਲਾ ਨਹੀਂ ਹੋਇਆ। ਹੁਣ ਤੁਸੀਂ ਦੱਸੋ ਕਿ ਇਸ ਹਾਲਤ ਵਿਚ ਉਹਨੂੰ ਛੱਡ ਕੇ ਮੈਂ ਕਿਥੇ ਜਾਂਦਾ ?

ਮੈਨੂੰ ਪਤਾ ਏ, ਇਹ ਪਾਪ ਏ। ਪਰ ਕੀ ਕਰਾਂ ! ਆਪਣੇ ਮਨ ਹੱਥੋਂ ਬੜਾ ਅਵਾਜਾਰ ਆਂ ਮੈਂ । ਇਹ

ਅਵੈੜਾ ਕਦੇ ਕਦੇ ਸ਼ੰਕਾ-ਗ੍ਰਸਤ ਹੋ ਜਾਂਦਾ ਏ। ਸ਼ਕਤੀ 'ਤੇ ਸ਼ੱਕ ਕਰਨ ਲੱਗ ਪੈਂਦਾ ਏ। ਆਚਾਰੀਆਂ ਜੀ ਦੀ ਮੌਤ ਉਪਰਾਂਤ ਉਹਦਾ ਚਲਣ-ਏ ਅਜੀਬ ਹੋ ਗਿਆ।

ਉਹ ਹਰ ਰੋਜ਼ ਸਵੇਰੇ ਚੜ੍ਹਨ ਤੋਂ ਪਹਿਲਾਂ, ਠਾਕੁਰਦੁਆਰੇ ਦਾ ਵਿਸ਼ਾਲ ਫ਼ਰਸ਼ ਗੋਕੇ ਦੁੱਧ ਦੀ ਕੱਚੀ ਲੱਸੀ ਨਾਲ ਧੋਣ ਲੱਗ ਪਈ ਏ। ਵਕਤ-ਬੇਵਕਤ ਬੈਠੀ-ਬੈਠੀ ਦੀ ਉਹਦੀ ਸਮਾਧੀ ਲੱਗ ਜਾਂਦੀ ਏ। ਜਾਂ ਫੇਰ ਉਹਨੂੰ ਦੌਰਾ ਪੈ ਜਾਂਦਾ ਏ। ਸੰਭਾਲਣਾ ਤਾਂ ਮੈਨੂੰ ਈ ਪੈਂਦਾ ਏ ਨਾ। ਸੱਚੀਂ, ਕਿੰਨਾ ਔਖਾ ਹੁੰਦਾ ਏ। ਉਹਨੂੰ ਆਪਣੀਆਂ ਬਾਹਾਂ 'ਚ ਕਾਬੂ ਰੱਖਣਾ। ਓਸ ਸਮੇਂ ਸ਼ਕਤੀ 'ਚ ਅੰਨ੍ਹੀ ਤਾਕਤ ਪਤਾ ਨਹੀਂ ਕਿਥੋਂ ਆ ਜਾਂਦੀ ਏ ? ਆਪਣੇ ਕੇਸ ਪੱਟਦੀ ਉਹ ਮੈਤੋਂ ਝੱਲੀ ਨਹੀਂ ਜਾਂਦੀ। ਉਹਦੀ ਦੰਦਲ ਖੋਲ੍ਹਦਿਆਂ ਮੇਰੀਆਂ ਉਂਗਲਾਂ ਲਹੂ-ਲੁਹਾਣ ਹੋ ਜਾਂਦੀਆਂ ਨੇ।

ਕਦੇ ਕਦੇ ਮੈਨੂੰ ਇਉਂ ਵੀ ਲਗਦਾ ਏ ਕਿ ਉਹ ਪਖੰਡ ਕਰ ਰਹੀ ਏ। ਨਾਰੀ ਦੇ ਚਲਿੱਤਰਾਂ ਦਾ ਕੋਈ ਅੰਤ ਏ ? ਕੋਈ ਭੇਤ ਏ !

ਮੈਂ ਖਿਝ ਉਠਦਾ ਹਾਂ, "ਸ਼ਕਤੀ ਸ਼ਕਤੀ, ਸ਼ਕਤੀ... ਪਤਾ ਨਹੀਂ ਕਿਸ ਮਿੱਟੀ ਦੀ ਬਣੀ ਐ ਇਹ ਤੀਮੀ। ਏਨਾ ਵੀ ਕੋਈ ਕਠੋਰ ਹੁੰਦੈ ! ਪੱਥਰ-ਚਿਤ !!"

ਜਿੱਦਣ ਦੀ ਸ਼ੰਭੂ ਨੂੰ ਕੈਦ ਹੋਈ ਐ, ਇਕ ਵਾਰ ਵੀ ਉਹਦਾ ਨਾਉਂ ਨਹੀਂ ਲਿਆ। ਇਹਨੇ ਉਹਦੇ ਬਾਰੇ ਕੋਈ ਗੱਲ ਵੀ ਨਹੀਂ ਕੀਤੀ। ਨਾ ਮੰਦੀ ਨਾ ਚੰਗੀ। ਮੁਲਾਕਾਤ ਨੂੰ ਜਾਮਾਂ ਤਾਂ ਮੈਂਹੀਉਂ ਜਾਮਾਂ। ਬੱਸ, ਮੁਲਾਕਾਤ ਆਲੇ ਦਿਨ ਸਵੇਰੇ ਈ ਚੀਜ਼ਾਂ ਵਸਤਾਂ ਦੀ ਪੋਟਲੀ ਬੰਨ੍ਹ ਕੇ ਰੱਖ ਦਿੰਦੀ ਐ। ਚੁੱਪ ਚਾਪ। ਚੁੱਪ ਰਹਿਣਾ ਤਾਂ ਜਿਮੇਂ ਇਹਦੀ ਆਦਤ ਬਣ ਗਈ ਏ। ਭੋਜਨ ਪਰੋਸ 'ਤਾ, ਖਾ ਲਿਆ। ਨਹੀਂ ਤਾਂ ਹਰੀ ਇੱਛਿਆ... ਹਰੀ ਇੱਛਿਆ। ਨਿੱਕੀ ਮੋਟੀ ਘਟਨਾ ਵਾਪਰ ਜਾਏ ਤਾਂ ਝੱਟ ਮੌਨ ਧਾਰ ਲੈਂਦੀ ਏ। ਐਤਕੀਂ ਕਬੂਤਰ ਕਰਕੇ ਪਿਆ ਸਾਰਾ ਕਲੇਸ਼। ਬਹਿ ਗਈ ਮੌਨ ਧਾਰ ਕੇ ! ਗੱਲ ਏਥੇ ਈ ਨਹੀਂ ਮੁੱਕ ਜਾਂਦੀ। ਸ਼ਕਤੀ ਦੇਵੀ ਤਾਂ ਅਨੇਕਾਂ ਰੰਗਾਂ 'ਚ ਖੇਲ੍ਹਦੀ ਏ !

ਉਹਨੂੰ ਸੁਣਨਾ ਹੋਵੇ ਤਾਂ ਕਥਾ ਕਰਦੀ ਨੂੰ ਸੁਣੋ, ਕਦੇ। ਕਥਾ ਕਰਦੀ-ਕਰਦੀ ਆਪ ਕਥਾ ਹੋ ਜਾਏਗੀ। ਤੁਹਾਡੇ ਕੰਨਾਂ 'ਚ ਜਲ ਤਰੰਗ ਵੱਜ ਉਠੇਗਾ। ਸੁਣਦੇ-ਸੁਣਦੇ ਜ਼ਰਾ ਸੁਚੇਤ ਹੋਵੋਗੇ ਤਾਂ ਪਤਾ ਲੱਗੇਗਾ, "ਓਇ, ਇਹ ਕੀ ! ਇਹ ਤਾਂ ਰੋ ਰਹੀ ਏ।" ਹੰਝੂਆਂ ਦੀ ਕੋਈ ਆਵਾਜ਼ ਥੋੜ੍ਹੇ ਹੁੰਦੀ ਏ ! ਕਿਰੀ ਜਾਂਦੇ ਨੇ, ਆਪ ਮੁਹਾਰੇ। ਤ੍ਰਿਪ ਤ੍ਰਿਪ। ਤ੍ਰਿਪ ਤ੍ਰਿਪ। ਓਨਾ ਚਿਰ, ਜਿੰਨਾ ਚਿਰ ਨਾਗ ਨੱਥਿਆ ਨਹੀਂ ਜਾਂਦਾ...। ਅੱਖਾਂ ਸ਼ਕਤੀ ਦੀਆਂ, ਨਿਰਮਲ ਜਲ ਦੀਆਂ ਝੀਲਾਂ !

......

ਅੱਠ ਵਰ੍ਹੇ ਇਕ ਇਕ ਕਰਕੇ ਕਿਰ ਗਏ। ਇਹਨਾਂ ਅੱਖਾਂ 'ਚੋਂ।

......

"ਸ਼ਕਤੀ ਦੇਵੀ ! ਸ਼ਕਤੀ ਦੇਵੀ !! ਉਹ ਆ ਗਿਆ !!!" ਹਾਫ਼ਲਿਆ, ਹੌਂਕਦਾ, ਰੌਲਾ ਪਾਉਂਦਾ ਮੈਂ ਠਾਕੁਰਦੁਆਰੇ ਦੀਆਂ ਪੌੜੀਆਂ 'ਚ ਅੜ੍ਹਕ ਕੇ ਡਿਗਦਾ-ਡਿੱਗਦਾ ਮਸਾਂ ਬਚਿਆ। ਮੇਰੇ ਹੜਬੜਾਏ ਬੋਲਾਂ 'ਚੋਂ ਕਾਹਲ, ਚਾਓ ਅਤੇ ਚਿੰਤਾ ਦੇ ਭਾਵ ਸਾਫ਼ ਪ੍ਰਗਟ ਹੋ ਰਹੇ ਸਨ। ਉੱਚੇ ਚਬੂਤਰੇ 'ਤੇ ਖੜ੍ਹੀ ਦੇਵੀ ਓਮੇਂ ਖੜ੍ਹੀ ਰਹੀ। ਇਕ ਟਕ, ਮੇਰੇ ਵੱਲ, ਦੇਖਦੀ ਹੋਈ। ਅਡੋਲ। ਸ਼ਾਂਤ। ਜਿਮੇਂ ਮੈਨੂੰ ਅਹਿਸਾਸ ਕਰਾਉਣਾ ਚਾਹੁੰਦੀ ਹੋਵੇ ਬਈ ਇਸ ਧਰਤੀ ਉਤੇ ਜੋ ਕੁਝ ਵਾਪਰ ਰਿਹਾ ਹੈ, ਸਭ ਓਸੇ ਦੀ ਇੱਛਾ ਅਨੁਸਾਰ। ਓਸੇ ਦੀ ਦਿੱਬ-ਦ੍ਰਿਸ਼ਟੀ ਥੱਲੇ। ਮੈਨੂੰ ਇਉਂ ਵੀ ਮਹਿਸੂਸ ਹੋਇਆ ਜਿਵੇਂ ਉਹ ਬੇਮਲੂਮਾ ਜਿਹਾ ਮੁਸਕਰਾਈ ਹੋਵੇ। ਖੱਬੀ ਸੇਲ੍ਹੀ ਓਹਦੀ ਚੜ੍ਹੀ ਤੇ ਫੇਰ ਹੌਲੀ-ਹੌਲੀ ਆਪਣੀ ਥਾਂ ਆ ਗਈ।





ਉਹਦੀਆਂ ਟੂਣੇਹਾਰ ਅੱਖਾਂ ਦੇ ਦਾਬੇ ਹੇਠ ਨਿਸੱਤਾ ਖੜ੍ਹਾ ਮੈਂ ਅਬੋਲ ਹੋ ਗਿਆ। ਓਸ ਛਿਣ ਮੇਰੇ ਅੰਤਹਕਰਣ 'ਚੋਂ ਆਵਾਜ਼ ਆਈ, ਸ਼ਕਤੀ ਦੇਵੀ ਸਭ ਜਾਣਦੀ ਏ !

......

ਜਦੋਂ ਸ਼ੰਭੂ ਪਿੰਡ ਆਇਆ, ਉੱਚੇ ਟਿੱਬੇ 'ਤੇ ਗੁਰਦੁਆਰਾ ਉੱਸਰ ਰਿਹਾ ਸੀ। ਪੀਰਖਾਨੇ ਤੋਂ ਥੋੜ੍ਹੀ ਕੁ ਦੂਰ ਹਟਕੇ। ਸੰਗਤਾਂ ਵਾਹੋਦਾਹੀ, ਪੂਰੇ ਉਮਾਹ ਨਾਲ, ਉਸਾਰੀ ਵਿਚ ਜੁਟੀਆਂ ਹੋਈਆਂ ਸਨ। ਓਥੇ ਖੜ੍ਹਾ ਉਹ ਲੋਕਾਂ ਵੱਲ ਦੇਖਦਾ ਰਿਹਾ ਉਸ ਦੀ ਹੋਂਦ ਤੋਂ ਬੇਪ੍ਰਵਾਹ ਤੇ ਬੇਖਬਰ ਉਹ ਆਪਣੀ ਕਾਰ-ਸੇਵਾ ਵਿਚ ਮਗਨ ਬੱਸ ਤੋਂ ਉੱਤਰ ਕੇ ਕੋਈ ਦੋ ਕੁ ਕੋਹ ਵਾਟ ਉਹ ਪੈਦਲ ਤੁਰਦਾ ਆਇਆ ਸੀ। ਨਹਿਰ ਦੀ ਪਟੜੀ-ਪਟੜੀ। ਰਾਹ 'ਚ ਉਹਦੀ ਜਾਣ-ਪਛਾਣ ਵਾਲਾ ਇਕ ਵੀ ਬੰਦਾ ਉਹਨੂੰ ਨਹੀਂ ਸੀ ਮਿਲਿਆ। ਪਿੰਡ ਦੀ ਯੋਜਨਾ-ਸੜਕ 'ਤੇ ਧੂੜਾਂ ਪੱਟਦੇ ਦੋ ਚਾਰ ਬੁਲਟ ਮੋਟਰ-ਸਾਈਕਲ ਉਹਨੇ ਜ਼ਰੂਰ ਦੇਖੇ ਸਨ। ਆਕਾਸ਼ ਸੱਖਣਾ ਸੱਖਣਾ ਲੱਗ ਰਿਹਾ ਸੀ। ਕਿਤੇ-ਕਿਤੇ ਇਕ ਅੱਧ ਇੱਲ੍ਹ ਉੱਡਦੀ ਨਜ਼ਰ ਆ ਜਾਂਦੀ ਸੀ, ਬੱਸ। ਰੁੱਖ ਪਰਿੰਦਿਆਂ ਬਿਨਾਂ ਨਿਮੋਝੂਣੇ ਖੜ੍ਹੇ ਸਨ। ਕਬੂਤਰ ਇਕ ਵੀ ਨਹੀਂ ਦਿਸਿਆ। ਉਹਦੇ ਅੰਦਰ ਖੋਹ ਜਿਹੀ ਪਈ। ਵਾਤਾਵਰਣ 'ਚ ਇਹ ਕੇਹੋ ਜਿਹੀ ਕਾਣ ਆਣ ਪਈ ਸੀ? ਉਹਨੇ ਆਪਣੇ ਆਪ ਨੂੰ ਬੇਹੱਦ ਇਕੱਲਾ ਮਹਿਸੂਸ ਕੀਤਾ। ਇਕੱਲਾ ਤੇ ਅਣੋਭੜ । ਕਿਤੇ ਉਹ ਕਿਸੇ ਗ਼ਲਤ ਪਿੰਡ ਨੂੰ ਤਾਂ ਨਹੀਂ ਸੀ ਜਾ ਰਿਹਾ? ਜਿਸ ਪਿੰਡ ਦਾ ਰਾਹ ਮਾੜਾ ਸੁਣੀਂਦਾ ਹੋਵੇ !

ਪਿੰਡ ਤਾਂ ਭਾਵੇਂ ਓਹੀ ਸੀ ਪਰ ਉਹਨੂੰ ਬਦਲਿਆ-ਬਦਲਿਆ ਲੱਗਿਆ।

"ਹੋਵੇ ਨਾ ਹੋਵੇ, ਇਹ ਤਾਂ ਬਾਬਾ ਜਿਉਣਾ ਐ।" ਸਿਆਲ ਦੀ ਧੁੱਪ ਸੇਕ ਰਹੇ, ਪੱਧਰੀ ਥਾਂ 'ਤੇ ਡੱਬੀਆਂ ਆਲੇ ਖੇਸ ਦੀ ਬੁੱਕਲ ਮਾਰੀ ਬੈਠੇ ਇਕ ਸੱਤਰ-ਪੰਝੱਤਰ ਵਰ੍ਹਿਆਂ ਦੇ ਬਜ਼ੁਰਗ ਕੋਲ ਜਾ ਉਹਨੇ 'ਸਤਿ ਸ੍ਰੀ ਅਕਾਲ' ਬੁਲਾਈ।

"ਸਾਸਰੀ ਕਾਲ ! ਪਛਾਨਿਆ ਨੀ ਭਾਈ ਮੈਂ। ਕੌਣ ਐਂ ਤੂੰ ?" ਬਾਬੇ ਨੇ ਟੁਣਕਵੀਂ ਆਵਾਜ਼ 'ਚ ਪੁੱਛਿਆ।

"ਮੈਂ ਆਂ ਸ਼ੰਭੂ...।" ਉਹਨੇ ਝਿਜਕਦੇ ਨੇ ਆਖਿਆ।

"ਸ਼ੰਭੂ ! ਕੌਣ ਸ਼ੰਭੂ ? ਰਤਾ ਖੋਲ੍ਹ ਕੇ ਦੱਸ ਮੱਲ ! ਮੇਰੀ ਨਿਗਾਹ ਹੁਣ ਕੰਮ ਨੀ ਕਰਦੀ।" ਅੱਖਾਂ ਝਮਕਦਾ ਉਹ ਉੱਪਰ ਨੂੰ ਮੂੰਹ ਕਰਕੇ, ਉਸ ਵੱਲ ਝਾਕਿਆ।

'ਉਹੀ ਸ਼ੰਭੂ, ਜੀਹਨੂੰ ਕੈਦ ਹੋ ਗੀ ਤੀ।" ਕਹਿੰਦਾ ਉਹ ਝਿਜਕਿਆ।

"ਅੱਛਿਆ ਅੱਛਿਆ, ਬਿਸੰਬਰ ਐਂ ਤੂੰ ! ਰਘੂ ਪਾਧੇ ਦਾ ਮੁੰਡਾ ?" ਉਹਦੀਆਂ ਵਾਛਾਂ ਖਿੜੀਆਂ।

"ਆਹੋ, ਓਹੀ...।" ਉਹਨੇ ਰਹੀ-ਖਹੀ ਸ਼ੰਕਾ ਦੀ ਨਵਿਰਤੀ ਕੀਤੀ।

"ਬੱਲੇ ਬੱਲੇ, ਨਹੀਂ ਰੀਸਾਂ ਤੇਰੀਆਂ ਬਈ ! ਕਦੋਂ ਆਇਆ ?" ਚਾਂਭਲੀ ਹੋਈ ਖ਼ੁਸ਼ੀ 'ਚ ਹੋਰ ਵੀ ਮੂੰਹ ਟੱਡ ਉਹ ਬੋਲਿਆ।

"ਬੱਸ ਆ ਈ ਰਿਹਾਂ।" ਉਹਨੇ ਦੱਸਿਆ।

"ਪਰੋਲ 'ਤੇ ?" ਬੁੜ੍ਹਾ ਜਿਮੇਂ ਅੱਜ ਹੀ ਸਭ ਕੁਝ ਪੁੱਛ ਲੈਣਾ ਚਾਹੁੰਦਾ ਸੀ।

"ਨਹੀਂ, ਪੱਕੀ ਛੁੱਟੀ।" ਉਹਨੇ ਗੱਲ ਮੁਕਾਈ।

"ਦੇਖ ਲੈ ! ਓਦੋਂ ਇਕੋ ਕਤਲ ਬਦਲੇ ਸਾਰਾ ਪਿੰਡ ਬੰਨ੍ਹ ਕੇ ਬਹਾਤਾ ਸੀ... ਹੁਣ ਅਗਲੇ ਮਾਰ ਕੇ ਔਹ ਜਾਂਦੇ ਨੇ... ਫੁੱਟੀ ਕੌਡੀ ਦੀ ਨੀ ਰਹੀ ਜਿੰਦੜੀ ... ਓਦੋਂ ਏਸੇ ਧਰਤੀ 'ਤੇ ਰਾਤ-ਰਾਤ ਭਰ ਢੋਲੇ ਦੀਆਂ ਗਾਉਂਦੇ ਫਿਰਦੇ ਸਾਂ... ਹੁਣ ਖੜ੍ਹੇ ਦਿਨ ਅੰਦਰ ਦੜ ਵੱਟ ਕੇ ਜੂਨ ਕਟੀ ਕਰੀ ਦੀ ਐ... ਆਹ ਨਮੀਂ ਉਂ ਚੱਲ

ਪੀ ਸਾਲੀ ... ਜੀਹਨੂੰ ਸੰਤਾਲੀ ਸੰਤਾਲੀ ਆਖਦੇ ਐ... ਕੋਈ ਬਾਹਰਲਾ ਈ ਹਥਿਆਰ ਐ ਇਹ ਤਾਂ ਭਾਈ!" ਬੁੜ੍ਹਾ ਆਪਣੇ ਈ ਵਹਿਣਾਂ 'ਚ ਵਹਿ ਤੁਰਿਆ ਸੀ। "ਬਾਬਾ, ਕਬੂਤਰ ਨੀ ਦਿਸਦੇ ਕਿਤੇ। ਕਿਧਰ ਗਏ ?" ਹੌਂਸਲਾ ਕਰ ਉਹਨੇ ਪੁੱਛ ਈ ਲਿਆ।

"ਕੁਸ਼ ਮਾਰ ਤੇ, ਕੁਸ਼ ਉਡਗੇ...।" ਬੋਲਦਾ ਬੋਲਦਾ ਉਹ ਇਕ ਬਿੰਦ ਰੁਕਿਆ। ਫੇਰ ਕਹਿਣ ਲੱਗਾ, "ਇੱਲਤੀ ਮੁੰਡਿਆਂ ਦਾ ਕੀ ਕਰੀਏ! ਹੁਣ ਤਾਂ ਕਿਸੇ ਨੂੰ ਸਮਝਾਉਣ-ਬੁਝਾਉਣ ਦਾ ਵੀ ਧਰਮ ਨੀ ਰਿਹਾ।

0 0 0

ਪਿੰਡ 'ਚ ਉਹਦਾ ਰਲਮਾਂ-ਮਿਲਮਾਂ ਸੁਆਗਤ ਹੋਇਆ। ਲੋਕ ਡਰਦੇ ਉਹਦੀ ਇੱਜ਼ਤ ਕਰਦੇ। ਕਈ ਇੱਜ਼ਤ ਕਰਦੇ ਡਰਦੇ। ਬਹੁਤੇ ਉਹਨੂੰ ਦੂਰੋਂ ਦੇਖ ਕੇ ਈ ਅੰਦਰ ਵੜ ਜਾਂਦੇ ਜਾਂ ਏਧਰ-ਓਧਰ ਹੋ ਜਾਂਦੇ। ਨਿੱਕੇ ਨਿਆਣੇ ਉਸ ਵੱਲ ਉਤਸੁਕਤਾ ਭਰੀਆਂ ਅੱਖਾਂ ਨਾਲ ਦੇਖਦੇ ਰਹਿੰਦੇ। ਉਹਦੀ ਲੰਬੀ ਵਧੀ ਹੋਈ ਬੱਗੀ ਦਾਹੜੀ, ਸਨੁਕੜਾ ਹੋਈਆਂ ਲਮਕਦੀਆਂ ਜਟੂਰੀਆਂ ਉਹਨਾਂ ਦਾ ਸਭ ਤੋਂ ਪਹਿਲਾ ਧਿਆਨ ਖਿੱਚਦੀਆਂ। ਪਿੰਡ ਦੇ ਗੱਭਰੂਆਂ ਲਈ ਤਾਂ ਉਹ ਖ਼ਾਸ ਮਸ਼ਕੂਲੇ ਦਾ ਵਿਸ਼ਾ ਬਣਿਆ ਹੋਇਆ ਸੀ। ਉਹ ਉਹਨੂੰ ਘੇਰ ਕੇ ਪਿੰਡ ਦੇ ਦਰਵਾਜ਼ੇ ਲੈ ਜਾਂਦੇ। ਜਦੋਂ ਉਹ 'ਸ਼ਕਤੀ' ਤੋਂ 'ਮਸਤੀ' ਦੀਆਂ ਗੱਲਾਂ ਛੇੜ ਬਹਿੰਦੇ ਤਾਂ ਉਹ ਚੁੱਪ ਹੋ ਜਾਂਦਾ। ਚੁੱਪ ਤੇ ਗਹਿਰ ਗੰਭੀਰ। ਫੇਰ ਉਹ ਕਹਿੰਦੇ, "ਚਲ ਛੱਡ ਅਸੀਂ ਹਾਰੇ। ਕੈਦੀਆਂ ਬਾਰੇ ਸੁਣਾ ਕੋਈ ਚੋਦੀ-ਚੋਦੀ।" ਫੇਰ ਉਹ ਛਿੜ ਪੈਂਦਾ। 'ਜੇਲ੍ਹ ਦੇ ਪੰਛੀਆਂ' ਦੇ ਏਨੇ ਕਿੱਸੇ ਸੁਣਾਉਂਦਾ ਕਿ ਮੁੱਕਣ'ਚ ਨਾ ਆਉਂਦੇ। ਕਿੱਸੇ ਜੋ ਅਤਿ ਰੌਚਕ ਹੁੰਦੇ। ਦਰਦ ਨਾਲ ਭਰੇ ਹੋਏ। ਜੇਲ੍ਹਾਂ 'ਚ ਹੁੰਦੀ ਦੁਰਦਸ਼ਾ ਦੇ ਕਿੱਸੇ। "ਕੀ ਪੁੱਛਦੇ ਓ ਹਾਲ ਉਹਨਾਂ ਪੰਛੀਆਂ' ਦਾ, ਜਿਹਨਾਂ ਦੀ ਚੜ੍ਹਦੀ ਜੁਆਨੀ ਜੇਲ੍ਹਾਂ ਨੇ ਖਾ ਲਈ।" ਗੱਲ ਕਰਦੇ ਦਾ ਉਹਦਾ ਗੱਚ ਭਰ ਆਉਂਦਾ ਤੇ ਮਾਨਸਿਕ ਪੀੜਾ ਦਾ ਗ੍ਰਸਿਆ ਉਹ ਓਥੋਂ ਤੁਰ ਪੈਂਦਾ। ਓਥੇ ਬੈਠੇ ਲੋਕ ਉਹਦੀ ਤੁਰੇ ਜਾਂਦੇ ਦੀ ਪਿੱਠ ਦੇਖਦੇ। ਦੇਖਦੇ ਤੇ ਹਉਂਕਾ ਭਰਦੇ। ਉਹਨਾਂ ਦੀਆਂ ਸੇਜਲ ਅੱਖਾਂ ਦੇਖਦੀਆਂ। ਦੇਖਦੀਆਂ ਤੇ ਸੋਚਦੀਆਂ। "ਕੀ ਇਹ ਵਹਿੰਗੀ ਵਾਂਗ ਦੂਹਰਾ ਹੋਇਆ ਤੁਰਿਆ ਜਾਂਦਾ ਕੁੱਬਾ ਬੁੜ੍ਹਾ ਓਹੀ ਐ ਜੋ ਕਦੇ ਲੱਠ ਵਰਗਾ ਜੁਆਨ ਹੁੰਦਾ ਸੀ!"

ਰਾਹ 'ਚ ਝੂਲਦੇ ਤੁਰੇ ਜਾਂਦੇ ਨੂੰ ਉਹਨੂੰ ਪਿੰਡ ਦੀਆਂ ਤੀਮੀਆਂ ਘੇਰ ਘੇਰ ਪੁੱਛਦੀਆਂ, "ਵੇ ਸ਼ੰਭੂ! ਤੈਨੂੰ ਮੇਰੀ ਸਹੁੰ ਲੱਗੇ। ਸੱਚੋ ਸੱਚ ਦੱਸੀਂ। ਉਸ ਰਾਤ ਕੀ ਹੋਇਆ ਸੀ, ਭਲਾ?" ਸੁਣ ਕੇ ਉਹਦੀਆਂ ਬੱਗੀਆਂ ਮੁੱਛਾਂ ਖਿੜ ਉੱਠਦੀਆਂ। ਉਹਦੇ ਸੰਗਦੇ ਦੇ ਮੂੰਹੋਂ ਬੱਸ ਏਹੋ ਬੋਲ ਨਿਕਲਦੇ, "ਕੁਸ਼ ਨੀ ਭਾਬੀ ਕੁਸ਼ ਨੀ ਭਾਬੀ।" ਪਰ ਇਹ ਟੌਹਰ ਉਹਦੀ ਥੋੜ ਚਿਰੀ ਸਾਬਤ ਹੋਈ। ਹੌਲੀ-ਹੌਲੀ ਲੋਕ ਉਹਦੀਆਂ ਗੱਲਾਂ ਕਰਨੋਂ ਹਟ ਗਏ। ਤੇ ਫੇਰ ਉਹਨੂੰ ਭੁੱਲ ਈ ਗਏ।

ਕਈ ਵਰ੍ਹੇ ਪਹਿਲਾਂ ਹੋਏ ਇਕ ਖ਼ੂਨ ਦੀਆਂ ਉਹ ਆਖ਼ਰ ਕਿੰਨਾ ਚਿਰ ਗੱਲਾਂ ਕਰੀ ਜਾਂਦੇ। ਨਾਲੇ ਇਕ ਅੱਧ ਕਤਲ ਕਰਨ ਆਲੇ ਨੂੰ ਹੁਣ ਪੁੱਛਦਾ ਕੌਣ ਸੀ? ਹੁਣ, ਜਦੋਂ ਪੱਚੀ ਪੱਚੀ, ਤੀਹ ਤੀਹ ਬੰਦੇ ਇਕੋ ਵਾਰ ਮਾਰਨ ਵਾਲੇ ਆਮ ਹੋ ਗਏ ਸਨ। ਪਿੰਡ 'ਚ ਹੁਣ ਸੂੰਬਾਂ ਆਲੀ ਡਾਂਗ, ਤਲਵਾਰ, ਗੰਡਾਸੀ ਅਤੇ ਪੇਚਾਂ ਆਲੇ ਬਰਛੇ ਦੀਆਂ ਗੱਲਾਂ ਨਹੀਂ ਸਨ ਹੁੰਦੀਆਂ, ਜੋ ਸਦੀਆਂ ਤੋਂ ਲੋਕਾਂ ਦੇ ਆਪਣੇ ਅਸਲੀ ਹਥਿਆਰ ਸਨ। ਗੱਲਾਂ ਸਨ ਤਾਂ ਏ. ਕੇ. 47 ਰਫ਼ਲਾਂ ਦੀਆਂ, ਰਾਕਟਾਂ ਦੀਆਂ ਜਾਂ ਮੌਜ਼ਰ ਦੀਆਂ। ਸਭ ਕਿਸੇ ਬਾਹਰੀ ਸ਼ਕਤੀ ਦੇ ਹਥਿਆਰ! ਏਸੇ ਕਰਕੇ ਤਣਾਓ ਸੀ। ਦਹਿਸ਼ਤ ਦਾ ਵਾਤਾਵਰਣ। ਸ਼ਾਂਤੀ ਤਾਂ ਉਪਰੋਂ-ਉਪਰੋਂ ਸੀ। ਓਪਰੀ-ਓਪਰੀ। ਇਹਦਾ ਕੀ ਭਰੋਸਾ। ਮਨੁੱਖਾਂ ਦੀ ਅੰਦਰਲੀ ਟੇਕ ਕਿੱਥੇ ਗੁਆਚ ਗਈ?

ਉਹ ਆਪਣੀ ਕੱਚੀ ਕੋਠੜੀ 'ਚ ਪਿਆ ਸੋਚਦਾ ਰਹਿੰਦਾ।

ਉਹਦੀ ਹਾਲਤ ਅਜੀਬ ਹੋ ਗਈ ਸੀ। ਤੁਰਤ ਫੁਰਤ ਮਿਲੀ ਇੱਜ਼ਤ ਦਾ ਅਡੰਬਰ ਦਿਨਾਂ 'ਚ ਢਹਿ





ਢੇਰੀ ਹੋ ਗਿਆ। ਪਿੰਡ 'ਚ ਹੋਰ ਕੰਮ ਤਾਂ ਉਹਨੂੰ ਕੀ ਮਿਲਣਾ ਸੀ, ਕੋਈ ਸਾਂਝੀ ਸੀਰੀ ਰਲਾਉਣ ਨੂੰ ਵੀ ਤਿਆਰ ਨਹੀਂ ਸੀ। ਠਾਕੁਰਦੁਆਰੇ ਕਿਮੇਂ ਵੜਦਾ? ਓਥੇ ਤਾਂ ਮੈਂ ਬੈਠਾ ਸੀ। ਉਹਦਾ ਸ਼ਰੀਕ।

ਸਾਨੂੰ ਤਾਂ ਪਤਾ ਈ ਸੀ। ਸੁਣਤੋ ਸੁਣਤੋ ਅਸਲੀ ਗੱਲ ਦੀ ਭਿਣਕ ਉਹਦੇ ਕੰਨੀਂ ਵੀ ਪੈ ਗਈ। ਪਿੰਡ 'ਚ ਸ਼ਕਤੀ ਦੇਵੀ ਦੀ ਸਰਵਉੱਚਤਾ ਨੂੰ ਵੰਗਾਰਨ ਆਲੀਆਂ ਕਈ ਨਮੀਆਂ 'ਸ਼ਕਤੀਆਂ' ਉਭਰਨ ਲੱਗ ਪਈਆਂ। ਉਹਨਾਂ 'ਚੋਂ ਇਕ ਦਾ ਹਮਦਰਦ ਅਤੇ ਹਮਾਇਤੀ ਸੀ ਟੇਂਢੂ ਕਾਣਾ। ਦਸਮੀਂ 'ਚ ਪੰਜ ਵੇਰਾਂ ਫੇਲ੍ਹ ਹੋਇਆ ਇਹ ਬੰਦਾ ਪਿੰਡ 'ਚ ਪੂਛ ਚੱਕੀਂ ਫਿਰਦਾ ਰਹਿੰਦਾ। ਹਰ ਰੋਜ਼ ਰਾਤ ਨੂੰ ਸ਼ੰਭੂ ਦੀ ਕੋਠੜੀ ਉਹ ਆ ਧਮਕਦਾ। "ਦੇਖ ਸ਼ੰਭੂ, ਏਸ ਕੰਜ਼ਰ ਦੀ ਸ਼ਕਤੀ ਨੇ ਇਕੋ ਬਾਣ ਨਾਲ ਕਿੰਨੇ ਬੰਦਿਆਂ ਦਾ ਘਾਣ ਕੀਤਾ! ਪਹਿਲਾਂ ਤਾਂ 'ਚਾਰੀਆ ਜੀ' ਨੂੰ ਮਰਵਾਇਆ। ਫੇਰ ਝੂਠੀ ਗਵਾਹੀ ਦੇ ਕੇ ਤੈਨੂੰ ਕੈਦ ਕਰਾਈ। ਪਿੱਛੋਂ ਤੇਰੇ ਮਾਂ-ਪਿਓ ਨੂੰ ਖਾ ਗਈ ਡੈਣ! ਛੋਟਾ ਭਾਈ ਤੇਰਾ ਊਂ ਹੱਥਾਂ 'ਤੇ ਚੜ੍ਹਾ ਲਿਆ... ਕਰਤਾ ਸਾਰਾ ਟੱਬਰ ਤਬਾਹ!..." ਪਲ ਭਰ ਚੁੱਪ ਰਹਿ ਕੇ ਉਹ ਸ਼ੰਭੂ ਉਤੇ ਆਪਣੀ ਗੱਲ ਦੇ ਹੋਏ ਅਸਰ ਨੂੰ ਭਾਂਪਦਾ। ਫੇਰ ਮੁੱਛਾਂ ਫਰਕਾ ਕੇ ਬੋਲਦਾ, "ਸਾਰੇ ਪਿੰਡ ਨੂੰ ਉਂਗਲਾਂ 'ਤੇ ਨਚਾਉਂਦੀ ਐ... ਇਹ ਕਮਜ਼ਾਤ ! ਚੰਡਾਲਣੀ , ਸਾਲੀ!!"

"ਫੇਰ ਕੀ ਕਰੀਏ ?" ਸ਼ੰਭੂ ਖਿਝ ਕੇ ਆਖਦਾ।

"ਕਰਨਾ ਕੀ ਐ? ਸੋਧ ਦਿਓ ਲੁੱਚੀ ਰੰਨ ਨੂੰ!" ਹਰ ਵਾਰ ਉਹ ਏਸੇ ਫ਼ਿਕਰੇ 'ਤੇ ਤੋੜਾ ਝਾੜਦਾ। ਜਿਮੇਂ ਏਸ ਤੋਂ ਹੇਠਲੀ ਸਜ਼ਾ ਉਹਨੂੰ ਜਚਦੀ ਈ ਨਾ ਹੋਵੇ। ਦੇਸ਼ ਦੀ ਵੰਡ ਸਮੇਂ, ਹੱਲਿਆਂ 'ਚ, ਬਲਵਈਆਂ ਉਹਨਾਂ ਦਾ ਸਾਰਾ ਪਰਿਵਾਰ ਪਾਰ ਬੁਲਾ ਦਿੱਤਾ ਸੀ। ਕਿਮੇਂ ਨਾ ਕਿਮੇਂ ਉਹਦਾ ਚਾਚਾ ਸੇਖੂਪੁਰੇ ਤੋਂ ਉਹਨੂੰ ਬਚਾ ਲਿਆਇਆ ਸੀ। ਉਹਦਾ ਚਾਚਾ ਆਪਣੇ ਕੰਧੇੜੇ ਚੱਕ ਉਹਨੂੰ ਏਸ ਪਿੰਡ ਲੈ ਆਇਆ। ਤੇ ਏਥੇ ਈ ਵਸ ਗਿਆ। ਸ਼ੇਖੂਪੁਰੇ ਖਾੜਕੂ ਖਤਰੱਮੇਂ 'ਚੋਂ ਇਹ ਖਾਂਦਾ ਪੀਂਦਾ ਪਰਿਵਾਰ ਸੀ। ਏਥੇ ਆ ਕੇ ਦਸੌਂਟਾ ਕੱਟਣਾ ਪਿਆ। ਚਾਚੇ ਨੇ ਪਿੰਡ 'ਚ ਮਨਿਆਰੀ ਦੀ ਨਿੱਕੀ ਜਿਹੀ ਹੱਟੀ ਖੋਲ੍ਹ ਲਈ। ਇਕ ਅੱਖੋਂ ਮੁਨਾਖਾ ਇਹ ਮੁੰਡਾ ਕੁਝ ਬੜਾ ਹੋਇਆ ਤਾਂ ਚਾਚੇ ਦੇ ਕੰਮ 'ਚ ਹੱਥ ਵਟਾਉਣ ਲੱਗ ਗਿਆ। ਪਰ ਸੀ ਹਿੰਡ ਦਾ ਪੱਕਾ। ਜੱਗੋਂ ਬਾਹਰੀ ਗੱਲ ਕਰਨ ਆਲਾ। ਹੱਦ ਦਰਜੇ ਦਾ ਇੱਲਤੀ ਤੇ ਖਰੂਦੀ। ਸਦਾ ਟੇਡੀ ਹੀ ਗੱਲ ਕਰਨੀ ਉਹਨੇ। ਏਸੇ ਕਰਕੇ ਪਿੰਡ 'ਚ ਉਹਦਾ ਨਾਉਂ ਟੇਢੂ ਕਾਣਾ ਪੈ ਗਿਆ। ਤੇ ਪੱਕ ਗਿਆ। ਜੁਆਨ ਹੋਇਆ ਤਾਂ ਚਾਚੇ-ਚਾਚੀ ਤੋਂ ਬੇਵਾਹਰਾ ਹੋ, ਬੀਕਾਨੇਰੋਂ ਇਕ ਜਨਾਨੀ ਕੱਢ ਲਿਆਇਆ। ਵਰ੍ਹਾ ਕੁ ਉਹਦੇ ਘਰ ਵਸ-ਰਸ ਉਹ ਕਿਸੇ ਹੋਰ ਨਾਲ ਨਿੱਕਲ ਗਈ। ਜਦੋਂ ਸਿਰ ਤੋੜ ਭੱਜ ਨੱਠ ਕਰਨ ਤੇ ਵੀ ਉਹ ਕਿਤੋਂ ਨਾ ਮਿਲੀ ਤਾਂ ਉਹਨੇ ਨਿਹੰਗ ਦਾ ਬਾਣਾ ਧਾਰਨ ਕਰ ਲਿਆ। ਸ਼ਕਤੀ ਦੇਵੀ ਦਾ ਏਸ ਉਧਾਲੇ ਨਾਲ ਕੋਈ ਲਾਗਾ ਦੇਗਾ ਨਹੀਂ ਸੀ।

"ਕਿਉਂ ਸਿੰਘ ਜੀ, ਥੋਨੂੰ ਉਹਦੇ 'ਤੇ ਕਾਹਤੋਂ ਗੁੱਸਾ ਆ ਗਿਆ? ਸ਼ਕਤੀ ਦੇਵੀ ਐਨੀ ਮਾੜੀ ਤੀਮੀ ਤਾਂ ਨੀ।" ਸ਼ੰਭੂ ਨੇ ਨਿਮ੍ਰਤਾ ਨਾਲ ਪੁੱਛਿਆ।

"ਮੂੰਹ ਨੂੰ ਲਗਾਮ ਦੇ ਓਏ ਦੁਸ਼ਟਾ। 'ਦੇਵੀ, ਦੇਵੀ' ਦੀ ਰਟ ਲਾਈ ਐ? 'ਦੇਵੀ' ਆਲੀ ਕਿਹੜੀ ਗੱਲ ਐ ਓਸ ਚੰਡਾਲਣੀ 'ਚ ...? ਹੈਂਅ? ਦੱਸ ਮੈਨੂੰ !!" ਉਹ ਕੜਕਿਆ।

"ਚੱਲ ਬਾਬਾ , ਮਾਫ ਕਰਦੇ। ਨਹੀਂ ਕਹਿੰਦਾ 'ਦੇਵੀ'... ਪਰ ਪਤਾ ਤਾਂ ਲੱਗੇ ਬਈ...।" ਦੋਮੇਂ ਹੱਥ ਜੋੜ ਸ਼ੰਭੂ ਨੇ ਅਰਜ਼ ਗੁਜ਼ਾਰੀ।

"ਮੈਨੂੰ ਊਈਂ ਨੀ ਚੰਗੀ ਲਗਦੀ, ਸਾਲੀ ! ਪਿੱਦੀ ਜਿਹੀ!!" ਕਹਿ ਉਹ ਹੱਸ ਪਿਆ। ਸੁੱਖ ਦਾ ਸਾਹ ਆਇਆ ਸ਼ੰਭੂ ਨੂੰ।

ਫੇਰ ਟੇਢੂ ਕਾਨਾ ਭੇਤ ਭਰੇ ਲਹਿਜੇ 'ਚ ਬੋਲਿਆ, "ਪਰਸੋਂ ਮੁੰਡੇ ਆਉਣਗੇ। ਪੁਲਸ ਦੀ ਵਰਦੀ 'ਚ ਜੀਪ ਲੈ ਕੇ। ਉਸੇ ਰਾਤ ਸੋਧ ਦਿਓ ਤੇ ਤਿੱਤਰ ਹੋ ਜਿਓ... ਪਿੱਛੋਂ ਮੈਂ ਜਾਣਾ ਮੇਰਾ ਕੰਮ।"

ਸ਼ੰਭੂ ਨੂੰ ਪਤਾ ਸੀ ਕਿ ਏਸ ਘੜੀ ਉਹ ਸੁਖਨਿਧਾਨ ਦੀ ਮੌਜ 'ਚ ਐ, ਤੇ ਸੁੱਖੇ ਦਾ ਛਾਂਦਾ ਵਾਹਵਾ ਈ ਛਕਿਆ ਹੋਇਐ। ਪਰ ਉਹ ਸੁਣ ਕੇ ਕੰਬ ਗਿਆ। ਕੱਟੀ ਹੋਈ ਉਮਰ ਕੈਦ ਉਹਦੀਆਂ ਅੱਖਾਂ ਮੂਹਰੇ ਘੁੰਮ ਗਈ।

......

"ਮੈਨੂੰ ਬਚਾ ਲੋ, ਬਾਬਾ ਜੀ। ਮੇਰੀ ਜਾਨ ਖ਼ਤਰੇ 'ਚ ਐ...।" ਦੂਜੀ ਸਵੇਰ ਉਹ ਗੁਰਦੁਆਰੇ ਦੀ ਉਸਾਰੀ ਕਰਾ ਰਹੇ ਬਾਬਾ ਸੇਵਾ ਸਿੰਘ ਜੀ ਦੇ ਚਰਨਾਂ 'ਚ ਜਾ ਢਹਿ ਪਿਆ। ਜਦੋਂ ਸ਼ੰਭੂ ਦੀ ਸਾਰੀ ਵਿਥਿਆ ਸੁਣ ਚੁੱਕੇ ਤਾਂ ਉਹ ਪੂਰੇ ਧੀਰਜ ਨਾਲ, ਦਿਲਾਸਾ ਦਿੰਦੇ ਹੋਏ, ਮੁਸਕਰਾ ਕੇ ਬੋਲੇ, "ਤੂੰ ਏਥੇ ਈ ਆ ਜਾ। ਕਾਰ ਸੇਵਾ 'ਚ ਹੱਥ ਵਟਾ ਸੰਗਤਾਂ 'ਚ ਰਹੇਂਗਾ ਤਾਂ ਤੇਰਾ ਵਾਲ ਵੀ ਵਿੰਗਾ ਨੀ ਕਰ ਸਕਦਾ ਕੋਈ। ਗੁਰੂ ਨਦਰਿ ਕਰੇ ...। ਇਹ ਅਮੋਲਕ ਜੀਵਨ ਬਿਅਰਥਾ ਗੁਆਉਣ ਲਈ ਤਾਂ ਨੀ ਮਿਲਿਆ! ਕੁਝ ਪੜ੍ਹਿਆ ਲਿਖਿਆ ਵੀ ਐਂ ?"

"ਹਾਂ ਜੀ, ਸਾਸ਼ਤਰੀ ਏਥੇ ਈ ਕੀਤੀ। ਠਾਕੁਰਦਆਰੇ 'ਚ। ਗਿਆਨੀ ਜੇਲ੍ਹ 'ਚ ਉਹਨੇ ਦੱਸਿਆ। 'ਸ਼ਾਬਾਸ਼' ਕਹਿ ਉਨ੍ਹਾਂ ਥਾਪੜਾ ਦਿੱਤਾ।

ਗੁਰਦੁਆਰਾ ਸੰਪੂਰਨ ਹੋਇਆ। ਸ਼ੰਭੂ ਨੇ ਅੰਮ੍ਰਿਤ ਛਕਿਆ। ਤੇ ਉਸੇ ਗੁਰਦੁਆਰੇ ਦਾ ਗ੍ਰੰਥੀ ਥਾਪਿਆ ਗਿਆ। ਦੋ ਕੁ ਮਹੀਨਿਆਂ ਪਿੱਛੋਂ ਉਹ ਅਤਿਵਾਦੀਆਂ ਹੱਥੋਂ ਮਾਰਿਆ ਗਿਆ।

......

ਮੇਰੀ ਬਿਰਤੀ ਟੁੱਟੀ। ਧਿਆਨ ਗਿਆ ਸ਼ਕਤੀ ਦੇਵੀ ਵੱਲ। ਇਕਦਮ। ਦ੍ਰਿਸ਼ਟੀ ਉਹਦੇ ਕਮਰੇ 'ਤੇ ਪਈ। ਦਰਵਾਜ਼ਾ ਬੰਦ। ਡਰਿਆ ਮੈਂ। ਸੁੱਖ ਹੋਵੇ ਸਹੀ। ਜੇ ਸਮਾਧੀ ਲੱਗ ਗਈ ਹੋਈ ਤਾਂ ਵਾਹ ਭਲਾ। ਜੇ ਦੌਰਾ ਪੈ ਗਿਆ ਹੋਇਆ ਤਾਂ ਦੰਦਲ ਉਹਦੀ ਕੌਣ ਭੰਨੂ ? ਮੈਂ ਪੱਬਾਂ ਭਾਰ ਹੋ ਦਰਵਾਜ਼ੇ ਤੱਕ ਗਿਆ। ਖੜਕਾਮਾਂ? ਦਿਲ ਧੱਕ ਧੱਕ ਕਰੇ ਮੇਰਾ। ਖੱਬੇ ਹੱਥ ਦੀ ਪਹਿਲੀ ਉਂਗਲ ਦੀ ਕੁੰਡੀ ਬਣਾ ਮੈਂ ਦਸਤਕ ਦੇਣ ਈ ਲੱਗਾ ਸਾਂ ਕਿ ਅੰਦਰੋਂ ਆੜਾਖੋਟ ਨੁਮਾ ਅਰਲ ਦੇ ਖੁੱਲ੍ਹਣ ਦੀ ਆਵਾਜ਼ ਸੁਣਾਈ ਦਿੱਤੀ ਮੈਨੂੰ। ਉਹਨੀਂ ਪੈਰੀਂ ਕੁੱਕੜੀ ਦੇ ਚੂਚੇ ਵਾਂਗ ਭੁੜਕਦਾ ਮੈਂ ਪਹਿਲੀ ਥਾਂ ਤੇ ਆ ਕੇ ਨੀਮੀਂ ਪਾ ਬੈਠ ਗਿਆ। ਦਰਵਾਜ਼ਾ ਖੁੱਲ੍ਹਿਆ। ਸਿਰ ਚੁੱਕ ਕੇ ਮੈਂ ਓਧਰ ਦੇਖਿਆ। ਦੇਖਦਾ ਈ ਰਹਿ ਗਿਆ ਬੱਸ! ਮੇਰੇ ਧੁਰ ਅੰਦਰ ਬਾਂਸੁਰੀ ਦੀ ਤਾਨ ਛਿੜੀ। ਬੁੱਲ੍ਹ ਫਰਕੇ, "ਹੈ, ਮੁਰਲੀ ਮਨੋਹਰ, ਏਸ ਦ੍ਰਿਸ਼ਟਮਾਨ ਜਗਤ ਮੈਂ ਤੁਮਰਾ ਯਹ ਕਿਆ ਵਰਤਾਰਾ! ਕੇਸ ਸਨ। ਦੋ ਵਗਦੀਆਂ ਧਾਰਾਂ। ਹੇਠਾਂ ਵੱਲ ਉਤਰ ਰਹੀਆਂ। ਅੱਧ ਵਿਚਾਲੇ ਚੀਰਮੀ। ਸਿੱਧੀ ਸਤੋਰ। ਚੌੜੇ ਮੱਥੇ 'ਤੇ ਤ੍ਰਿਮੁਖਾ ਚੰਨਣ ਦਾ ਤਿਲਕ। ਅੱਖਾਂ ... ਬੱਸ ਅੱਖਾਂ। ਸੁਰਮਾ ਰਹਿਣ। ਸ਼ਰਮਾਉਣ, ਸਮਾਉਣ ਦੀ ਲੋੜ ਤੋਂ ਮੁਕਤ। ਉੱਪਰਲੇ ਬੁੱਲ੍ਹ ਦੀ ਗੋਲਾਈ ਉਤੇ ਥਾਂ ਪੁਰ ਥਾਂ ਚਮਕਦੀ ਕੋਈ ਕੋਈ ਕਣੀ। ਤੋੜ ਭਗਮੀ ਸਾੜ੍ਹੀ। ਗਲ ਰੁਦਰਾਖਸ਼ ਦੀ ਮਾਲਾ। ਕਿਸੇ 'ਤੇ ਇਕਮੁਖਾ ਮਨਕਾ। ਮੰਦ ਮੰਦ ਮੁਸਕਾਂਦੀ, ਤੁਰਦੀ ਤੁਰਦੀ ਜਦੋਂ ਉਹ, ਮਲੂਕੜੀ ਗੁੱਡੀ ਜਿਹੀ, ਮੇਰੇ ਵੱਲ ਵਧੀ ਤਾਂ ਮੈਨੂੰ ਸੁੱਚਾ ਸਿੰਘ 'ਫੱਟੜ' ਦੇ ਆਖੇ ਇਹ ਬੋਲ ਯਾਦ ਆਏ, 'ਬੜੀ ਜ਼ਾਲਮ ਐਂ, ਇਹ ਰੰਨ! ਪਰ ਏਸ ਸੈਂਤ ਮੇਰਾ ਮਨ ਕੁਝ ਹੋਰ ਤਰ੍ਹਾਂ ਸੋਚ ਰਿਹਾ ਸੀ। ਜਿਮੇਂ ਕਹਿ ਰਿਹਾ ਹੋਵੇ, "ਜਿੱਥੇ ਇਹੋ ਜਿਹੀਆਂ ਰੂਪਵਤੀਆਂ ਨਾਰਾਂ ਹੋਣ ਓਥੇ ਬੰਦੀਖਾਨਿਆਂ ਦੀ ਕੀ ਲੋੜ ਐ ?"

......

ਵਿਛੀ ਪਈ ਚਟਾਈ 'ਤੇ ਕੰਬਦੇ ਹੱਥੀਂ ਭੋਜਨ ਪਰੋਸਿਆ ਮੈਂ। ਚੂਲੀ ਭਰ ਜਲ ਲੈ ਪਰੋਸੇ ਭੋਜਨ





ਦੁਆਲੇ, ਗੋਲਾਕਾਰ ਰੁੱਖਾ ਖਿੱਚੀ। ਧੁਨੀ ਸੁਰ ਹੋ ਗੂੰਜ ਉੱਠੀ... ਓਮ... ਨਮੋ... ਸ਼ਿਵਾਇ...

ਜਦੋਂ ਉਹਦੇ ਨਿੱਕੇ ਗੋਲ ਬੁੱਲ੍ਹਾਂ ਨੇ ਪਹਿਲਾ ਕੌਰ ਸਵੀਕਾਰ ਕੀਤਾ ਤਾਂ ਮੈਂ ਵੀ ਰੁਚਿਤ ਹੋਇਆ। ਰੁਚ-ਰੁਚ ਭੋਜਨ ਪਾਉਣ ਲੱਗੇ ਅਸੀਂ। ਮਗਨ-ਚਿੱਤ। ਸ਼ੀਤਲ ਰੁਮਕਦੀ ਪੌਣ ਦਾ ਆਪਣਾ ਆਨੰਦ। ਉੱਪਰ ਗਗਨ 'ਤੇ ਮਚਲਦੀਆਂ ਤੈਰ ਰਹੀਆਂ ਸਨ ਬਦਲੋਟੀਆਂ। ਉਹਨੂੰ ਇਹ ਕੀ ਸੁਝੀ! ਮਲਕੜੇ ਇਕ ਕੌਰ ਚੱਕ ਮੇਰੇ ਮੂੰਹ 'ਚ ਪਾ ਦਿੱਤਾ। ਫੇਰ ਮੁਸਕਾਂਦਿਆਂ ਬੋਲੀ ਕਠੋਰ ! ਜ਼ਾਲਮ !!

ਸ਼ਾਇਦ ਉਹਨੂੰ ਕਬੂਤਰ ਆਲੀ ਘਟਨਾ ਯਾਦ ਆ ਗਈ ਸੀ।

ਕੀ ਬੋਲਦਾ ਮੈਂ ?

"ਤੂੰ ਬੋਲਦਾ ਕਿਉਂ ਨੀ, ਕਿਸ਼ਨ! ਚੁੱਪ ਚੁੱਪ ਕਿਉਂ ਏਂ ?" ਪੁੱਛਿਆ ਉਹਨੇ।

"ਮੇਰਾ ਸਿਰ ਦੁਖਦੈ, ਦੇਵੀ", ਅੱਖਾਂ 'ਚ ਹੰਝੂ ਆ ਗਏ ਮੇਰੇ।

"ਹਾਇ, ਮੈਂ ਮਰਜਾਂ ? ਤੂੰ ਪਹਿਲਾਂ ਕਿਉਂ ਨੀ ਦੱਸਿਆ। ਆ ਤੇਰਾ ਸਿਰ ਝੱਸ ਦਿਆਂ।" ਮੈਨੂੰ ਬਾਹੋਂ ਫੜ ਉਹ ਆਪਣੇ ਕਮਰੇ ਵੱਲ ਲੈ ਤੁਰੀ। ਬਾਹਰ ਬੱਦਲ ਨੀਮੇਂ ਹੋ ਗਏ ਸਨ।

......

ਕਮਰੇ ਅੰਦਰ ਵੜਨ ਲੱਗਿਆਂ ਕਬੂਤਰ ਮੇਰੀਆਂ ਅੱਖਾਂ ਸਾਹਮਣੇ ਘੁੰਮ ਗਿਆ। ਪੂਰੀ ਟੇਕ 'ਚ ਬੈਠਾ। ਸਿਰ ਚੁੱਕਦਾ। ਹੇਠਾਂ ਨੂੰ ਕਰਦਾ। ਫੁੜ੍ਹਕਦਾ। ਵਿਹੜੇ ਦੇ ਫਰਸ਼ ਉਤੇ ਡਿਗਦਾ। ਤੜਫਦਾ। ਦਮ ਤੋੜਦਾ।

......

ਆਦਮ ਕੱਦ ਸ਼ੀਸ਼ਾ ਸਾਹਮਣੇ ਐ। ਖੱਬੇ ਪਾਸੇ ਕੰਧ 'ਚ ਫਿੱਟ ਕੀਤਾ ਹੋਇਆ। ਮੈਂ ਹੇਠਾਂ ਬੈਠਾਂ। ਚੌਂਪ ਮਾਰ ਕੇ। ਇਕ ਪਾਸੇ ਰੱਖੀ ਤਿਪਾਹੀ ਉਤੇ ਤੇਲ ਪਿਐ। ਕਟੋਰੀ 'ਚ ਪਾਇਆ ਹੋਇਆ। ਪਿੱਛੇ ਪਲੰਘ ਦੀ ਬਾਹੀ ਉਤੇ ਬੈਠੀ ਐ, ਸ਼ਕਤੀ ਦੇਵੀ। ਆਪਣੇ ਪੂਰੇ ਜਲੌ 'ਚ ਸਿਰ ਮੇਰੇ 'ਚ ਤੇਲ ਦੀ ਪਤਲੀ ਤਤ੍ਹੀਰੀ ਪੈ ਰਹੀ ਐ। ਮੇਰੇ ਸਰੀਰ 'ਚ ਝੁਣ ਝੁਣੀ ਜਿਹੀ ਉੱਠੀ। ਇਕ ਲਹਿਰ। ਛੱਤ ਉਤੇ ਕਣੀਆਂ ਡਿਗਣ ਦੀ ਆਵਾਜ਼ ਮੇਰੇ ਕੰਨਾਂ 'ਚ ਉਤਰਨ ਲੱਗ ਪਈ। ਫੇਰ ਸਿਰ 'ਤੇ ਹਲਕੀ ਥਪਕੀ ਪੈਣ ਲੱਗੀ।

ਮੈਂ ਸਾਹਮਣੇ ਦੇਖਿਆ ਸ਼ੀਸ਼ੇ 'ਚ, ਓਹੀ ਅੱਖਾਂ ਨੇ। ਓਹੀਓ ਹੱਥ। ਜਿਨ੍ਹਾਂ 'ਤੇ ਮਰਨ ਵਾਲਾ ਇਕੇਰਾਂ ਮਰ ਮਿਟਿਆ ਸੀ। ਮਰਨ ਵਾਲਾ। ਸ਼ੰਭੂ, ਬਿਸ਼ੰਭਰ ਦੱਤ ਉਰਫ਼ ਬਿਸ਼ੰਭਰ ਸਿੰਘ ਗ੍ਰੰਥੀ। ਅਤਿਵਾਦੀਆਂ ਹੱਥੋਂ ਮਾਰਿਆ ਗਿਆ ਉਹ।

......

'ਹਾਇ ਓਇ, ਏਨੇ ਨਰਮ!' ਉਹ ਬੋਲਿਆ ਤਾਂ ਹੀ ਮੈਨੂੰ ਪਤਾ ਲੱਗਿਆ। ਮੇਰੇ ਹੱਥ ਉਹਦੇ ਹੱਥਾਂ 'ਚ ਮੈਂ ਸੰਗ ਗਈ। ਪਤਾ ਨਹੀਂ ਕਦੋਂ ਦਾ ਪਲੋਸ ਰਿਹਾ ਸੀ। ਓਮੇਂ ਖ਼ੜੀ, ਹੈਰਾਨ ਹੋਈ ਨੇ ਮੈਂ ਉਹਦੀਆਂ ਅੱਖਾਂ 'ਚ ਦੇਖਿਆ।

'ਸ਼ਕਤੀਏ, ਏਸ ਤਰ੍ਹਾਂ ਨਾ ਦੇਖ!' ਉਹ ਫੇਰ ਬੋਲਿਆ।

'ਕਿਉਂ... ?' ਮੇਰੇ ਧੁਰ ਅੰਦਰੋਂ ਪੁੱਛ ਹੋ ਗਿਆ। ਪਤੈ ਕੀ ਆਖਿਆ ਉਹਨੇ ? ਕਹਿੰਦਾ ਤੇਰੀਆਂ ਅੱਖਾਂ 'ਚ ਮੇਰੀ ਮੂਰਤ ਆਗੀ।'

'ਫੇਰ ਕੀ ਹੋਇਆ ?' ਮੈਂ ਪੁੱਛਿਆ।

'ਆਚਾਰੀਆ ਜੀ ਨੇ ਦੇਖ ਲਿਆ। ਤੇ ਓਸੇ ਰਾਤ...' ਬੋਲਦੀ-ਬੋਲਦੀ ਦਾ ਉਹਦਾ ਗੱਚ ਭਰ ਆਇਆ।

'ਆਚਾਰੀਆਂ ਜੀ!' ਮੇਰੀਆਂ ਅੱਖਾਂ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ।

'ਹਾਂਅ...।ਕਹਿੰਦਿਆਂ ਹੀ ਸ਼ਕਤੀ ਦੇਵੀ ਦੀਆਂ ਅੱਖਾਂ ਪੱਥਰਾਅ ਗਈਆਂ।ਉਨੂੰ ਦੌਰਾ ਪੈ ਗਿਆ ਸੀ। ਬੜੀ ਮੁਸ਼ਕਿਲ ਨਾਲ ਭੰਨੀ ਮੈਂ ਦੰਦਲ ਉਹਦੀ।ਚਮਚੇ ਨਾਲ ਦੰਦਲ ਭੰਨਦਿਆਂ ਉਹਦੇ ਦੰਦਾਂ ਵਿਚੋਂ ਲਹੂ ਨਿਕਲ ਆਇਆ।ਸੁਰਤ ਆਈ ਤਾਂ ਉਸ ਵਰਾਗਿਆਂ ਵਾਂਗ ਮੇਰੀ ਵੱਲ ਦੇਖਿਆ।ਫੇਰ ਧਾਹਾਂ ਮਾਰ ਕੇ ਰੋਣ ਲੱਗ ਪਈ।ਇਸ ਤਰ੍ਹਾਂ ਫੁੱਟ ਫੁੱਟ ਕੇ ਰੋਂਦੀ ਨੂੰ ਮੈਂ ਪਹਿਲੀ ਵਾਰ ਦੇਖ ਰਿਹਾ ਸਾਂ।ਇਹ ਘਟਨਾ ਓਦੋਂ ਦੀ ਐ, ਜਦੋਂ ਸ਼ੰਭੂ ਅਜੇ ਕੈਦ ਵਿਚ ਸੀ।

......

ਗ੍ਰੰਥੀ ਬਿਸ਼ੰਭਰ ਸਿੰਘ, ਬਿਸੰਭਰ ਦੱਤ, ਸ਼ੰਭੂ।ਜੋ ਵੀ ਨਾਉਂ ਚਾਹੋ, ਲੈ ਕੇ ਤੁਸੀਂ ਯਾਦ ਕਰ ਸਕਦੇ ਓ ਉਹਨੂੰ।ਭਾਈ ਤਾਂ ਉਹ ਮੇਰਾ ਈ ਸੀ!

ਉਹ ਅਤਿਵਾਦੀਆਂ ਹੱਥੋਂ ਮਾਰਿਆ ਅਵੱਸ਼ ਗਿਆ।ਪਰ ਉਹਨਾਂ ਨੇ ਮਾਰਿਆ ਨਹੀਂ ਉਹਨੂੰ।

ਇਹ ਬਿਆਨ ਸ਼ਾਇਦ ਤੁਹਾਨੂੰ ਆਤਮ ਵਿਰੋਧੀ ਲੱਗੇ। ਸੰਭਵ ਐ। ਪਰ ਇਸ ਵਿਚ ਮੈਂ ਕੀ ਕਰ ਸਕਦਾਂ।ਇਹੋ ਜਿਹੇ ਮਾਮਲਿਆਂ ਵਿਚ ਸ਼ੱਕ ਦੀ ਗੰਜਾਇਸ਼ ਬਣੀ ਰਹਿੰਦੀ ਐ।ਸ਼ੱਕ ਤਾਂ ਭਾਈ ਸਾਹਿਬ , ਮੈਨੂੰ ਵੀ ਹੋਇਆ।ਇਕ ਵਾਰ ਨਹੀਂ।ਕਈ ਵਾਰ।ਪਹਿਲੀ ਵਾਰ ਇਹ ਓਦੋਂ ਹੋਇਆ।ਜਦੋਂ ਮੌਤ ਦੀ ਖਬਰ ਸੁਣ ਕੇ ਸ਼ਕਤੀ ਦੇਵੀ ਦੇ ਚਿਹਰੇ 'ਤੇ ਕੋਈ, ਕਿਸੇ ਵੀ ਕਿਸਮ ਦਾ ਹਾਵਭਾਵ ਪ੍ਰਗਟ ਨਾ ਹੋਇਆ।ਹਾਅ ਦਾ ਨਾਅਰਾ ਤਾਂ ਕੀ ਮਾਰਨਾ ਸੀ, ਬੋਲੀ ਤੱਕ ਨਾ।ਇਕ ਹੰਝੂ ਨਾ ਨਿਕਲਿਆ ਉਹਦੀ ਅੱਖੋਂ ।ਚਲੋ, ਹੋਰ ਛੱਡੋ, ਦੌਰਾ ਈ ਪੈ ਜਾਂਦਾ! ਨਾ ਜੀ। ਇਹ ਵੀ ਨਾ ਹੋਇਆ। ਬੱਸ, ਤੁਰਦੀ ਫਿਰਦੀ ਰਹੀ। ਆਮ ਵਾਂਗ। ਸਹਿਜ।ਜਿਮੇਂ ਕੁਝ ਹੋਇਆ ਈ ਨੀ ਹੁੰਦਾ।ਯਾਰੋ, ਇਕ ਬੰਦਾ ਮਰ ਗਿਆ ਸੀ।ਬੰਦਾ ਵੀ ਉਹ ਜੋ ਵਰ੍ਹਿਆਂ ਬੱਧੀ ਸਕਤੀ ਨਾਲ ਖੇਲ੍ਹਿਆ-ਮੱਲ੍ਹਿਆ ਸੀ।ਸੁਖ-ਦੁਖ ਸਾਂਝਾ ਕਰਦਾ ਹੁੰਦਾ ਸੀ, ਉਹਦੇ ਨਾਲ।ਇਹ ਕੋਈ ਛੋਟੀ ਮੋਟੀ ਬਾਤ ਹੁੰਦੀ ਐ।ਹੋਰ ਸੁਣੋ ਨੜੋਏ 'ਚ ਵੀ ਸ਼ਾਮਲ ਨਾ ਹੋਈ ਉਹ ਤਾਂ।

ਉਹਦੇ ਨੜੋਏ ਸਮੇਂ ਸਾਰਾ ਪਿੰਡ ਢੁੱਕਿਆ ਸੀ।ਦਾਹ ਸੰਸਕਾਰ ਪਿੱਛੋਂ , ਆਥਣੇ ਦਿਨ ਦੇ ਛਿਪਾਅ ਨਾਲ, ਮੂੰਹ ਹੱਥ ਧੋ ਜਦੋਂ ਮੈਂ ਠਾਕੁਰਦੁਆਰੇ ਆਇਆ ਤਾਂ ਵਿਹੜੇ 'ਚ ਚੰਨਣ ਦੀ ਚੌਕੀ ਡਾਹੀ, ਸ਼ਕਤੀ ਦੇਵੀ ਉੱਪਰ ਬੈਠੀ ਸੀ।ਚੱਪ ਮਾਰੀਂ।ਅੱਖਾਂ ਮੀਚੀਆਂ ਹੋਈਆਂ।ਜਿੰਮੇਂ ਸਮਾਧੀ 'ਚ ਹੋਵੇ।ਚੌਕੀ ਹੇਠਾਂ ਸੀ ਗੜਵੀ।ਜਲ ਦੀ ਭਰੀ ਹੋਈ।ਬਨੇਰੇ 'ਤੇ ਸੂਰਜ ਦੀ ਚਿਲਕੋਰ ਪੈ ਰਹੀ ਸੀ।ਮਰੀ-ਮਰੀ।ਠਾਕੁਰਾਂ ਸਾਹਮਣੇ ਜਗਦੀ ਜੋਤ।ਮੈਨੂੰ ਅਜੀਬ ਜਿਹੀ ਹੈਰਾਨੀ ਤੇ ਪ੍ਰੇਸ਼ਾਨੀ ਮਹਿਸੂਸ ਹੋਈ ਓਦੋਂ।ਕੋਈ ਹੋਰ ਮੌਕਾ ਹੁੰਦਾ ਤਾਂ ਮੈਂ ਫਰਸ਼ ਉਤੇ, ਸ਼ਕਤੀ ਦੇਵੀ ਦੇ ਐਨ ਸਾਹਮਣੇ ਝੱਟ ਚੌਕੜੀ ਮਾਰ ਕੇ ਬੈਠ ਜਾਂਦਾ।ਦੋਮੇਂ ਹੱਥ ਜੋੜ ਕੇ।ਉਹਦੇ ਤਾਬੇ।

ਓਥੇ ਈ ਖੜ੍ਹਾ-ਖੜ੍ਹਾ ਮੈਂ ਉਡੀਕਦਾ ਰਿਹਾ।ਅੱਚਵੀ ਲੱਗੀ ਰਹੀ ਮੈਨੂੰ।ਓਨਾ ਚਿਰ।ਜਿੰਨਾ ਚਿਰ ਸ਼ਕਤੀ ਦੇਵੀ ਨੇ ਨੈਣ ਨਾ ਖੋਲ੍ਹੇ।ਆਖ਼ਰ ਖੋਲ੍ਹੀਆਂ, ਆਹਿਸਤਾ ਆਹਿਸਤਾ, ਉਹਨੇ ਅੱਖਾਂ।ਅੱਖਾਂ ਸਨ ਕੋਈ! ਨਿਰਾ ਪਟਕੇਰੂ। ਤਰਲ ਤਰਲ । ਜੀਭ ਮੇਰੀ ਤਾਲੂ ਨੂੰ ਜਾ ਲੱਗੀ। ਸ਼ਕਤੀ ਦਾ ਇਹ ਰੂਪ ਮੈਤੋਂ ਝੱਲਿਆ ਨਾ ਗਿਆ।

ਫੇਰ ਉਹ ਬੋਲੀ, 'ਆ ਗਿਆ ? ਜਾਹ, ਇਸ਼ਨਾਨ ਕਰ! ਆਰਤੀ ਦਾ ਵੇਲਾ ਹੋ ਗਿਆ।' ਆਰਤੀ ਆਰੰਭ ਕਰਦਿਆਂ ਮੇਰੀ ਥਿੜਕਦੀ, ਧੀਮੀ ਆਵਾਜ਼ 'ਚ ਉਹਦੀ ਉੱਚੀ ਨਿੱਖਰੀ ਤੇ ਟੁਣਕਮੀਂ ਆਵਾਜ਼ ਆ ਰਲੀ, ਓਮ ਜੈ ਜਗਦੀਸ਼ ਹਰੇ ... ਸੁਆਮੀ...

0 0 0

ਦੂਜੀ ਵਾਰ।





ਅਗਲੀ ਸਵੇਰ ਕਿਸੇ ਕੌਮੀ ਅਖ਼ਬਾਰ ਵਿਚ ਉਹਦੀ ਮੌਤ ਦੀ ਖ਼ਬਰ ਨਾ ਛਪੀ।ਨੇੜੇ ਦੇ ਕਸਬੇ ਵਿਚੋਂ ਛਪਦੇ 'ਚੰਗਿਆੜੀ' ਨਾਉਂ ਦੇ ਇਕ ਖੇਤਰੀ ਅਖ਼ਬਾਰ ਨੇ ਇਹ ਖ਼ਬਰ ਦਿੱਤੀ।ਬਿਸ਼ੰਭਰ ਸਿੰਘ ਗ੍ਰੰਥੀ ਨੂੰ ਮਾਰਨ ਦੀ ਜ਼ਿਮੇਂਵਾਰੀ ਅਤਿਵਾਦੀਆਂ ਦੀ ਗੁਪਤ ਸੰਸਥਾ ਨੇ ਲਈ।ਅਤਿਵਾਦੀ ਚਾਰ ਸਨ।ਚਾਰੇ ਏ. ਕੇ. 47 ਰਫ਼ਲਾਂ ਨਾਲ ਲੈਸ।ਉਹਨਾਂ 'ਚੋਂ ਦੋ ਕੇਸਧਾਰੀ ਸਨ।ਦੋ ਮੋਨੇ। ਜਾਂਦੇ ਹੋਏ ਗੁਰਮੁਖੀ ਅੱਖਰਾਂ ਵਿਚ ਲਿਖਿਆ ਇਕ ਪਰਚਾ ਉਹ ਸੁੱਟ ਗਏ।ਉਹਦਾ ਦੋਸ਼ ਇਹ ਦੱਸਿਆ ਗਿਆ ਕਿ ਉਹ ਕੁਰਹਿਤੀਆਂ ਸੀ, ਚਾਲ-ਚਲਣ ਦਾ ਮਾੜਾ ਤੇ ਪੁਲਸ ਦਾ ਮੁਖ਼ਬਰ।ਏਸੇ ਕਰਕੇ ਸੋਧਿਆ ਉਹਨੂੰ।ਹੋਰਨਾਂ ਨੂੰ ਤਾੜਨਾ ਵੀ ਕੀਤੀ ਸੀ ਕਿ ਬੰਦੇ ਬਣ ਕੇ ਰਹਿਣ। ਲਾਸ਼ ਕੋਲੋਂ ਏ. ਕੇ. 47 ਦੇ ਰੌਂਦਾਂ ਦੇ ਸੱਤ ਖੋਲ ਮਿਲੇ। ਉਹਨੂੰ ਗੁਰਦੁਆਰੇ 'ਚੋਂ ਸਵੇਰੇ-ਸਵੇਰੇ ਕੱਢ ਕੇ ਬਾਹਰਵਾਰ ਖੇਤਾਂ 'ਚ ਮਾਰਿਆ ਗਿਆ।ਗੁਰੂ ਗ੍ਰੰਥ ਸਾਹਿਬ ਦੀ ਦੇਹ 'ਤੇ ਰੁਮਾਲਾ ਨਹੀਂ ਸੀ।ਮ੍ਰਿਤਕ ਸ਼ਾਇਦ ਓਸ ਸਮੇਂ ਵਾਕ ਲੈਣ ਲੱਗਿਆ ਹੋਵੇ।

ਖ਼ਬਰ ਪੜ੍ਹਨ ਸਾਰ ਸ਼ਕਤੀ ਦੇ ਮੂੰਹੋਂ ਪਹਿਲਾ ਵਾਕ ਨਿਕਲਿਆ, 'ਠੀਕ ਹੋ ਗਿਆ।' ਫੇਰ ਖ਼ਬਰ ਆਲੀ ਕਤਰਨ ਕੱਟ ਕੇ ਉਹਨੇ ਆਪਣੇ ਬਟੂਏ 'ਚ ਪਾ ਲਈ।

0 0 0

ਤੀਜੀ ਵਾਰ ਤਾਂ ਹੱਦ ਈ ਹੋ ਗਈ।

ਪਰਸੋਂ ਦੀ ਗੱਲ ਐ ਇਹ। ਗਊ ਵਾਸਤੇ ਚਾਰਾ ਲੈਣ ਮੈਂ ਖੇਤੀਂ ਗਿਆ। ਓਥੇ ਸੁੱਚਾ ਸਿੰਘ 'ਫੱਟੜ' ਟੱਕਰ ਗਿਆ ਮੈਨੂੰ। ਦੇਖਣ ਸਾਰ ਪੈਂਦੀ ਸੱਟੇ ਬੋਲਿਆ, "ਆ ਬਈ ਸ਼ਕਤੀ ਦਿਆ ਦੁਮ ਛੱਲਿਆ!"

"ਮੂੰਹ ਸੰਭਾਲ ਕੇ ਬੋਲ। ਸ਼ਕਤੀ ਤੇਰੇ ਖਾਣ ਜਾਂਦੀ ਐ ?" ਅੱਗੋਂ ਮੈਂ ਵੀ ਟੁੱਟ ਕੇ ਪਿਆ ਉਹਨੂੰ।

"ਹੋਰ ਉਹ ਹਲ ਵਾਹੁੰਦੀ ਐ! ਨਾਲੇ ਤੂੰ!! ਦੇਖ ਓਏ ਮੰਗ ਖਾਣੀ ਜਾਤ ਕਰਦੀ ਕੀ ਐ।" ਉਹ ਭੁੜਕਿਆ। ਜਿਮੇਂ ਮੁੱਦਤ ਤੋਂ ਆਫ਼ਰਿਆ ਪਿਆ ਹੋਵੇ।

"ਤੇਰੇ ਨਾਲੋਂ ਦੂਣਾ ਕੰਮ ਕਰਦਾਂ ਮੈਂ ... ਮੁਖਤੀ ਨੀ ਖਾਂਦਾ ... ਨਾ ਤੇਰੇ ਮਾਂਗੂ ਬੇਫ਼ਜ਼ੂਲ ਤੋਤੋ ਚਲਦੀ ਐ ਮੇਰੀ... ਐਮੇਂ ਬਕੜਵਾਹ ਕਰਦਾ ਰਹਿਨੈਂ ਚੱਤੋ-ਪਹਿਰ ... ਇਹਨਾਂ ਡੌਲਿਆਂ 'ਚ ਬਥੇਰਾ ਜੋਰ ਐ ਅਜੇ... ਬਹੁਤਾ ਔਖੈਂ ਤਾਂ ਘੁਲ ਕੇ ਦੇਖ ਲੈ... ਜੇ ਬੂਥੀ ਨਾ ਗੱਡਤੀ ਧਰਤੀ 'ਚ ਫੇਰ ਕਹੀਂ..." ਮੈਂ ਇਕਦਮ ਖ਼ੜ੍ਹਾ ਹੋ ਕੇ ਆਪਣੇ ਪੱਟਾਂ 'ਤੇ ਥਾਪੀ ਦਿੰਦਿਆਂ ਉਹਨੂੰ ਵੰਗਾਰਿਆ।

ਮੇਰੀਆਂ ਤੱਤੀਆਂ ਤੱਤੀਆਂ ਸੁਣ ਕੇ ਉਹਦਾ ਹਾਸਾ ਨਿਕਲ ਗਿਆ। ਬਿੰਦ ਕੁ ਰੁਕਣ ਪਿੱਛੋਂ ਬੋਲਿਆ, "ਕੱਲੀਆਂ ਥਾਪੀਆਂ ਨਾਲ ਨੀ ਕੁਸ਼ ਹੁੰਦਾ, ਸ਼ੇਰਾ! ਜੋਰ ਨਾਲ ਅਕਲ ਦੀ ਵੀ ਲੋੜ ਹੁੰਦੀ ਐ। ਕਦੇ ਅਸੀਂ ਵੀ ਦੁਮਾਲੇ ਬੰਨ੍ਹੀਂ ਫਿਰਦੇ ਹੁੰਦੇ ਸੀ। ਕਦੇ ਫਲਾਣਾ ਮਾਰਤਾ, ਕਦੇ ਢਿਮਕਾ ਡੁੱਕਤਾ! ਬੱਸ ਐਮੇਂ ਮਾਰ ਧਾੜ ਕਰੀ ਜਾਣੀ। ਨਾ ਰਣਨੀਤੀ ਦਾ ਪਤਾ ਨਾ ਦਾਓ ਪੇਚਾਂ ਦਾ ਥਹੁ। ਅਗਲਿਆਂ ਔਹ ਮਾਰੇ ਪਟਕਾ ਕੇ, ਮੂੰਹ ਪਰਨੇ। ਬਹਿਗੇ ਹਾਰ ਕੇ, ਲੱਕ ਤੁੜਾ ਕੇ। ਸਿਸਟਮ ਬਦਲਣਾ ਸੁਖਾਲੈ ਕਿਤੇ ਕਮਲਿਆ!"

"ਸੁਣਿਐਂ , ਆਚਾਰੀਆਂ ਜੀ ਨੂੰ ਵੀ ਮਾਰਨ ਨੂੰ ਫਿਰਦੇ ਸੀ ਤੁਸੀਂ ?" ਮੈਂ ਡਰਦੇ ਝਿਜਕਦੇ ਨੇ ਗੱਲ ਤੋਰੀ।

"ਓਇ ਆਹੋ, ਸਾਡੀ ਐਕਸ਼ਨ ਪਲੈਨ 'ਚ ਤਾਂ ਉਹ ਵੀ ਸ਼ਾਮਲ ਸੀ। ਪਰ ਤੇਰੇ ਭਾਈ ਕਰਕੇ ਅੜਿੱਕਾ ਪੈ ਗਿਆ। ਅਸੀਂ ਸੋਚਿਆ ਕਿਤੇ ਉਹ ਨਾ ਫੁੰਡਿਆ ਜਾਵੇ, ਵਿਚੇ, ਭੋਲਾ ਪੰਛੀ। ਫਸ ਉਹ ਸਹੁਰਾ ਫੇਰ ਵੀ ਗਿਆ। ਸ਼ਕਤੀ ਨੇ ਕਾਰਾ ਕਰਤਾ।" ਉਹਨੇ ਦ੍ਰਿੜ੍ਹਤਾ ਨਾ ਆਖਿਆ।

ਐਮੇਂ ਕਿਉਂ ਭੰਡੀ ਕਰੀ ਜਾਨੈਂ, ਕਾਮਰੇਡਾ ! ਸ਼ਕਤੀ ਵਿਚਾਰੀ ਦਾ ਇਹਦੇ 'ਚ ਕੀ ਕਸੂਰ ਐ। ਉਹ ਤਾਂ ਦੇਵੀ ਐ।" ਮੇਰੇ ਬੋਲਾਂ 'ਚੋਂ ਸ਼ਕਤੀ ਲਈ ਆਦਰ ਪ੍ਰਤੱਖ ਝਲਕਦਾ ਸੀ।

"ਬੱਸ ਤੂੰ ਵੀ ਓਹੀ ਰਿਹਾ। ਸਿੱਧਰੇ ਦਾ ਸਿੱਧਰਾ! ਆਪਣੇ ਭਾਈ ਵਰਗਾ। ਅਸਲ 'ਚ ਕਸੂਰ ਥੋੜਾ ਨੀ। ਇਹ ਸਾਲੀ ਅੰਨ੍ਹੀ ਸ਼ਰਧਾ ਚੀਜ਼ ਈ ਐਸੀ ਐ। ਬੰਦੇ ਨੂੰ ਬਾਹਰ ਨੀ ਦੇਖਣ ਦਿੰਦੀ। ਉਹ ਇਕੋ ਥਾਂ ਘੁੰਮੀ ਜਾਂਦੈ... ਊਰੀ ਮਾਂਗੂੰ... ਬਾਹਰ ਅੰਦਰ ਦਾ ਕੀ ਭੇਤ ਹੁੰਦੈ... ਉਹ ਕੀ ਜਾਣੇ !" ਗੱਲ ਕਰਦਾ-ਕਰਦਾ ਉਹ ਸੋਚਾਂ 'ਚ ਡੁੱਬ ਗਿਆ।

"ਆਹ ਨਮੇਂ ਮੁੰਡਿਆਂ ਨੇ ਤਾਂ ਚੌਂਟੇ ਈ ਚੱਕਤੇ ?" ਮੇਰੇ ਮੂੰਹੋਂ ਸੁਤੇ ਸਿੱਧ ਨਿਕਲ ਗਿਆ। ਉਹਨੇ ਮੇਰੇ ਵੱਲ ਹੈਰਾਨੀ ਨਾਲ ਦੇਖਿਆ। ਸੋਚਦਾ, ਘੋਖਦਾ, ਉਤਸੁਕਤਾ 'ਚ ਮੂੰਹ ਟੱਡ ਕੇ ਪੁੱਛਣ ਦੀ ਮੁਦਰਾ 'ਚ ਕਹਿਣ ਲੱਗਾ,

"ਸੁਣਿਐ, ਤੇਰੀ ਲਗਦੀ ਸ਼ਕਤੀ ਨੂੰ ਵੀ ਧਮਕੀ ਆ ਗੀ। ਕੱਲ੍ਹ ਸਿੱਟਗੇ ਚਿੱਠੀ। ਅਖੇ, 'ਸਿਓਨੇ ਦਾ ਛਤਰ ਸਾਡੇ ਹਵਾਲੇ ਕਰ। ਨਾਲ ਲੱਖ ਦਮੜਾ। ਪੰਜ ਦਿਹਾੜੇ ਦੀ ਮੁਹਲਤ ਦਿੰਨੇ ਆਂ... ਜੇ ਨਾ ਦਿੱਤੇ ਤਾਂ ਪਾਰ ਬੁਲਾ ਦਿਆਂਗੇ!"

"ਮੈਨੂੰ ਨੀ ਪਤਾ।" ਦੋ ਟੁੱਕ ਗੱਲ ਕੀਤੀ ਮੈਂ। "ਹੱਦ ਹੋਗੀ ਬਈ। ਤੈਨੂੰ ਵੀ ਨੀ ਦੱਸਿਆ ਉਹਨੇ ? ਤੂੰ ਤਾਂ ਉਹਦਾ ਅਨਿਨ ਭਗਤ ਐਂ। ਪੈਰ ਧੋ ਕੇ ਚਰਨਾਮਤ ਪੀਣ ਆਲਾ ...ਹੂੰਅ! ਅਸਲ 'ਚ ਉਹ ਤੈਨੂੰ ਮਰਦ ਨੀ ਸਮਝਦੀ ? ਨਹੀਂ ਤਾਂ...।" ਉਹਦੀਆਂ ਅੱਖਾਂ 'ਚੋਂ ਸ਼ਰਾਰਤ ਟਪਕ ਰਹੀ ਸੀ।

ਮੈਂ ਸੁੰਨ ਹੋ ਗਿਆ।

ਇਸ ਤੋਂ ਅੱਗੇ ਉਹਨੇ ਕੀ ਕੀ ਕਿਹਾ , ਮੈਨੂੰ ਨੀ ਸੁਣਿਆ। ਜਦੋਂ ਸੁਣਨ ਲੱਗਾ ਤਾਂ ਸੁਣਿਆ,

"ਓਇ, ਤੂੰ ਕਿਹੜੀਆਂ ਸੱਚਾਂ 'ਚ ਪੈ ਗਿਆ! ਇਹ ਤੀਮੀ ਛੱਤੀ ਪੱਤਣਾਂ ਦੀ ਤਾਰੂ ਐ... ਕੋਈ ਨਾ ਕੋਈ ਬਣਤ ਬਣਾਲੂ ਆਪੇ। ਇਹ ਤਾਂ ਬੰਦਾ ਮਾਰ ਕੇ ਅੰਦਰੇ ਖਪਾਲੇ , ਭੋਲਿਆ। ਫੇਰ ਇਹ ਮੁੰਡੇ ਖੁੰਡੇ ਕੀ ਚੀਜ਼ ਨੇ ਇਹਦੇ ਮੂਹਰੇ। ਇਹੋ ਜਿਹੀ ਚਾਲ ਚੱਲੂ, ਸਭ ਮਾਤ ਪੈ ਜਾਣਗੇ। ਦੇਖ ਲੈ! ਇਕ ਚਲਿੱਤਰ ਖੇਲ੍ਹਿਆ ਸੀ। 'ਚਾਰੀਆਂ' ਤੇਰਾ ਔਹ ਗਿਆ! ਦੂਜੀ ਦੁਨੀਆਂ 'ਚ। ਪਿੰਡ 'ਤੇ ਪੂਰੇ ਤੀਹ ਵਰ੍ਹੇ ਰਾਜ ਕੀਤਾ ਸੀ ਉਹਨੇ ਡੰਕੇ ਦੀ ਚੋਟ ਨਾਲ। ਵਿਚੇ ਰਹਿਗੀਆਂ ਨਾ ਧਰੀਆਂ ਧਰਾਈਆਂ ਸਿਆਣਪਾਂ। ਅਦਾਲਤਾਂ। ਭਾਈ ਤੇਰਾ ਊਈਂ ਦਰੜਿਆ ਗਿਆ। ਨਾ ਲਾਗਾ, ਨਾ ਦੇਗਾ। ਹੋਗੀ ਉਮਰ ਕੈਦ ਅੱਭਰ ਦੀ।"

"ਐਮੇਂ ਮਾਰੀ ਜਾਂਦੈ, ਅੱਲ ਦੀਆਂ ਪਟੱਲ! ਕੀ ਸਬੂਤ ਐ ਤੇਰੇ ਕੋਲ ?" ਮੈਨੂੰ ਲੱਗਿਆ ਇਹ ਬੰਦਾ ਮੈਨੂੰ ਸ਼ਕਤੀ ਦੇ ਵਿਰੁੱਧ ਉਕਸਾ ਰਿਹੈ।

"ਜੇ ਸਬੂਤ ਐ ਤਾਂਹੀਓ ਕਹਿਨਾਂ। ਹੋਰ ਬੋਲਣ ਨੂੰ ਮੇਰਾ ਦਮਾਗ਼ ਭੰਮਿਆ ਹੋਇਐ।" ਉਹਨੇ ਦਾਈਏ ਨਾਲ ਕਿਹਾ।

"ਫੇਰ ਦਸਦਾ ਕਿਉਂ ਨੀ ? ਦੇਹ ਸਬੂਤ!" ਨਿਰਨੇ 'ਤੇ ਤਾਂ ਮੈਂ ਵੀ ਪੁੱਜਣਾ ਚਾਹੁੰਦਾ ਸੀ।

"ਲੈ ਸੁਣ ਫੇਰ! ਕਤਲ ਹੋਣ ਤੋਂ ਇਕ ਦਿਨ ਪਹਿਲਾਂ ਮੈਂ ਤੇਰੇ ਭਾਈ ਨੂੰ ਮਿਲਿਆ ਸੀ। ਗੁਰਦੁਆਰੇ 'ਚ ਕੁਦਰਤੀ ਹੋਰ ਬੰਦਾ ਕੋਈ ਨਹੀਂ ਸੀ ਓਥੇ ਮੌਕਾ ਤਕਾ ਕੇ ਮੈਂ ਇਹੀ ਗੱਲ ਤੋਰੀ। ਲਓ ਜੀ, ਉਹ ਤਾਂ ਪੈਰਾਂ 'ਤੇ ਪਾਣੀ ਪੈਣ ਨਾ ਦੇਵੇ। ਅਖੇ ਛੱਡੋ ਜੀ! ਹੋਗੀ ਹਵਾਗੀ। ਫੇਰ ਮੈਂ ਇਕ ਚਾਲ ਚੱਲੀ। ਬੱਸ ਫੇਰ ਕੀ ਸੀ! ਸਿੱਧਾ ਤੀਰ ਨਿਸ਼ਾਨੇ 'ਤੇ !... ਮੈਂ ਆਖਿਆ, 'ਦੇਖ ਸਿੱਖਾ! ਤੂੰ ਅੰਮ੍ਰਿਤਧਾਰੀ ਐਂ। ਬਾਬੇ ਦੇ ਤਾਬੇ ਬੈਠੈਂ। ਸੱਚ ਸੱਚ ਦੱਸਦੇ। ਨਹੀਂ ਤਾਂ ਪਾਪਾਂ ਦਾ ਭਾਗੀ ਹੋਮੇਂਗਾ।"

"ਫੇਰ ਦੱਸਤਾ ?" ਮੇਰੀ ਉਤਸੁਰਤਾ ਜਾਗੀ।

"ਦਸਦਾ ਕਿਮੇਂ ਨਾ ? ਗੁਰੂ ਗ੍ਰੰਥ ਸਾਹਬ ਦੀ ਹਜ਼ੂਰੀ 'ਚ ਬੈਠਾ ਸੀ। ਪਹਿਲਾਂ ਕੁਝ ਝਿਜਕਿਆ ਜ਼ਰੂਰ ਜਿਮੇਂ ਸ਼ਕਤੀ 'ਕੱਠੀ ਕਰ ਰਿਹਾ ਹੋਵੇ। ਸੋਚਦਾ ਰਿਹਾ। ਸੋਚਦਾ ਰਿਹਾ। ਫੇਰ ਗੁਰੂ ਗ੍ਰੰਥ ਸਾਹਬ ਵੱਲ ਬਾਂਹ ਖੜ੍ਹੀ





ਕਰਕੇ ਕਹਿਣ ਲੱਗਾ, ਮੈਨੂੰ ਗੁਰੂ ਆਲੀ ਆਣ ਐਂ। ਜੇ ਝੂਠ ਬੋਲਾਂ ਤਾਂ! ਮਾਰਿਆ ਤਾਂ ਉਹਨੂੰ ਸ਼ਕਤੀ ਦੇਵੀ ਨੇ ਈ ਸੀ। ਖ਼ੂਨ ਮੈਂ ਆਪਣੇ ਸਿਰ ਲੈ ਲਿਆ। ਇਹ ਨਿਰਨਾ ਮੈਂ ਸੋਚ ਸਮਝ ਕੇ ਕੀਤਾ। ਬਈ ਤੀਮੀ ਮਾਨੀ ਐਂ, ਕਿੱਥੇ ਜੇਲ੍ਹਾਂ 'ਚ ਖ਼ੱਜਲ ਖ਼ੁਆਰ ਹੁੰਦੀ ਫਿਰੂ।" ਇਹ ਸੁਣ ਕੇ ਮੇਰੇ ਤਨ ਬਦਨ ਨੂੰ ਅੱਗ ਲੱਗ ਗਈ। ਭੰਬੂਕੇ ਵਾਂਗ ਉੱਠ ਖੜ੍ਹਾ ਹੋਇਆ ਮੈਂ। ਫੱਟੜ ਤਾੜਨਾ ਬੋਲਿਆ, "ਪੂਰੀ ਸੋਘਮੀਂ ਨਾਲ ਰਹੀਂ। ਚਤੰਨ ਹੋ ਕੇ। ਸ਼ਕਤੀ ਕਿਸੇ ਦੀ ਮਿੱਤ ਨੀ।"

ਚਾਰੇ ਦੀ ਭਰੀ ਚੱਕ, ਮੈਂ ਪਿੰਡ ਨੂੰ ਤੁਰ ਪਿਆ। ਤੱਤੇ ਤੱਤੇ ਪੈਰੀਂ। ਰਾਹ 'ਚ ਤੁਰੇ ਆਉਂਦੇ ਦਾ ਮੇਰਾ ਜੀਅ ਕਰਦਾ ਸੀ ਕਿ ਠਾਕੁਰਦੁਆਰੇ ਦੀ ਇੱਟ ਨਾਲ ਇੱਟ ਖੜਕਾ ਦਿਆਂ। ਓਸ ਵੇਲੇ ਜਿਹੜਾ ਵੀ ਸਾਹਮਣੇ ਅੜੇ, ਉਹਦੇ ਤੂਸੜੇ ਉੜਾ ਦਿਆਂ।

ਮੇਰੇ ਸਿਰ 'ਤੇ ਖ਼ੂਨ ਸਵਾਰ ਸੀ।

ਠਾਕੁਰਦੁਆਰੇ ਦੇ ਦਲਾਨ 'ਚ ਮੈਂ ਭਰੀ ਸਿੱਟੀ। ਵਿਹੜੇ 'ਚ ਆਇਆ। ਉੱਪਰ ਕਰਕੇ, ਕੰਧ 'ਚ ਬਣੇ ਆਲੇ 'ਚ ਬੈਠਾ ਸੀ ਉਹ। ਕਬੂਤਰ। ਊਂਘ ਰਿਹਾ। ਸਿਰ ਸੁੱਟ ਕੇ। ਮੇਰੇ ਪੈਰਾਂ ਦਾ ਖੜਕਾ ਸੁਣ ਕੇ ਉਹ ਤ੍ਰਭਕਿਆ। ਸਿਰ ਚੁੱਕਿਆ। ਪਿਲਪਿਲੀ ਗਰਦਨ ਦਾ ਮੂਹਰਲਾ ਭਾਗ ਅੰਦਰ ਨੂੰ ਦਬ ਕੇ ਬਾਹਰ ਆ ਰਿਹਾ ਸੀ। ਸਾਹ ਲੈ ਰਿਹਾ। ਸਹਿਜ। ਪੂਰੀ ਟੇਕ 'ਚ। ਅਣਭੋਲ।

ਮੇਰਾ ਗ਼ੁੱਸਾ ਉਬਲਿਆ। ਆਲੇ ਦੁਆਲੇ ਦੇਖਿਆ ਮੈਂ। ਮੇਰੇ ਐਨ੍ਹ ਕੋਲ, ਚੁਗਾਠ ਨਾਲ ਲਗਦਾ ਇਕ ਹੋਰ ਆਲਾ ਸੀ। ਬੜਾ ਸਾਰਾ। ਵਿਚ ਪਈ ਸੀ ਗੁਲੇਲੇ। ਕੋਲ ਗੁਲੇਲ ਬੰਟਿਆਂ ਵਰਗੇ ਪੀਡੇ, ਪੱਕੇ। ਤੁਰੰਤ ਗੁਲੇਲ ਚੱਕ ਮੈਂ ਨਿਸ਼ਾਨਾ ਸਿੱਨ੍ਹਿਆ। ਛੱਡਿਆ। ਗੁਲੇਲਾ ਸਿੱਧਾ ਜਾ ਕੇ ਉਹਦੇ ਪੇਟ 'ਚ ਵੱਜਿਆ। ਫੁੜਕ ਕੇ ਔਹ ਦਾ ਪਿਆ, ਸਾਲਾ!

ਨਿੱਤ "ਗੁਟਕੂੰ! ਗੁਟਕੂੰ!!" ਕਰੀ ਜਾਂਦਾ ਸੀ।

ਬਿੰਦ ਕੁ ਭਰ ਮੈਂ ਸੁੰਨ ਹੋਇਆ। ਫੇਰ ਆਪਣੇ ਆਪ 'ਚ ਆ ਕੇ ਸਾਹਮਣੇ ਝਾਕਿਆ। ਸ਼ਕਤੀ ਦੇਵੀ ਵਰਾਂਡੇ 'ਚ ਖੜ੍ਹੀ ਇਹ ਸਭ ਕੁਝ ਦੇਖ ਰਹੀ ਸੀ। ਕਬੂਤਰ ਤੜਫਦਾ-ਤੜਫਦਾ ਠੰਡਾ ਹੋ ਗਿਆ। ਫੇਰ ਉਹ ਮੇਰੀਆਂ ਅੱਖਾਂ 'ਚ ਝਾਕੀ। ਸਿੱਧੀ। ਉਹਦੀਆਂ ਅੱਖਾਂ ਦੇ ਡੋਰੇ ਲਾਲ ਹੋ ਗਏ। ਪਟਕੇਰੂ! ਮੈਨੂੰ ਲੱਗਿਆ ਕਿ ਜੇ ਉਹ ਏਸ ਰੂਪ 'ਚ, ਇਉਂ ਹੀ ਮੇਰੇ ਵੱਲ ਦੇਖਦੀ ਰਹੀ, ਮੈਂ ਤਾਂ ਭਸਮ ਹੋ ਜੂੰਗਾ। ਪਰ ਉਹ ਇਕ ਅਵੇਸਲੇ ਅਹਿਸਾਸ ਵਸ ਸੁਚੇਤ ਹੋਈ। ਤੁਰਤ ਆਪਣੇ ਘੁੱਗੀਆਂ ਵਰਗੇ ਹੱਥ, ਉੱਪਰ ਲਈ ਕੇਸਰੀ ਸ਼ਾਲ ਦੀ ਬੁੱਕਲ 'ਚ ਲਕੋਏ ਤੇ ਦੌੜ ਕੇ ਅੰਦਰ ਪਲੰਘ ਉਤੇ ਜਾ ਡਿੱਗੀ। ਕਮਰੇ 'ਚੋਂ ਉਹਦੇ ਹੁਬਕੀਏਂ ਰੋਣ ਦੀ ਆਵਾਜ਼ ਮੈਨੂੰ ਸੁਣਾਈ ਦੇ ਰਹੀ ਸੀ।

0 0 0

ਸਿਰ ਉਤੇ ਹਥੇਲੀਆਂ ਦੀ ਥਪਕੀ ਜ਼ੋਰ-ਜ਼ੋਰ ਦੀ ਵੱਜੀ। ਮੈਂ ਸੁਚੇਤ ਹੋਇਆ। ਸਿਰ ਪਿੱਛੇ ਨੂੰ ਸਿੱਟ ਕੇ ਉਹਦੇ ਪੱਟਾਂ ਉਤੋਂ ਦੀ ਮੈਂ ਉਹਦੀਆਂ ਅੱਖਾਂ 'ਚ ਦੇਖਣ ਲੱਗਾ। ਉਹ ਕਣਿਆਈ। ਰੁਕੀ। ਫੇਰ ਬੋਲੀ, "ਦੁਖ ਲਗਦੈ ?" "ਨਹੀਂ" ਕਹਿ ਮੈਂ ਸੂਤ ਹੋ ਕੇ ਬੈਠ ਗਿਆ। ਸੰਭਲ ਕੇ। ਸਿਰ 'ਤੇ ਫੇਰ ਥਪਕੀਆਂ ਪੈਣ ਲੱਗੀਆਂ। ਪੂਰੇ ਤਾਲ 'ਚ ਮੇਰੀਆਂ ਅੱਖਾਂ 'ਚ ਹੰਝੂ ਆ ਗਏ। ਹੰਝੂਆਂ ਵਿਚੋਂ ਦੀ ਨਜ਼ਰਾਂ ਜਦੋਂ ਸ਼ੀਸ਼ੇ ਉਤੇ ਪਈਆਂ ਤਾਂ ਸਾਹਮਣੇ ਧੁੰਦਲਾ ਜਿਹਾ ਅਕਸ ਆਪਣੇ ਪੂਰੇ ਜੋਬਨ 'ਚ ਸੀ। ਮੈਨੂੰ ਅੱਲਾ ਰੱਖਾ ਯਾਦ ਆ ਗਿਆ। ਤਬਲਾਵਾਦਕ। ਫੇਰ ਪਿਆ ਤਬਲੇ ਉਤੇ ਪੂਰੇ ਜ਼ੋਰ ਨਾਲ ਹੱਥ।

ਮੇਰੇ ਅੰਦਰ ਮ੍ਰਿਦੰਗ ਵੱਜਣ ਲੱਗਾ।

ਬਾਹਰ ਛੱਤ ਉਤੇ, ਛੜਾਕੇ ਦਾ ਮੀਂਹ ਪੈਣ ਲੱਗ ਪਿਆ। ਮੈਨੂੰ ਅੱਚਵੀ ਲੱਗ ਗਈ। ਮਨ ਕਾਹਲਾ

ਪਵੇ। ਪਤਾ ਨਹੀਂ ਕਿਉਂ ਹੌਲ ਜਿਹਾ ਉਠਿਆ ਅੰਦਰ ਕਿ ਉੱਠ ਖੜ੍ਹਾ ਹੋਮਾਂ। ਕਪੜੇ ਲਾਹ ਵਗਾਹ ਮਾਰਾਂ। ਮੀਂਹ 'ਚ ਨਹਾਮਾਂ, ਨਹਾਮਾਂ। ਨਹਾਈ ਜਾਮਾਂ। ਜਿੰਨਾ ਚਿਰ ਤਨ ਮਨ ਗੱਚ ਨਾ ਹੋ ਜਾਣ।

ਵਾਲਾਂ 'ਚ ਉਂਗਲਾਂ ਫਿਰਨ ਲੱਗੀਆਂ। ਅਲਸਾਈਆਂ ਅਲਸਾਈਆਂ।

"ਸ਼ਕਤੀ ਦੇਵੀ ?"

"ਹੂੰ..."

"ਤੈਨੂੰ ਡਰ ਨੀ ਲਗਦਾ ?"

"ਅੰਦਰ ਬੈਠਿਆਂ ਨੂੰ ਡਰ ਕਾਹਦਾ !"

"ਐਸ ਵੇਲੇ, ਜੇ ਕੋਈ ਤੈਨੂੰ ਮਾਰ ਦੇਵੇ ?"

"ਤੈਨੂੰ ਕੀ ? ਕੋਈ ਹੋਰ ਸ਼ਕਤੀ ਆ ਜੂਗੀ ?"

"ਸੁੱਚਾ ਸਿਹੁੰ ਕਹਿੰਦਾ ਸੀ...।"

"ਕਿਹੜਾ ਸੁੱਚਾ ਸਿਹੁੰ...?"

"ਓਹੀ, ਫੱਟੜ !"...।

"ਉਹਦਾ ਨਾਉਂ ਨਾ ਲਈਂ ਮੁੜ ਕੇ ! ਨਾਸਤਕ ਦਾ !! ਸੁਨਿਆ ?" ਗਰਜੀ ਸ਼ਕਤੀ ਦੇਵੀ। ਮੈਂ ਸ਼ੀਸ਼ੇ 'ਚ ਦੇਖਿਆ। ਮੂੰਹ ਉਹਦਾ ਘਰੂਟ ਵਰਗਾ ਹੋਇਆ ਪਿਆ ਸੀ। ਮੱਥੇ ਉਤੇ ਤਿਊੜੀ। ਭਾਵਾਂ ਤਣੀਆਂ ਹੋਈਆਂ। ਮੈਂ ਚੁੱਪ ਹੋ ਗਿਆ।

"ਕਿਸ਼ਨ ! ਕਿਸ਼ਨ !!"

ਮੈਂ ਫੇਰ ਵੀ ਨਾ ਬੋਲਿਆ।

"ਗੁੱਸੇ ਹੋ ਗਿਆ ?"

ਮੈਂ ਚੁੱਪ।

"ਚੰਗਾ ਐਂ ਦੱਸ, ਤੂੰ ਕਬੂਤਰ ਕਿਉਂ ਮਾਰਿਆ ?"

"ਕ੍ਰੋਧ ਸੀ ਮੈਨੂੰ ਚੜ੍ਹਿਆ ਹੋਇਆ !"

"ਹਾਇ, ਮੈਂ ਮਰਜ਼ਾਂ ! ਕੀਹਦੇ 'ਤੇ ਆ ਗਿਆ ਸੀ ਕ੍ਰੋਧ ਤੈਨੂੰ ?"

"ਤੇਰੇ 'ਤੇ।"

"ਮੇਰੇ ਤੇ ! ਕਿਹੜੀ ਗੱਲੋਂ ?"

"ਮੇਰਾ ਭਾਈ... ।" ਗੱਚ ਭਰ ਆਇਆ ਮੇਰਾ। ਬੈਠਾ ਬੈਠਾ ਹਰਖ 'ਚ ਕੰਬਣ ਲੱਗ ਪਿਆ ਮੈਂ।

"ਔਂਛਿਆ ! ਇਹ ਗੱਲ ਐ !! ਕਮਲਿਆਂ ਲੜਾਈ ਤਾਂ ਆਪਣੀ ਸੀ। ਦੋ ਧਿਰਾਂ ਦੀ। ਇਹ ਵਿਚ ਵਿਚਾਲੇ ਬਦੋਸਾ ਕਬੂਤਰ ਕਿਉਂ ਮਾਰ ਤਾ ਤੂੰ !" ਉਹਨੇ ਮੈਨੂੰ ਝੰਜੋੜਿਆ। "ਬੱਸ, ਮਾਰਤਾ !" ਮੈਂ ਆਕੜ ਕੇ ਬੋਲਿਆ।

ਉਹ ਪਲੰਘ ਤੋਂ ਉੱਠੀ। ਮੈਨੂੰ ਬਾਹਾਂ ਤੋਂ ਫੜ ਆਪਣੇ ਬਰਾਬਰ ਖੜ੍ਹਾ ਕਰ ਲਿਆ। ਇਕ ਪਲ ਮੇਰੀਆਂ ਅੱਖਾਂ 'ਚ ਦੇਖਿਆ। ਫੇਰ ਵੇਗ 'ਚ ਆ, ਪਾਗਲਾਂ ਵਾਂਗ ਮੈਨੂੰ ਵਾਹੋਦਾਹੀ ਚੁੰਮਣ ਲੱਗ ਪਈ ਤੇ ਆਪਣੀਆਂ ਬਾਹਾਂ 'ਚ ਘੁੱਟ ਭੁੱਬੀਂ ਰੋਂਦੀ ਬੋਲੀ, "ਕਿਸ਼ਨ, ਹੁਣ ਤੂੰ ਜੁਆਨ ਹੋ ਗਿਆ।"





## ਕਬੂਤਰ ਕਹਾਣੀ ਦੀ ਕਹਾਣੀ / ਮੋਹਨ ਭੰਡਾਰੀ

'ਕਬੂਤਰ' ਕਹਾਣੀ ਦਾ ਪਿਛੋਕੜ ਬੜਾ ਦਿਲਚਸਪ ਅਤੇ ਲੰਬਾ ਚੌੜਾ ਹੈ। ਪੂਰੇ ਵਿਸਥਾਰ ਸਹਿਤ ਵੇਰਵੇ ਦਿਆਂ ਤਾਂ ਇੱਕ ਵੱਡ-ਆਕਾਰੀ ਨਾਵਲ ਬਣ ਸਕਦਾ ਹੈ। ਪਰ ਏਥੇ ਸੰਖੇਪ 'ਚ ਤੱਥਾਤਮਕ ਗੱਲਾਂ ਦੱਸਣੀਆਂ ਯੋਗ ਹੋਣਗੀਆਂ। ਅਤਿ ਲੋੜੀਦੇ ਵੇਰਵਿਆਂ 'ਚੋਂ ਕਹਾਣੀ ਦੇ ਆਰ-ਪਾਰ ਦਾ ਤੱਤ ਸਾਰ ਪਾਠਕਾਂ ਦੇ ਸਾਹਮਣੇ ਆ ਜਾਏਗਾ।

ਕਈ ਵਰ੍ਹੇ, ਸ਼ਿਵਾਲੇ ਜਲ ਚੜ੍ਹਾਉਣ ਤੇ ਕਥਾ ਸੁਣਨ ਆਉਂਦੀਆਂ ਭਗਤਣੀਆਂ ਤੋਂ ਸੀਧਾ ਫੜਕੇ ਅੰਦਰ ਪਏ ਭਾਂਡਿਆਂ 'ਚ ਪਾਉਂਦਿਆਂ , ਬੀਤ ਗਏ। ਇਕ ਦਿਨ ਬਾਹਮਣਾਂ ਦੇ ਮੁੰਡੇ ਵਿਸ਼ੇਸ਼ਰਾ ਨੇ ਅਕੇਵਾਂ ਮਹਿਸੂਸ ਕਰਦਿਆਂ ਮੈਨੂੰ ਕਿਹਾ, ' ਕੱਲ੍ਹ ਤੋਂ ਆਪਾਂ ਠਾਕੁਰ ਦੁਆਰੇ ਜਾਇਆ ਕਰਾਂਗੇ। ਸ਼ਿਵਾਲੇ ਦੀ ਹੁਣ ਬਦਨਾਮੀ ਹੋਗੀ। ਟੌਂਡੇ ਸਾਧ ਨੇ ਮਿੱਟੀ ਪੱਟਕੇ ਰੱਖਤੀ... ਕੌਣ ਆਊ ਏਥੇ ? ਆਪਾਂ ਤਾਂ ਸੀਧਾ ਈ ਫੜਨੈਂ। ਏਥੇ ਨੀ ਤਾਂ ਓਥੇ ਸਹੀ।' ਮੰਦਰ ਦਾ ਮਹੰਤ, ਜਿਸਦੀ ਅਸੀਂ ਦਿਲੋਂ ਇੱਜ਼ਤ ਕਰਦੇ ਸਾਂ, ਹੁਣ ਟੌਂਡਾ ਸਾਧ ਬਣ ਗਿਆ ਸੀ। ਉਹ ਰਾਤ ਨੂੰ ਇਕ ਤੀਮੀ ਕੱਢ ਕੇ ਲੈ ਗਿਆ। ਪਿੰਡ ਵਿਚ ਉਹਦੀ ਇਸ ਕਰਤੂਤ ਦੀ ਬੜੀ ਚਰਚਾ ਹੋ ਰਹੀ ਸੀ।

ਠਾਕੁਰ ਦੁਆਰੇ ਦਾ ਵਾਤਾਵਰਣ ਸ਼ਿਵਾਲੇ ਅਲੋਂ ਵੱਖਰਾ ਸੀ। ਪਹਿਲਾਂ ਡਿਉਢੀ ਲੰਘਣੀ ਪੈਂਦੀ ਸੀ। ਅੰਦਰ ਲੰਬਾ ਚੌੜਾ ਦਾਲਾਨ। ਚੁਪਾਸੇ ਕਮਰਿਆਂ ਦੀਆਂ ਕਤਾਰਾਂ। ਇਕ ਵਰਾਂਡੇ ਵਿਚ ਚਿੱਟੀ ਚਾਦਰ ਵਿਛੀ ਹੁੰਦੀ, ਜਿਸ 'ਤੇ ਚਾਰ ਪੰਜ ਗਾਓ ਤਕੀਏ ਪਏ ਹੁੰਦੇ। ਦੂਜੇ ਵਰਾਂਡੇ ਵਿਚ ਨ੍ਹਾਤੇ ਧੋਤੇ ਠਾਕੁਰਾਂ ਦੀ ਟੌਹਰ, ਸ਼ਾਨ ਅਤੇ ਮੌਜ ਦੇਖਣ ਵਾਲੀ ਸੀ। ਉਹ ਝੂਲੇ ਵਿਚ ਪਏ ਹੁੰਦੇ। ਹੇਠਾਂ ਗੱਦੀਆਂ ਉਤੇ ਰੇਸ਼ਮੀ ਰੁਮਾਲਾਂ। ਉਪਰ ਸਿਓਨੇ ਦਾ ਛਤਰ। ਚੁਪਾਸੇ ਧੂਫ਼ ਨਾਲ ਮਹਿਕਿਆ ਵਾਤਾਵਰਣ। ਝੂਲਾ ਝੁਲਾਓ ਤਾਂ ਨਿੱਕੀਆਂ-ਨਿੱਕੀਆਂ ਘੰਟੀਆਂ ਵੱਜਣ ਲੱਗ ਪੈਂਦੀਆਂ। ਲਾਗੇ ਹੀ ਕੰਧ ਵਿਚ ਬਣੇ ਆਲੇ ਅੰਦਰ ਬੰਸਰੀ ਵਜਾਉਂਦੇ ਕ੍ਰਿਸ਼ਨ ਜੀ ਮਹਾਰਾਜ ਦੀ ਵੱਡੀ ਮੂਰਤੀ।

ਅੰਦਰੋਂ ਕ੍ਰਿਸ਼ਨ ! ਕ੍ਰਿਸ਼ਨ !! ਜਪਣ ਦੀ ਟੁਣਕਵੀਂ ਆਵਾਜ਼ ਸੁਣਾਈ ਦਿੰਦੀ ਤਾਂ ਆਉਣ ਵਾਲੇ ਸੱਜਣ ਨੂੰ ਸੁਖਾਵਾਂ ਅਹਿਸਾਸ ਤੇ ਧਰਵਾਸ ਹੁੰਦਾ ਕਿ ਉਹਦੇ ਪਿੜ ਪੱਲੇ ਕਝ ਨਾ ਕੁਝ ਜ਼ਰੂਰ ਪੈ ਜਾਏਗਾ। ਆਚਾਰੀਆ ਦੇ ਜੋਤਸ਼ੀ ਹੋਣ ਕਰਕੇ ਉਹਦੀ ਚੌਂਸਲੇ ਵਿਚ ਫ਼ੈਲੀ-ਪਸਰੀ ਸ਼ੋਭਾ ਦਾ ਕੋਈ ਅੰਤ ਨਹੀਂ ਸੀ।

ਵਜ਼ੀਰਾਂ, ਅਮੀਰਾਂ ਵੱਡੇ-ਵੱਡੇ ਅਹਿਲਕਾਰਾਂ ਅਤੇ ਸਿਆਸਤਦਾਨਾਂ ਦਾ ਉਹਦੇ ਕੋਲ ਆਉਣ ਜਾਣ ਬਣਿਆਂ ਰਹਿੰਦਾ ਸੀ। ਆਉਣ ਵਾਲਿਆਂ ਦੇ ਨਛੱਤਰਾਂ ਦੀ ਗ੍ਰਹਿ-ਚਾਲ ਘੋਖ ਕੇ ਉਹ ਉਨ੍ਹਾਂ ਦੇ ਭਵਿੱਖ ਬਾਰੇ ਦਸਦੇ ਸਨ। ਪੁੱਛਾਂ ਦਾ ਉੱਤਰ ਦਿੰਦੇ ਸਨ। ਸੰਕਟ ਦੀਆਂ ਘੜੀਆਂ ਸਫਲਤਾ ਨਾਲ ਪਾਰ ਕਰ ਜਾਣ ਲਈ ਉਪਾਇ ਦਸਦੇ ਸਨ। ਧੰਨਵਾਨ ਤੇ ਤਕੜੀ ਸਾਮੀ ਹੋਵੇ ਤਾਂ ਵਿਘਨਕਾਰੀ ਨਛੱਤਰਾਂ ਤੋਂ ਬਚਕੇ ਨਿਕਲਣ ਲਈ ਹਵਨ ਤੇ ਕਈ ਕਈ ਦਿਨਾਂ ਦਾ ਪਾਠ ਵੀ ਉਹ ਆਪ ਹੀ ਕਰ ਦਿੰਦੇ ਸਨ। ਜਨਮ ਪੱਤਰੀਆਂ ਅਤੇ ਟੇਵੇ ਵੀ ਬਣਾ ਦਿੰਦੇ। ਇਸ ਕੰਮ ਲਈ ਉਨ੍ਹਾਂ ਨੂੰ ਚੰਗਾ ਚੋਖਾ ਧਨ ਪ੍ਰਾਪਤ ਹੋ ਜਾਂਦਾ। ਕਈ ਧੰਨਵਾਨ ਲੋਕ ਕਦੇ ਕਦੇ ਸਿਓਨੇ ਦਾ ਛਤਰ ਵੀ ਭੇਟ ਕਰ ਜਾਂਦੇ। ਇਉਂ ਇਸ ਦਰਮਿਆਨੇ ਕੱਦ ਦੇ ਤੇਜ਼

ਗਤੀ ਨਾਲ ਤੁਰਨ ਵਾਲੇ, ਫ਼ੁਰਤੀਲੇ ਅਤੇ ਗੜ੍ਹਕਵੀਂ ਆਵਾਜ਼ ਵਾਲੇ ਆਚਾਰੀਆ ਦਾ ਗੁਣ-ਗਾਣ ਹੁੰਦਾ ਦੇਖਕੇ ਮੈਂ ਹੈਰਾਨ ਹੁੰਦਾ ਕਿ ਇਸ ਦੀ ਓਨੀ ਮਹਿਮਾ ਪਿਡ ਵਾਲੇ ਕਿਉਂ ਨਹੀਂ ਕਰਦੇ। ਨਾਉਂ ਤਾਂ ਉਹਦਾ ਬਿਸ਼ਨ ਦਾਸ ਹੈ ਪਰ ਪਿੰਡ ਦੇ ਲੋਕ 'ਭੇੜੂ' ਕਿਉਂ ਕਹਿੰਦੇ ਨੇ। ਆਪਣੇ ਆਪ ਨੂੰ ਮਾੜਾ ਜੱਟ ਕਹਾਉਣ ਵਾਲੇ ਬੰਦੇ ਉਸਤੋਂ ਭੈਅ ਕਿਉਂ ਖਾਂਦੇ ਨੇ। ਗੋਖ਼ੁਰ ਲੰਬਾ ਬੋਦਾ, ਗਲ 'ਚ ਜਨੇਊ, ਪੰਜ ਗਜ਼ੀ ਮਲਮਲ ਦੀ ਚਿੱਟੀ ਧੋਤੀ, ਕੰਨਾਂ ਵਿਚ ਮੁੰਦਾਂ ਤੇ ਹੱਥ ਵਿਚ ਸਿਓਨੇ ਦੀ ਮੁੱਠ ਵਾਲੀ ਖੂੰਡੀ ਲਈ ਉਹ ਪਿੰਡ ਵਿਚ ਸ੍ਹਾਨ ਵਾਂਗ ਤੁਰਿਆ ਫਿਰਦਾ। ਕਈ ਵਾਰੀ ਇਉ ਐ ਲਗਦਾ ਸੀ ਕਿ ਹੱਥ 'ਚ ਫੜੀ ਖੂੰਡੀ ਉਹਦੇ ਮੱਥੇ 'ਤੇ ਕੱਢੇ ਟਿੱਕੇ ਚੰਨਣ ਦੇ ਤ੍ਰਿਸ਼ੂਲ ... ਦਾ ਰੂਪ ਧਾਰ ਲਵੇਗੀ। ਉਹ ਪਰਲੇ ਦਰਜੇ ਦਾ ਅਕੜਖਾਨ, ਘੁਮੰਡੀ ਅਤੇ ਲੜਾਕਾ ਬੰਦਾ ਸੀ। ਪਿੰਡ ਵਿਚ ਸਭ ਤੋਂ ਪਹਿਲਾਂ ਰੇਡੀਓ ਉਹ ਲੈ ਕੇ ਆਇਆ। ਸਵੇਰ ਵੇਲੇ ਪੱਕੇ ਰਾਗ ਪੂਰੀ ਨਿਸ਼ਠਾ ਨਾਲ ਸੁਣਦਾ। ਸੁੱਕੇ ਮੇਵੇ ਦਾ ਥਾਲ ਉਹਦੇ ਅੱਗੇ ਪਿਆ ਹੁੰਦਾ। ਪੱਕੇ ਰਾਗ ਗਾਉਣ ਵਾਲੇ ਜਗਮੋਹਨ ਦਾ ਪਹਿਲੀ ਵਾਰ ਨਾਉਂ ਮੈਂ ਉਹਦੇ ਰੇਡੀਓ ਉਤੇ ਸੁਣਿਆਂ। ਉਹੋ ਮੈਨੂੰ ਆਪਾ ਵਿਰੋਧੀ ਰੁਚੀਆਂ ਦੀ ਸਾਕਾਰ ਮੂਰਤ ਲੱਗਿਆ। ਪਿੱਠ ਪਿੱਛੇ ਕਈ ਲੋਕ ਉਹਨੂੰ ਗਾਲ੍ਹਾਂ ਕੱਢਦੇ ਪਰ ਉਹਦੇ ਮੂਹਰੇ ਆਉਣ ਤੋਂ ਝਕਦੇ ਸਨ। ਅਚਾਨਕ ਟੱਕਰ ਜਾਂਦਾ ਤਾਂ ਨਿਉਂ ਕੇ ਨਮਸ਼ਕਾਰ ਉਹ ਜ਼ਰੂਰ ਕਰਦੇ। ਠਾਕੁਰ ਦੁਆਰੇ ਦੇ ਨਾਉਂ 'ਤੇ ਜ਼ਮੀਨ ਵੀ ਬਹੁਤ ਲੱਗੀ ਹੋਈ ਸੀ। ਜ਼ਮੀਨਾਂ ਵਾਹੁਣ ਬੀਜਣ ਵਾਲੇ ਇਸ ਤਾਕ ਵਿਚ ਰਹਿੰਦੇ ਸਨ ਕਿ ਗੁਪਤ ਢੰਗ ਨਾਲ ਉਹਨੂੰ ਪਾਰ ਬੁਲਾਈਏ ਤੇ ਜ਼ਮੀਨਾਂ 'ਤੇ ਕਬਜ਼ਾ ਕਰੀਏ।

ਠਾਕੁਰ ਦੁਆਰੇ ਨਾਲ ਕੁਝ ਰਹੱਸ ਵੀ ਜੁੜੇ ਹੋਏ ਸਨ।

ਇਕ ਤਾਂ ਇਹ ਕਿ ਉਸ ਅੰਦਰ ਸਿਓਨੇ ਦੀਆਂ ਮੋਹਰਾਂ ਨਾਲ ਭਰੀਆਂ ਹੋਈਆਂ ਗਾਗਰਾਂ ਨੇ। ਦਸ ਇੱਟਾਂ ਸਿਓਨੇ ਦੀਆਂ ਅਤੇ ਕਈ ਛਤਰ। ਹੋਰ ਗਹਿਣੇ ਜ਼ੇਵਰਾਂ ਦੇ ਅੰਬਾਰ।

ਦੂਜੀ ਇਕ ਕੋਠੜੀ ਹੈ ਜੋ ਅਕਸਰ ਬੰਦ ਰਹਿੰਦੀ ਹੈ। ਰਾਤ ਨੂੰ ਅੰਦਰ ਜੋਤ ਜਗਦੀ ਰਹਿੰਦੀ ਹੈ। ਦਿਨ ਛਿਪਦੇ ਨਾਲ ਬਿਸ਼ਨ ਦਾਸ ਉਰਫ਼ ਭੇੜੂ ਬਾਬਾ ਜਾਂ ਉਸਦਾ ਕੋਈ ਖ਼ਾਸ ਸ਼ਿਸ਼ ਦੁੱਧ ਦਾ ਭਰਿਆ ਕਟੋਰਾ ਉਸ ਕੋਠੜੀ ਦੇ ਇਕ ਖੂੰਜੇ ਵਿਚ ਰੱਖ ਆਉਂਦਾ ਹੈ ਜੋ ਸਵੇਰ ਨੂੰ ਖਾਲੀ ਪਿਆ ਹੁੰਦਾ ਹੈ। ਇਕ ਬਿਰਧ ਕਾਲਾ ਨਾਗ਼ ਦੁੱਧ ਪੀ ਜਾਂਦਾ ਹੈ। ਤੀਜੇ ਟਿਕੀ ਰਾਤ ਨੂੰ ਪਰੀਆਂ ਆ ਕੇ ਪਹਿਲਾਂ ਠਾਕੁਰਾਂ ਨੂੰ ਝੂਲਾ ਝੁਲਾਕੇ ਤੇ ਫੇਰ ਨੱਚ ਕੇ ਰੀਝਾਉਂਦੀਆਂ ਨੇ। ਕੋਠੜੀ ਵਾਲਾ ਨਾਗ਼ ਆਪਣਾ ਫ਼ਨ ਫੈਲਾ ਕੇ ਇਕ ਦਰਬਾਨ ਵਾਂਗ ਉਹਨਾਂ ਦੀ ਰੱਖਿਆ ਕਰਦਾ ਹੈ। ਚੋਰ ਤੇ ਠੱਗ ਡਰਦੇ ਮਾਰੇ ਠਾਕੁਰ ਦੁਆਰੇ ਅੰਦਰ ਪ੍ਰਵੇਸ਼ ਨਹੀਂ ਕਰਦੇ।

ਚੌਥੇ ਆਚਾਰੀਆ ਕਾਲਾ ਇਲਮ ਜਾਣਦੈ ਤੇ ਮੰਤਰਾਂ ਨਾਲ ਰੂਪਵਤੀਆਂ ਨਾਰਾਂ ਨੂੰ ਵਸ ਵਿਚ ਕਰ ਲੈਂਦੇ।

ਇਹ ਵੀ ਭੇਤ ਵਾਲੀ ਗੱਲ ਸੀ ਕਿ ਦੋ ਚਾਰ ਛੁੱਟੜ ਔਰਤਾਂ ਠਾਕੁਰ ਦੁਆਰੇ ਰਾਤ ਨੂੰ ਵੇਲੇ ਕੁਵੇਲੇ ਗੇੜੇ ਮਾਰਦੀਆਂ ਤਾਂ ਗੱਲਾਂ ਹੋਣ ਲੱਗ ਪੈਂਦੀਆਂ

-ਇਹਨਾਂ 'ਤੇ ਠਾਕੁਰਾ ਦੀ ਕ੍ਰਿਪਾ ਹੋ 'ਗੀ। ਵਾਰ ਵਾਰ ਐਵੇਂ ਤਾਂ ਨਹੀਂ ਝੂਲੇ ਝੁਲਾਉਂਦੀਆਂ ਫਿਰਦੀਆਂ।

ਅਸਟਮੀ ਦਾ ਮੇਲਾ ਭਰਦਾ। ਵਿਸ਼ੇਸ਼ਰ ਤੇ ਮੈਂ ਬਣ ਫ਼ਬਕੇ ਆਈਆਂ ਭਗਤਣੀਆਂ ਹੱਥੋਂ ਰੇਸ਼ਮੀ ਰੁਮਾਲਾਂ ਨਾਲ ਢਕੇ ਸੀਧੇ ਦੇ ਥਾਲ ਫੜਦੇ, ਅੰਦਰ ਰੱਖੇ ਵੱਡੇ-ਵੱਡੇ ਢੋਲਾਂ ਵਿਚ ਪਾ ਆਉਂਦੇ। ਨਾਲ ਦੀ ਨਾਲ ਕ੍ਰਿਸ਼ਨ ਲੀਲਾ ਦਾ ਆਨੰਦ ਲੈਂਦੇ। ਵਿਸ਼ੇਸ਼ਰ ਦਾ ਛੋਟਾ ਭਾਈ ਸਿਰ ਤੇ ਮੁਕਟ ਸਜਾਕੇ ਅਤੇ ਹੱਥਾਂ 'ਚ ਸਿਓਨੇ ਰੰਗੀ ਬੰਸਰੀ ਲੈ ਆਪਣੇ ਬੁੱਲ੍ਹਾਂ ਨੂੰ ਲਾਈ , ਟੰਗ ਉਪਰ ਦੂਜੀ ਟੰਗ ਵਲ ਕੇ ਕ੍ਰਿਸ਼ਨ ਦਾ ਰੋਲ ਅਦਾ





ਕਰਦਾ। ਛੋਟੀਆਂ-ਛੋਟੀਆਂ ਬੱਚੀਆਂ ਗੋਪੀਆਂ ਬਣਕੇ ਨੱਚਦੀਆਂ। ਨਿੱਕੀਆਂ ਮਟਕੀਆਂ ਆਪਣੀਆਂ ਢਾਕਾਂ ਨਾਲ ਲਾ ਕੇ।

ਇਕ ਦਿਨ ਅਸੀਂ ਦੰਗ ਰਹਿ ਗਏ ਜਦੋਂ ਨੇੜਲੇ ਕਿਸੇ ਪਿੰਡ ਦਾ ਇਕ ਬਿਰਧ ਪੰਡਤ ਆਇਆ। ਉਹ ਆਪਣੀ ਅੱਲ੍ਹੜ ਵਰੇਸ ਬੱਚੀ ਠਾਕੁਰਾਂ ਨਾਲ ਵਿਆਹ ਗਿਆ। ਕੁੜੀ ਕਾਹਦੀ ਸੀ ਨਿਰੀ ਅਲਕ ਵਛੇਰੀ..। ਪੂਰੀ ਹੁੰਦੜਹੇਲ। ਕੁਝ ਅਰਸੇ ਪਿੱਛੋਂ ਮੈਂ ਤਾਂ ਇਹ ਅਜਬ ਤਮਾਸ਼ਾ ਛੱਡਕੇ ਆਪਣੀ ਪੜ੍ਹਾਈ ਅਤੇ ਰੋਜ਼ੀ ਦੇ ਆਹਰ ਵਿਚ ਰੁਝ ਗਿਆ। ਦਿਨ ਪਾ ਕੇ ਉਹ ਨਵੀਂ ਛੋਕਰੀ ਮੁਟਿਆਰ ਹੋ ਗਈ। ਵਿਸ਼ੇਸ਼ਰ ਓਥੇ ਹੀ ਰਿਹਾ। ਨਿੱਤ ਨਵੀਆਂ ਗੱਲਾਂ ਉਠਣ ਲੱਗੀਆਂ। ਹੁੰਦੇ ਹੁੰਦੇ ਇਕ ਵੱਡਾ ਕਾਰਾ ਹੋ ਗਿਆ। ਮੈਂ ਪਿੰਡੋਂ ਬਾਹਰ ਸੀ ਜਦੋਂ ਸੁਣਿਆਂ ਕਿ ਬਿਸ਼ਨ ਦਾਸ ਉਰਫ਼ ਭੇੜੂ ਬਾਬੇ ਦਾ ਠਾਕੁਰ ਦੁਆਰੇ 'ਚ ਕਤਲ ਹੋ ਗਿਆ। ਕਹਿੰਦੇ ਨੇ ਵਿਸ਼ੇਸ਼ਰ ਨੇ ਲਾਸ਼ ਦੇ ਟੁਕੜੇ ਕੀਤੇ। ਬੋਰੀ 'ਚ ਪਾਏ। ਰਾਤ ਨੂੰ ਪਿੰਡ ਕੋਲੇ ਵਗਦੀ ਨਹਿਰ 'ਚ ਸੁੱਟ ਆਇਆ। ਕੋਈ ਕਹਿੰਦਾ ਕਿ ਇਹ ਕਤਲ ਉਸ ਕੁੜੀ ਦਾ ਕਾਰਾ ਸੀ ਉਹ ਕਈ ਦਿਨ ਨਾ ਦਿਸੀ ਤਾਂ ਪਿੰਡ ਵਾਲੇ ਪੁੱਛ ਪੜਤਾਲ ਕਰਦੇ। ਅੱਗੋਂ ਜਵਾਬ ਮਿਲਦਾ , 'ਹਰਿਦੁਆਰ / ਰਿਸ਼ੀਕੇਸ਼ ਗਏ ਹੋਏ ਨੇ। ਫੇਰ ਪੁਲਿਸ ਵਾਲਿਆਂ ਨੇ ਜੁਗਤ ਲੜਾਈ। ਵਿਸ਼ੇਸ਼ਰ ਦੇ ਛੋਟੇ ਭਾਈ ਨੂੰ ਠਾਕੁਰ ਦੁਆਰੇ ਦੀ ਗੱਦੀ 'ਤੇ ਬਿਠਾਇਆ। ਬਾਕਾਇਦਾ ਰਸਮ ਕਰਕੇ ਮੰਤਰਾਂ ਦੇ ਉਚਾਰਨ ਵਿਚ ਉਸਦੇ ਆਚਾਰੀਆਂ ਹੋਣ ਦਾ ਐਲਾਨ ਕਰ ਦਿੱਤਾ। ਫੇਰ ਉਸ ਕੋਲੋਂ ਭੇਤ ਕੱਢਿਆ ਕਿ ਵਿਸ਼ੇਸ਼ਰ ਤੇ ਉਹ ਕੁੜੀ ਭੱਜਕੇ ਕਿੱਥੇ ਗਏ। ਅਖ਼ੀਰ 'ਚ ਦੋਵੇਂ ਫੜੇ ਗਏ। ਮੁਕੱਦਮਾ ਚੱਲਣ ਉਪਰੰਤ ਵਿਸ਼ੇਸ਼ਰ ਨੂੰ ਕੈਦ ਹੋਈ। ਸ਼ਾਇਦ ਉਮਰ ਕੈਦ। ਹੁਣ ਪੱਕਾ ਯਾਦ ਨਹੀਂ... ਸਤ ਅੱਠ ਸਾਲ ਉਹ ਕੈਦ ਰਿਹਾ ਘਟਨਾ ਦੇ ਵੇਰਵੇ ਐਨੇ ਲੰਬੇ ਨੇ ਕਿ ਜੇ ਪੂਰੇ ਲਿਖਾਂ ਤਾਂ ਹੋਰ ਕਈ ਸਫ਼ੇ ਭਰ ਜਾਣਗੇ। ਵਿਸ਼ੇਸ਼ਰ ਮੁੜਕੇ ਪਿੰਡ ਆਇਆ ਤਾਂ ਉਮਰ ਦੇ ਬਾਕੀ ਦਿਨ ਉਹਨੇ ਕਿਵੇਂ ਬਤੀਤ ਕੀਤੇ। ਏਨੀ ਕੁ ਗੱਲ ਜ਼ਰੂਰ ਸੁਣੀ ਕਿ ਉਹਨੇ ਲੰਬੀ ਦਾੜ੍ਹੀ ਰੱਖ ਲਈ। ਸਿੰਘ ਸਜ ਗਿਆ ਤੇ ਨਵੇਂ ਗੁਰਦੁਆਰੇ ਦਾ ਗ੍ਰੰਥੀ ਬਣ ਗਿਆ। ਉਸ ਕੁੜੀ ਦਾ ਕੀ ਬਣਿਆਂ? ਸਾਇਦ ਆਪਣੇ ਪੇਕੀਂ ਚਲੀ ਗਈ। ਜਾਂ ਮੁੜ ਵਿਆਹੀ ਗਈ। ਜਦੋਂ ਮੁਟਿਆਰ ਹੋ ਗਈ ਸੀ ਤਾਂ ਪਿੰਡ ਵਾਲੇ ਕਹਿੰਦੇ ਸਨ ਕਿ ਉਹ ਪਤਾ ਨਹੀਂ ਹੋਰ ਕਿੰਨੇ ਘਰ ਗਾਲ਼ੇਗੀ। ਜਿੱਥੇ ਜਾਵੇਗੀ ਉਜਾੜੇ ਦੇ ਕਾਰਨ ਬਣੇਂਗੀ। ਪਰ ਮੈਂ ਤਾਂ ਉਹਨੂੰ ਡੇਰੇ ਦੀ ਮਾਲਕ ਬਣਾ ਦਿੱਤਾ। ਗ਼ਲਪ ਦੀ ਇਹੋ ਖ਼ੂਬੀ ਹੁੰਦੀ ਹੈ। ਮੇਰੇ ਮਨ ਵਿਚ ਇਹ ਖਿਆਲ ਵੀ ਆਇਆ ਕਿ ਸਾਰੀ ਕਹਾਣੀ ਉਸ ਵੱਲੋਂ ਬਿਆਨ ਕਰਾਵਾਂ। ਮਜਬੂਰ ਤੇ ਬੇਬਸ, ਹਾਲਾਤ ਦੀ ਮਾਰੀ ਔਰਤ ਦੀ ਵਿਥਿਆ ਦੱਸਣੀ ਜ਼ਰੂਰੀ ਸੀ। ਸ਼ਾਇਦ ਏਸ ਐਂਗਲ ਤੋਂ ਕਹਾਣੀ ਹੋਰ ਤਰ੍ਹਾਂ ਦੀ ਬਣਦੀ। ਖ਼ੈਰ! ਏਥੇ ਇਹੀ ਦੱਸਣਾਂ ਕਾਫ਼ੀ ਹੈ ਕਿ ਬਾਕੀ ਦੀ ਕਹਾਣੀ ਦਾ ਸਾਰਾ ਆਡੰਬਰ ਮੈਂ ਆਪਣੀ ਕਲਪਨਾ ਨਾਲ ਸਿਰਜਿਆ। ਸਾਰੇ ਪਾਤਰਾਂ ਦੇ ਨਾਉਂ ਫਰਜ਼ੀ। ਟੇਢੂ ਕਾਣੇ ਤੋਂ ਲੈ ਕੇ ਕਬੂਤਰ ਤੱਕ।

## ਦਿਸਦੇ ’ਚੋਂ ਅਣਦਿਸਦੇ ਦਾ ਪਾਸਾਰ-1

**ਡਾ. ਜਸਵਿੰਦਰ ਕੌਰ ਬਿੰਦਰਾ**

# ‘ਕਬੂਤਰ’ ਕਹਾਣੀ ਦਾ ਪਾਠ

ਮੋਹਨ ਭੰਡਾਰੀ ਦੀ ਕਹਾਣੀ ‘ਕਬੂਤਰ’ ਬੜੇ ਡੂੰਘੇ ਭਾਵਾਂ ਵਾਲੀ ਹੈ। ਕਹਾਣੀ ਪ੍ਰਤੀਕਾਂ ਵਿੱਚ ਲਪੇਟੀ ਹੋਈ ਹੈ। ਓਪਰੀ ਨਜ਼ਰੇ ਕਹਾਣੀ ਡੇਰਾ ਸੰਸਕ੍ਰਿਤੀ ਨਾਲ ਜੁੜੀ ਲੱਗਦੀ ਹੈ। ਜਿਸ ਦੀ ਸਿਰਮੌਰ ਸ਼ਕਤੀ ਦੇਵੀ ਛੋਟੀ ਉਮਰ ਦੀ ਜਵਾਨ, ਖ਼ੂਬਸੂਰਤ ਤੇ ਕੋਮਲ ਜਿਹੀ ਹੈ। ਜੋ ਬਹੁਤ ਹੀ ਛੋਟੀ ਉਮਰੇ ਆਪਣੇ ਮਾਪਿਆਂ ਵਲੋਂ ਠਾਕੁਰਾਂ (ਦੁਆਰੇ) ਨਾਲ ਵਿਆਹ ਦਿੱਤੀ ਗਈ ਤੇ ਜਵਾਨੀ ਦੀ ਦਹਿਲੀਜ਼ ’ਤੇ ਪਹਿਲਾਂ ਕਦਮ ਰੱਖਦੇ ਹੀ ਡੇਰੇ ਦੇ ਅੱਧਖੜ ਆਚਾਰੀਏ ਦੇ ਹੱਥੇ ਚੜ੍ਹ ਗਈ। ਪਰ ਉਹ ‘ਸ਼ਕਤੀ’ ਸੀ ਜੋ ਕਿਸੇ ਦੇ ਹੇਠ ਕਿੰਨੀ ਕੁ ਦੇਰ ਦੱਬੀ ਰਹਿ ਸਕਦੀ ਸੀ। ਉਸ ਦੇ ਬਾਲਪਨ ਦੇ ਸਾਥੀ ਤੇ ਆਚਾਰੀਏ ਦੇ ਸ਼ਿਸ਼ ਬ੍ਰਾਹਮਣ ਪੁੱਤਰ ਸ਼ੰਭੂ ਨਾਲ ਰਲ ਕੇ ਹੋਣੀ ਨੇ ਕੁਝ ਅਜਿਹਾ ਭਾਣਾ ਵਰਤਾਇਆ ਕਿ ਆਚਾਰੀਆਂ ਦਾ ਕਤਲ ਹੋ ਗਿਆ। ਸ਼ੰਭੂ ਨੂੰ ਉਮਰ ਕੈਦ ਦਿਵਾਉਣ ਵਿਚ ਸ਼ਕਤੀ ਦੇ ਬਿਆਨ ਨੇ ਬਹੁਤ ਵੱਡੀ ਭੂਮਿਕਾ ਨਿਭਾਈ। ਉਸੇ ਸ਼ੰਭੂ ਦਾ ਛੋਟਾ ਭਰਾ ਤੇ ਸ਼ਕਤੀ ਦਾ ਬਾਲ ਹਾਣੀ ਕਿਸ਼ਨ ਮਾਪਿਆਂ ਦੀ ਮੌਤ ਤੇ ਭਰਾ ਦੀ ਕੈਦ ਮਗਰੋਂ ਇਸ ਡੇਰੇ ਦਾ ਹੀ ਹੋ ਕੇ ਰਹਿ ਗਿਆ। ਬਿਨਾਂ ਪੈਸੇ ਦਾ ਗੁਲਾਮ, ਇੱਛਾ ਰਹਿਤ ਮਨੁੱਖ, ਚਾਹਤਾਂ ਤੋਂ ਦੂਰ ਸਿਰਫ਼ ਡੇਰੇ ਦੀ ਸਾਂਭ-ਸੰਭਾਲ ਬੈਠ ਕੇ ਜੀਵਨ ਬਿਤਾਉਣਾ ਹੀ ਉਸ ਦੇ ਜੀਵਨ ਦਾ ਨਿਸ਼ਕਰਸ਼ ਰਹਿ ਗਿਆ ਸੀ।

ਕਹਾਣੀ ਵਿੱਚ ਕਿਸ਼ਨ ਵਲੋਂ ਅਨਜਾਣੇ ਹੀ ਗੁੱਸੇ ਵਿੱਚ ਆ ਕੇ ਕਬੂਤਰ ਨੂੰ ਮਾਰ ਸੁੱਟਣਾ ਠਹਿਰੀ ਹੋਈ ਕਹਾਣੀ ਤੇ ਰੁਕੇ ਪਏ ਪਾਤਰਾਂ ਦੀ ਜ਼ਿੰਦਗੀ ਵਿੱਚ ਹਲਚਲ ਲੈ ਆਇਆ। ਇਸ ਨਾਲ ਸ਼ਕਤੀ ਦੇਵੀ ਨਾਰਾਜ਼ ਹੋ ਗਈ। ਮੌਨ ਧਾਰਣ ਕਰ ਲਿਆ। ਕਿਉਂਕਿ ਕਬੂਤਰ ਸ਼ਕਤੀ ਦੇਵੀ ਦਾ ਪਾਲਤੂ ਸੀ। ਉਸ ਨੂੰ ਕਿਸ਼ਨ ਤੇ ਇਹ ਉਮੀਦ ਨਹੀਂ ਸੀ ਕਿ ਉਸ ਨੂੰ ਗੁੱਸਾ ਵੀ ਆ ਸਕਦਾ ਹੈ ਤੇ ਗੁੱਸੇ ਵਿੱਚ ਆ ਕੇ ਉਹ ਕਿਸੇ ਜੀਵ ਦਾ ਘਾਣ ਵੀ ਕਰ ਸਕਦਾ ਹੈ। ਪਰ ਗੁੱਸੇ ਦਾ ਕਾਰਣ ਕੀ ਸੀ ? ਇਹ ਸ਼ਕਤੀ ਦੇਵੀ ਨਾ ਜਾਣ ਸਕੀ। ਕਿਸ਼ਨ ਇਹ ਸੱਚ ਜਾਣ ਗਿਆ ਸੀ ਕਿ ਉਸ ਦੇ ਨਿਰਦੋਸ਼ ਭਰਾ ਸ਼ੰਭੂ ਨੇ ਸ਼ਕਤੀ ਦੇਵੀ ਦੇ ਪਿਆਰ ਮੋਹ ਅਤੇ ਉਸ ਨੂੰ ਆਚਾਰੀਏ ਹੱਥੋਂ ਬਚਾਉਣ ਖਾਤਿਰ ਉਸ ਨੇ ਆਪਣੀ ਭਰੀ ਜਵਾਨੀ ਵਿੱਚ ਸ਼ਕਤੀ ਦਾ ਸਾਥ ਦਿੱਤਾ ਅਤੇ ਆਪਣੀ ਜਵਾਨੀ ਤੇ ਪਿਆਰ ਸਭੋ ਕੁਝ ਗਵਾ ਬੈਠਾ ਕੈਦ ਕੱਟਣ ਮਗਰੋਂ ਉਹ ਗ੍ਰੰਥੀ ਬਣਿਆ ਪਰ ਅਤਿਵਾਦੀਆਂ ਵਲੋਂ ਸੋਧ ਦਿੱਤਾ ਗਿਆ। ਇਸ ਸੱਚਾਈ ਨੂੰ ਜਾਨਣ ਮਗਰੋਂ ਕਿਸ਼ਨ ਨੂੰ ਐਨਾ ਹਿਰਖ ਚੜ੍ਹਿਆ ਕਿ ਉਸ ਨੇ ਆਪਣਾ ਗੁੱਸਾ ਭੋਲੇ ਭਾਲੇ ਕਬੂਤਰ ਨੂੰ ਮਾਰ ਕੇ ਕੱਢਿਆ। ਕਬੂਤਰ ਉਥੇ ਹੀ ਢੇਰ ਹੋ ਗਿਆ। ਆਮ ਤੌਰ ਤੇ ਇੰਜ ਹੀ ਹੁੰਦਾ ਹੈ ਕਿ ਆਪਣੇ ਬਹੁਤ ਹੀ ਨਜ਼ਦੀਕ ਰਹਿਣ ਤੇ ਹੋਣ ਵਾਲੀ ਕਿਸੇ ਵੀ ਵਸਤ ਤੇ ਜੀਅ ਨੂੰ ਅਸੀਂ ਗ਼ੌਰ ਨਾਲ ਦੇਖਦੇ ਹੀ ਨਹੀਂ , ਸ਼ਾਇਦ ਰੋਜ਼ ਰੋਜ਼ ਦੇਖਣ ਦੇ ਆਦੀ ਹੋਣ ਕਾਰਣ ਇਸੇ ਲਈ ਨਾ ਸ਼ਕਤੀ ਦੇਵੀ ਨੇ ਕਦੇ ਕਿਸ਼ਨ ਨੂੰ ਗ਼ੌਰ ਨਾਲ ਦੇਖਿਆ ਤੇ ਨਾ ਹੀ ਕਿਸ਼ਨ ਨੇ ਸ਼ਰਧਾ ਵੱਸ ਪੈਰਾਂ ਤੋਂ ਨਜ਼ਰਾਂ ਚੁੱਕ ਕੇ ਕਦੇ ਸ਼ਕਤੀ ਦੇਵੀ ਦੀ ਜਵਾਨੀ ਤੇ ਖ਼ੂਬਸੂਰਤੀ ਵੱਲ ਨਿਗਾਹ ਮਾਰੀ। ਪਰ ਕਬੂਤਰ ਦੇ ਘਾਣ ਨੇ ਦੋਵਾਂ ਦਾ ਨਜ਼ਰੀਆਂ ਬਦਲ ਕੇ ਰਖ ਦਿੱਤਾ। ਸ਼ਕਤੀ ਦੇਵੀ ਦੀਆਂ ਨਜ਼ਰਾਂ ਵਿੱਚ ਕਿਸ਼ਨ ‘ਜੁਆਨ’ ਹੋ ਗਿਆ, ਕਿਉਂਕਿ ਜਵਾਨ ਖ਼ੂਨ ਹੀ ਜੋਸ਼ ਮਾਰਦਾ ਹੈ, ਕੁਝ ਕਰ ਵਿਖਾਉਣ ਦਾ ਹੌਂਸਲਾ ਰੱਖਦਾ ਹੈ। ਸ਼ਾਇਦ ਸਚਮੁੱਚ ਹੀ ਕਿਸ਼ਨ ਜਵਾਨ ਹੋ ਗਿਆ ਸੀ, ਇਸੇ ਲਈ ਮਧੁਰ ਬਾਣੀ ਵਿੱਚ ਭਜਨ ਤੇ ਪ੍ਰਵਚਨ ਕਰਨ ਵਾਲੀ ਸ਼ਕਤੀ ਦੇਵੀ ਦੇ ਕੂਲੇ ਜਿਸਮ ਤੇ ਵਾਲਾਂ ਵਿੱਚ ਉਸ ਦੀ ਨਜ਼ਰ ਅਟਕਣ ਲੱਗ ਪਈ ਸੀ। ਉਸ ਦੀਆਂ ਨਰਮ ਉਂਗਲਾਂ ਦੀ ਛੋਹ ਨਾਲ ਕਿਸ਼ਨ ਦੀ ਦੇਹ ਵਿੱਚ ਮਿੰਦ੍ਰਗ ਵਜਣ ਲੱਗ ਪਿਆ ਸੀ। ਮੀਂਹ ਦੇ ਛਟਾਕਿਆ ਵਿੱਚ ਭਿੱਜਣ ਨੂੰ ਦਿਲ ਚਾਹੁੰਣ ਲੱਗ ਪਿਆ ਸੀ। ਕਬੂਤਰ ਮਰ ਕੇ ਨਵੇਂ ਰਿਸ਼ਤੇ ਤੇ ਨਵੀਂ ਸੋਚ ਪੈਦਾ ਕਰ ਗਿਆ। ਪਰ ਵਿਚਾਰਾ ਕਬੂਤਰ ਬੇਦੋਸ਼ਾਆ ਹੀ ਮਾਰਿਆਂ ਗਿਆ ‘ਪਾਲਤੂ’ ਸੀ ਨਾ।





ਇਸ ਲਈ ਆਵੇਸਲਾ ਵੀ ਸੀ। ਅਵੇਸਲੇਪਨ ਕਾਰਣ ਹੀ ਸ਼ਾਇਦ ਆਚਾਰੀਆ ਵੀ ਕਤਲ ਹੋਇਆ ਸੀ ਤੇ ‘ਪਾਲਤੂ’ ਹੋਣ ਕਾਰਣ ਹੀ ਸ਼ੰਭੂ ਨੇ ਕੈਦ ਕੱਟੀ ਸੀ।

ਸ਼ਕਤੀ ਦੇਵੀ ਦਾ ਪਾਲਤੂ ਕਬੂਤਰ ਉਸ ਦੇ ਹੱਥੋਂ ਚੋਗਾ ਚੁਗਣ ਵਾਲਾ, ਮਸਤ, ਬ੍ਰੇਪਵਾਹ, ਗੁਟਕਦਾ ਹੋਇਆ, ਖੁਲ੍ਹਾ ਆਕਾਸ਼ ਹੁੰਦੇ ਹੋਏ ਵੀ ਮਿੱਥੀ ਉਡਾਣ ਮਾਰ ਕੇ ਆਪਣੇ ਆਪ ਪਿੰਜਰੇ ਵਿੱਚ ਵਾਪਸ ਆਉਣ ਵਾਲਾ। ਉਸ ਨੂੰ ਸੁੱਖੀ ਸਾਂਦੀ ਮੁੜਿਆ ਵੇਖ ਸ਼ਕਤੀ ਦੇਵੀ ਦਾ ਚਿਹਰਾ ਅਕਹਿ ਖ਼ੁਸ਼ੀ ਵਿੱਚ ਤਮਤਮਾ ਉਠਦਾ। ਕੀ ਸ਼ਕਤੀ ਦੇਵੀ ਕੋਲ ਸਿਰਫ ਇਕ ਹੀ ਕਬੂਤਰ ਸੀ? ਪਿਜਰੇ ਵਿੱਚ ਰਹਿਣ ਵਾਲਾ। ਤੇ ਫਿਰ ਬਗੈਰ ਪਿੰਜਰੇ ਤੋਂ ਰਹਿਣ ਵਾਲਾ ਕਿਸ਼ਨ ਕੌਣ ਸੀ?

ਕਿਸ਼ਨ ਨੂੰ ਮੋਹਨ ਭੰਡਾਰੀ ਹੌਲੀ ਹੌਲੀ ਖੋਲ੍ਹਦਾ ਜਾਂਦਾ ਹੈ। ਤਰੁੱਮ ਦੇ ਪੱਤੇ ਵਾਂਗ ਵਰਤਦਾ ਹੈ, ਜਿਸ ਨੂੰ ਚਲਣ ਨਾਲ ਹਾਰੀ ਬਾਜ਼ੀ ਜਿੱਤੀ ਜਾ ਸਕੇ ਅਤੇ ਆਪਣੇ ਮੰਤਵ ਵਿੱਚ ਸਫਲ ਹੋਇਆ ਜਾ ਸਕੇ। ਅਰੰਭ ਵਿੱਚ ਤਾਂ ਕਿਸ਼ਨ ਵੀ ਭੋਲੇ-ਭਾਲੇ ਪਾਲਤੂ ਕਬੂਤਰ ਵਰਗਾ ਹੀ ਸੀ। ਪਤਾ ਨਹੀਂ ਸ਼ਕਤੀ ਦੇਵੀ ਦੀ ਸ਼ਰਧਾ ਨਾਲ ਬੱਝਾ ਜਾਂ ਡੇਰੇ ਦੀ ਪੰਜਾਹ ਏਕੜ ਭੌਂ ਨਾਲ। ਨਹੀਂ, ਇਨ੍ਹਾਂ ਵਿਚੋਂ ਕੁਝ ਵੀ ਨਹੀਂ ਸੀ। ਜੋ ਸੀ, ਉਹ ਸਿਰਫ਼ ਉਪਰਾਮਤਾ ਸੀ, ਉਦਾਸੀ ਸੀ ਤੇ ਨਿੱਚਲਾਪਨ ਸੀ। ਇਕ ਹੀ ਦਾਇਰੇ ਵਿੱਚ ਰਹਿ ਕੇ ਜੀਵਨ ਬਿਤਾਉਣ ਦਾ ਆਦੀ ਹੋਣ ਕਾਰਣ। ਕਿਸੇ ਵੀ ਛਲ-ਪ੍ਰਪੰਚ ਤੋਂ ਮੁਕਤ, ਸ਼ੜਯੰਤਰਹੀਣ। ਉਮਰ ਨਾਲ ਸ਼ਰੀਰ ਜ਼ਰੂਰ ਵੱਡਾ ਹੋ ਗਿਆ ਸੀ, ਪਰ ਸੋਚ ਵਿੱਚ ਉਸ ਦਾ ਪ੍ਰਭਾਵ ਨਹੀਂ ਪਿਆ ਸੀ। ਉਹ ਅਜੇ ਵੀ ਆਪਣੇ ਆਪ ਨੂੰ ਸ਼ਕਤੀ ਦਾ ਉਹੀ ਬਾਲਪਨ ਵਾਲਾ ਹਾਣੀ ਸਮਝਦਾ ਸੀ, ਜਿਸ ਨਾਲ ਉਹ ਬਚਪਨ ਵਿੱਚ ਖੇਡਿਆ ਕਰਦਾ ਸੀ। ਉਹ ਉਸ ਨੂੰ ਹਰ ਮੁਸੀਬਤ ਤੇ ਕਸ਼ਟ ਤੋਂ ਬਚਾ ਕੇ ਰੱਖਣਾ ਚਾਹੁੰਦਾ ਸੀ। ਪਰ ਉਸ ਨੂੰ ਇਹ ਨਹੀਂ ਪਤਾ ਸੀ ਕਿ ਸ਼ਕਤੀ ਬਹੁਤ ਜਲਦੀ ਹੀ ਜਵਾਨ ਹੋ ਗਈ ਸੀ, ਸਰੀਰ ਤੇ ਸੋਚ ਦੋਵਾਂ ਪੱਖਾਂ ਤੋਂ। ਲੋਕ ਉਸ ਬਾਰੇ ਕਹਿੰਦੇ ਸਨ ਕਿ ‘ਇਹ ਤੀਮੀਂ ਛੱਤੀ ਪੱਤਣਾਂ ਦੀ ਤਾਰੂ ਐ। ਇਹ ਤਾਂ ਬੰਦਾ ਮਾਰ ਕੇ ਅੰਦਰ ਪਾਲੈ, ਭੋਲਿਆ। ਇਹੋ ਜਿਹੀ ਚਾਲ ਚਾਲੂ ਸਭ ਮਾਤ ਪੈ ਜਾਣਗੇ।’ ਪਰ ਕਿਸ਼ਨ ਨੂੰ ਸਦਾ ਉਸ ਦੀ ਮਧੁਰ ਬਾਣੀ ਤੇ ਭਜਨ ਹੀ ਸੁਣਾਈ ਦਿੰਦੇ ਰਹੇ। ਜਦ ਉਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠੇ ਆਪਣੇ ਭਰਾ ਦਾ ਸੱਚ ਕਿਸੇ ਦੂਸਰੇ ਤੋਂ ਪਤਾ ਲੱਗਾ ਤਾਂ ਉਹ ਸੁਣ ਕੇ ਸਹਾਰ ਨਾ ਸਕਿਆ ਕਿ ‘ਅਚਾਰੀਆਂ ਨੂੰ ਮਾਰਿਆ ਤਾਂ ਸ਼ਕਤੀ ਦੇਵੀ ਨੇ ਈ ਸੀ। ਖ਼ੂਨ ਮੈਂ ਆਪਣੇ ਸਿਰ ਲੈ ਲਿਆ। ਬਈ ਤੀਮੀ ਮਾਨੀ ਐ, ਕਿੱਥੇ ਜੇਲ੍ਹਾਂ ਵਿੱਚ ਖ਼ਜਲ ਖੁਆਰ ਹੁੰਦੀ ਫਿਰੂ।’ ਕਿਸ਼ਨ ਸੱਚ ਜਾਣ ਕੇ ਵੀ ਸ਼ਕਤੀ ਦੇਵੀ ਨੂੰ ਕੁਝ ਨਾ ਕਹਿ ਸਕਿਆ, ਪਰ ਆਪਣਾ ਗੁੱਸਾ ਉਸ ਦੇ ਪਿਆਰੇ ਕਬੂਤਰ ’ਤੇ ਕੱਢ ਦਿੱਤਾ, ਕਿਉਂਕਿ ਕਿਸ਼ਨ ਦਾ ਵਿਚਾਰ ਸੀ ਕਿ,‘ ਸ਼ਕਤੀ ਦੇਵੀ ਦੀ ਜਾਨ ਇਸ ਕਬੂਤਰ ਵਿੱਚ ਵੱਸਦੀ ਐ।’ ਆਪਣੇ ਵਲੋਂ ਉਸ ਨੇ ਸ਼ਕਤੀ ਦੇਵੀ ਦੇ ਦਿਲ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਉਸ ਦੇ ਦੋ ਦਿਨ ਕਮਰੇ ਵਿੱਚ ਬੰਦ ਰਹਿਣ ਨਾਲ ਉਹ ਉਸ ਦੇ ਮੌਨ ਤੋਂ ਘਬਰਾਉਣ ਲੱਗ ਪਿਆ ਸੀ। ਉਸ ਨੇ ਸ਼ੁਕਰ ਕੀਤਾ ਕਿ ਜਦ ਸ਼ਕਤੀ ਦੇਵੀ ਕਮਰੇ ’ਚੋਂ ਬਾਹਰ ਨਿਕਲ ਕੇ ਨਹਾਉਣ ਗਈ ਤੇ ਫਿਰ ਭਜਨ ਗਾ, ਵਾਲ ਸੰਵਾਰਨ ਲੱਗ ਪਈ ਸੀ।

ਕਿਸ਼ਨ ਦਾ ਪੂਰਾ ਸਰੀਰ ਕੰਨ ਬਣ ਸ਼ਕਤੀ ਦੇਵੀ ਦੇ ਹਰ ਕੰਮ ਦੀ ਆਹਟ ਸੁਣ ਰਿਹਾ ਸੀ। ਉਸ ਵੇਲੇ ਕਿਸ਼ਨ ਦੇ ਮਨ ਦੀ ਅਵਸਥਾ ਨੂੰ ਕਹਾਣੀਕਾਰ ਨੇ ਬਖ਼ੂਬੀ ਬਿਆਨ ਕੀਤਾ ਹੈ-

“ਮੈਂ ਦੱਬੇ ਪੈਰੀਂ ਤੁਰਦਾ ਕਮਰੇ ਦੀ ਚੁਗਾਠ ਕੋਲ, ਆਇਆ। ਸ਼ਕਤੀ ਦੇਵੀ ਸੀਸ਼ੇ ਸਾਹਮਣੇ ਬੈਠੀ ਕੇਸ ਵਾਹ ਰਹੀ ਸੀ। ਅੱਗ ਬਰਾਬਰ ਮੱਚ ਰਹੀ ਸੀ। ਮੇਰੇ ਅੰਦਰ ਉਥਲ-ਪੁੱਥਲ ਹੋਣ ਲੱਗੀ। ... ਪਰ ਇਕ ਗੱਲੋਂ ਤਸੱਲੀ ਹੋਈ। ਦਾਲ ਭਾਤ ਦਾ ਉਬਾਲ ਸੀ। ਸਾਰਾ ਕੁਝ ਉਬਲ ਕੇ ਪਤੀਲਿਓਂ ਬਾਹਰ ਡੁਲਣੋਂ ਬਚ ਗਿਆ। ਮੀਂਹ ਥੰਮ ਗਿਆ ਸੀ।’

ਪਰ ਆਪਣੀ ਇਸ ਬੇਚੈਨੀ ਨੂੰ ਉਹ ਸੰਭਾਲ ਨਹੀਂ ਪਾਇਆ। ਸਿਰ ਦਰਦ ਹੋਣ ਲੱਗ ਪਿਆ। ਸ਼ਕਤੀ ਦੇਵੀ ਸਿਰ ਝੱਸਣ ਲਈ ਆਪਣੇ ਕਮਰੇ ਵਿੱਚ ਲੈ ਗਈ। ਕਿਸ਼ਨ ਦੀ ਬੈਚੈਨੀ ਤੇ ਹਿਰਖ ਨੇ ਸਿਰ ਚੁੱਕਿਆ ਤਾਂ ਸ਼ਕਤੀ ਦੇਵੀ ਨੂੰ ਮਾਰ ਦੇਣ ਅਤੇ ਆਪਣੇ ਭਰਾ ਕਾਰਣ ਚੜ੍ਹੇ ਕ੍ਰੋਧ ਦਾ ਪ੍ਰਗਟਾਵਾ ਕਰ ਬੈਠਾ। ਪਰ ਸ਼ਕਤੀ ਦੇਵੀ ‘ਛੱਤੀ ਪੱਤਣਾਂ ਦੀ ਤਾਰੂ’ ਸੀ। ਇਹ ਮੁੰਡੇ ਖੁੰਡੇ ਉਸ ਸਾਹਮਣੇ ਕੀ ਸਨ।

ਉਸ ਨੇ ਕਿਸ਼ਨ ਨੂੰ ਆਪਣੇ ਸਾਹਮਣੇ ਬਰਾਬਰ ਖੜਾ ਕਰ ਪਾਗਲਾਂ ਵਾਂਗ ਚੁੰਮਣਾ ਸ਼ੁਰੂ ਕਰ ਦਿੱਤਾ ਤੇ ਰੋਂਦੇ ਹੋਏ ਕਹਿਣ ਲੱਗੀ, "ਕਿਸ਼ਨ ਤੂੰ ਹੁਣ ਜੁਆਨ ਹੋ ਗਿਆ।"

ਸ਼ਕਤੀ ਦੇਵੀ ਸਚਮੁੱਚ ਨਹੀਂ ਜਾਣਦੀ ਸੀ ਕਿ ਕਿਸ਼ਨ ਜਵਾਨ ਹੋ ਚੁੱਕਾ ਹੈ ? ਜਾਂ ਕਿਸ਼ਨ ਨੇ ਕੋਈ ਅਜਿਹਾ ਵਰਤਾਰਾ ਕਰ ਕੇ ਹੀ ਨਹੀਂ ਵਿਖਾਇਆ ਸੀ ਕਿ ਜਾਪਦਾ ਕਿ ਉਹ ਉਪਰਾਮਤਾ ਦੇ ਸਿਵਾਏ ਤੇ ਗੋਲ ਦਾਇਰੇ ਵਿੱਚ ਰਹਿਣ ਤੋਂ ਇਲਾਵਾ ਵੀ ਕਿਸੇ ਹੋਰ ਬਾਰੇ ਸੋਚ ਸਮਝ ਸਕਦਾ ਹੈ। ਇਸ ਲਈ ਸ਼ਕਤੀ ਦੇਵੀ ਦੀਆਂ ਨਜ਼ਰਾਂ ਨੇ ਉਸ ਅੰਦਰ ਜਵਾਨੀ ਦੀ ਕੋਈ ਚੰਗਿਆੜੀ ਕਦੇ ਨਹੀਂ ਵੇਖੀ ਸੀ। ਪਰ ਜਦੋਂ ਉਸ ਨੇ ਕਿਸ਼ਨ ਮੂੰਹੋਂ ਉਸ ਨੂੰ ਮਾਰ ਦੇਣ 'ਤੇ ਆਪਣੇ ਭਰਾ ਦੇ ਬੇਦੋਸ਼ੇ ਹੋਣ ਤੇ ਹਿਰਖ ਕਾਰਣ ਰੋਂਦੇ ਵੇਖਿਆ ਤਾਂ ਉਸ ਨੂੰ ਲੱਗਾ ਕਿ ਹੁਣ ਕਿਸ਼ਨ ਓਨਾਂ 'ਪਾਲਤੂ' ਨਹੀਂ ਰਿਹਾ। ਇਹ ਹੁਣ ਦੂਸਰਿਆ ਦੀ ਵੀ ਸੁਣਨ ਲੱਗ ਪਿਆ ਹੈ ਤੇ ਉਨ੍ਹਾਂ ਦੇ ਆਖੇ ਲੱਗ ਜੇ ਕਬੂਤਰ 'ਤੇ ਗੁੱਸਾ ਕੱਢ ਸਕਦਾ ਹੈ ਤਾਂ ਫਿਰ ਕਦੇ ਵੀ ਉਸ ਉਤੇ...। ਪਰ ਇਕ ਪਾਸੇ ਉਸ ਨੂੰ ਇਸ ਗੱਲ ਦੀ ਵੀ ਤਸੱਲੀ ਹੋਈ ਕਿ ਹੁਣ ਤੱਕ ਕਿਸ਼ਨ ਉਸ ਦੀ ਛੱਤਰ ਛਾਇਆ ਹੇਠ ਰਹਿੰਦਾ ਆਇਆ ਸੀ, ਪਰ ਹੁਣ ਉਹ ਕਿਸੇ 'ਜਵਾਨ ਮਰਦ' ਦੀ ਸੁਰੱਖਿਆ ਹੇਠ ਰਹਿ ਸਕਦੀ ਹੈ। ਜਦ ਮਾਹੌਲ ਦਹਿਸ਼ਤਗਰਦੀ ਤੇ ਸੋਧੇ ਜਾਣ ਦਾ ਹੋਵੇ। ਪਿੰਡਾਂ ਵਿੱਚ ਉਸ ਖਿਲਾਫ਼ ਚਰਚੇ ਛਿੜਦੇ ਹੋਣ ਤਾਂ ਜਵਾਨ ਰੱਖਿਅਕ ਦੀ ਲੋੜ ਕਿਸ ਨੂੰ ਨਹੀਂ ਪੈਣੀ।

ਇਸ ਲਈ ਇਕ ਪਾਸੇ ਸ਼ਕਤੀ ਦੇਵੀ ਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਕਿਸ਼ਨ ਅਨਜਾਣੇ ਹੀ ਸਹੀ, ਪਰ ਹੁਣ ਉਹ ਜਵਾਨ ਹੋ ਗਿਆ ਹੈ। ਦੂਜੇ ਪਾਸੇ ਆਪਣੇ ਭਰਾ ਦਾ ਬਦਲਾ ਲੈਣ ਖਾਤਿਰ ਕਦੇ ਫਿਰ ਕ੍ਰੋਧ ਵਿੱਚ ਨਾ ਆ ਜਾਏ, ਇਸ ਲਈ ਵੀ ਉਸ ਨੂੰ ਪਿਆਰ ਦੀ ਮਜਬੂਤ ਡੋਰ ਨਾਲ ਬੰਨ੍ਹਣ ਲਈ ਬਾਹਾਂ ਤੇ ਚੁੰਮਣਾਂ ਦੀ ਵਰਖਾ ਜ਼ਰੂਰੀ ਸੀ। ਉਸ ਦੇ ਰੋਣ ਨੂੰ ਵੇਖ ਔਰਤ ਦੀ ਮੂਲ ਪ੍ਰਵਿਰਤੀ ਯਾਦ ਆਉਂਦੀ ਹੈ, ਉਸ ਨੂੰ ਇਕ ਜਵਾਨ ਮਰਦ ਦੇ ਸਾਥ ਅਤੇ ਸੁਰੱਖਿਆ ਦੀ ਲੋੜ ਰਹਿੰਦੀ ਆਈ ਹੈ। ਇਸ ਤਰ੍ਹਾਂ ਕਹਾਣੀ ਦਾ ਅੰਤ ਕਈ ਪੱਖਾਂ ਵੱਲ ਸੰਕੇਤ ਕਰਦਾ ਹੈ, ਪਰ ਜਿਸ ਪੱਖ ਬਾਰੇ ਕਿੰਤੂ-ਪਰੰਤੂ ਨਹੀਂ ਕੀਤਾ ਜਾ ਸਕਦਾ, ਉਹ ਇਹ ਹੈ ਕਿ ਕਿਸ਼ਨ ਹੁਣ ਸਚਮੁੱਚ ਹੀ ਜਵਾਨ ਹੋ ਗਿਆ ਸੀ। ਕਹਾਣੀਕਾਰ ਨੇ ਸ਼ਕਤੀ ਤੇ ਕਬੂਤਰ ਦੇ ਬਿੰਬਾਂ ਨੂੰ ਕਈ ਅਰਥਾਂ ਵਿੱਚ ਵਰਤਿਆ ਹੈ।

"ਬਾਬਾ, ਕਬੂਤਰ ਨਹੀਂ ਦਿਸਦੇ ਕਿਤੇ। ਕਿੱਧਰ ਗਏ?'

'ਕੁਸ਼ ਮਾਰ ਤੇ, ਕੁਸ਼ ਉੜਗੇ...।'

ਐਨੇ ਜਿਹੇ ਸੰਵਾਦ ਰਾਹੀਂ ਉਹ ਪੰਜਾਬ ਦੇ ਕਾਲੇ ਦਿਨਾਂ ਦੀ ਸੱਚਾਈ ਨੂੰ ਬਿਆਨ ਕਰ ਜਾਂਦਾ ਹੈ।

ਸ਼ਕਤੀ ਕਿਸੇ ਦੇ ਦਾਬੇ ਵਿੱਚ ਨਹੀਂ ਰਹਿ ਸਕਦੀ। ਉਹ ਸਭ ਨੂੰ ਹਥਿਆਰ ਬਣਾ ਵਰਤਣਾ ਜਾਣਦੀ ਹੈ। ਆਚਾਰੀਆ, ਸ਼ੰਭੂ, ਕਿਸ਼ਨ ਸਾਰਿਆਂ ਨੂੰ ਹੀ ਉਹ ਦੇਵੀ 'ਸ਼ਕਤੀ' ਬਣ ਵਰਤਦੀ ਹੈ।


ਕਹਾਣੀ ਡੇਰਾ ਸੰਸਕ੍ਰਿਤੀ ਤੇ ਪਵਿੱਤਰ ਧਾਰਮਿਕ ਸਥਾਨਾਂ 'ਚ ਆਉਂਦੀ ਗਿਰਾਵਟ ਵੱਲ ਇਸ਼ਾਰਾ ਕਰਦੀ ਹੈ, ਜਿੱਥੇ ਕਤਲ, ਡਾਕਾ, ਸੋਧ ਦੇਣਾ ਹੁਣ ਆਮ ਗੱਲਾਂ ਹੋ ਗਈਆਂ ਹਨ। ਇਹ ਸਥਾਨ ਧਰਮ ਦੇ ਨੇੜੇ ਘੱਟ ਤੇ ਧਨ, ਸੱਤਾ, ਹਾਦਸਿਆਂ ਦੇ ਅੱਡੇ ਵਧੇਰੇ ਬਣ ਗਏ ਹਨ।

ਕਹਾਣੀ ਟੂਣੇਹਾਰ ਚਲਦੀ ਹੈ, ਮੰਤਰ ਮੁਗਧ ਕਰਦੀ, ਆਪਣੇ ਵੱਲ ਖਿਚਦੀ, ਆਪਣੇ ਵਿੱਚ ਲਪੇਟਦੀ ਹੋਈ। ਇਸ ਲਈ ਜਦੋਂ ਕਹਾਣੀ ਦਾ ਅੰਤ ਹੁੰਦਾ ਹੈ, ਤਾਂ ਹੀ ਪਤਾ ਲੱਗਦਾ ਹੈ ਕਿ ਜਵਾਨੀ ਨੂੰ ਵੀ ਸਾਬਿਤ ਕਰਨਾ ਪੈਂਦਾ ਹੈ ਤੇ ਉਸ ਦੇ ਲਈ ਲਹੂ ਵਿੱਚ 'ਚਿਣਗ' ਹੋਣਾ ਵੀ ਕਿੰਨੀ ਜ਼ਰੂਰੀ ਹੁੰਦਾ ਹੈ, ਜੋ ਭਾਵੇਂ ਕਬੂਤਰ ਜਿਹੇ ਨਿਰੀਹ ਪ੍ਰਾਣੀ ਨੂੰ ਮਾਰ ਕੇ ਹੀ ਦਰਸਾਈ ਜਾਏ। ਪਰ ਇਹੋ ਜਿਹੀਆਂ ਘਟਨਾਵਾਂ ਦੇ ਸਿੱਟੇ ਅਰਥ ਭਰਪੂਰ ਹੋ ਜਾਂਦੇ ਸਨ।





# ਦਲਿਤਾਂ ਦੇ ਸਮਾਜਕ ਤੇ ਸਭਿਆਚਾਰਕ ਸੰਤਾਪ ਦਾ ਪ੍ਰਤੀਕ 'ਛਾਂਗਿਆ ਰੁੱਖ / ਡਾ. ਗੁਰਮੀਤ ਕੱਲਰ ਮਾਜਰੀ




"ਛਾਂਗਿਆ ਰੁੱਖ" ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ਦੀ ਪੁਸਤਕ ਹੈ। ਇਸ ਤੋਂ ਪਹਿਲਾਂ ਲੇਖਕ ਦੋ ਕਾਵਿ ਪੁਸਤਕਾਂ ਅਤੇ ਇਕ ਦਰਜ਼ਨ ਤੋਂ ਵਧੇਰੇ ਅਨੁਵਾਦ ਸਫ਼ਰਨਾਮਾ ਅਤੇ ਮੁਲਾਕਾਤਾਂ ਨਾਲ ਸੰਬੰਧਿਤ ਪੁਸਤਕਾਂ ਨਾਲ ਆਪਣੀ ਪਛਾਣ ਬਣਾ ਚੁੱਕਾ ਹੈ। ਲੇਖਕ ਨੇ ਆਪਣੀ ਸਵੈ-ਜੀਵਨੀ 'ਛਾਂਗਿਆ ਰੁੱਖ' ਦੇ ਮੂਲ ਪਾਠ ਨੂੰ ਵੀਹ ਉਪ ਪਾਠਾਂ ਰਾਹੀਂ, 'ਮੇਰੀ ਜੰਮਣ ਭੌਂ ਮਾਧੋਪੁਰ' ਤੋਂ ਲੈ ਕੇ 'ਕਿਰਾਏਦਾਰੀ ਦੀ ਲਾਹਨਤ' ਵਿੱਚ ਵੰਡਿਆ ਹੈ। ਪੰਜਾਬੀ ਵਿੱਚ ਜਿਆਦਾਤਰ ਸਵੈ-ਜੀਵਨੀਆਂ ਲੇਖਕਾਂ, ਰਾਜਨੀਤੀਵਾਨਾਂ, ਖਿਡਾਰੀਆਂ , ਵਿਗਿਆਨੀਆਂ ਅਧਿਆਪਕਾਂ ਜਾਂ ਅਫਸਰਾਂ, ਰਾਹੀਂ ਆਪਣੇ ਆਤਮ ਦਰਸ਼ਨ ਦੇ ਵਖਿਆਨਾ ਦੇ ਰੂਪ 'ਚ ਮਿਲਦੀਆਂ ਹਨ। ਜਾਂ ਫਿਰ ਕੁਝ ਵਿਸ਼ੇਸ਼ ਕਿਸਮ ਦੀਆਂ ਸਾਹਿਤਕ ਸਵੈ-ਜੀਵਨੀਆਂ ਵੀ ਯੂਨੀਵਰਸਿਟੀਆਂ ਦੇ ਕਈ ਵਿਭਾਗਾਂ ਵਲੋਂ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰਾਂ / ਵਿਦਵਾਨਾਂ ਕੋਲੋ ਲਿਖਵਾਈਆਂ ਗਈਆਂ ਹਨ। ਪ੍ਰੰਤੂ ਬਲਬੀਰ ਮਾਧੋਪੁਰੀ ਦੀ ਇਹ ਸਵੈ-ਜੀਵਨੀ ਇਹਨਾਂ ਤੋਂ ਅਲੱਗ ਹੈ। ਬਲਬੀਰ ਨੇ ਆਪਣੀ ਉਮਰ ਦੇ ਪੰਜਤਾਲੀਵੇਂ ਸਾਲ ਵਿੱਚ ਹੀ ਦਲਿਤ-ਜੀਵਨ ਦੇ ਯਥਾਰਥ ਨੂੰ ਉਸ ਦੀ ਸਮੁੱਚੀ ਸਾਰਚੰਨਾ ਸਮੇਤ ਸਵੈ-ਜੀਵਨੀ ਦੇ ਵੇਰਵਿਆਂ ਨੂੰ ਜਿਸ ਢੰਗ ਨਾਲ ਵਿਸ਼ਲੇਸ਼ਣੀ ਸੁਰ ਵਿੱਚ ਪੇਸ਼ ਕੀਤਾ ਹੈ, ਉਸ ਨਾਲ ਇਸ ਜੀਵਨ ਦੀ ਸਮੁੱਚੀ ਲੋਕੇਸ਼ਨ ਹੀ ਦ੍ਰਿਸ਼ਟੀ ਗੋਚਰ ਨਹੀਂ ਹੁੰਦੀ ਸਗੋਂ ਇਸ ਜੀਵਨ ਨੂੰ ਨਿਰਧਾਰਤ ਕਰਨ ਵਾਲੇ ਉਹ ਸਾਰੇ ਤੱਤ ਵੀ ਆਪ੍ਰਤੱਖ / ਪ੍ਰਤੱਖ ਰੂਪ 'ਚ ਨਜ਼ਰ ਆਉਣ ਲੱਗ ਪਏ ਹਨ, ਜਿਹੜੇ ਦਲਿਤ ਜੀਵਨ ਦੀ ਹੋਂਦ ਵਿਧੀ ਨਾਲ ਸੰਬੰਧਤ ਸਵਾਲਾ ਨੂੰ ਆਕ੍ਰੋਸ਼ , ਕੰਗਾਲੀ ਅਤੇ ਨਫ਼ਰਤ ਦੇ ਰੂਪ 'ਚ ਰੂਪਾਂਤ੍ਰਿਤ ਕਰਦੇ ਹਨ। ਬਲਬੀਰ ਮਾਧੋਪੁਰੀ ਨੇ ਆਪਣੇ ਅਤੀਤ ਰਾਹੀਂ ਮਹਿਜ ਦਲਿਤ ਯਥਾਰਥ ਨੂੰ ਸਮੁੱਚੀ ਸੰਵੇਦਨਾ ਦੇ ਰੂਪ 'ਚ ਪੇਸ਼ ਨਹੀਂ ਕੀਤਾ ਸਗੋਂ ਦਲਿਤ ਜੀਵਨ ਵਿੱਚ ਬਦਲਓ ਲਿਆਉਣ ਵਾਲੀਆਂ ਲਹਿਰਾਂ / ਵਿਚਾਰਧਾਰਵਾਂ / ਸ਼ਕਤੀਆਂ / ਦ੍ਰਿਸ਼ਟੀਆਂ ਦਾ ਵਿਸ਼ਲੇਸ਼ਣ ਬਲਬੀਰ ਨੇ 'ਛਾਂਗਿਆ ਰੁੱਖ' ਦੇ ਪ੍ਰਤੀਕ ਰਾਹੀਂ ਇਕ ਬੰਨੇ ਦਲਿਤ ਜੀਵਨ ਦੀ ਜਾਤੀ-ਤ੍ਰਿਸਕਾਰ ਅਤੇ ਆਰਥਕ / ਕੰਗਾਲੀ ਬੇਵਸੀ ਨੂੰ ਸਮਾਜ ਦੀ ਵੱਡੀ ਸਮੱਸਿਆ ਦੇ ਰੂਪ 'ਚ ਪੇਸ਼ ਕਰਦਾ ਹੈ, ਦੂਸਰੇ ਬੰਨੇ ਇਸ ਪ੍ਰਤੀਕ ਨੂੰ ਸਮੁੱਚੀ ਸਮਾਜਕ-ਬਣਤਰ 'ਚ ਦਲਿਤ ਸਭਿਆਚਾਰ

ਦੀ ਇਕ ਚੂਲ ਵਜੋਂ ਫੈਲਾਇਆ ਵੀ ਹੈ। ਜਿਸ ਵਿੱਚ ਦਲਿਤਾਂ ਚਮਾਰਾਂ / ਚੂਹੜਿਆਂ ਤੇ ਅਧਾਰਿਤ ਅਨੇਕਾਂ ਉਪ-ਜਾਤੀਆਂ ਦੇ ਜੀਵਨ ਜਿਊਣ ਦਾ ਢੰਗ, ਖਾਣ-ਪੀਣ ਭਾਸ਼ਾ ਦਾ ਵੀ ਜਿਕਰ ਕੀਤਾ ਹੈ।

ਭਾਰਤੀ ਸਮਾਜ ਵਿੱਚ ਜਾਤੀ ਦਰਜਾ ਬੰਦੀ ਅਤੇ ਇਸ ਨਾਲ ਸੰਬੰਧਤ ਮੁੱਲ ਅਤੇ ਮਾਨਤਾਵਾਂ ਮਨੁੱਖ ਦੇ ਅਵਚੇਤਨ ਵਿਚ ਇਸ ਕਦਰ ਨਾਗ ਵਾਂਗ ਕੁੰਡਲ ਮਾਰ ਕੇ ਬੈਠੀਆਂ ਹੋਈਆਂ ਹਨ ਕਿ ਆਰਥਕ ਤਰੱਕੀ ਦੇ ਨਾਲ ਨਾਲ ਪਿਛਲੀ ਇਕ ਸਦੀ ਤੋਂ ਜ਼ਿਆਦਾ ਸਮੇਂ ਵਿੱਚ ਚੱਲੀਆਂ ਰਾਜਸੀ / ਧਾਰਮਿਕ ਅਤੇ ਵਿਸ਼ੇਸ਼ ਕਰਕੇ ਖੱਬੇ ਪੱਖੀ ਲਹਿਰਾਂ ਨੇ ਵੀ ਇਸ ਜਮੂਦ ਨੂੰ ਤੋੜਨ 'ਚ ਕੋਈ ਬਹੁਤਾ ਰੋਲ ਨਹੀਂ ਅਦਾ ਕੀਤਾ। ਭਾਰਤੀ ਮਨੁੱਖ ਲਈ ਇਹ ਸਭ ਤੋਂ ਵੱਡਾ ਦੁਖਾਂਤ ਹੈ ਤੇ ਇਸ ਸਮਾਜ ਦਾ ਵੀ ਕਿ ਉਹ ਵਰਤਮਾਨ ਅਤੇ ਭਵਿੱਖ ਦੇ ਸਾਰੇ ਸਮਾਜਕ, ਆਰਥਕ, ਸਭਿਆਚਾਰਕ ਅਤੇ ਰਾਜਨੀਤਿਕ ਮਸਲਿਆਂ ਨੂੰ ਅਵਚੇਤਨ ਦੇ ਪ੍ਰਿਜ਼ਮ ਰਾਹੀਂ ਹੀ ਵੇਖਦਾ ਹੈ। ਅਵਚੇਤਨ ਵਿੱਚ ਅਤੀਤ ਦੇ ਸੰਸਕਾਰਾਂ ਦਾ ਸਮੁੱਚਾ ਸਮਾਜਕ / ਰਾਜਨੀਤਿਕ ਧਾਰਮਿਕ ਨੈੱਟ ਵਰਕ ਇਤਿਹਾਸ ਦੇ ਰੂਪ 'ਚ ਪੰਜਾਬੀ / ਭਾਰਤੀ ਮਨੁੱਖ ਦੇ ਅਵਚੇਤਨ ਵਿੱਚ ਇਸ ਕਦਰ ਸਮੋਇਆ ਹੋਇਆ ਹੈ ਕਿ ਵਿਆਪਕ ਸੰਘਰਸ਼ਾਂ ਵਿਚਾਰਧਾਰਵਾਂ ਤੇ ਯੁੱਗ ਦ੍ਰਿਸ਼ਟੀਆਂ ਵੀ ਜਾਤੀ ਦਰਜਾ ਬੰਦੀ ਨੂੰ ਨਹੀਂ ਕਰ ਸਕੀਆਂ ਉੱਚ ਜਾਤੀ ਨਾਲ ਸੰਬੰਧਤ ਮਾਨਸਿਕਤਾ ਵਾਲਾ ਮਨੁੱਖ ਆਪ ਵੀ ਈਗੋ ਅਤੇ ਸੁਪਰ ਈਗੋ ਦੀ ਵਿਹਾਰਕ ਸਥਿਤੀ ਨੂੰ ਵੀ ਆਪਣੇ ਅਵਚੇਤਨ ਦੇ ਪ੍ਰਵਾਹ ਹੇਠ ਹੀ ਅਤੀਤ ਦੀ ਰਹਿੰਦ-ਖੂੰਹਦ ਦੇ ਰੂਪ 'ਚ ਵੇਖਦਾ ਹੈ, ਤੇ ਉਹਨਾਂ ਕਬੀਲਿਆਂ / ਜਾਤੀਆਂ ਘੱਟ ਗਿਣਤੀਆਂ ਦਾ ਜੀਵਨ ਮਹਿਜ਼ ਇਕ ਫਿਲਰ ਬਣ ਕੇ ਰਹਿ ਜਾਂਦਾ ਹੈ ਜਿਨ੍ਹਾਂ ਨੂੰ ਅਤੀਤ ਵਿੱਚ ਦਾਸ / ਦਸ਼ੂਆ / ਅਛੂਤਾਂ ਦਾ ਜੀਵਨ ਜਿਊਣਾ ਪਿਆ ਹੋਵੇ।

ਜੀਵਨੀਕਾਰ ਬਲਬੀਰ ਮਾਧੋਪੁਰੀ ਨੇ 'ਛਾਂਗਿਆ ਰੁੱਖ' ਵਿੱਚ ਉੱਚ ਜਾਤੀ ਸਮੂਹ ਦੇ ਅਵਚੇਤਨੀ ਪਾਸਾਰਾਂ ਰਾਹੀਂ ਦਲਿਤਾਂ ਲਈ ਆਪਣੇ ਹੀ ਮੁਲਕ ਵਿੱਚ ਬੇਗਾਨੇ ਹੋਣ ਦੇ ਸੰਕਲਪ ਨੂੰ ਬਾਖੂਬੀ ਉਭਾਰਿਆ ਹੈ। ਦਲਿਤਾਂ ਦਾ ਆਪਣੀ ਮਾਤ ਭੂਮੀ-ਦੇਸ਼ -ਭਾਸ਼ਾ ਧਰਮ ਅਤੇ ਸੰਸਕ੍ਰਿਤੀ ਨਾਲ ਰਿਸ਼ਤਾ ਤਾਂ ਮੁਢਲਾ ਹੀ ਹੈ, ਪ੍ਰੰਤੂ ਉਸ ਰਿਸ਼ਤੇ ਨੂੰ ਉਚ-ਜਾਤੀਆਂ ਵੱਲੋਂ ਉਹਨਾਂ ਦੇ ਬਰਾਬਰ ਰੱਖ ਕੇ ਜੀਵਨ ਦੀ ਵਿਹਾਰਕ ਸਥਿਤੀ ਵਿੱਚ ਨਹੀਂ ਵੇਖਿਆ ਜਾਂਦਾ। ਇਸ ਕਾਰਣ ਸਵੈ-ਜੀਵਨੀ ਵਿੱਚਲੇ ਵੀਹ ਪਾਠਾਂ ਵਿੱਚ ਦੁਆਬੇ ਵਿੱਚ ਦਲਿਤਾਂ ਦੀ ਪਸ਼ੂਆਂ ਨਾਲੋਂ ਭੈੜੀ ਜੀਵਨ ਸ਼ੈਲੀ ਨੂੰ ਜਿਸ ਤਰ੍ਹਾਂ ਵਿਸ਼ਲੇਸ਼ਣ ਦੇ ਰੂਪ 'ਚ ਪ੍ਰਸਤੁੱਤ ਕੀਤਾ ਗਿਆ ਹੈ ਉਸ ਵਿੱਚ ਆਪਸੀ ਤਣਾਅ / ਟਕਰਾ / ਆਕ੍ਰੋਸ਼ ਨੂੰ ਜਾਤੀ-ਦਰਜਾਬੰਦੀ ਰਾਹੀਂ ਤ੍ਰਿਸਕਾਰ / ਯਾਤਨਾ ਨੂੰ ਬਹੁਤ ਹੀ ਕਲਾਤਮਿਕ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਸਵੈ-ਜੀਵਨੀ ਦੇ ਪਹਿਲੇ ਪਾਠ ਵਿੱਚ 'ਮੇਰੀ ਜੰਮਣ ਭੌਂ ਮਾਧੋਪੁਰ' ਟਾਈਟਲ ਹੇਠ ਅਛੂਤ ਜਾਤੀਆਂ ਦੇ ਕੰਮਾਂ ਦਾ ਵੇਰਵਾ ਦਿੱਤਾ ਗਿਆ ਹੈ, ਉਹਨਾਂ ਨੂੰ 'ਬਗਾਰ' ਦੇ ਰੂਪ 'ਚ ਜੋ ਕੁੱਝ ਸਹਿਣ ਕਰਨਾ ਪਿਆ ਹੈ, ਤੇ ਇਸ ਗੁਲਾਮੀ ਬਦਲੇ ਉਨ੍ਹਾਂ ਨੂੰ ਜੋ ਕੁੱਝ ਪ੍ਰਾਪਤ ਹੁੰਦਾ ਰਿਹਾ ਹੈ, ਉਸ ਦਾ ਵਿਸਤ੍ਰਿਤ ਸਮਾਜਕ / ਆਰਥਿਕ ਇਤਿਹਾਸ ਇਸ ਸਵੈ-ਜੀਵਨੀ ਦੇ ਬਾਕੀ ਪਾਠਾਂ ਵਿੱਚ ਸਵੈ ਮੂਲਕ ਵੇਰਵਿਆ ਦੇ ਰੂਪ 'ਚ ਅਭੀਵਿਅਕਤ ਕੀਤਾ ਗਿਆ ਹੈ।

ਇਹ ਸਵੈ-ਜੀਵਨੀ ਬੇਸ਼ਕ ਦਲਿਤ ਜੀਵਨ ਨੂੰ ਕੇਂਦਰ 'ਚ ਰੱਖ ਕੇ ਹੀ ਲਿਖੀ ਗਈ ਹੈ ਤੇ ਜਿਸ ਵਿੱਚ ਦੁਆਬੇ ਦੇ ਖੇਤਰ ਵਿੱਚ ਆਜ਼ਾਦੀ ਤੋਂ ਬਾਅਦ ਵੀਹਵੀ ਸਦੀ ਦੇ ਆਖਰੀ ਤੱਕ ਦੇ ਦਲਿਤ ਜੀਵਨ ਦੀ ਝਲਕ ਸ਼ਾਮਲ ਹੈ ਪ੍ਰੰਤੂ ਇਹ ਸਵੈ-ਜੀਵਨੀ ਮਹਿਜ ਦਲਿਤ ਜੀਵਨ ਦਾ ਹੀ ਕਲਾਤਮਿਕ ਰੂਪਾਂਤਰਣ ਮਾਤਰ ਨਹੀਂ ਹੈ ਸਗੋਂ ਇਹ ਇਸ ਤੋਂ ਵੀ ਕਿਤੇ ਜ਼ਿਆਦਾ ਭਾਰਤੀ ਸਮਾਜ ਦੀ ਸਮੁੱਚੀ ਸਮਾਜਕ ਆਰਥਿਕ ਅਤੇ ਵਿਸ਼ੇਸ਼ ਤੌਰ ਤੇ ਸਭਿਆਚਾਰਕ ਸਾਰੰਚਨਾ ਦਾ ਚਿਤਰਨ ਹੈ, ਜਿਸ ਵਿੱਚ ਵਿਚਰ ਰਹੇ ਗੈਰ ਦਲਿਤ ਮਨੁੱਖ ਦੀ ਮਾਨਸਿਕਤਾ ਨੂੰ ਵੀ ਪੇਸ਼ ਕੀਤਾ ਗਿਆ ਹੈ ਜਿਸ ਦੇ ਅਵਚੇਤਨ ਵਿੱਚ ਅੱਜ ਵੀ ਬ੍ਰਾਹਮਣੀ ਕਲਚਰ ਨਾਲ ਗੜੁੱਚ ਜਗੀਰੂ ਰਹਿੰਦ ਖੂੰਹਦ ਸਮੋਈ ਹੋਈ ਹੈ।





ਪੰਜਾਬ ਦੇ ਪਿੰਡਾਂ ਵਿੱਚ ਵਸਦੇ ਹੋਏ ਲੋਕ ਬੇਸ਼ਕ ਬਾਹਰੀ ਤੌਰ ਤੇ ਇਕ ਰੂਪਤਾ 'ਚ ਗੁੱਥੇ ਹੋਏ ਨਜ਼ਰ ਆਉਂਦੇ ਹਨ। ਪ੍ਰੰਤੂ ਆਂਤ੍ਰਿਕ ਤੌਰ ਤੇ ਉਹ ਜਾਤੀ ਅਤੇ ਧਰਮ 'ਚ ਵੰਡੇ ਹੋਏ ਅਲੱਗ ਅਲੱਗ ਪਛਾਣ 'ਚ ਵਿਚਰਦੇ ਹਨ। ਬੇਸ਼ਕ ਆਰਥਿਕ ਤਰੱਕੀ ਗਲੋਬੀਕਰਨ ਤੇ ਮਸ਼ੀਨੀਕਰਨ ਨੂੰ ਕਾਫ਼ੀ ਤਬਦੀਲੀ ਲੈ ਆਂਦੀ ਹੈ ਜਿਸ ਨਾਲ ਇਹ ਜਮੂਦ ਕੁੱਝ ਟੁੱਟਦਾ ਨਜ਼ਰ ਵੀ ਆਉਂਦਾ ਹੈ। ਪ੍ਰੰਤੂ ਪੰਜਾਬ ਦਾ ਜੱਟ ਜਿਸ ਤਰੀਕੇ ਨਾਲ ਇਕ ਫਿਊਡਲ ਲਾਰਡ ਦੇ ਰੂਪ 'ਚ ਵਿਚਰਦਾ ਹੈ, ਤੇ ਆਪਣੀ ਮਾਨਸਿਕਤਾ 'ਚ ਬ੍ਰਾਹਮਣੀ ਸਭਿਆਚਾਰ ਨੂੰ ਸਮੋ ਕੇ ਬਾਕੀ ਜਾਤੀਆਂ ਨਾਲ ਨਫਰਤੀ ਵਿਵਹਾਰ ਕਰਦਾ ਹੈ, ਉਸ ਦੇ ਅਨੇਕਾਂ ਵੇਰਵੇ ਇਸ ਸਵੈ-ਜੀਵਨੀ ਵਿੱਚ ਸੰਗਠਿਤ ਕੀਤੇ ਗਏ ਹਨ।

"ਦੂਜੇ ਪਾਸੇ ਜੇ ਅਛੂਤਾਂ (ਚਮਾਰ-ਚੂਹੜਾ) ਦਾ ਕੋਈ ਮੁੰਡਾ ਨਹਾ ਧੋ ਕੇ ਤੇ ਬੋਦਾ ਵਾਹ ਕੇ ਘਰੋਂ ਬਾਹਰ ਨਿਕਲਦਾ ਤਾਂ ਰੁੱਖ ਹੇਠ ਜਾਂ ਥੜੇ ਉਤੇ ਬੈਠੇ ਜੱਟਾਂ ਦੀ ਢਾਣੀ ਵਿੱਚੋਂ ਕੋਈ ਜਣਾ ਉਹਦੇ ਸਿਰ ਵਿਚ ਮਿੱਟੀ ਪਾ ਦਿੰਦਾ। ਜੇ ਉਹ ਵਿਰੋਧ ਕਰਦਾ ਤਾਂ ਉਹਨੂੰ ਫੈਂਟਾਂ ਚਾੜ੍ਹਿਆ ਜਾਂਦਾ ਅਛੂਤ ਜਾਤੀ ਦੇ ਕਿਸੇ ਆਦਮੀ ਵੱਲੋਂ ਨਵੇਂ ਕਪੜੇ ਪਹਿਨ ਕੇ ਨਿਕਲਣ 'ਤੇ ਉਹਦੀ ਮਾਰ ਕੁੱਟ ਕੀਤੀ ਜਾਂਦੀ ਕਿ ਦੋਸੀ ਸਾਡੀ ਨਕਲ ਜਾਂ ਰੀਸ ਕਰਦੇ ਹਨ। ਇਉਂ ਜੱਟ ਕੰਮੀਆਂ ਲਈ 'ਹਊਆ' ਸੀ ਤੇ ਪਤਾ ਨਹੀਂ ਸੀ ਹੁੰਦਾ ਕਿ ਅਜਿਹੀ ਘਟਨਾ ਕਦੋਂ ਤੇ ਕਿੱਥੇ ਵਾਪਰ ਜਾਵੇ।" (ਪੰਨਾ-13)

'ਛਾਂਗਿਆ ਰੁੱਖ' ਆਪਣੀ ਯਥਾਰਥਕ ਪਹੁੰਚ ਰਾਹੀਂ ਦਲਿਤ ਸਾਹਿਤ ਦੇ ਇਤਿਹਾਸ ਨੂੰ ਵੀ ਇਥੋਂ ਦੀ ਸਮਾਜਕ ਸਥਿਤੀ ਦੇ ਪ੍ਰਸੰਗ ਵਿਚ ਉਭਾਰਦੀ ਹੈ। ਜੀਵਨੀ 'ਚ ਕੇਂਦਰੀ ਪਾਤਰ ਦਾ ਰੋਲ ਨਿਭਾਉਣ ਵਾਲੇ 'ਭਾਈਆ' ਨੂੰ ਜੇਕਰ ਜਾਤੀ ਦਰਜਾਬੰਦੀ ਦਲਿਤ ਹੋਣ ਦਾ ਸੰਤਾਪ ਹੰਢਾਉਂਦਿਆਂ ਜਿੰਨ੍ਹਾਂ ਪਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਤਰੀਕੇ ਨਾਲ ਪੀੜਤ ਅਤੇ ਅਪਮਾਨਿਤ ਜੀਵਨ ਜਿਉਣਾ ਪੈਂਦਾ ਹੈ ਉਸ ਦੇ ਵਿਰੋਧ ਵਜੋਂ ਉਹ ਆਪਣਾ ਗੁੱਸਾ ਆਪਣੀ ਪਤਨੀ ਅਤੇ ਬੱਚਿਆ ਉੱਪਰ ਹੀ ਨਹੀਂ ਕੱਢਦਾ ਸਗੋਂ ਉਹ ਸਮੁੱਚੀ ਵਿਵਸਥਾ 'ਚ ਜਾਤ-ਪਾਤ ਨੂੰ ਨਿਰਧਾਰਤ ਕਰਨ ਵਾਲੇ ਤੱਤਾਂ ਅਤੇ ਦਲਿਤਾਂ ਦੀ ਇਸ ਭੈੜੀ ਜ਼ਿੰਦਗੀ ਲਈ ਜ਼ਿੰਮੇਵਾਰ ਧਰਮਾ, ਵਿਚਾਰਧਾਰਾਵਾਂ, ਸੰਸਥਾਵਾਂ ਨੂੰ ਵੀ ਆਪਣੇ ਆਕ੍ਰੋਸ਼ ਦਾ ਨਿਸ਼ਾਨਾ ਬਣਾਉਂਦਾ ਹੈ। ਵੈਦਿਕ ਪੀਰੀਅਡ ਤੋਂ ਲੈ ਕੇ ਅੰਗਰੇਜ਼ਾਂ ਦੇ ਜ਼ਮਾਨੇ ਤੱਕ ਜਾਤਪਾਤ ਨੂੰ ਪੱਕਾ ਕਰਨ ਤੇ ਦਲਿਤਾਂ ਨੂੰ ਪਸ਼ੂਆਂ ਵਾਂਗ ਜੀਵਨ ਜਿਉਣ ਲਈ ਮਜਬੂਰ ਕਰਨ ਲਈ ਬ੍ਰਾਹਮਣ ਅਤੇ 'ਜ਼ੈਲਦਾਰ' ਦੇ ਰੋਲ ਨੂੰ ਉਹ ਨਿੰਦਦਾ ਹੀ ਨਹੀਂ ਸਗੋਂ ਆਪਣੇ ਬੱਚਿਆਂ ਨੂੰ ਇਹਨਾਂ ਦੇ ਚੁੰਗਲ 'ਚੋਂ ਨਿਕਲਣ ਲਈ ਸੰਘਰਸ਼ ਕਰਨ ਅਤੇ ਪੜ੍ਹਨ ਲਈ ਵੀ ਪ੍ਰੇਰਦਾ ਹੈ। ਅੰਗਰੇਜ਼ਾਂ ਦੇ ਜ਼ਮਾਨੇ ਵਿੱਚ ਜ਼ੈਲਦਾਰਾਂ ਨੰਬਰਦਾਰਾਂ ਤੇ ਸ਼ਫੈਦਪੋਸ਼ਾਂ ਨੇ ਇਸ ਤਰੀਕੇ ਨਾਲ ਅੰਗਰੇਜ਼ਾਂ ਦੇ ਪਿੱਠੂਆਂ ਦੇ ਰੂਪ ਵਿੱਚ ਦਲਿਤਾ ਦਾ ਦਮਨ ਕੀਤਾ, ਉਹਨਾਂ ਤੋਂ ਵਗਾਰ ਕਰਵਾ ਕੇ ਉਹਨਾਂ ਦਾ ਸਮਾਜਕ ਤੇ ਮਾਨਸਿਕ ਸ਼ੋਸ਼ਣ ਕੀਤਾ, ਉਹਨਾਂ ਦੇ ਅੰਸ਼ ਅੱਜ ਵੀ ਹੀਣਤਾ ਭਾਵ ਵਜੋਂ ਦਲਿਤਾਂ ਦੇ ਅਵਚੇਤਨ ਦਾ ਹਿਸਾ ਬਣੇ ਹੋਏ ਹਨ।

"ਨੰਬਰਦਾਰ ਪਿੰਡ ਪੱਧਰ ਤੇ ਸਰਕਾਰੀ ਮੁਲਾਜ਼ਮ ਸੀ... ਅਛੂਤਾਂ ਤੋਂ ਮਨ ਮਰਜ਼ੀ ਨਾਲ ਬਿਨ੍ਹਾ ਇਵਜ਼ ਦੇ ਕੰਮ ਕਰਾਉਂਦਾ। ਉਸ ਤੋਂ ਕਮੀਣਾ ਸਮੇਤ ਬਾਕੀ ਲੋਕ ਬਹੁਤ ਡਰ ਕੇ ਰਹਿੰਦੇ ਕਿਉਂਕਿ ਉਹ ਠਾਣੇ ਵਿੱਚ ਜਾਂ ਜ਼ੈਲਦਾਰ ਕੋਲ ਜਾ ਕੇ ਕਿਸੇ ਦੀ ਵੀ ਸ਼ਿਕਾਇਤ ਕਰ ਸਕਦਾ ਸੀ। ਉਹਦੀ ਹਰ ਥਾਂ ਯਾਨੀ ਸਰਕਾਰੇ ਦਰਬਾਰੇ ਸੁਣੀ ਜਾਂਦੀ। ਉਹਦੀ ਇੱਛਾ ਅਨੁਸਾਰ ਹੀ ਫੈਸਲੇ ਲਈ ਜਾਂਦੇ।...

...ਇਹਨਾਂ ਵੱਲ ਵੇਖ ਕੇ ਹੀ ਜ਼ਿੰਮੀਦਾਰ ਅਛੂਤਾਂ ਦੇ ਖਿਲਾਫ਼ ਜਿਸਮਾਨੀ ਤਸ਼ੱਦਦ ਕਰਦੇ ਰਹਿੰਦੇ। ਅਜਿਹੀਆਂ ਉਦਾਹਰਣਾਂ 65-70 ਸਾਲ ਦੀ ਉਮਰ ਦੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਤੋਂ ਅੱਜ ਵੀ ਚੋਖੀ ਗਿਣਤੀ ਵਿੱਚ ਪੁਛੀਆਂ ਸੁਣੀਆਂ ਜਾ ਸਕਦੀਆਂ ਹਨ।" ਪੰਨਾ 14

ਇਸ ਤਰ੍ਹਾਂ ਅੰਗਰੇਜ਼ਾਂ ਨੇ ਪੰਜਾਬੀਆਂ (ਭਾਰਤੀਆਂ) ਉੱਪਰ ਰਾਜ ਕਰਨ ਲਈ 'ਪਿੱਠੂਆਂ ਤੇ ਟੋਡੀਆਂ' ਦੀ ਜਿਹੜੀ ਇੱਕ ਟੀਮ ਬਣਾਈ ਸੀ, ਉਹ ਸੁਭਾਵਕ ਤੌਰ ਤੇ ਹੀ ਬ੍ਰਾਹਮਣਵਾਦੀ ਨੀਤੀਆਂ

ਅਨੁਸਾਰ ਚੱਲਦੀ ਸੀ ਅਤੇ ਅੰਗਰੇਜ਼ਾਂ ਦੀ ਤੇ ਵਰਣ ਵਿਵਸਥਾ ਦੀ ਹਮਾਇਤ ਕਰਦੀ ਸੀ। ਇਨ੍ਹਾਂ ਤੱਥਾਂ ਦੇ ਨਾਲ ਨਾਲ ਲੇਖਕ ਨੇ ਆਪਣੀ ਸਵੈ-ਜੀਵਨੀ ਦੇ ਮਾਧਿਅਮ ਰਾਹੀ ਦਲਿਤਾਂ (ਅਛੂਤਾਂ ) ਦੀ ਆਰਥਿਕ ਸਥਿਤੀ ਦਾ ਉਲੇਖ ਕਰਦਿਆਂ ਸਪਸ਼ਟ ਕੀਤਾ ਹੈ ਕਿ ਭਾਰਤੀ ਸਮਾਜਿਕ / ਆਰਥਿਕ ਸਭਿਆਚਾਰਕ ਵਿਵਸਥਾ ਨਾਲ ਦਲਿਤਾ ਦਾ ਰਿਸ਼ਤਾ ਅਧੀਨਗੀ ਵਾਲਾ ਹੀ ਨਹੀਂ ਸਗੋਂ ਇਸ ਤੋਂ ਵੀ ਜ਼ਿਆਦਾ ਇਹ ਸ਼ਕਤੀ ਵਿਹੀਨਤਾ ਤੇ ਰਾਜਸੀ ਗੁਲਾਮੀ ਵਾਲਾ ਹੈ। ਕਾਰਣ ਹੈ ਬਾਕੀ ਜਾਤੀਆਂ ਵਾਂਗ ਦਲਿਤਾਂ ਨੂੰ ਆਪਣੇ ਪੈਸੇ ਨਾਲ ਵਰਤਣ / ਰਹਿਣ ਲਈ ਥਾਂ ਖਰੀਦਣ ਦਾ ਅਧਿਕਾਰ ਨਾ ਹੋਣਾ। ਸਗੋਂ ਇਹਨਾਂ ਨੂੰ 'ਮੌਰੂਸੀ' ਕਿਹਾ ਜਾਂਦਾ ਸੀ, ਭਾਵ ਪਿੰਡ ਦੇ ਜ਼ਿੰਮੀਦਾਰਾਂ ਵੱਲੋਂ ਕੰਮੀ-ਕਮੀਣ ਸਮਝੀਆਂ ਜਾਂਦੀਆਂ ਜਾਤਾਂ ਨੂੰ ਰਿਹਾਇਸ਼ ਵਾਸਤੇ ਸਾਂਝੀ ਥਾਂ ਵਿੱਚ ਕੁਝ ਥਾਂ ਰਹਿਣ ਵਾਸਤੇ ਦੇ ਦਿੱਤੀ ਜਾਂਦੀ ਸੀ। ਜਿਸ ਦੇ ਇਵਜ ਵਜੋਂ ਉਹ ਦਲਿਤਾਂ ਤੋਂ ਵਗਾਰ ਕਰਵਾਉਂਦੇ ਸਨ। ਜਿਸਦਾ ਜਿਕਰ ਲੇਖਕ ਨੇ 'ਮੇਰੀ ਜੰਮਣ-ਭੌਂ' ਪਾਠ ਵਿੱਚ ਕੀਤਾ ਹੈ। 'ਮੌਰੂਸੀ' ਹੱਕ ਭਾਰਤ ਦੇ ਆਜ਼ਾਦ ਹੋਣ ਤੱਕ ਕਾਇਮ ਰਿਹਾ ਤੇ ਛੇਵੇਂ ਦਹਾਕੇ ਤੱਕ ਤੇ ਉਸ ਤੋਂ ਪਿਛੋਂ ਦਲਿਤਾਂ ਨੂੰ ਘਰ ਬਣਾਉਣ ਕੂੜਾ ਸੁੱਟਣ ਤੇ ਪਸ਼ੂਆਂ ਦੇ ਖੜਨ ਲਈ ਦੋ ਦੋ ਮਰਲੇ ਜ਼ਮੀਨ ਦਿਤੀ ਗਈ। ਇਸ ਤਰ੍ਹਾਂ ਮੌਰੂਸੀ ਹੱਕ ਖਤਮ ਕਰਕੇ ਅਛੂਤਾਂ ਨੂੰ ਜਾਇਦਾਦ ਵੇਚਣ ਤੇ ਖ੍ਰੀਦਣ ਦਾ ਅਧਿਕਾਰ ਪ੍ਰਾਪਤ ਕਰ ਲਈ ਦਲਿਤ-ਲਹਿਰ ਦਾ ਵੀ ਕਾਫੀ ਯੋਗਦਾਨ ਰਿਹਾ ਹੈ ਜਿਸ ਦੀ ਅਗਵਾਈ ਡਾ ਬੀ. ਆਰ ਅੰਬੇਡਕਰ ਅਤੇ ਸ੍ਰੀ ਮੰਗੂ ਰਾਮ ਮੂਗੋਵਾਲੀਆ ਕਰ ਰਹੇ ਸਨ। ਇਸੇ ਪਾਠ ਵਿੱਚ ਲੇਖਕ ਨੇ ਦਲਿਤਾਂ ਦੇ ਧਰਮ ਬਾਰੇ ਚਰਚਾ ਕਰਦਿਆਂ ਸਵੀਕਾਰ ਕੀਤਾ ਹੈ ਕਿ ਅਛੂਤ, ਉਂਝ ਤਾਂ ਹਿੰਦੂ ਧਰਮ ਦਾ ਹਿੱਸਾ ਮੰਨੇ ਜਾਂਦੇ ਸਨ ਪ੍ਰੰਤੂ ਹਿੰਦੂ ਸਮਾਜ ਦਾ ਕੋਈ ਵੀ ਅਧਿਕਾਰ ਇਨ੍ਹਾਂ ਨੂੰ ਪ੍ਰਾਪਤ ਨਹੀਂ ਸੀ।

"ਤੇ ਅਛੂਤਾ ਦੇ ਮੁਹੱਲੇ / ਬਸਤੀਆਂ ਪੰਜਾਬ ਤੇ ਭਾਰਤ ਦੇ ਪਿੰਡਾਂ ਵਿੱਚ ਲਹਿੰਦੇ ਪਾਸੇ ਹਨ। ਇਸ ਲਈ ਕਿ ਇਹ ਵਰਗ ਹਿੰਦੂ ਸਮਾਜਕ ਵਿਵਸਥਾ ਅਨੁਸਾਰ ਚਹੁੰ ਵਰਣਾਂ ਵਿਚੋਂ ਕਿਸੇ ਵਿੱਚ ਵੀ ਨਹੀਂ ਆਉਂਦੇ ਤੇ ਵਿਵਸਥਾ ਸਮਰੱਥਾਂ ਅਨੁਸਾਰ ਉਨ੍ਹਾਂ ਦਾ ਪ੍ਰਛਾਵਾਂ ਵੀ ਨਹੀਂ ਲਿਆ ਜਾਣਾ ਚਾਹੀਦਾ।" ਪੰਨਾ 18

ਬਲਬੀਰ ਮਾਧੋਪੁਰੀ ਨੇ ਸਵੈ-ਜੀਵਨੀ ਰਾਹੀਂ ਦਲਿਤਾਂ ਦੇ ਦਮਨ ਤੇ ਅਮਾਨਵੀ ਪੱਖਾ ਨੂੰ ਸਮੁੱਚੀ ਸਮਾਜਕ ਸਰੰਚਨਾ 'ਚ ਫੈਲਾਉਂਦਿਆਂ ਤੇ ਵਿਸ਼ਲੇਸ਼ਣ ਕਰਦਿਆਂ ਅਛੂਤਾਂ ਦੇ ਰਹਿਣ-ਸਹਿਣ ਖਾਣ-ਪੀਣ ਦੀ ਵਿਵਸਥਾ ਬਾਰੇ ਵੀ ਆਪਣੇ ਬਾਲਪਨ ਤੋਂ ਜਵਾਨੀ ਤੱਕ ਪਹੁੰਚਦਿਆਂ ਅਨੇਕਾਂ ਘਟਨਾਵਾਂ ਦਾ ਵਰਣਨ ਕੀਤਾ ਹੈ। ਇਹ ਵਰਣਨ ਨਾਂ ਹੀ ਕਾਲਪਨਿਕ ਹੈ ਤੇ ਨਾ ਹੀ ਮਨ-ਬਚਨੀ। ਉਹ ਸੱਚ ਹੈ ਜਿਹੜਾ ਲੇਖਕ ਨੇ ਆਪਣੇ ਹੱਡੀਂ ਹੰਢਾਇਆ ਤੇ ਆਪਣੀ ਕਲਮ ਦੀ ਨੋਕ ਰਾਹੀਂ ਸਵੈ-ਜੀਵਨੀ ਦੇ ਰੂਪ ਵਿਚ ਪੇਸ਼ ਕੀਤਾ ਹੈ।

ਗੁਰਦੁਆਰਿਆਂ, ਮੰਦਿਰਾਂ, ਵਿਆਹ, ਸਾਦੀਆਂ ਜਾਂ ਹੋਰ ਮੌਕਿਆਂ ਤੇ ਅਛੂਤਾਂ ਦੇ ਬੱਚਿਆਂ ਨੂੰ ਪ੍ਰਸਾਦ ਦੇਣ ਵੇਲੇ ਲੰਗਰ ਖੁਆਉਣ ਵੇਲੇ ਅਜੀਬ ਵਰਤਾਰਾ ਵੇਖਣ ਨੂੰ ਮਿਲਦਾ ਹੈ, ਜਿਸ ਦਾ ਜਿਕਰ ਲੇਖਕ ਨੇ 'ਕੋਰੇ ਕਾਗ਼ਜ਼ ਦੀ ਗੂਹੜੀ ਲਿਖਤ' ਦੇ ਅੰਤਰਗਤ ਕੀਤਾ ਹੈ। ਇਸ ਵਰਤਾਰੇ ਵਿੱਚ 'ਭਿੱਟ' ਵੀ ਸ਼ਾਮਲ ਹੈ। ਸਰਕਾਰੀ ਨੌਕਰੀਆਂ, ਵਣਜ ਵਪਾਰ ਜਾਂ ਕਿਸੇ ਮਜ਼ਬੂਰੀ ਵਸ ਸ਼ਹਿਰਾਂ 'ਚ ਆਬਾਦ ਹੋਏ ਅਛੂਤ ਪਰਿਵਾਰਾਂ ਨਾਲ ਬੇਸਕ 'ਭਿੱਟ' ਵਰਗੀ ਸਥਿਤੀ ਨਹੀਂ। ਵਾਪਰਦੀ , ਪ੍ਰੰਤੂ ਇਹ ਵਰਤਾਰਾ ਪਿੰਡਾਂ ਵਿੱਚ ਆਰਥਿਕ ਅਤੇ ਸਮਾਜਿਕ ਪੱਖੋਂ ਬੇਵਸੀ 'ਚ ਜਿਉ ਰਹੇ ਦਲਿਤਾਂ ਨਾਲ ਕਿਸੇ ਨਾ ਕਿਸੇ ਰੂਪ 'ਚ ਕਿਰਿਆ ਸ਼ੀਲ ਹੈ, ਉਸ ਦੀ ਮਾਤਰਾ ਸਮੇਂ ਤੇ ਸਥਿਤੀ ਅਨੁਸਾਰ ਘੱਟ ਜ਼ਰੂਰ ਹੋ ਗਈ ਹੈ।

"ਏਦਾਂ ਹੀ ਇਕ ਦੋ ਵਾਰ ਮੇਰੀ ਕੌਲੀ ਉਸ ਵੇਲੇ ਹੱਥੋਂ ਛੁੱਟ ਕੇ ਥੱਲੇ ਡਿੱਗ ਪਈ ਜਦੋਂ ਭਾਈ ਕਾਹਲੀ ਕਾਹਲੀ ਜ਼ੋਰ ਜ਼ੋਰ ਨਾਲ ਛਡਵਾਂ ਜਿਹਾ ਪ੍ਰਸਾਦ ਉਤੋਂ ਹੀ ਸੁੱਟ ਰਿਹਾ ਸੀ ਕਿ ਕਿਤੇ ਉਹਦਾ ਹੱਥ ਕੌਲੀ ਜਾਂ ਹੱਥਾਂ ਨੂੰ ਨਾ ਛੋਹ ਜਾਵੇ।" ਪੰਨਾ 20





ਜ਼ਮੀਨ ਨਾ ਹੋਣ ਦੀ ਕਮੀ ਚੰਗੇ ਘਰ ਦੀ ਇੱਛਾ ਚੰਗਾ ਰੱਜਵਾਂ ਖਾਣ-ਪੀਣ ਦੀ ਲਾਲਸਾ ਪੈਰਾਂ 'ਚ ਜੁੱਤੀ ਤੇ ਤਨ 'ਤੇ ਕਪੜੇ ਨਾ ਹੋਣਾ ਦੀ ਦਿਲ ਕੰਬਾਉ ਸਥਿਤੀ 'ਚ ਭਾਈਏ ਦਾ ਗੱਲ ਗੱਲ ਤੇ ਖਿਝੇ ਰਹਿਣਾ ਤੇ ਆਪਣੀ ਗਰੀਬੀ 'ਚ ਝੂਰਨਾ ਆਦਿਕ ਅਜਿਹੇ ਦ੍ਰਿਸ਼ਟਾਂਤ ਹਨ, ਜਿਨ੍ਹਾਂ ਨੇ ਇਸ ਜੀਵਨੀ ਦੇ ਕਥਾ ਵਾਚਕ ਦੀ ਮਾਨਸਿਕਤਾ ਉੱਪਰ ਅਮਿੱਟ ਪ੍ਰਭਾਵ ਪਾਇਆ। ਇਸ ਦੇ ਨਾਲ ਹੀ ਪਸ਼ੂਆਂ ਦੇ ਮਰਨ ਉਪਰੰਤ ਉਨ੍ਹਾਂ ਨੂੰ ਹੱਡਾ ਰੋੜੀ ਤੱਕ ਪਹੁੰਚਾਉਣ ਤੇ ਮੁੜ ਉਨ੍ਹਾਂ ਦੀ ਖੱਲ ਉਖੇੜ ਕੇ ਤੇ ਚਰਬੀ ਕੱਢ ਕੇ ਮੀਟ ਦੇ ਰੂਪ 'ਚ ਖਾਣ ਤੇ ਦਾਲ ਸਬਜੀ ਨੂੰ ਤੁੜਕਾ ਲਾਉਣ ਦੇ ਹੱਢੀ ਹੰਢਾਏ ਅਨੁਭਵ ਲੇਖਕ ਦੀ ਮਾਨਸਿਕ ਸਥਿਤੀ 'ਚ ਅਜਿਹਾ ਉਬਾਲ ਪੈਦਾ ਕਰ ਦਿੰਦੇ ਹਨ ਕਿ ਉਹ ਆਪਣੀ ਜ਼ਿੰਦਗੀ ਦਾ ਵਖਿਆਨ ਕਰਦਾ ਹੋਇਆ ਵੀ ਇਸ ਵਿਵਸਥਾ 'ਤੇ ਟਿੱਪਣੀ ਕਰਨੋ ਗੁਰੇਜ ਨਹੀਂ ਕਰਦਾ।

"ਜਦੋਂ ਮੈਂ ਹੱਡਾ ਰੋੜੀ ਤੋਂ ਮੁੜਕੇ ਜਾਂ ਆਮ ਦਿਨਾਂ ਵਿੱਚ ਨਲਕੇ ਤੋਂ ਪਾਣੀ ਪੀਂਦਾ ਤਾਂ ਜੱਟਾਂ ਦਾ ਜਿਹੜਾ ਮੁੰਡਾ ਵੀ ਮੇਰੇ ਤੋਂ ਬਾਅਦ ਪਾਣੀ ਪੀਂਦਾ ਤਾਂ ਉਹ ਪਹਿਲਾ ਉਹ ਨਲਕੇ ਨੂੰ ਚੰਗੀ ਤਰ੍ਹਾਂ ਧੋ ਕੇ ਸੁੱਚਾ ਕਰਦਾ। ਮੈਂ ਸੋਚਦਾ, 'ਮੇਰੇ ਹੱਥਾਂ ਨੂੰ ਭਲਾ ਕੀ ਲੱਗਾ ਆ ਇਹ ਆਪ ਵੀ ਤਾਂ ਉਨ੍ਹਾਂ ਦੀਆਂ ਪੂਛਾਂ ਮਰੋੜਦਾ ਆ। ਮਰਿਆ ਪਸ਼ੂ ਜਦੋਂ ਸਾਡੀ ਬਿਰਾਦਰੀ ਦੇ ਬੰਦਿਆਂ ਨੇ ਚੁੱਕ ਲਿਆ ਹੁੰਦਾ ਤਾਂ ਜੱਟੀਆਂ ਪਿੱਛੇ ਪਿੱਛੇ ਜਲ ਦੇ ਛਿੱਟੇ ਦਿੰਦੀਆਂ ਤੇ ਮੂੰਹੋਂ 'ਸਤਨਾਮ ਵਾਖਰੂ' ਕਹਿ ਕੇ ਹਵੇਲੀ ਦਾ ਵਿਹੜਾ ਪਵਿੱਤਰ ਕਰਦੀਆਂ।'

ਇਸੇ ਲੜੀ ਵਿੱਚ ਦਲਿਤ ਜੀਵਨ ਦੀ ਰੋਜ਼ਾਨਾ ਜ਼ਿੰਦਗੀ ਦੇ ਨਿਰਦਰੀ ਤੇ ਗੌਰਵ ਹੀਣਤਾ ਭਰੇ ਪਲਾ ਦੀ ਵਿਆਖਿਆ ਕਰਦਾ ਪਾਠ 'ਤਿੜਕੇ ਸੀਸ਼ੇ ਦੀ ਵਿਥਿਆ' ਕਾਫ਼ੀ ਮਹੱਤਵਪੂਰਨ ਹੈ। ਦਲਿਤ ਕਿਉਂਕਿ ਜ਼ਿਆਦਾਤਰ ਖੇਤੀ ਬਾੜੀ ਤੇ ਸੀਰੀ ਸਾਂਝੀ ਦਿਹਾੜੀਦਾਰ ਜਾਂ ਕਿਸੇ ਹੋਰ ਰੂਪ 'ਚ ਨਿਰਭਰ ਹਨ। ਜਿਨ੍ਹਾਂ ਦਾ ਸਿੱਧਾ ਸੰਬੰਧ ਜ਼ਿੰਮੀਦਾਰਾਂ ਨਾਲ ਹੈ। ਆਪਣੇ ਘਰਾਂ 'ਚ ਚੁੱਲ੍ਹਾ ਬਾਲਣ ਪਸ਼ੂਆਂ ਨੂੰ ਚਾਰਾ ਦੇਣ ਤੋਂ ਲੈ ਕੇ ਜਨਮ ਮੌਤ ਦੇ ਸਾਰੇ ਸੰਸਕਾਰਾਂ ਲਈ ਦਲਿਤਾਂ ਨੂੰ ਜੱਟਾਂ ਤੇ ਹੀ ਨਿਰਭਰ ਹੋਣਾ ਪੈਂਦਾ ਹੈ ਇਸ ਤਰ੍ਹਾਂ ਕਦੇ ਦੋ ਰੁੱਗ ਹਰਾ ਚਾਰਾ ਵੱਢ ਲਿਆਉਣ ਕਦੇ ਚਾਰ ਡੱਕੇ ਚੁੱਕ ਲਿਆਉਣ ਜਾਂ ਕਦੇ ਕਦਾਈਂ ਖੇਤਾਂ 'ਚੋਂ ਹਰੀ ਸਬਜੀ ਚੋਰੀ ਲੈ ਆਉਣ ਦੀਆਂ ਘਟਨਾਵਾਂ ਆਮ ਹੀ ਵਾਪਰਦੀਆਂ ਰਹਿੰਦੀਆਂ ਹਨ।

ਜਿਨ੍ਹਾਂ ਦਲਿਤਾਂ ਨੂੰ ਪੰਚਾਇਤਾਂ / ਠਾਣਿਆਂ ਤੋਂ ਬਿਨਾ ਜੱਟਾਂ ਰਾਹੀਂ ਹਰ ਰੋਜ਼ ਹੀ ਬੇਪੱਤ ਹੋਣਾ ਪੈਂਦਾ ਹੈ। ਇਸ ਸਥਿਤੀ ਨੂੰ ਪੇਸ਼ ਕਰਦੇ ਇਸ ਪਾਠ ਵਿੱਚ ਜਿੱਥੇ ਦਲਿਤਾਂ ਵਲੋਂ ਅਧੀਨਗੀ ਤੇ ਨਿਆਸਰੇ ਪਣ ਨੂੰ ਬਿਰਤਾਂਤਾ ਵਿੱਚ ਢਾਲ ਕੇ ਪੇਸ਼ ਕੀਤਾ ਗਿਆ ਹੈ ਉਥੇ ਫੁੱਮਣ ਸਿੰਘ ਦੇ ਚਰਿੱਤਰ ਰਾਹੀਂ ਇਸ ਕਿਸਮ ਦੀ ਅਧੀਨਗੀ ਦੇ ਖਿਲਾਫ਼ ਇਨਕਲਾਬੀ ਮੋਰਚਾ ਖੋਲ੍ਹਿਆ ਗਿਆ ਹੈ, ਜਿਸ ਦਾ ਜਿਕਰ ਬਲਬੀਰ ਨੇ ਨਾਟਕੀਂ ਅੰਸ਼ਾਂ ਰਾਹੀਂ ਬਹੁਤ ਹੀ ਕਲਾਤਮਿਕ ਢੰਗ ਨਾਲ ਕੀਤਾ ਹੈ।

'ਅਸੀਂ ਦਿਨ ਰਾਤ ਸੱਪਾਂ ਦੀਆਂ ਸਿਰੀਆਂ ਮਿੱਧ ਮਿੱਧ ਫਸਲਾਂ ਪਾਲਦੇ ਆ ਤੇ ਇਹ ਚੌਣਾ ਜਿਧਰ ਜਾਂਦੈ ਉਜਾੜਾ ਪਾ ਆਉਂਦਾ। ਕਦੀਂ ਛੱਲੀਆਂ ਮਰੋੜ ਲਿਆਏ, ਕਦੀ ਸਾਗ ਤੋੜ ਲਿਆਏ ਕਦੀ ਗੰਨੇ ਭੰਨ ਲਿਆਏ... ਕਦੇ ਛੋਲੀਆਂ ਪੱਟ ਲਿਆਏ।' ਪੰਨਾ 35

ਇਸ ਕਿਸਮ ਦੀ ਹੁੰਦੀ ਬੇਪਤੀ ਵਿੱਚ ਅਛੂਤਾਂ ਵਿੱਚ ਸਿਰ ਉਠਾ ਕੇ ਤੁਰਨ ਤੇ ਕੁਝ ਕਹਿਣ ਦੀ ਹਿੰਮਤ ਨਹੀਂ ਰਹਿੰਦੀ ਤੇ ਉਹਨਾਂ ਦੇ ਜ਼ਹਿਨ ਵਿੱਚ ਪੀੜ੍ਹੀ ਦਰ ਪ੍ਰੀੜ੍ਹੀ ਅਧੀਨਗੀ ਦੇ ਅੰਸ਼ ਰਚਦੇ ਚਲੇ ਜਾਂਦੇ ਹਨ। ਜਿਸ ਦਾ ਅਸਰ ਲੇਖਕ ਨੇ ਆਪਣੇ ਪਿਤਾ ਦੀ ਮਨੋਦਸ਼ਾ 'ਤੇ ਪਏ ਪ੍ਰਭਾਵਾ ਦੇ ਰੂਪ 'ਚ ਵੇਖਿਆ। ਜਿਲ ਜਿਲ ਕਰਕੇ ਮਰਨ ਦੀ ਇਹ ਸਥਿਤੀ ਇਸ ਸਵੈ-ਜੀਵਨੀ ਦਾ ਕੇਂਦਰੀ ਧੁਰਾ ਹੈ। ਵੱਡੇ ਪਰਿਵਾਰ ਨੂੰ ਰੋਟੀ ਦੇਣ ਦੋਵਾਂ ਪੁੱਤਰਾਂ ਨੂੰ ਪੜ੍ਹਾ ਕੇ ਸਰਕਾਰੀ ਨੌਕਰੀ 'ਚ ਲੱਗਾ ਦੇਖਣ ਦੀ ਇੱਛਾ ਬੇਸ਼ਕ 'ਭਾਈਏ' ਦੇ ਮਨ ਨੂੰ ਕਰੜਾ ਨਹੀਂ ਰੱਖਦੀ ਹੈ ਪ੍ਰੰਤੂ ਫਿਰ ਵੀ ਕਿਤੇ ਕਿਤੇ ਉਹ ਇਸ ਸੰਘਰਸ਼ ਭਰੀ ਜ਼ਿੰਦਗੀ ਤੋਂ ਅੱਕਦਾ ਵੀ ਪ੍ਰਤੀਤ ਹੁੰਦਾ ਹੈ। ਜ਼ਮੀਨ ਨਾ ਹੋਣ ਦੀ ਥੁੜ 'ਚੋਂ ਕਦੇ ਕਦੇ ਭਾਈਆ ਆਪਣੇ ਆਪ ਨਾਲ ਹੀ ਰੱਬ ਨਾਲ ਵੀ ਆਢ੍ਹਾ ਲਾਉਣ ਨੂੰ ਤਿਆਰ ਹੋ ਜਾਂਦਾ ਹੈ।

'ਜੇ ਚਾਰ ਸਿਆੜ ਸਾਡੇ ਬੀ ਹੁੰਦੇ ,ਬੜੀ ਸੁਹਣੀ ਗੁਜਰ ਬਸਰ ਹੋਈ ਜਾਣੀ ਸੀ... ਪਤਾ ਨਈਂ ਕਿਹੜੇ ਕੰਜ਼ਰ ਨੇ ਸਾਨੂੰ ਜ਼ਮੀਨਾਂ ਤੋਂ ਬਿਰਵੇ ਰੱਖਿਆ। ਜੇ ਮਿਲੇ ਤਾਂ ਸਾਲੇ ਨੂੰ ਪੁਛੀਏ ਪਈ ਮਾਮਾ ਤੂੰ ਸਾਡੇ ਆਂਗੂੰ ਦੂਜੇ ਦਾ ਗਲੱਮ ਹੋ ਕੇ ਦੇਖ, ਦੋਹ ਦਿਨਾਂ 'ਚ ਈ ਢੂਹਾ ਨਾ ਪਾਟ ਜਾਏ ਤਾਂ ਮਈਨੂੰ ਫੜ ਲੈਣਾ।"

ਪੰਨਾ 40

ਇਹ ਉਹ ਤੱਤ ਹਨ ਜਿਹੜੇ ਆਰਥਿਕ ਮੰਦਹਾਲੀ ਤੇ ਬੇਬਸੀ ਦੇ ਆਲਮ 'ਚ ਜਾਤੀ-ਅਧਾਰਤ ਹੁੰਦੇ ਵਿਤਕਰੇ ਤੋਂ ਪੀੜਤ ਮਨ ਦੀ ਸਮੁੱਚੀ ਸਮਾਜਕ ਸਾਰੰਚਨਾ ਰਾਹੀਂ ਅਵਚੇਤਨ 'ਚ ਸਮਾ ਜਾਂਦੇ ਹਨ ਤੇ ਮੁੜ ਉਹਨਾਂ ਲੋਕਾਂ ਨੂੰ ਸਾਰਾ ਜੀਵਨ ਇਸ ਕਿਸਮ ਦੀ ਮਾਨਸਿਕਤਾ ਦੇ ਅਧੀਨ ਹੀ ਬਣੇ ਸੰਸਕਾਰਾ ਦਾ ਗੁਲਾਮ ਹੋ ਕੇ ਗੁਜ਼ਾਰਨਾ ਪੈਂਦਾ ਹੈ। ਇਸ ਕਿਸਮ ਦੀ ਸਮਾਜਕ ਗੁਲਾਮੀ ਤੇ ਆਰਥਿਕ ਮੰਦਹਾਲੀ ਤੋਂ ਨਿਜ਼ਾਤ ਪਾਉਣ ਲਈ ਸਵੈ-ਜੀਵਨੀਕਾਰ ਦਾ 'ਭਾਈਆ" ਅਜਿਹੀ ਰੌਸ਼ਨੀ ਦੀ ਕਿਰਨ ਦੇ ਰੂਪ 'ਚ ਵਿਚਰਦਾ ਹੈ ਜਿਹੜਾ ਇਸ ਸਮੁਚੀ ਜਾਤ ਵਾਦੀ ਵਿਵਸਥਾ ਦਾ 'ਵਿਸ਼ਲੇਸ਼ਣ' ਕਾਰ ਵੀ ਹੈ ਤੇ ਰਾਹ-ਦਸੇਰਾ ਵੀ। ਉਹ ਜਦੋਂ ਵੀ ਔਕਿਆ ਹੋਇਆ ਬੇ-ਬਸੀ ਦੇ ਆਲਮ 'ਚ ਤੜਪਦਾ ਹੈ ਤਾਂ ਉਹ ਆਪਣੇ ਬੱਚਿਆਂ ਨੂੰ ਪੜ੍ਹਾ ਕੇ ਇਸ ਯੁੱਗ ਨੂੰ ਬਦਲਣਾ ਵੇਖਣਾ ਚਾਹੁੰਦਾ ਹੈ। ਬੇਸ਼ਕ ਉਸ ਦੇ ਜ਼ਿਹਨ 'ਚ ਸੰਘਰਸ਼ ਦੀਆਂ ਸਥਾਪਨਾਵਾਂ ਉਸ ਕਿਸਮ ਦੀਆਂ ਨਹੀਂ ਜਿਵੇਂ ਅਸੀਂ ਇਨਕਲਾਬੀ ਕਿਰਤਾਂ ਦੇ ਨਾਇਕਾਂ ਦੇ ਚਰਿਤਰ ਦੇ ਰੂਪ 'ਚ ਵੇਖਦੇ ਹਾਂ। ਵਿਚਾਰਧਾਰਕ ਤੌਰ ਤੇ 'ਭਾਈਆ' ਅੰਬੇਡਕਰਵਾਦੀ ਸੁਭਾਅ ਦਾ ਹੈ, ਖੱਬੇ ਪੱਖੀਆਂ ਦੇ ਰੋਲ ਨੂੰ ਉਹ ਬਾਖੂਬੀ ਜਾਣਦਾ ਹੈ। ਇਸ ਲਈ ਉਹ ਜਦੋਂ ਵੀ ਬੋਲਦਾ ਹੈ ਤਾਂ ਭਾਰਤੀ ਸਮਾਜ 'ਚ ਬਣੀ ਦਰਜਾਬੰਦੀ ਰਾਹੀਂ ਪਿਸ ਰਹੀਆਂ ਜਾਤੀਆਂ ਦੀ ਵਿਹਾਰਕ ਸਥਿਤੀ ਦੇ ਬਹੁਤ ਹੀ ਕਰੀਬ ਹੁੰਦਾ ਹੈ। ਬਿਜਲੀ ਦੇ ਪੱਖੇ ਲੱਗਣ ਬਾਰੇ ਜਦੋਂ ਉਸ ਨੂੰ ਜਾਣਕਾਰੀ ਮਿਲਦੀ ਹੈ ਤਾਂ ਉਹ ਆਪਣਾ ਪ੍ਰਤੀਕਰਮ ਝੱਟ ਹੀ ਦੇ ਦਿੰਦਾ ਹੈ,

"ਅਸੀਂ ਤਾਂ ਜਾਣਦੇ ਜੇ ਸਾਡੇ ਘਰਾਂ ਚੋਂ ਨ੍ਹੇਰਾ ਮੁੱਕੂ। ਇਹ ਸਾਰਾ ਕੁਛ ਅਮੀਰਾਂ ਲਈ ਹੈਗਾ। ਸਾਡੇ ਭਾ ਦੀ ਅਜ਼ਾਦੀ ਜੇਹੀ ਆਈ ਜੇਹੀ ਨਾ ਆਈ। ਮੈਂ ਨਜ਼ਮੀ ਨਹੀਂ ਪਰ ਇਕ ਗੱਲ ਦੱਸ ਦਿਨਾਂ ਪਈ ਹੁਣ ਜੇ ਤੁਸੀਂ ਪੜ੍ਹ ਲਿਖ ਗਏ ਤਾਂ ਘਾਹੀ ਦੇ ਪੁੱਤ ਨੇ ਘਾਹੀ ਨਹੀਂ ਰਹਿਣਾ। ਬਸ ਪੜ੍ਹ ਲਓ ਜਿੱਦਾਂ ਕਿੱਦਾਂ ਜ਼ਿਮੀਦਾਰਾਂ ਦੀ ਗੁਲਾਮੀ ਨਾ ਕਰਨੀ ਪਊ।" ਪੰਨਾ 53

ਉਹ ਖੱਬੇ ਪੱਖੀ ਪਾਰਟੀਆਂ ਦੀ ਵਿਚਾਰਧਾਰਕ ਸਮਝ ਅਤੇ ਵਿਹਾਰਕ ਚੇਤਨਾ ਬਾਰੇ ਵੀ ਸਪਸ਼ਟ ਹੈ ਤੇ ਪੂੰਜੀਵਾਦੀ ਆਰਥਕ ਵਿਵਸਥਾ ਦਾ ਫਾਇਦਾ ਕਿਸ ਨੂੰ ਹੋਣਾ ਹੈ, ਉਸ ਬਾਰੇ ਵੀ ਉਹ ਅਣਜਾਣ ਨਹੀਂ।" ਇਸ ਲਈ ਉਹ ਪੜ੍ਹ ਲਿਖ ਕੇ ਆਪਣਾ ਜਨਮ ਸੁਧਾਰ ਲੈਣ ਦੀ ਗੱਲ ਬਾਰ ਬਾਰ ਕਰਦਾ ਹੈ, ਇਸ ਪ੍ਰਕਾਰ ਮਾਧੋਪੁਰੀ ਦੀ ਇਹ ਸਵੈ ਜੀਵਨੀ ਦਲਿਤ ਜੀਵਨ ਦੀ ਅੰਦਰਲੀ ਬਣਤਰ ਨੂੰ ਉਸ ਦੇ ਅਲੱਗ ਅਲੱਗ ਪਹਿਲੂਆਂ ਦੇ ਰੂਪ 'ਚ ਉਭਾਰਦੀ ਹੈ। ਇਹੋ ਪਹਿਲੂ ਦਲਿਤ-ਯਥਾਰਥ ਨੂੰ ਨਿਰਧਾਰਤ ਕਰਨ 'ਚ ਅਹਿਮ ਰੋਲ ਅਦਾ ਕਰਦੇ ਹਨ। ਇਸ ਯਥਾਰਥ ਵਿੱਚ ਦਲਿਤ ਹੋਣ ਦਾ ਖੌਫ਼ ਵੀ ਹੈ ਤੇ ਪੀੜਾ ਵੀ। ਨਾਲ ਹੀ ਬਾਕੀ ਸਮਾਜ ਨਾਲੋਂ ਵਖਰੇਵਾਂ ਵੀ। ਇਸ ਵਖਰੇਪਣ ਦੀ ਆਪਣੀ ਇਕ ਅਲੱਗ ਜੀਵਨ ਸੈਲੀ ਹੈ ਇਸ ਜੀਵਨ-ਸ਼ੈਲੀ ਵਿੱਚ ਕੁਝ ਪਹਿਲੂ ਅਜਿਹੇ ਹਨ ਜਿਹੜੇ ਦਲਿਤ ਅਨੁਭਵ ਰਾਹੀਂ ਇਸ ਜੀਵਨ ਨੂੰ ਵਖਰੇ ਵਰਗ ਦੇ ਰੂਪ 'ਚ ਉਭਾਰਦੇ ਹਨ। ਲੇਖਕ ਨੇ ਅਚੇਤ-ਸੁਚੇਤ ਇਨ੍ਹਾਂ ਤੱਤਾਂ ਨੂੰ ਬਾਖੂਬੀ ਆਪਣੇ ਜੀਵਨ ਦਰਪਣ ਦਾ ਹਿੱਸਾ ਬਣਦਾ ਵੇਖਿਆ ਹੈ ਤੇ ਬਿਆਨ ਵੀ ਕੀਤਾ ਹੈ।

ਆਰਥਿਕ ਸਥਿਤੀ ਦੇ ਪੱਖ ਤੋਂ ਤਾਂ ਬੇਸ਼ਕ ਪੰਜਾਬ ਦੇ ਦਲਿਤਾਂ ਭਾਵ ਚੂਹੜੇ, ਚਮਾਰ, ਬਾਜ਼ੀਗਰ ਆਦਿਕ ਜਾਤੀਆਂ ਦੇ ਹਾਲਾਤ ਭਾਰਤ 'ਚ ਕਬੀਲਿਆਂ ਆਦਿ-ਵਾਸੀਆਂ ਟਪਰੀ-ਵਾਸਾਂ ਅਛੂਤਾਂ ਆਦਿਕ ਜਾਤੀਆਂ ਤੋਂ ਕੁਝ ਚੰਗੇ ਹਨ ਪ੍ਰੰਤੂ ਮੋਏ ਪਸ਼ੂਆਂ ਦਾ ਚੰਮ ਢੋਣ ਮੋਏ ਪਸ਼ੂਆਂ ਦਾ ਮਾਸ ਖਾਣ ਮੈਲ਼ ਢੋਣ ਆਪਣੇ ਸਿਰ ਤੇ ਖੰਭ ਟੰਗਣ ਤੇ ਮੂੰਹ 'ਤੇ ਕੁੱਜਾ ਬਨ੍ਹੰਣ ਵਰਗੀਆਂ ਅਮਾਨਵੀ ਸਥਿਤੀਆਂ 'ਚ ਸਭ ਤੋਂ ਭੈੜੀ ਹੈ। ਬੇਸ਼ਕ ਇਹ ਗੈਰ ਮਨੁੱਖੀ ਵਿਤਕਰੇ ਆਜ਼ਾਦੀ ਤੋਂ ਬਾਅਦ ਕਾਫ਼ੀ ਘੱਟ ਹੋ ਗਏ ਹਨ, ਪ੍ਰੰਤੂ





ਅਸਿੱਧੇ ਤੌਰ ਤੇ ਰੂਪ ਬਦਲਦੇ ਇਹ ਅੱਜ ਵੀ ਜਾਰੀ ਹਨ।

ਇਸੇ ਲੜੀ 'ਚ ਅਲੱਗ ਅਲੱਗ ਮੰਦਰਾਂ ਗੁਰਦੁਆਰਿਆਂ ਮੜ੍ਹੀਆਂ ਬਸਤੀਆਂ 'ਚ ਜਾਤ-ਅਧਾਰਤ ਵਖਰੇਵਾਂ ਅੱਜ ਵੀ ਮੌਜੂਦ ਹੈ।

'ਗੁੱਗਾ ਨੌਮੀ ਦੇ ਦਿਨ ਸਾਡੇ ਵਿਹੜੇ ਦੀਆਂ ਮੇਰੀਆਂ ਚਾਚੀਆਂ-ਤਾਈਆਂ ਬੋਹੜ ਵਾਲੇ ਗੁਰਦਾਸ ਹੁਰਾਂ ਦੀ ਜਗ੍ਹਾ ਉਤੇ ਦੀਵੇ ਜਗਾਉਂਦੀਆਂ ਮੱਥਾ ਟੇਕਦੀਆਂ।... ਪਿੰਡ ਦੇ ਚੜ੍ਹਦੇ ਪਾਸੇ ਦੋ ਹਲਟੇ ਖੂਹ ਉੱਤੇ ਸਿਰਫ ਜੱਟੀਆਂ , ਬਾਹਮਣੀਆਂ 'ਤੇ ਸੁਨਿਆਰੀਆਂ ਹੀ ਸੇਮੀਆਂ ਚੜ੍ਹਾਉਣ ਜਾਂਦੀਆਂ।' ਪੰਨਾ 66

ਆਪਣੇ ਹੀ ਸੰਸਕ੍ਰਿਤੀ ਅਤੇ ਮੁਲਕ ਵਿੱਚ ਦਲਿਤਾਂ ਦੀ ਅਲੱਗ ਜੀਵਨ-ਸ਼ੈਲੀ ਤੇ ਅਨੁਭਵ ਨੂੰ ਅਲੱਗ ਰੂਪ 'ਚ ਨਿਰਧਾਰਤ ਕਰਦੇ ਇਹ ਤੱਥ ਸਪਸ਼ਟ ਕਰਦੇ ਹਨ ਕਿ ਇਨ੍ਹਾਂ ਦੀ ਭਾਸ਼ਾ, ਸਭਿਆਚਾਰ ਅਤੇ ਸਾਹਿਤ ਬਾਰੇ ਸਾਨੂੰ ਵਿਸ਼ੇਸ਼ ਸਮਝ ਦੀ ਲੋੜ ਹੈ, 'ਜੱਟਾਂ ਦੇ ਨਿਆਣੇ ਤੇ ਮੇਰੇ ਹਾਣੀ ਸਾਨੂੰ ਮੈਲ਼ ਪੀਣੇ ਲੋਕ ਕਹਿੰਦੇ। ਜਦੋਂ ਕਦੀ ਤੂੰ ਤੂੰ , ਮੈਂ ਮੈਂ ਹੋ ਜਾਂਦੀ ਤਾਂ ਉਹ 'ਚਮਾਰ ਮਾਂ ਦੇ ਯਾਰ' ਵਰਗੇ ਕਾਵਿਕ ਫਿਕਰੇ ਬਣਾ ਕੇ ਕੱਸਦੇ" (ਪੰਨਾ 83) ਇਸ ਤਰ੍ਹਾਂ ਇਹ ਸਮਾਜ ਦੇ ਜਿਸ ਵਰਗ ਨੂੰ ਪਸ਼ੂਆਂ ਦਾ ਮੋਇਆ ਮਾਸ ਖਾਣ ਤੇ ਮੈਲ਼ ਖਾਣ ਦਾ ਅਨੁਭਵ ਹੀ ਹਾਸਲ ਨਹੀਂ ਹੋਇਆ ਉਹ ਉਸ ਦੀ ਪੇਸ਼ਕਾਰੀ ਕਿਵੇਂ ਕਰ ਸਕੇਗਾ। ਜੇਕਰ ਕਰੇਗਾ ਵੀ ਯਕੀਨਨ ਉਸ ਵਿਚੋਂ ਉਹ ਸੰਤਾਪ / ਪੀੜ ਵੇਦਨਾ ਪ੍ਰਗਟ ਨਹੀਂ ਹੋ ਸਕੇਗੀ। ਜਿਹੜੀ ਦਲਿਤਾਂ ਦੇ ਮੈਲ ਖਾਂਣ ਤੋਂ ਉਪਰੰਤ ਪੈਦਾ ਹੋਈ ਮਾਨਸਿਕ ਸਥਿਤੀ 'ਚੋਂ ਉਲੀਕੀ ਜਾ ਸਕਦੀ ਹੈ।

'ਛਾਂਗਿਆ ਰੁੱਖ' ਪੰਜਾਬੀ ਸਾਹਿਤ ਵਿੱਚ ਆਪਣੀ ਯਥਾਰਥ ਪਹੁੰਚ ਸਦਕਾ ਦਲਿਤ ਜੀਵਨ ਅਤੇ ਸਾਹਿਤ ਸੰਬੰਧੀ ਕੁੱਝ ਅਜਿਹੀਆਂ ਧਾਰਨਾਵਾਂ ਸੂਤਰਾਂ ਨੂੰ ਉਭਾਰਦੀ ਹੈ। ਜਿਸ ਨਾਲ ਦਲਿਤ ਸਾਹਿਤ ਦਾ ਗਲਪ ਸ਼ਾਸਤਰ ਉਲੀਕਣ 'ਚ ਕਾਫ਼ੀ ਸਹਾਇਤਾ ਮਿਲ ਸਕਦੀ ਹੈ।

'ਸਾਡਾ ਘਰ ਮੁਸੀਬਤਾਂ ਦਾ ਘਰ' ਸਾਡੀ ਚਮਾਰਾਂ ਦੀ ਬੋਹੜ' ਅਤੇ 'ਮੇਰੀ ਦਾਦੀ ਇਕ ਇਤਿਹਾਸ' ਅਜਿਹੇ ਪਾਠ ਹਨ ਜਿਹੜੇ ਦਲਿਤਾਂ ਦੀ ਪਰਿਵਾਰਕ ਜ਼ਿੰਦਗੀ 'ਚ ਆਰਥਕ ਕੰਗਾਲੀ ਕਾਰਣ ਆਏ ਨਿਘਾਰ ਨੂੰ ਹੀ ਪ੍ਰਗਟ ਨਹੀਂ ਕਰਦੇ, ਸਗੋਂ ਉਹਨਾਂ ਉਚਾਣਾ , ਨਿਵਾਣਾ, ਗੁੰਝਲਾ, ਬੇਬਸੀਆਂ ਲਾਚਾਰੀਆਂ ਤੇ ਨਿਆਸਰੇ ਪਣ ਨੂੰ ਉਭਾਰਦੇ ਹਨ ਜਿਨ੍ਹਾਂ 'ਚੋਂ ਲੰਘ ਕੇ ਇਹ ਲੋਕ ਆਪਣਾ ਜੀਵਨ ਜਿਉਂਦੇ ਹਨ ਇਸ ਤਰ੍ਹਾਂ ਦੇ ਜੀਵਨ ਵਿੱਚ ਜਿੱਥੇ ਖਾਣ-ਪੀਣ ਦੀ ਸਥਿਤੀ ਨੂੰ ਵੇਖਦਿਆਂ ਵੀ ਘਿਣ ਆਉਂਦੀ ਹੈ। ਦਲਿਤ ਜੀਵਨ ਦਾ ਇਹ ਅਜਿਹਾ ਪੱਖ ਹੈ ਜਿਸ ਦੇ ਕਾਰਣ ਹੀ ਯਕੀਨਨ ਇਨ੍ਹਾਂ ਲੋਕਾਂ ਪ੍ਰਤੀ ਉਚੇ ਵਰਗਾਂ ਦੇ ਮਨਾ ਵਿੱਚ ਅਤਿ-ਘ੍ਰਿਣਾ ਪੈਦਾ ਹੁੰਦੀ ਰਹੀ ਤੇ ਦਲਿਤਾਂ ਨੂੰ ਕੁੱਤਿਆਂ ਤੇ ਪਸ਼ੂਆਂ ਨਾਲੋਂ ਵੀ ਬਦਤਰ ਸਮਝਿਆ ਜਾਣ ਲੱਗਾ। ਲੇਖਕ ਨੇ ਆਪਣੀ ਦਾਦੀ ਦੀ ਜ਼ੁਬਾਨੀ ਦਲਿਤਾਂ ਦੇ ਅਤੀਤ ਨੂੰ , ਖਾਣ ਪੀਣ ਤੇ ਰਹਿਣ ਸਹਿਣ ਦੇ ਪ੍ਰਸੰਗ ਵਿੱਚ ਪੇਸ਼ ਕਰਦਿਆਂ ਅਜਿਹੇ ਤੱਥ ਪੇਸ਼ ਕੀਤੇ ਹਨ ਜਿਨ੍ਹਾਂ ਬਾਰੇ 21 ਵੀਂ ਸਦੀ ਦਾ ਮਨੁੱਖ ਤਾਂ ਭਾਵੇਂ ਯਕੀਨ ਨਾ ਕਰੇ ਪ੍ਰੰਤੂ ਦਲਿਤਾਂ ਨੇ ਇਸ ਨੂੰ ਆਪਣੇ ਹੱਢੀ ਹੰਢਾਇਆ ਹੈ।

'ਪਹਿਲਾਂ ਖਾਣ ਨੂੰ ਅੰਨ ਕਿਥੇ ਮਿਲਦਾ ਸੀ। ਜ਼ਿਮੀਦਾਰਾਂ ਦੇ ਬਾਜ਼ਰਾ ਡੁੰਗਣ ਜਾਈਦਾ ਸੀ। ਛਿੱਟੇ ਸੁਕਾਉਣ, ਕੁੱਟਣੇ, ਛਟਨੇ, ਪੀਹਣੇ ਫੇ ਕਿਤੇ ਜਾ ਕੇ ਰੋਟੀ ਖਾਣੀ। ਗੋਸ਼ਤ ਦੇ ਸ਼ੋਰੇ ਨਾਲ ਬੜਾ ਸੁਹਣਾ ਬੁੱਤਾ ਸਰ ਜਾਂਦਾ ਸੀ। ਸਿਆਲ ਨੂੰ ਬਥੇਰੇ ਪਸ਼ੂ ਮਰਦੇ ਸੀ। ਗੋਸ਼ਤ ਸੁਕਾ ਕੇ ਰੱਖ ਲਈਦਾ ਸੀ। ਹੱਡ ਸੁਕਾ ਕੇ ਔਹ ਕੋਠੀ ਉਤੇ ਜਾ ਫੇ ਛੱਤ ਦੀਆਂ ਕੜੀਆਂ ਨਾਲ ਟੰਗ ਦਈਦੇ ਸੀ।"...

ਹਮਲਿਆਂ ਤੋਂ ਥੋੜਾ ਚਿਰ ਪਹਿਲਾਂ ਸਾਰੀ ਚਮਾਰਲੀ ਦੇ ਘਰੀਂ ਪਸ਼ੂਆਂ ਦੀ ਚਰਬੀ ਦੇ ਪੀਪੇ ਭਰੇ ਰਹਿੰਦੇ ਸੀ। ਸਾਰੇ ਇਹਨੂੰ ਘੇ ਵਾਂਗੂ ਵਰਤਦੇ ਸੀ ਤੁੜਕਾ ਲਾਉਂਦੇ ਸੀ ਰੋਟੀਆਂ ਚੋਪੜਦੇ ਸੀ।" ਪੰਨਾ 122

ਇਸ ਸੀ ਉਹ ਮੂਲ ਚੂਲ ਜਿਸ ਦੁਆਲੇ ਸਮੁੱਚਾ ਦਲਿਤ ਜੀਵਨ ਘੁੰਮਦਾ ਹੈ। ਇਹੀ ਹੈ ਉਹ ਸਭਿਅਤਾ ਦੀ ਸਿਖਰ ਜਿਸ ਤੇ ਮਾਣ ਕਰਦੇ ਹੋਏ ਅਸੀਂ 21 ਵੀਂ ਸਦੀ 'ਚ ਪਹੁੰਚੇ ਹਾਂ। ਇਹਨੇ ਉਹ ਕਾਰਣ ਜਿਸ ਨਾਲ ਅੱਜ ਵੀ ਪਿੰਡਾਂ ਵਿੱਚ ਜ਼ਿਮੀਦਾਰਾਂ / ਬ੍ਰਾਹਮਣਾਂ / ਬਾਣੀਆਂ ਤੇ ਹੋਰ ਉੱਚ ਜਾਤੀਆਂ ਦੇ

ਲੋਕ ਦਲਿਤਾਂ ਨੂੰ ਘਰਾਂ 'ਚ ਬਰਾਬਰ ਬੈਠਣ ਤਾਂ ਕੀ ਹੇਠਾਂ ਬੈਠਣ ਲਈ ਵੀ ਨਹੀਂ ਕਹਿੰਦੇ ਤੇ ਆਪਣੇ ਭਾਂਡਿਆਂ ਵਿੱਚ ਖਾਣਾ ਦੇਣ ਦੀ ਗੁਸਤਾਖੀ ਅੱਜ ਵੀ ਸਦੀਆਂ ਪੁਰਾਣੀ ਹੈ, ਉੱਚ ਜਾਤੀ ਵਰਗਾਂ ਵਿੱਚ ਆਪਣੇ ਉੱਚਾ ਹੋਣ ਦੀ ਮਾਨਸਿਕਤਾ ਉਨ੍ਹਾਂ ਦੇ ਅਵਚੇਤਨ 'ਚੋਂ ਪਛਾਣੀ ਜਾ ਸਕਦੀ ਹੈ। ਉਤਰ ਆਧੁਨਿਕ ਯੁੱਗ ਵਿੱਚ ਲੋਕ ਰਹਿ ਭਾਵੇ ਦਿੱਲੀ ਵਰਗੇ ਸ਼ਹਿਰ 'ਚ ਹੋਣ ਪ੍ਰੰਤੂ ਉਨ੍ਹਾਂ ਦੇ ਅਵਚੇਤਨ ਵਿੱਚ ਉਨ੍ਹਾਂ ਦੇ ਜਾਤੀ ਪਾਤੀ ਵਿਤਕਰਾ ਉਵੇਂ ਦਾ ਉਵੇਂ ਹੈ। ਇਸ ਦਾ ਵਰਨਣ ਲੇਖਕ ਨੇ 'ਮਾਨਵਵਾਦੀ ਥੱਪੜ' , 'ਕਿਰਾਏਦਾਰੀ ਦੀ ਲਾਅਣਤ' ਪਾਠਾਂ ਵਿੱਚ ਬਹੁਤ ਹੀ ਸੰਜ਼ਮ ਨਾਲ ਕੀਤਾ ਹੈ।

ਬਲਬੀਰ ਮਾਧੋਪੁਰੀ ਨੇ ਆਪਣੀ ਇਸ ਸਵੈ-ਜੀਵਨੀ ਦੇ ਮਾਧਿਆਮ ਰਾਹੀ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦੁਆਇਆ ਹੈ ਕਿ ਆਰਥਿਕ ਤੇ ਸਮਾਜਿਕ ਤਬਦੀਲੀਆਂ ਵਾਪਰਨ ਤੇ ਵੀ 'ਦਲਿਤਾ ਦੀ ਪਛਾਣ' ਚ ਕੋਈ ਤਬਦੀਲੀ ਦ੍ਰਿਸ਼ਟੀਗੋਚਰ ਨਹੀਂ ਹੋਈ। ਦਲਿਤਾ ਦੀ ਸਮੱਸਿਆ ਸਮਾਜਕ ਤੇ ਆਰਥਿਕ ਤਬਦੀਲੀ ਨਾਲ ਹੱਲ ਹੋਣ ਵਾਲੀ ਨਹੀਂ ਤੇ ਨਾ ਹੀ ਸਮਾਜਕ ਤੇ ਵਿਚਾਰਧਾਰਕ ਲਹਿਰਾ / ਪਾਰਟੀਆਂ ਨਾਲ ਇਸ ਸਮੱਸਿਆ ਦਾ ਕੋਈ ਢੁਕਵਾ ਹੱਲ ਹੋਣ ਵਾਲਾ ਹੈ। ਮਸਲਾ ਤਾਂ ਉਪਰਲੀਆਂ ਜਾਤੀਆਂ ਤੇ ਵਿਸ਼ੇਸ਼ ਰੂਪ 'ਚ ਬ੍ਰਾਹਮਣਵਾਦੀ ਤੇ ਫਾਸ਼ੀਵਾਦੀ ਰੋਲ ਨਿਭਾ ਰਹੇ ਪੰਜਾਬੀ ਕਿਸਾਨੀ ਜੀਵਨ ਨਾਲ ਜੁੜੇ ਉਨ੍ਹਾਂ ਤੱਤਾਂ ਦਾ ਹੈ ਜਿਹੜੇ ਕਿਸਾਨਾਂ / ਜੱਟਾਂ ਦੇ ਅਵਚੇਤਨ ਦਾ ਹਿੱਸਾ ਬਣੇ ਹੋਏ ਸਨ। ਅਜਿਹਾ ਅਵਚੇਤਨ ਜਿਹੜਾ ਅੱਜ ਵੀ ਅਰਧ ਸਾਮੰਤੀ ਤੇ ਅਰਧ ਜਗੀਰੂ ਰਹਿੰਦ-ਖੂੰਹਦ ਦੀ ਪਕੜ ਵਿੱਚ ਹੈ, ਜਿਸ ਦੀ ਤਰਜਮਾਨੀ ਪੰਜਾਬ ਦਾ ਜੱਟ ਕਰ ਰਿਹਾ ਹੈ। ਜਿਸ ਦਾ ਭਰਵਾਂ ਉਲੇਖ ਲੇਖਕ ਨੇ 'ਸਾਹਿਤ ਤੇ ਸਿਆਸਤ' ਪਾਠ ਵਿੱਚ ਕੀਤਾ ਹੈ। ਲੇਖਕ ਮੁਢਲੇ ਤੌਰ ਤੇ ਦੁਆਬੇ 'ਚ ਕਮਿਊਨਿਸਟ ਪਾਰਟੀਆਂ ਨਾਲ ਵੀ ਜੁੜਿਆ ਰਿਹਾ । ਪਾਰਟੀਆਂ ਦੀਆਂ ਬਲਾਕ / ਜ਼ਿਲ੍ਹਾ ਤੇ ਸਟੇਟ ਪੱਧਰ ਦੀਆਂ ਮੀਟਿੰਗਾ 'ਚ ਕਿਸਾਨ ਤੇ ਮਜ਼ਦੂਰਾਂ ਦੀਆਂ ਸਮੱਸਿਆਵਾ ਬਾਰੇ ਚਰਚਾ ਹੁੰਦੀ, ਜਿਸ ਵਿੱਚ 'ਸਾਡੀ ਬਿਰਾਦਰੀ' ਤੁਹਾਡੀ ਬਿਰਾਦਰੀ' 'ਆਦਿ ਧਰਮੀ' ਵਰਗੇ ਸ਼ਬਦ ਵੀ ਵਰਤੇ ਜਾਂਦੇ, ਕਿਤੇ ਕਿਤੇ 'ਰਾਖਵੇ ਕਰਣ' ਦਾ ਵਿਰੋਧ ਵੀ ਹੁੰਦਾ। ਜਮਾਤੀ ਚੇਤਨਾ ਤਹਿਤ ਜਾਤ ਨੂੰ ਤੋੜਨ ਦੀਆਂ ਗੱਲਾਂ ਵੀ ਹੁੰਦੀਆਂ ਇਹੋ ਵਰਤਾਰਾ ਟਰੇਡ ਯੂਨੀਅਨਾ ਵਿੱਚ ਵੀ ਦੇਖਣ ਨੂੰ ਮਿਲਦਾ ਤੇ ਕਦੇ ਕਦਾਈ ! ਮਹਿਫ਼ਿਲ ਵਿੱਚ ਜਾਤੀ-ਚੇਤਨਾ ਦਾ ਦੂਸਰਾ ਸਿਰਾ ਵੀ ਨਜ਼ਰ ਆਉਣ ਲੱਗ ਪੈਂਦਾ। ਜਦੋਂ ਇਕ ਟਰੇਡ ਯੂਨੀਅਨ ਦੇ ਪ੍ਰਧਾਨ ਨੇ ਜਾਤੀ ਹਊਂ 'ਚੋਂ ਆਪਣੀ ਹੋਂਦ ਦਾ ਪਰਿਚੈ ਦਿੱਤਾ।"

"ਜੱਟ ਦੇ ਹੱਥ ਨਹੀਂ ਲੱਗੇ ਹਾਲੇ, ਜੱਟ ਟੁੱਟ ਸਕਦਾ , ਲਿਫ਼ ਨਹੀਂ ਸਕਦਾ, ਜੱਟ ਨਾਲ ਪੰਗਾ ਲਿਆ ਤਾਂ ਮਹਿੰਗਾ ਪਊ, ਜੱਟ ਤੁਹਾਡੇ ਅਰਗੇ ਲੰਡੀ-ਬੁੱਚੀ ਨੂੰ ਟਿੱਚ ਸਮਝਦਾ ਹੈਗਾ...।" ਪੰਨਾ 169

ਇਸ ਪ੍ਰਕਾਰ ਸਵੈ ਜੀਵਨੀ ਕਾਰ ਬਲਬੀਰ ਮਾਧੋਪੁਰੀ ਨੇ ਆਪਣੀ ਜੀਵਨ ਗਾਥਾ ਰਾਹੀਂ ਸਵੈ-ਮੂਲਕ ਸੰਵੇਦਨਾ ਦੇ ਰੂਪ 'ਚ ਇਕ ਅਜਿਹੀ ਭਾਸ਼ਾ ਨੂੰ ਈਜਾਦ ਕੀਤਾ ਹੈ, ਜਿਹੜੀ ਨਾਵਾਂ ਥਾਵਾਂ ਕਿਰਿਆਵਾਂ ਰਾਹੀਂ ਦਲਿਤ ਜੀਵਨ ਦੇ ਦਿਸ਼ਾ ਨੂੰ ਜੀਵੰਤ ਰੂਪ 'ਚ ਪੇਸ਼ ਕਰਦੀ ਹੈ, ਨਾਲ ਨਾਲ ਉਸ ਉਪ-ਸਭਿਆਚਾਰ ਦੇ ਦਰਸ਼ਨ ਵੀ ਸਾਨੂੰ ਹੁੰਦੇ ਹਨ ਜਿਹੜਾ ਆਪਣੇ ਹੀ ਮੁਲਕ ਦੇ ਅੰਦਰ ਅੰਤਰ ਸਭਿਆਚਾਰਕ ਪਾੜੇ ਨੂੰ ਸਾਕਾਰ ਕਰਦਾ ਹੈ। ਇਹ ਸਭਿਆਚਾਰਕ ਪਾੜਾ ਭਾਰਤੀ ਸੰਸਕ੍ਰਿਤੀ ਦੇ ਉਨ੍ਹਾਂ ਪੱਖਾਂ ਨੂੰ ਲੈ ਕੇ ਹੈ, ਜਿਹੜੇ ਦਲਿਤਾਂ ਨੂੰ ਇਤਹਾਸ ਵਿੱਚੋਂ ਖਾਰਜ ਕਰਕੇ ਉਨ੍ਹਾਂ ਦੇ ਰਿਸ਼ਤੇ ਨੂੰ ਅਧੀਨਗੀ ਵਾਲਾ ਸਾਬਿਤ ਕਰਦੇ ਹਨ। ਤੇ 'ਛਾਂਗਿਆ ਰੁੱਖ' ਉਨ੍ਹਾਂ ਸੰਸਕਾਰਾਂ ਨੂੰ ਯਥਾਰਥਕ ਪਹੁੰਚ ਰਾਹੀਂ ਇੱਕ ਪ੍ਰਤੀਕ ਦੇ ਰੂਪ 'ਚ ਉਭਾਰਦੀ ਇਕ ਅਜਿਹੀ ਕਿਰਤ ਹੈ ਜਿਹੜੀ ਉਚ ਜਾਤੀ ਸਮੂਹਾਂ ਦੇ ਅਵੇਚੇਤਨ ਦੀ ਵਿਆਖਿਆ ਹੀ ਨਹੀਂ ਕਰਦੀ ਸਗੋ ਤਰਕ ਸੰਗਤ ਢੰਗ ਨਾਲ ਵਿਸ਼ਲੇਸ਼ਣ ਵੀ ਕਰਦੀ ਹੈ।

646 / 2, ਰਣਜੀਤ ਨਗਰ, ਪਟਿਆਲਾ





# ਗੁਰਮੇਲ ਮਡਾਹੜ ਦੀ ਕਥਾ ਚੇਤਨਾ / ਦਵਿੰਦਰ ਸਿੰਘ

ਵੀਹਵੀਂ ਸਦੀ ਦੀ ਸਮੁੱਚੀ ਕਹਾਣੀ ਸਿਰਜਣਾ ਪ੍ਰਕਿਰਿਆਂ ਵਿਚ ਗੁਰਮੇਲ ਮਡਾਹੜ ਜਾਨਿਆਂ-ਪਛਾਨਿਆਂ ਹਸਤਾਖ਼ਰ ਹੈ। ਗੁਰਮੇਲ ਮਡਾਹੜ ਨੇ ਸੱਤਵੇਂ ਦਹਾਕੇ ਦੇ ਸ਼ੁਰੂ ਵਿਚ ਹੀ ਕਹਾਣੀ ਲਿਖਣੀ ਸ਼ੁਰੂ ਕਰ ਦਿੱਤੀ ਸੀ ਅਤੇ ਉਹ ਲਗਾਤਾਰ ਹੁਣ ਤੱਕ ਆਪਣੀ ਰਚਨਾਤਮਕ ਸਾਧਨਾਂ ਵਿਚ ਲੀਨ ਹੈ। ਉਸ ਦੇ ਆਪਣੇ ਸੰਗ੍ਰਹਿ 'ਅਣਗੌਲੇ ਆਦਮੀ', 'ਜਾਗਦੇ ਲੋਕ', 'ਕੱਚੇ ਕੋਠਿਆਂ ਦੇ ਵਾਸੀ', 'ਜੰਗ ਜਾਰੀ ਹੈ', 'ਧਰਤੀ ਲਹੂ ਲਹਾਣ', 'ਅਸੀਂ ਹਾਰੇ ਨਹੀਂ' ,'ਕੀੜੀਆਂ', 'ਸਾਜਿਸ਼ੀ ਹਵਾ' , 'ਮਹਾਂਬਲੀ', 'ਇਖ਼ਲਾਕ ਗੁੰਮ ਹੈ' ਤੇ 'ਹੱਕ ਫਰਜ ਤੇ ਜੰਗ' ਨਾਲ ਪੰਜਾਬੀ ਕਹਾਣੀ ਵਿਚ ਵਿਲੱਖਣ ਥੀਮਕ ਪਸਾਰਾ ਨੂੰ ਛੋਹਿਆਂ ਹੈ। ਗੁਰਮੇਲ ਮਡਾਹੜ ਨੇ ਪਿਛਲੇ ਦਹਾਕਿਆਂ ਦੌਰਾਨ ਪੰਜਾਬ ਦੇ ਪੇਂਡੂ ਖੇਤਰ, ਖੇਤੀਬਾੜੀ ਦੇ ਮਸ਼ੀਨੀਕਰਣ, ਮਦਰਾ / ਅਰਥਚਾਰੇ ਦਾ ਫੈਲਾਓ, ਆਧੁਨਿਕ ਵਿਦਿਆ ਦਾ ਪਾਸਾਰਾ , ਨਾਰੀ ਚੇਤਨਾ, ਸੰਚਾਰ ਸਾਧਨਾਂ ਦੇ ਵਾਧੇ, ਲੋਕ ਰਾਜੀ ਪ੍ਰਬੰਧ ਦੀਆਂ ਰਾਜਨੀਤਿਕ ਸੰਸਥਾਵਾਂ ਦੇ ਪ੍ਰਭਾਵ ਵਜੋਂ ਪੇਂਡੂ ਸਭਿਆਚਾਰ ਦੀ ਪ੍ਰੰਪਰਾਗਤ ਅਤੇ ਜਗੀਰਦਾਰੀ ਕਦਰਾਂ-ਕੀਮਤਾਂ ਵਾਲੀ ਸਮਾਜਿਕ ਬਣਤਰ ਵਿਚ ਗੁਣਾਤਮਕ ਤਬਦੀਲੀਆਂ ਨੂੰ ਬੜੀ ਸ਼ਿੱਦਤ ਨਾਲ ਅਭਿਵਿਅਕਤ ਕੀਤਾ ਹੈ। ਮਡਾਹੜ ਨੇ ਆਪਣੀਆਂ ਕਹਾਣੀਆਂ ਵਿਚ ਸਮਾਜਿਕ ਪਰਿਵਰਤਨਾਂ ਦੀ ਪ੍ਰਕਿਰਿਆ ਨੂੰ ਹੀ ਪੇਸ਼ ਨਹੀਂ ਕੀਤਾ, ਸਗੋ ਇਸ ਦੀ ਸੰਭਾਵਿਤ ਦਿਸ਼ਾ ਨੂੰ ਸਮਝਣ-ਦਾ ਯਤਨ ਵੀ ਕੀਤਾ ਹੈ।

ਗੁਰਮੇਲ ਦੀਆਂ ਬਹੁਤੀਆਂ ਕਹਾਣੀਆਂ ਸਮਾਜਿਕ-ਆਰਥਿਕ ਸਮੱਸਿਆਵਾਂ ਨੂੰ ਵਿਸ਼ਵੀਕਰਨ ਅਤੇ ਉੱਤਰ ਆਧੁਨਿਕ ਸੰਕਲਪਾਂ ਤੋਂ ਪੈਦਾ ਹੋਣ ਵਾਲੇ ਸੰਕਟਾਂ ਨੂੰ ਭਾਂਪਦੀਆਂ ਹੋਇਆਂ, ਨਵ-ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਕਥਾ-ਮਾਡਲ ਬਣਾਉਣ ਦਾ ਉੱਦਮ ਹਨ। ਗੁਰਮੇਲ ਮਡਾਹੜ ਨੇ ਜੀਵਨ ਵਿਚ ਜਿਹੜੇ ਕੌੜੇ ਕੁਸੈਲੇ ਅਨੁਭਵਾਂ ਨੂੰ ਹੰਢਾਇਆ, ਉਹ ਅਨੁਭਵ ਉਸ ਦੀਆਂ ਕਹਾਣੀਆਂ ਵਿਚ ਸੁਚੱਜੇ ਢੰਗ ਨਾਲ ਸਾਕਾਰ ਹੋਏ ਹਨ। ਉਸ ਦਾ ਜੀਵਨ ਅਨੁਭਵ ਤੇ ਕਹਾਣੀ ਸਿਧਾਂਤ ਬਿਲਕੁਲ ਇਹ ਹੈ। ਗੁਰਮੇਲ ਨਿਮਨ ਮੱਧ ਵਰਗੀ ਸ਼੍ਰੇਣੀ ਦੀਆਂ ਤੰਗੀਆਂ-ਤੁਰਸ਼ੀਆਂ ਦਾ ਹੱਲ ਸਮਾਜਵਾਦੀ ਆਰਥਿਕ ਢਾਂਚੇ ਦੀ ਸਥਾਪਨਾ ਦੱਸਦਾ ਹੈ। ਉਸ ਦੀਆਂ ਬਹੁਤੀਆਂ ਕਹਾਣੀਆਂ ਦੇ ਥੀਮਿਕ ਪਾਸਾਰ ਜਮਾਤੀ ਸਮਾਜ ਦੇ ਸੰਘਰਸ਼ਾਂ ਦੁਆਲੇ ਘੁੰਮਦੇ ਹਨ। ਉਸ ਨੂੰ ਸਮਾਜ ਵਿਚਲੇ ਜਮਾਤੀ ਆਧਾਰਾਂ ਵਿਚ ਇਸ ਦੇ ਵਿਭਿੰਨ ਪਸਾਰਾਂ ਬਾਰੇ ਅਸੀਮ ਸਮਝ ਹੈ, ਇਸੇ ਕਾਰਣ ਉਹ ਜਮਾਤੀ ਸੰਘਰਸ਼ ਨੂੰ ਲੋਕ-ਹਿਤੈਸ਼ੀ ਚੇਤਨਾ ਤੋਂ ਸਾਕਾਰ ਕਰਕੇ ਆਪਣੀ ਕਹਾਣੀ ਵਿਚ ਉਸਾਰਦਾ ਹੈ। ਗੁਰਮੇਲ ਦਾ ਸਮੁੱਚਾ ਜੀਵਨ ਸਮਾਜ ਦੇ ਦਲਿਤ ਵਰਗ, ਆਰਥਿਕ-ਸਮਾਜਿਕ ਤੌਰ ਤੇ ਲਤਾੜੀ ਜਾ ਰਹੀ ਸਮੁੱਚੀ ਲੋਕਾਈ ਨੂੰ ਸਮਰਪਿਤ ਹੈ। ਉਹ ਪੰਜਾਬ ਦੀ ਹੀ ਨਹੀ, ਸਗੋਂ ਹਿੰਦੋਸਤਾਨ ਦੀ ਮਜ਼ਦੂਰ, ਕਰਮਚਾਰੀ, ਲਹਿਰ ਨਾਲ ਪ੍ਰਤੱਖ ਰੂਪ ਵਿਚ ਜੁੜਿਆ ਹੋਇਆ ਹੈ। ਇਹੋ ਬਚਨ ਬੱਧਤਾ ਅਤੇ ਲੋਕ ਪੱਖੀ ਅਨੁਭਵ ਉਸ ਦੀਆਂ ਸਮੁੱਚੀਆਂ ਕਹਾਣੀਆਂ ਵਿਚ ਫੈਲਿਆ ਹੋਇਆ ਹੈ।

ਗੁਰਮੇਲ ਮਡਾਹੜ ਜਦੋਂ ਆਪਣੀਆਂ ਕਹਾਣੀਆਂ ਵਿਚ ਵਰਗ ਵਿਵਸਥਾ ਦੀ ਗੱਲ ਕਰਦਾ ਹੈ ਤਾਂ ਉਹਨਾਂ ਵਿਚ ਪੰਜਾਬ ਦੀ ਜਾਤੀ ਵਿਵਸਥਾ ਦਾ ਜ਼ਿਕਰ ਲਾਜ਼ਮੀ ਤੌਰ ਤੇ ਸੰਬੰਧਤ ਹੁੰਦਾ ਹੈ, ਕਿਉਂਕਿ ਵਰਗ ਵੰਡ ਦਾ ਅਧਾਰ ਆਰਥਿਕਤਾ ਦੇ ਨਾਲ ਨਾਲ ਜਾਤ ਨਾਲ ਵੀ ਸਿੱਧੇ ਤੌਰ ਤੇ ਸੰਬੰਧਤ ਹੈ। ਸਭਿਆਚਾਰਕ ਸਰੋਕਾਰਾਂ ਵਿਚੋਂ ਜਾਤੀ ਅਵਚੇਤਨ ਕਦੇ ਵੱਖ ਨਹੀਂ ਕੀਤਾ ਦਾ ਸਕਦਾ, ਸਮਾਜਿਕ

ਬਣਤਰ ਵਿਚ ਜਾਤੀ ਵਿਵਸਥਾ ਪ੍ਰਮੁੱਖ ਰੋਲ ਨਿਭਾਉਂਦੇ ਹੈ। ਇਸ ਸਮੁੱਚੀ ਦਲਿਤ ਲੋਕਾਈ ਨੂੰ ਉਸ ਨੇ ਆਪਣੀ ਸੰਵੇਦਨਾਂ ਦਾ ਵਾਹਨ ਬਣਾਇਆ ਹੈ। ਗੁਰਮੇਲ ਅਨੁਸਾਰ ਜਦੋਂ ਰਾਖਵੇਂਕਰਨ ਦੀ ਨੀਤੀ ਨਾਲ ਸਦੀਆਂ ਤੋਂ ਲੁੱਟੇ ਜਾ ਰਹੇ ਦੱਬੇ ਕੁਚਲੇ ਲੋਕਾਂ ਨੂੰ ਸਰਕਾਰੀ ਨੌਕਰੀਆਂ ਰਾਹੀਂ ਉੱਪਰ ਉਠਣ ਦਾ ਮੌਕਾ ਮਿਲਿਆ ਹੈ, ਤਾਂ ਸਮਾਜ ਵਿਚਲੀਆਂ ਸਵਰਨ ਜਾਤੀਆਂ ਨੂੰ ਨੀਵੀਆਂ ਜਾਤੀਆਂ ਜਾਂ ਇਹ ਉਭਾਰ ਹਜ਼ਮ ਨਹੀਂ ਹੁੰਦਾ। ਇਸ ਤਰ੍ਹਾਂ ਗੁਰਮੇਲ ਮਡਾਹੜ ਨੇ ਸੁਚੇਤ ਪੱਧਰ ਤੇ ਪੇਂਡੂ ਅਤੇ ਸ਼ਹਿਰੀ ਜ਼ਿੰਦਗੀ ਦੇ ਦਲਿਤ ਅਨੁਭਵਾਂ ਨੂੰ ਤਿੱਖੀ ਸੂਝ ਬੂਝ ਰਾਹੀਂ ਸਾਕਾਰ ਕਰਦੇ ਹੋਏ, ਕਦੀ ਵੀ ਗੈਰ ਸਮਾਜਿਕ ਮੁੱਲਾਂ ਨੂੰ ਹਾਵੀ ਨਹੀਂ ਹੋਣ ਦਿੱਤਾ, ਸਗੋਂ ਉਸ ਦੀ ਕਹਾਣੀ ਸਿਰਜਣਾ ਸਮਾਜ ਵਿਚਲੀ ਵਰਗਾ ਵਿਵਸਥਾਂ ਨੂੰ ਉਭਾਰਦੀ ਹੋਈ, ਅੰਤਿਮ ਰੂਪ ਵਿਚ ਲੁੱਟੇ ਜਾ ਰਹੇ ਵਰਗ ਦਾ ਪੱਖ ਪੂਰਦੀ ਹੈ।

ਗੁਰਮੇਲ ਮਡਾਹੜ ਦੀਆਂ ਕਹਾਣੀਆਂ ਦਾ ਇਕ ਵਿਸ਼ੇਸ਼ ਪਹਿਲੂ ਔਰਤ ਦੀ ਸੁਤੰਤਰਤਾ, , ਸਮਾਜ ਵਿਚ ਉਸ ਦੀ ਆਰਥਿਕ ਅਤੇ ਸਮਾਜਿਕ ਬਰਾਬਰੀ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਦੇ ਰੂਪ ਵਿਚ ਉਭਰਿਆ ਹੈ। ਉਸ ਦੀਆਂ ਕਹਾਣੀਆਂ ਵਿਚਲੀ ਔਰਤ ਆਪਣੀ ਅਜ਼ਾਦੀ ਦੇ ਸੰਕਲਪ ਨੂੰ ਨਵੇਂ ਅਰਥ ਦੇਣ ਲਈ ਜੁਝਾਰੂ ਪਾਤਰ ਦੇ ਰੂਪ ਵਿਚ ਵਿਚਰਦੀ ਹੈ ਅਤੇ ਔਰਤ ਦਾ ਇਹ ਬਿੰਬ ਹੀ ਉਸ ਦੀਆਂ ਕਹਾਣੀਆਂ ਦੀ ਪਹਿਚਾਣ ਬਣਦਾ ਹੈ। ਆਪਣੀਆਂ ਕਹਾਣੀਆਂ ਵਿਚ ਉਹ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਘੱਟ ਰਹੀ ਗਿਣਤੀ ਪ੍ਰਤੀ ਚਿੰਤਾਜਨਕ ਨਜ਼ਰ ਆਉਂਦਾ ਹੈ। ਉਸ ਨੇ ਮਰਦ ਜੀਵਨ ਵਿਚ ਇਸਤਰੀ ਦੀ ਮਹੱਤਤਾ, ਅਮਲ ਨਸ਼ਿਆਂ ਅਤੇ ਲਿੰਗਕ ਖੁੱਲ੍ਹ ਦੀ ਪ੍ਰਵਿਰਤੀ, ਨਵੀਂ ਪੀੜ੍ਹੀ ਵਿਚ ਵਿਆਪਕ ਰਹੀ ਫੈਸ਼ਨ-ਪ੍ਰਸਤੀ ਨੂੰ ਆਲੋਚਕ ਨਜ਼ਰੀਏ ਤੋਂ ਦਰਸਾਇਆ ਹੈ। ਗੁਰਮੇਲ ਨੇ ਆਪਣੀਆਂ ਕਹਾਣੀਆਂ ਵਿਚ ਜ਼ਿਆਦਾ ਔਰਤ-ਮਰਦ ਸੰਬੰਧਾਂ ਦੇ ਰਿਸ਼ਤੇ ਔਰਤ ਦੀ ਦ੍ਰਿਸ਼ਟੀ ਤੋਂ ਉੱਭਰੇ ਹਨ। ਉਸ ਦੀਆਂ ਕਹਾਣੀਆਂ ਸਮਾਜਿਕ-ਆਰਥਿਕ ਤਬਦੀਲੀਆਂ ਦੇ ਪ੍ਰਭਾਵ ਅਧੀਨ ਔਰਤਾਂ ਦੇ ਦੁਖਾਂਤ ਨੂੰ ਵਧੇਰੇ ਕਲਾ ਕੌਸ਼ਲਤਾ ਨਾਲ ਪ੍ਰਗਟਾਉਂਦੀਆਂ ਹਨ।

ਗੁਰਹਮੇਲ ਮਡਾਹੜ ਆਪਣੀਆਂ ਕਹਾਣੀਆਂ ਰਾਹੀਂ ਰਾਜਨੀਤਿਕ ਥੀਮਕ ਪਾਸਾਰਾਂ ਦੇ ਘਿਨਾਉਣੇ ਅਤੇ ਰਾਜਨੀਤੀ ਅੰਦਰਲੇ ਕੋਝੇ ਪੱਖਾਂ ਦੇ ਪਾਜ ਉਘਾੜਦਾ ਹੋਇਆ, ਦੇਸ਼ ਦੀ ਵਰਤਮਾਨ ਰਾਜਨੀਤਿਕ ਹਾਲਤ ਨੂੰ ਲੁਕਵੇਂ ਢੰਗ ਨਾਲ ਪੇਸ਼ ਕਰਦਾ ਹੈ। ਉਸ ਨੇ ਵਰਤਮਾਨ ਰਾਜਨੀਤਿਕ ਪ੍ਰਕਾਰਜਾਂ ਨੂੰ ਆਪਣੀ ਪ੍ਰਤੀਬੱਧ ਅੰਤਰ-ਦ੍ਰਿਸ਼ਟੀਆਂ ਦੁਆਰਾ ਨਾਟਕੀ ਅੰਦਾਜ ਵਿਚ ਪ੍ਰਸਤੁਤ ਕਰਕੇ ਕਹਾਣੀਆਂ ਨੂੰ ਹਵਾ ਦੇ ਰੁਖ ਅਨੁਰੂਪ ਢਾਲਿਆ ਹੈ। ਗੁਰਮੇਲ ਮਡਾਹੜ ਨਿਰ-ਸੁਆਰਥੀ ਰਾਜਨੀਤੀ ਦਾ ਸਮਰਥਕ ਹੈ, ਜਿਸ ਕਰਕੇ ਉਹ ਕੁਰਸੀ ਨਾਲ ਚਿਪਕੇ ਨੇਤਾ ਨਾਲੋਂ ਸੱਤਾ ਤੋਂ ਨਿਰਲੇਪ ਨੇਤਾ ਦਾ ਕਦਰਦਾਨ ਹੈ ਅਤੇ ਸੁਆਰਥੀ ਸੱਤਾ ਦੀ ਸ਼ਾਜਿਸ਼ ਵਿਚ ਫਸਣ ਦੀ ਥਾਂ ਸੱਤਾ ਤੋਂ ਵੱਖ ਰਹਿਣਾ ਬਿਹਤਰ ਸਮਝਦਾ ਹੈ। ਗੁਰਮੇਲ ਨੇ ਆਪਣੀਆਂ ਕਹਾਣੀਆਂ ਪਰਿਵਾਰ ਤੋਂ ਲੈ ਕੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਰਾਜਨੀਤੀ ਤੇ ਉੱਚ ਨੇਤਾਵਾਂ ਦੇ ਕਿਰਦਾਰ ਨੂੰ ਬਿਆਨਿਆ ਹੈ। ਅੱਜ ਜਿਸ ਤਰ੍ਹਾਂ ਰਾਜਨੀਤੀ ਦਾ ਅਪਰਾਧੀਕਰਨ ਅਤੇ ਅਪਰਾਧ ਦਾ ਰਾਜਨੀਤੀਕਰਨ ਹੋ ਰਿਹਾ ਹੈ। ਉਸ ਨੂੰ ਮਡਾਹੜ ਨੇ ਸਮਾਜ ਵਿਚ ਵਿਆਪਕ ਭ੍ਰਿਸ਼ਟਾਚਾਰ, ਹੇਰਾ ਫੇਰੀ, ਧੋਖਾਧੜੀ, ਸੁਆਰਥੀ ਕਾਨੂੰਨ ਅਤੇ ਲੁੱਟ-ਖਸੁੱਟ ਨੂੰ ਰਾਜਨੀਤਿਕ ਖੇਤਰ ਵਿਚ ਮਿਥਿਆ ਹੈ। ਇਸ ਤਰ੍ਹਾਂ ਰਾਜਨੀਤਿਕ ਅਸਰ ਅੰਦਾਜ਼ ਨੂੰ ਗੁਰਮੇਲ ਨੇ ਆਪਣੀਆਂ ਕਹਾਣੀਆਂ ਦਾ ਵਾਹਣ ਬਣਾ ਕੇ ਦੇਸ ਦੀ ਅਜ਼ਾਦੀ ਤੋਂ ਲੈ ਕੇ ਸਮਕਾਲੀ ਸਮੇਂ ਤੱਕ ਦਾ ਸਾਰਾ ਹਾਲ ਪ੍ਰਸਤੁਤ ਕੀਤਾ ਹੈ।

ਗੁਰਮੇਲ ਦੀਆਂ ਕਹਾਣੀਆਂ ਦਾ ਇਕ ਮਹੱਤਵਪੂਰਨ ਪਹਿਲੂ ਖੇਡ ਜਗਤ ਨਾਲ ਸੰਬੰਧਤ ਹੁੰਦਾ ਹੋਇਆ, ਅਜੋਕੇ ਖੇਡ ਜਗਤ ਵਿਚ ਆਈ ਸਿਆਸੀ ਚੇਤਨਾ, ਵੱਧ ਰਹੀ ਬੇਈਮਾਨੀ ਅਤੇ ਖਿਡਾਰੀਆਂ ਦੀ ਚੋਣ ਸਮੇਂ ਹੋ ਰਹੇ ਪੱਖਪਾਤ ਨੂੰ ਨੰਗਾ ਕਰਦਾ ਹੈ। ਗੁਰਮੇਲ ਮਡਾਹੜ ਕਹਾਣੀਕਾਰ ਹੋਣ ਦੇ ਨਾਲ ਨਾਲ





ਖੁਦ ਇਕ ਖਿਡਾਰੀ ਵਜੋਂ ਖੇਡ ਜਗਤ ਦਾ ਕਦਰਦਾਨ ਹੈ। ਉਸ ਦੀਆਂ ਕਹਾਣੀਆਂ ਯੋਗ ਖਿਡਾਰੀਆਂ ਦੀ ਚੋਣ ਸਮੇਂ ਚੋਣ ਅਧਿਕਾਰੀਆਂ ਦੇ ਪੱਖਪਾਤ ਅਨੁਰੂਪ ਵਿਰੋਧੀ ਟੀਮ ਵੱਲੋਂ ਹੁੰਦੀ ਦੁਰਗਤੀ ਦੀ ਗਾਥਾ ਨੂੰ ਯਥਾਰਥਕ ਦ੍ਰਿਸ਼ਟੀ ਤੋਂ ਬਿਆਨ ਦੀਆਂ ਹੋਈਆਂ, ਖਿਡਾਰੀਆਂ ਦੀ ਮਨੋਦਸ਼ਾਂ ਅਤੇ ਉਹਨਾਂ ਦੇ ਆਪਣੇ ਉਸਤਾਦਾਂ ਪ੍ਰਤੀ ਪ੍ਰਤੀਕਰਮ ਨੂੰ ਬਾਖੂਬੀ ਪ੍ਰਗਟਾਉਂਦੀਆਂ ਹਨ। ਗੁਰਮੇਲ ਅਜਿਹਾ ਪਹਿਲਾ ਕਹਾਣੀਕਾਰ ਹੈ ਜਿਸ ਨੇ ਖੇਡ ਜਗਤ ਵਿਚ ਆਈਆਂ ਨਵੀਆ ਤਬਦੀਲੀਆਂ ਨੂੰ ਪ੍ਰਸਤੁਤ ਕੀਤਾ ਹੈ। ਵਰਤਮਾਨ ਖੇਡ ਮੁਕਾਬਲਿਆਂ ਵਿਚ ਹੋ ਰਹੀਆਂ ਭ੍ਰਿਸ਼ਟਾਚਾਰੀਆਂ ਨੂੰ ਨੱਥ ਪਾਉਣ ਲਈ ਉਸ ਦੀਆਂ ਕਹਾਣੀਆਂ ਸੰਘਰਸ਼ ਕਰਦੀਆਂ ਹੋਈਆਂ, ਖੇਡ ਜਗਤ ਦੇ ਨਿਵੇਕਲੇ ਪਹਿਲੂਆਂ ਨੂੰ ਦ੍ਰਿਸ਼ਟੀਮਾਨ ਕਰਦੀਆਂ ਹਨ। ਇਸ ਤਰ੍ਹਾਂ ਗੁਰਮੇਲ ਮਡਾਹੜ ਖੇਡ ਜਗਤ ਦੇ ਰਿਸ਼ਤਿਆਂ ਦੇ ਆਰ-ਪਾਰ ਝਾਕਣ ਦੀ ਸਮਰੱਥਾ, ਰਾਜਸੀ ਦੰਭ ਅਤੇ ਕੂਟਨੀਤਿਕ ਚਾਲਾਂ ਦੀ ਤਰਜ਼ਮਾਨੀ, ਮਾਨਸਿਕ ਤ੍ਰੇੜਾ ਦੇ ਸੰਦਰਭ ਵਿਚ ਕਰਦਾ ਹੈ, ਜਿਸ ਰਾਹੀਂ ਉਹ ਖੇਡ ਜਗਤ ਦੀ ਹਰ ਭੰਡਣਯੋਗ ਕਿਰਿਆ ਨੂੰ ਵੰਗਾਰਦਾ ਹੈ।

ਗੁਰਮੇਲ ਮਡਾਹੜ ਨੇ ਜਿਥੇ ਸਮਾਜ ਨਾਲ ਸੰਬੰਧਤ ਹਰ ਵਿਸ਼ੇ 'ਤੇ ਲਿਖਿਆ ਹੈ। ਉਥੇ ਉਸ ਨੇ ਕਹਾਣੀ ਕਥਾ ਵਿਧੀ ਵਿਚ ਪ੍ਰੰਪਰਾਗਤ ਕਹਾਣੀ ਰਸ ਅਤੇ ਆਧੁਨਿਕ ਸੰਵੇਦਨਾ ਦੀਆਂ ਵਿਧੀਆਂ ਦਾ ਸੁਮੇਲ ਪੇਸ਼ ਕਰਕੇ, ਇਕ ਸਮੱਰਥਵਾਨ ਕਹਾਣੀਕਾਰ ਵਜੋਂ ਵੀ ਆਪਣੀ ਪਛਾਣ ਸਥਾਪਿਤ ਕਰ ਲਈ ਹੈ। ਉਸ ਦੀ ਕਥਾ ਰੂਪਕ ਚੇਤਨਾ ਅਤੇ ਤਕਨੀਕ ਦੀ ਵੰਨਗੀ ਕਿਸੇ ਫੈਸ਼ਨ ਅਧੀਨ ਹੋਂਦ ਗ੍ਰਹਿਣ ਨਹੀਂ ਕਰਦੀ ਕਿਸੇ ਫੈਸ਼ਨ ਅਧੀਨ ਨਹੀਂ, ਸਗੋਂ ਹਰ ਵਿਸ਼ੇ ਵਸਤੂ ਨੂੰ ਉਚਿਤ ਰੂਪ ਵਿਚ ਢਾਲਣ ਦਾ ਯਤਨ ਕਰਦੀ ਹੈ। ਉਸ ਦੇ ਕਥਾਨਕ ਭਿੰਨ-ਭਿੰਨ ਜੀਵਨ ਸਮੱਸਿਆਵਾਂ ਨੂੰ ਪ੍ਰਸਤੁਤ ਕਰਦੇ ਹਨ, ਜਿਹਨਾਂ ਦਾ ਅੰਤ ਦੁਖਾਂਤਕ ਤੇ ਸੁਝਾਅ ਪੂਰਨ ਹੁੰਦਾ ਹੈ, ਉਹ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਸੂਖਮ ਰੂਪ ਵਿਚ ਕਰਨ ਦੀ ਬਜਾਏ ਸਥੂਲ ਰੂਪ ਵਿਚ ਕਰਦਾ ਹੈ। ਉਹ ਮਲਵਈ ਭਾਸ਼ਾ ਨਾਲ ਜਿਥੇ ਕਹਾਣੀਆਂ ਵਿਚ ਰੌਚਿਕਤਾ ਤੇ ਵਿਅੰਗਆਤਮਕ ਸੁਰ ਵਰਤਦਾ ਹੈ, ਉਥੇ ਆਪਣੀ ਤਿੱਖੀ ਸੂਝ ਰਾਹੀਂ ਬਹੁ-ਪੱਖੀ ਯਥਾਰਥ ਵਿਚ ਤਣਾਓ ਪੈਦਾ ਕਰਦੇ ਯਥਾਰਤਕ ਭਾਵਾਂ ਦੀ ਪੇਸ਼ਕਾਰੀ ਲਈ ਭਾਸ਼ਾ ਨੂੰ ਪ੍ਰਚੰਡ ਕਰਦਾ ਹੈ। ਉਸਨੇ ਜਿਆਦਾਤਰ ਪ੍ਰਤੀਕਾਤਮਕ ਢੰਗ ਦਾ ਸਹਾਰਾ ਲੈਂਦੇ ਹੋਏ ਜਾਨਵਰਾਂ ਦੇ ਪ੍ਰਤੀਕ ਦਾ ਮਾਨਵੀਕਰਨ ਦੀ ਕਲਾ ਬਾਖੂਬੀ ਨਿਭਾਈ ਹੈ। ਸਮੁੱਚੇ ਤੌਰ 'ਤੇ ਗੁਰਮੇਲ ਦੀ ਕਹਾਣੀ ਰਚਨਾ ਉਸਨੂੰ ਪੰਜਾਬੀ ਦੇ ਸਮਕਾਲੀ ਕਹਾਣੀਕਾਰਾਂ ਵਿਚ ਨਿਵੇਕਲਾ ਤੇ ਪਛਾਣਯੋਗ ਸਥਾਨ ਵਿਚ ਸਥਾਪਿਤ ਕਰਦੀ ਹੈ।




***ਉਖੜੀਆਂ ਪੈੜਾਂ***

***ਸੰਤੋਖ ਧਾਲੀਵਾਲ***

ਇਹ ਨਾਵਲ ਸੰਤੋਖ ਧਾਲੀਵਾਲ ਦੇ ਗਲਪੀ ਸਫ਼ਰ ਦੀ ਗਤੀਸ਼ੀਲਤਾ ਦਾ ਸੂਚਕ ਹੈ। ਇਸ ਨਾਵਲ ਦਾ ਸਾਰਾ ਬਿਰਤਾਂਤ ਸਹਿਜਤਾ ਵਾਲੇ ਖ਼ਮੀਰ ਦਾ ਧਾਰਨੀ ਹੈ। ਯੂਰਪ ਨੂੰ ਖੁਸ਼ਹਾਲੀ ਦਾ ਸਰੋਤ ਸਮਝਣ ਵਾਲੇ ਲੋਕਾਂ ਦਾ ਦੁਖਾਂਤ ਇਸ ਦਾ ਕੇਂਦਰੀ ਸਰੋਕਾਰ ਹੈ। ਪਰਵਾਸੀਆਂ ਦੀਆਂ ਜੀਵਨ ਜਟਿਲਤਾਵਾਂ ਦੇ ਪਰਿਵੇਸ਼ ਦੀ ਪੇਸ਼ਕਾਰੀ ਇਸ ਨਾਵਲ ਦੀ ਵਿਲੱਖਣਤਾ ਹੈ।

**-ਰਜਨੀਸ਼ ਬਹਾਦਰ ਸਿੰਘ**

***ਚੇਤਨਾ ਪ੍ਰਕਾਸ਼ਨ, ਲੁਧਿਆਣਾ***
***ਮੁੱਲ 250 ਰੁਪਏ***

# 'ਸਮੁੰਦਰ ਦਾ ਆਦਮੀ' (ਕਹਾਣੀ ਸੰਗ੍ਰਹਿ) ਇਕ ਵਿਲੱਖਣ ਰਚਨਾ




ਪੰਜਾਬੀ ਕਹਾਣੀ ਨੂੰ ਵਿਸ਼ੇਗਤ ਤੇ ਕਲਾਤਮਕ ਪੱਖ ਤੋਂ ਅਮੀਰ ਬਨਾਉਣ, ਇਸ ਦਾ ਘੇਰਾ ਵਿਸ਼ਾਲ ਕਰਨ ਵਿਚ ਜਿਨ੍ਹਾਂ ਨੌਜੁਆਨ ਕਹਾਣੀਕਾਰਾਂ ਨੇ ਆਪਣਾ ਵਿਸ਼ੇਸ਼ ਤੇ ਵੱਡਮੁੱਲਾ ਯੋਗਦਾਨ ਪਾਇਆ ਹੈ, ਉਨ੍ਹਾਂ ਵਿਚੋਂ ਪਰਮਜੀਤ ਮਾਨ ਇਕ ਅਹਿਮ ਨਾਂ ਹੈ। ਪਰਮਜੀਤ ਨੇ ਆਪਣੀ ਉਦਰਪੂਰਤ ਲਈ ਇਕ ਲੰਮਾ ਸਮਾਂ ਸਮੁੰਦਰੀ ਜਹਾਜ਼ਾਂ ਵਿਚ ਬਤੌਰ ਇੰਜੀਨੀਅਰ ਕੰਮ ਕੀਤਾ ਹੈ, ਜਿਸ ਕਰਕੇ ਉਸਦਾ ਬਹੁਤਾ ਵਾਹ ਸਮੁੰਦਰੀ ਜਹਾਜਾਂ, ਬੰਦਰਗਾਹਾਂ ਵਿਚ ਕੰਮ ਕਰਨ ਵਾਲੇ ਕਾਮਿਆਂ, ਅਫਸਰਾਂ ਸਾਧਾਰਨ ਤੇ ਅਸਾਧਾਰਨ ਲੋਕਾਂ ਅਤੇ ਸਮੁੰਦਰੀ ਤੱਟ ਉੱਤੇ ਰਹਿੰਦੇ ਮਛੇਰਿਆਂ ਨਾਲ ਪਿਆ। ਉਨ੍ਹਾਂ ਦੇ ਦੁੱਖ-ਸੁੱਖ, ਤੰਗੀਆਂ-ਤੁਰਸ਼ੀਆਂ, ਸਮਾਜਿਕ, ਸਰੀਰਕ-ਮਾਨਸਿਕ ਉਲਝਣਾ ਨੂੰ ਬਹੁਤ ਹੀ ਕਰੀਬ ਤੋਂ ਪੈਨੀ ਨਜ਼ਰ ਨਾਲ ਦੇਖਿਆ, ਘੋਖਿਆਂ, ਵਿਚਾਰਿਆਂ ਤੇ ਫੇਰ ਉਨ੍ਹਾਂ ਨੂੰ ਕਲਮੀ ਰੂਪ ਦਿੱਤਾ। ਮਾਨ ਕੋਲ ਨਾ ਕੋਈ ਆਪਣਾ ਜਾਂ ਉਧਾਰ ਲਿਆ ਵਾਦ ਹੈ ਤੇ ਨਾ ਵਿਵਾਦ। ਉਹ ਸਿਰਫ ਤੇ ਸਿਰਫ ਕਹਾਣੀਕਾਰ ਹੈ। ਸਥਿਤੀ ਦਾ, ਵਾਤਾਵਰਨ ਦਾ ਚਤੇਰਾ ਹੈ। ਉਹ ਕਹਾਣੀ ਅਨੁਸਾਰ ਹੀ ਪਾਤਰਾਂ ਦੀ ਸਿਰਜਨਾ ਕਰਦਾ ਹੈ, ਉਹਨਾਂ ਦੇ ਸੁਭਾਅ, ਮਾਨਸਿਕ ਉਲਝਣਾ ਤੇ ਹੋਰ ਲੋੜਾ ਕਹਾਣੀ ਦੀ ਲੋੜ ਅਨੁਸਾਰ ਹੀ ਚਿਤਰੀਆਂ ਜਾਂਦੀਆਂ ਹਨ ਜਾਂ ਇਉ ਕਹਿ ਲਵੋ ਕਿ ਉਸਦੇ ਪਾਤਰ ਹੀ ਕਹਾਣੀ ਸਿਰਜਦੇ ਹਨ। ਮਾਨ ਤਾਂ ਉਹਨਾਂ ਨੂੰ ਪੋਲਿਸ਼ ਕਰਦਾ ਹੈ, ਲਿਸ਼ਕਾਉਂਦਾ ਹੈ, ਚਮਕਾਉਂਦਾ ਹੈ। ਇਨ੍ਹਾਂ ਕਹਾਣੀਆਂ ਵਿਚ ਵਧੇਰੇ ਕਰਕੇ ਦੋ ਤਰ੍ਹਾਂ ਦੇ ਪਾਤਰ ਮਿਲਦੇ ਹਨ ਇਕ ਪਰੰਪਰਕ ਤੇ ਆਦਰਸ਼ ਨਾਲ ਬਝੇ ਹੋਏ, ਜੁੜੇ ਹੋਏ, ਦੂਜੇ ਨਵੀਨ ਯੁੱਗ ਦੇ ਨਵੀਆਂ ਧਾਰਨਾਵਾਂ ਦੇ ਅਨੁਯਾਈ ਜੋ ਪਰੰਪਰਕ ਤੇ ਪੁਰਾਣੇ ਆਦਰਸ਼ਾ ਦਾ ਖੰਡਨ ਕਰਦੇ ਹੋਏ ਉਹਨਾਂ ਤੋਂ ਬਾਗੀ ਹੋ ਜਾਂਦੇ ਹਨ।

ਉਦਾਹਰਨ ਤੇ ਤੌਰ ਤੇ ਕਹਾਣੀ 'ਐਲਨ' ਦਾ ਪਾਤਰ ਜੋ ਦੀਦਾਰ ਸਿੰਘ ਆਪਣੀ ਪ੍ਰੇਮਕਾ ਰਾਣੀ ਨੂੰ ਏਨਾ ਪਿਆਰ ਕਰਦਾ ਹੈ ਕਿ ਉਹ ਕਿਸੇ ਦੂਜੀ ਔਰਤ (ਐਲਨ) ਨਾਲ ਉਸਦੇ ਜੋਰ ਪਾਉਣ ਉਤੇ ਵੀ ਉਸ ਨਾਲ ਹਮਬਿਸਤਰ ਹੋਣ ਲਈ ਤਿਆਰ ਨਹੀਂ ਹੁੰਦਾ ਹਰ ਉਸਦਾ ਸਾਥੀ ਦੀਪਕ ਕਿਸੇ ਦੀ ਪਰਵਾਹ ਨਾ ਕਰਦਾ ਹੋਇਆ ਮੈਰੀ ਨਾਲ ਝਟ ਹਮਬਿਸਤਰ ਹੋਣ ਲਈ ਤਿਆਰ ਹੋ ਜਾਂਦਾ ਹੈ। ਕਹਾਣੀ 'ਡਾਲਰ' ਦਾ ਪਾਤਰ ਜੋ ਜੂਲੀ ਦਾ ਪ੍ਰੇਮੀ ਪੈਸੇ ਨਾਲੋ ਵਧ ਜੂਲੀ ਨੂੰ ਚਾਹੁੰਦਾ ਹੈ, ਉਸ ਦੇ ਮਨ ਅੰਦਰ ਪੈਸੇ ਨਾਲੋਂ ਆਪਣਾ ਸੁਖ ਵਧੇਰੇ ਅਹਿਮੀਅਤ ਰਖਦਾ ਹੈ ਤਾਂ ਗੁਰਮੀਤ ਡਾਲਰਾਂ ਪਿੱਛੇ ਆਪਣੀ ਨਵਵਿਅਹੁਤਾ ਪਤਨੀ ਨੂੰ ਓਵਰ ਟਾਈਮ ਲਾਉਣ ਲਈ ਝੱਟ ਹਾਂ ਕਰ ਦਿੰਦਾ ਹੈ। ਇਸ ਤੋਂ ਇਹ ਵੀ ਸਪਸ਼ਟ ਹੈ ਕਿ ਜੇ ਪੱਛਮੀ ਲੋਕਾਂ ਲਈ ਪੈਸਾ ਮਨੁੱਖ ਲਈ, ਮਨੁੱਖ ਦੀਆਂ ਸਹੂਲਤਾਂ ਲਈ ਬਣਿਆ ਹੈ ਤਾਂ ਭਾਰਤੀ ਲੋਕਾਂ ਲਈ ਪੈਸੇ ਅਗੇ ਸੁੱਖ ਦੀ ਕੋਈ ਅਹਿਮੀਅਤ ਨਹੀਂ ਜ਼ਿੰਦਗੀ ਨੂੰ ਮਾਨਣ ਦੀ ਕੋਈ ਇੱਛਾ ਨਹੀਂ। ਕਹਾਣੀ 'ਮੌਤ ਦਾ ਘੇਰਾ'





ਦਾ ਕੈਪਟਨ ਪਰਾਈਆਂ ਕੁੜੀਆਂ ਨੂੰ ਨਫ਼ਰਤ ਕਰਦਾ ਹੈ ਪਰ ਉਸਦੇ ਸਟਾਫ ਦੇ ਬਹੁਤ ਕਰਮਚਾਰੀ ਜਹਾਜ ਵਿਚ ਆਉਣ ਦੀਆਂ ਇਛੁੱਕ ਕੁੜੀਆਂ ਨੂੰ ਮਾਨਣਾ ਚਾਹੁੰਦੇ ਹਨ। ਕਹਾਣੀ "ਬੰਦ ਦਰਵਾਜਾ" ਦੀ ਪ੍ਰੀਤੀ ਜੇ ਕਰ ਆਪਣੇ ਪ੍ਰੇਮੀ ਹਰਬੰਸ ਨੂੰ ਐਕਸੀਡੈਂਟ ਵਿਚ ਅੰਨਾ ਹੋਣ ਉਤੇ ਛੱਡ ਜਾਂਦੀ ਹੈ ਤਾਂ ਕਹਾਣੀ 'ਸਮੁੰਦਰ ਦਾ ਆਦਮੀ' ਦੀ ਮਮਤਾ ਸਮੁੰਦਰ ਵਿਚ ਆਪਣਾ ਪਿਓ ਤੇ ਨਵਾਂ ਜਾਲ ਖੋ ਕੇ ਹੌਸਲਾ ਸੁੱਟੀ ਬੈਠੇ ਰੰਗਾਨਾਥਨ ਨੂੰ ਹੌਸਲਾ ਦੇ ਤੇ ਮੁੜ ਸਮੁੰਦਰ ਨਾਲ ਟੱਕਰ ਲੈਣ ਲਈ, ਆਪਣੇ ਰੁਜਗਾਰ ਉਤੇ ਜਾਣ ਲਈ ਪ੍ਰੇਰਦੀ ਹੈ। ਜੇ ਕਹਾਣੀ 'ਰੱਬਾ ਮੈਡਮ ਨੂੰ ਬਚਾਈ' ਦੇ ਕੁਝ ਪਾਤਰ ਕੈਪਟਨ ਦੀ ਜਨਾਨੀ ਨੂੰ ਸਮੁੰਦਰ ਵਿਚ ਸੁਟਦੇ ਹਨ ਤਾਂ ਉਸਦੇ ਲਾਈਫ ਜੈਕਟ ਵੀ ਉਹਨਾਂ ਵਿਚੋਂ ਇਕ ਹੀ ਲਿਆ ਕੇ ਉਸਦੇ ਪਾਉਂਦਾ ਹੈ ਤਾਂ ਕਿ ਸ਼ਾਇਦ ਉਹ ਕਿਤੇ ਬਚ ਜਾਵੇ ਤੇ ਇਸ ਲਈ ਅਰਦਾਸ ਵੀ ਕਰਦਾ ਹੈ।

ਇਸ ਤਰ੍ਹਾਂ ਦੇ ਪਾਤਰਾਂ ਦੀਆਂ ਹੋਰ ਵੀ ਕਈ ਉਦਾਹਰਣਾ ਦਿੱਤੀਆਂ ਜਾ ਸਕਦੀਆਂ ਹਨ।

ਮਾਨ ਦੀਆਂ ਕਹਾਣੀਆਂ ਦੇ ਇਸਤਰੀ ਪਾਤਰ ਬਦਲਦੇ ਸਮਾਜ ਦੀ ਤਰਜ਼ਮਾਨੀ ਕਰਦੇ ਜ਼ੁਰਤਮੰਦ ਦਲੇਰ ਤੇ ਆਪਣੇ ਭਵਿੱਖ ਲਈ ਪੂਰੀ ਤਰ੍ਹਾਂ ਸੁਚੇਤ ਹਨ ਜਿਸ ਕਰਕੇ ਉਹ ਆਪਣੀਆਂ ਮਾਨ-ਮਰਿਆਦਾ ਰਸਮਾਂ ਰਿਵਾਜ਼ਾਂ ਤੇ ਲੋਕ ਚਰਚਾ ਦੀ ਪਰਵਾਹ ਨਾ ਕਰਦੇ ਹੋਏ ਆਪਣੀ ਜ਼ਿੰਦਗੀ ਦੀ ਬੇਹਤਰੀ ਲਈ ਕਾਰਜਸ਼ੀਲ ਹਰਬੰਸ ਨਾਲ ਇਕ ਦੂਜੇ ਨੂੰ ਸਮਝਣ ਪਰਖਣ ਲਈ ਤੇ ਵਿਆਹ ਕਰਵਾਉਣ ਲਈ ਰਹਿ ਕੇ ਹਾਂ ਕਰ ਦਿੰਦੀ ਹੈ ਪਰ ਉਹੀ ਪ੍ਰੀਤੀ ਹਰਬੰਸ ਦੇ ਅੰਨਾ ਹੋ ਜਾਣ ਉਤੇ ਇਕ ਅਪਾਹਜ ਦੀ ਸਾਰੀ ਉਮਰ ਡੰਗੋਰੀ ਬਣਕੇ ਰਹਿਣ ਨਾਲੋਂ ਇਕ ਹੋਰ ਸਾਥੀ ਲੱਭ ਲੈਣਾ ਚੰਗਾ ਸਮਝਦੀ ਹੈ ਤੇ ਲਭ ਲੈਂਦੀ ਹੈ। ਕਹਾਣੀ 'ਸਮੁੰਦਰ ਦਾ ਆਦਮੀ' ਦੀ ਸੁਨੀਤਾ ਆਪਣੇ ਪਤੀ ਤੋਂ ਜੋ ਪਿਆਰ ਤੇ ਸਤਿਕਾਰ ਚਾਹੁੰਦੀ ਹੈ, ਜਦ ਉਹ ਉਸ ਤੋਂ ਖਤਾਂ ਰਾਹੀ ਵੀ ਨਹੀਂ ਮਿਲਦਾ ਤਾਂ ਉਹ ਉਸਨੂੰ ਛੱਡ ਕੇ ਆਪਣੇ ਪੁਰਾਣੇ ਪ੍ਰੇਮੀ ਨਾਲ ਚਲੀ ਜਾਂਦੀ ਹੈ। ਸੁਨੀਤਾ ਦਾ ਲਿਖਿਆ ਖ਼ਤ ਉਸਦੇ ਮਨ ਦੀ ਖ਼ੂਬਸੂਰਤ ਤਰਜ਼ਮਾਨੀ ਕਰਦਾ ਹੈ।


ਅੱਜ ਦੀ ਕਹਾਣੀ ਸਮੁੰਦਰ ਦੀ ਤਹਿ ਉਤੇ ਰਹਿ ਕੇ ਉਤਲੇ ਦ੍ਰਿਸ਼ ਦਾ ਸਤਿਹੀ ਵਰਨਣ ਕਰਨ ਤੱਕ ਹੀ ਸੀਮਤ ਨਹੀਂ ਸੀ। ਇਸ ਦੀ ਸਫਲਤਾ ਤਾਂ ਸਮੁੰਦਰ ਦੀਆਂ ਗਹਿਰਾਈਆਂ ਦੀ ਥਾਹ ਪਾਉਣ ਦੇ ਯਤਨ ਵਿਚ, ਘੋਗੇ ਸਿੱਪੀਆਂ ਵਿਚੋਂ ਮੋਤੀਆਂ ਤੇ ਸਮੁੰਦਰੀ ਖਜ਼ਾਨੇ ਦੀ ਤਲਾਸ਼ ਕਰਕੇ ਪਾਠਕਾਂ ਨੂੰ ਕੁਝ ਨਵਾਂ ਪੇਸ਼ ਕਰਨ ਵਿਚ ਹੈ। ਪਰਮਜੀਤ ਮਾਨ ਕੋਲ ਪਹਿਲੇ ਹੱਥ ਲੰਮੇ ਤਜ਼ਰਬੇ, ਸਮੁੰਦਰ, ਦੇਸ਼ ਵਿਦੇਸ਼ ਬਾਰੇ ਖੁੱਲਾ ਗਿਆਨ ਹੋਣ ਕਰਕੇ ਪਾਠਕਾਂ ਨੂੰ ਕਹਾਣੀਆਂ ਰਾਹੀਂ ਦੇਣ ਲਈ ਬਹੁਤ ਕੁਝ ਹੈ, ਜਿਸ ਨੂੰ ਉਹ ਆਪਣੀਆਂ ਕਹਾਣੀਆਂ ਰਾਹੀਂ ਪਾਠਕਾਂ ਤੱਕ ਪਹੁੰਚਾਉਣ ਵਿਚ ਬਹੁਤ ਹੱਦ ਤੱਕ ਕਾਮਯਾਬ ਵੀ ਹੋਇਆ ਹੈ।

ਇਕ ਅੱਛੀ ਕਹਾਣੀ ਵਿਚ ਤਣਾਅ ਦਾ ਹੋਣਾ ਉਸਦਾ ਵਿਸ਼ੇਸ਼ ਗੁਣ ਹੁੰਦਾ ਹੈ। ਪਰਮਜੀਤ ਦੀਆਂ ਕਹਾਣੀਆਂ 'ਤੂਫਾਨ ਅੰਦਰ ਤੂਫਾਨ', ਤੇ 'ਮੌਤ ਦਾ ਘੇਰਾ' ਬਹੁਤ ਹੀ ਤਣਾਅ ਭਰਪੂਰ ਤੇ ਉਤਮ ਕਹਾਣੀਆਂ ਹਨ। ਅਜਿਹੀਆਂ ਵਧੀਆਂ ਕਹਾਣੀਆਂ ਕਦੇ ਕਦੇ ਵਿਰਲੀਆਂ ਹੀ ਪੜ੍ਹਨ ਨੂੰ ਮਿਲਦੀਆਂ ਹਨ।

ਮਾਨ ਦੀਆਂ ਕਹਾਣੀਆਂ ਜਿਥੇ ਗਿਆਨਵਰਧਕ ਹਨ ਉਥੇ ਅਨੰਦਿਤ ਵੀ ਹਨ, ਸੁਆਦਲੀਆਂ, ਦਿਲਚਸਪ ਤੇ ਦਿਲਕਸ਼ ਵੀ ਹਨ, ਉਹਨਾਂ ਵਿਚੋਂ 'ਜਲਪਰੀ' ਕਹਾਣੀ ਇਸ ਦੀ ਖ਼ੂਬਸੂਰਤ ਉਦਾਹਰਣ ਹੈ। ਨਵੇਂ ਵਿਸ਼ਿਆ ਨਾਲ ਸੰਬੰਧਤ ਮਾਨ ਦੀਆਂ ਕਹਾਣੀਆਂ ਦੀ ਪੇਸ਼ਕਾਰੀ ਵੀ ਕਿਸੇ ਸੁਲਝੇ ਹੋਏ ਤਰਜ਼ਬੇਕਾਰ ਕਹਾਣੀ ਕਾਰ ਤੋਂ ਘੱਟ ਨਹੀਂ ਇਸ ਤੋਂ ਪਹਿਲਾਂ ਪਰਮਜੀਤ ਦੇ ਕੋ ਕਾਵਿ ਸੰਗ੍ਰਹਿ ਵੀ ਪ੍ਰਕਾਸ਼ਤ ਹੋ ਚੁੱਕੇ ਹਨ। ਇਸ ਲਈ ਪਰਮਜੀਤ ਦੀ ਵਾਰਤਕ ਵਿਚਲੀ ਕਾਵਿਕਤਾ ਤੇ ਸੰਖੇਪਤਾ ਉਸਦੀਆਂ ਕਹਾਣੀਆਂ ਦੀ ਪਕੜ ਨੂੰ ਹੋਰ ਮਜਬੂਤ ਤੇ ਖ਼ੂਬਸੂਰਤ ਬਣਾਉਂਦੀ ਹੈ। ਨੈਸ਼ਨਲ ਬੁਕ ਸਾਪ ਦਿੱਲੀ ਵਲੋਂ ਛਾਪੀ ਗਈ 128 ਸਾਫੇ ਦੀ ਇਸ ਖ਼ੂਬਸੂਰਤ ਪੁਸਤਕ ਦਾ ਮੁੱਲ 120 ਰੁਪਏ ਹੈ।

**- ਗੁਰਮੇਲ ਮਡਾਹੜ**

## 'ਨਾ ਪੁੱਤ ਨਾ'(ਕਹਾਣੀ ਸੰਗ੍ਰਹਿ) ਜ਼ਿੰਦਗੀ ਦਾ ਅਸਲਵਾਦੀ ਬਿਰਤਾਂਤ




'ਨਾ ਪੁੱਤ ਨਾ' ਜਸਵਿੰਦਰ ਮਹਿਰਮ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ, ਜਿਸ ਵਿਚ ਤੇਰਾ ਕਹਾਣੀਆਂ , 117 ਸਫ਼ਿਆ ਉਪਰ ਫੈਲੀਆ ਹੋਈਆਂ ਹਨ। ਉਸਦੀ ਕਹਾਣੀ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਕਹਾਣੀ ਤਾਂ ਪਹਿਲਾਂ ਹੀ ਬਣੀ ਹੋਈ ਹੈ, ਜਸਵਿੰਦਰ ਮਹਿਰਮ ਤਾਂ ਬੱਸ ਸੁਣਾ ਰਿਹਾ ਹੈ। ਉਹ ਕਹਾਣੀ ਸਿਰਜਦਾ ਨਹੀਂ, ਸੁਣਾਉਂਦਾ ਹੈ। ਇਸ ਤਰ੍ਹਾਂ ਉਸਦੀ ਹਰ ਕਹਾਣੀ ਵਿਚੋਂ ਇਕ ਅਮੂਰਤ ਵਕਤਾ ਹਰ ਵਕਤ ਮੌਜੂਦ ਰਹਿੰਦਾ ਹੈ, ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਲੇਖਕ ਕਿਵੇਂ ਦੇਖਦਾ ਹੈ, ਤਿਵੇਂ ਲਿਖੀ ਤੁਰਿਆ ਜਾਂਦਾ ਹੈ। ਉਸਦਾ ਆਪਣਾ ਸੁਚੇਤ ਦਖਲ ਕਿਧਰੇ ਵੀ ਮਹਿਸੂਸ ਨਹੀਂ ਹੁੰਦਾ। ਇਸ ਲਈ ਇਸ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਦਾ ਮੁਹਾਂਦਰਾ ਅਸਲਵਾਦੀ ਹੈ।

ਵਰਜਨਾਵਾਂ ਦੇ ਸਮਾਜ ਵਿਚ ਰਹਿੰਦਿਆਂ ਉਸਦੀਆਂ ਕਹਾਣੀਆਂ ਦੇ ਪਾਤਰ ਆਪਣੀਆਂ ਜ਼ਿਹਨੀ ਅਤੇ ਕਾਮੁਕ ਭਾਵਨਾਵਾਂ ਦੀ ਪੂਰਤੀ ਸਮਾਜ ਤੋਂ ਲੁਕ ਲੁਕ ਕੇ ਕਰਦੇ ਹਨ। ਸਾਧਾਰਨ ਆਦਮੀ ਅਸਲ ਜਿੰਦਗੀ ਵਿਚ ਵੀ ਇਸੇ ਤਰ੍ਹਾਂ ਕਰਦਾ ਹੈ, ਤਾਂ ਕਿਹਾ ਜਾ ਸਕਦਾ ਹੈ ਕਿ ਜਸਵਿੰਦਰ ਮਹਿਰਮ ਦੀ ਕਹਾਣੀ ਸਾਡੇ ਸਮਾਜਕ ਜੀਵਨ ਦੀ ਪ੍ਰਤਿਨਿਧ ਕਹਾਣੀ ਹੋ ਨਿਬੜਦੀ ਹੈ। ਉਸਦੀ ਹਰ ਕਹਾਣੀ ਦਾ ਪਾਤਰ ਇਕ ਦੁਖਾਂਤਕ ਸਥਿਤੀ ਵਿਚ ਫਸਿਆ ਹੋਇਆ ਹੈ। ਜਿੱਥੇ 'ਉਚੀਆਂ ਪੱਗਾਂ ਵਾਲੇ' ਕਹਾਣੀ ਦੇ ਪਾਤਰ ਆਪਣੀਆਂ ਹੀ ਸਕੀਆਂ ਭੈਣਾ ਨਾਲ ਹਨ੍ਹੇਰੇ ਵਿਚ ਵਿਸ਼ਾ ਭੋਗਣ ਦਾ ਸੰਤਾਪ ਹੰਢਾਉਂਦੇ ਹਨ ਉਥੇ ' ਨਾ ਪੁੱਤ ਨਾ' ਦੀ ਪਾਤਰ ਇਕ ਬਾਂਝ ਪਤੀ ਦੀ ਔਰਤ ਹੋਣ ਦਾ ਸੰਤਾਪ ਹੰਢਾਉਂਦੀ ਹੈ। ਬਾਂਝ ਔਰਤ ਦੇ ਸੰਤਾਪ ਤੋਂ ਛੁਟਕਾਰਾ ਪਾਉਣ ਲਈ ਉਹ ਗੈਰ ਮਰਦਾਂ ਨਾਲ ਸਰੀਰਕ ਸਾਂਝ ਸਥਾਪਤ ਕਰਨ ਦੇ ਸੰਤਾਪ ਵਿਚ ਘਿਰ ਜਾਂਦੀ ਹੈ। ਇਸ ਤਰ੍ਹਾਂ ਇਨ੍ਹਾਂ ਕਹਾਣੀਆਂ ਦੇ ਪਾਤਰ ਇਕ ਦੁਖਾਂਤ ਵਿਚੋਂ ਨਿਕਲਣ ਲਈ ਦੂਸਰੇ ਹੋਰ ਗਹਿਰੇ ਸੰਤਾਪ ਵਿਚ ਘਿਰ ਜਾਂਦੇ ਹਨ। ਸਾਡੇ ਸਮਾਜ ਵਿਚ ਰਹਿੰਦੇ ਸਾਧਾਰਨ ਮਨੁੱਖ ਦੀ ਇਹੋ ਵਿਡੰਬਨਾ ਹੈ।

'ਫਰਾਇਡ' ਅਨੁਸਾਰ ਮਨੁੱਖ ਦੀਆਂ ਕੇਵਲ ਤੇ ਕੇਵਲ ਦੋ ਭੁੱਖਾ, ਪੇਟ ਦੀ ਭੁੱਖ ਅਤੇ ਪ੍ਰੇਮ ਦੀ ਭੁੱਖ






ਉਸ ਨੂੰ ਸਾਰੀ ਉਮਰ ਆਪਣੀਆਂ ਉਂਗਲਾਂ ਤੇ ਨਚਾਉਂਦੀਆਂ ਰਹਿੰਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਪੇਸ਼ ਹੋਏ ਪਾਤਰ ਵੀ ਇਨ੍ਹਾਂ ਦੋ ਭੁੱਖਾਂ ਨੂੰ ਰੱਜ ਰੱਜ ਕੇ ਹੰਢਾਉਂਦੇ ਦਿਸਦੇ ਹਨ। 'ਫੁੱਲਝੜੀਆਂ ਦਾ ਸੇਕ' ਦੀ ਲਾਜੋ ਇਕ ਫਿਰਤੂ ਔਰਤ ਹੈ। ਇਸ ਧੰਦੇ ਤੋਂ ਉਸਨੇ ਬਹੁਤ ਸਾਰਾ ਧਨ ਕਮਾਇਆ ਹੈ ਪਰ ਪੈਸਾ ਉਸਨੂੰ ਪਤੀ ਸੁੱਖ ਨਹੀਂ ਦੇ ਸਕਦਾ। ਉਸ ਨੂੰ ਪੈਸਾ ਅਤੇ ਕਾਮ-ਪੂਰਤੀ ਦੀ ਕੋਈ ਸਮੱਸਿਆ ਨਹੀਂ ਪਰ ਉਹ ਵੀ ਚਾਹੁੰਦੀ ਹੈ ਕਿ ਉਸਦਾ ਵੀ ਕੋਈ ਪਤੀ ਹੋਵੇ, ਜਿਸਨੂੰ ਆਪਣੀ ਭਾਸ਼ਾ ਵਿਚ ਉਹ ਔਰਤ ਦਾ ਲਾਇਸੰਸ ਕਹਿੰਦੀ ਹੈ। ਉਸਦੇ ਲਫ਼ਜ਼ਾਂ ਵਿਚ, "... ਤੁਸੀਂ ਆਪਣੇ ਤਨ ਦੀ ਅੱਗ ਬੁਝਾਉਣ ਲਈ ਮੇਰੇ ਕੋਲ ਆਉਂਦੇ ਹੋ ਤੇ ਚਲੇ ਜਾਂਦੇ ਹੋ। ਮੈਂ ਜਵਾਨ ਆਂ, ਸੋਹਣੀ ਆਂ। ਮੇਰੇ ਕੋਲ ਘਰ ਆ, ਪੈਸਾ ਆ। ਕੀ ਨਈਂ ਹੈ ਮੇਰੇ ਕੋਲ। ਚੰਗਾ ਖਾਂਦੀ ਆ, ਚੰਗਾ ਪਹਿਨਦੀ ਆ। ਘਰ ਦੀ ਗੱਡੀ ਵੀ ਬਿਨਾ ਲਾਇਸੰਸ ਨਹੀਂ ਚੱਲਦੀ। ਮਰਦ ਇਸ ਗੱਡੀ ਦਾ ਲਾਇਸੰਸ ਹੀ ਤਾਂ ਹੈ। ਕੀ ਮੈਨੂੰ ਕੋਈ ਲਾਇਸੰਸ ਨਈ ਮਿਲ ਸਾਕਦੈ।" (ਪੰਨਾ 27) ਲਾਜੋ ਅਸਲ ਵਿਚ ਕਹਿਣਾ ਚਾਹੁੰਦੀ ਹੈ ਕਿ ਬੰਦਾ ਬਜ਼ਾਰੂ ਜੀਵਨ ਜਿਉ ਕੇ ਸਦੀਵੀ ਅਤੇ ਅਸਲ ਸੁੱਖ ਪ੍ਰਾਪਤ ਨਹੀਂ ਕਰ ਸਕਦਾ। ਇਸਦੀ ਜੜ ਤਾਂ ਘਰੋਗੀ ਜੀਵਨ ਵਿਚ ਹੀ ਲੱਗ ਸਕਦੀ ਹੈ।

ਅਜੋਕਾ ਲੋਕਤਾਂਤਰਿਕ ਰਾਜਨੀਤਿਕ ਪ੍ਰਬੰਧ ਤਾਂ ਇਕ ਛਲਾਵਾਂ ਹੀ ਹੈ। ਸਮਾਜਕ ਪੱਧਰ ਤੇ ਅਸੀਂ ਹਾਲੇ ਵੀ ਜਗੀਰਦਾਰੀ ਪ੍ਰਬੰਧ ਵਿਚ ਹੀ ਜਿਉ ਰਹੇ ਹਾਂ। ਮਹਿਰਮ ਦੀਆਂ ਕਹਾਣੀਆਂ ਇਸ ਤੱਥ ਦੀ ਗਵਾਹੀ ਭਰਦੀਆਂ ਹਨ। 'ਉੱਚੀਆਂ ਪੱਗਾਂ ਵਾਲੇ' ਸਰਦਾਰ ਜਿਨ੍ਹਾਂ ਦਾ ਬਾਹਰੀ ਅਕਸ ਸ਼ਰੀਫ਼ ਜਾਦਿਆਂ ਦਾ ਬਣਿਆ ਹੋਇਆ ਹੈ, ਆਪਣੀਆਂ ਕਾਮੁਕ ਭਾਵਨਾਵਾਂ ਦੀ ਪੂਰਤੀ ਤਰ੍ਹਾਂ ਤਰ੍ਹਾਂ ਦੇ ਜਿਸਮ ਖਰੀਦ ਕੇ ਕਰਦੇ ਹਨ। ਪੈਸੇ ਦੇ ਲਾਲਚ ਵੱਸ ਉਨ੍ਹਾਂ ਦੇ ਗਰੀਬ ਨੌਕਰ ਹਰ ਤਰ੍ਹਾਂ ਦਾ ਜਾਇਜ਼ ਨਾਜਾਇਜ਼ ਕੰਮ ਕਰਨ ਲਈ ਹਰ ਵਕਤ ਤਿਆਰ ਰਹਿੰਦੇ ਹਨ। ਲਾਲਚ ਦੇ ਕੇ ਕਿਸੇ ਮਾਸੂਮ ਤੋਂ ਗਲਤ ਕੰਮ ਕਰਵਾਉਣਾ ਵੀ ਇਕ ਤਰ੍ਹਾਂ ਦੀ ਲੁੱਟ ਖਸੁਟ ਹੀ ਹੈ ਜਿਸਨੂੰ 'ਕਾਗਾ ਕਰੰਗ ਢੰਡੋਲਿਆ' ਦਾ ਪਾਤਰ 'ਪ੍ਰੀਤਮ ' ਵੀ ਹੰਢਾਉਂਦਾ ਦੇਖਿਆ ਜਾ ਸਕਦਾ ਹੈ। ਆਪਣੇ ਮਾਲਕ ਲਈ ਨਿੱਤ ਨਵੀਆਂ ਕੁੜੀਆਂ ਦਾ ਪ੍ਰਬੰਧ ਕਰਨ ਵਾਲੇ ਪ੍ਰੀਤਮ ਨੂੰ ਇਕ ਦਿਨ ਬੇਵਸੀ ਵਿਚ ਨਾਂਹ ਆਖ ਦੇਣ ਦੇ ਇਵਜ ਵਜੋਂ ਆਪਣੀ ਸਕੀ ਭੈਣ ਦੀ ਇਜ਼ਤ-ਆਬਰੂ ਅਤੇ ਜਾਨ ਤੱਕ ਕੁਰਬਾਨ ਕਰਨੀ ਪੈਂਦੀ ਹੈ। ਉਸਦਾ ਮਾਲਕ ਉਸਦੀ ਸਕੀ ਭੈਣ ਨੂੰ ਹੀ ਆਪਣੀ ਹਵਸ ਦਾ ਸ਼ਿਕਾਰ ਬਣਾ ਲੈਂਦਾ ਹੈ ਅਤੇ ਨਮੋਸ਼ੀ ਵਿਚ ਉਹ ਖੁਦਕਸ਼ੀ ਕਰ ਲੈਂਦੀ ਹੈ।

ਇਸਤਰੀ ਪਾਤਰਾਂ ਦੇ ਆਚਰਣ ਦੀ ਉਸਾਰੀ ਸਮੇਂ ਉਨ੍ਹਾਂ ਦੀ ਖ਼ੂਬਸੂਰਤੀ ਨੂੰ ਬਿਆਨ ਕਰਦਾ 'ਮਹਿਰਮ ' ਵਾਰਿਸ-ਸ਼ਾਹ ਹੀ ਬਣ ਬੈਠਦਾ ਹੈ। ਉਦਾਹਰਣਾ ਪ੍ਰਸਤੁਤ ਹਨ, "ਲੀਨਾ ਦੇ ਗੋਲ ਗੋਲ ਗੋਰੇ ਚਿਹਰੇ 'ਤੇ ਮੋਟੀਆਂ ਮੋਟੀਆਂ ਅੱਖਾਂ ਮਸਤੀ ਭਰੇ ਜਾਮ ਦੀ ਤਰ੍ਹਾਂ ਛਲਕੀਆਂ। ਉਹਦੀ ਧੌਣ ਸੁਰਾਹੀ ਦੀ ਤਰ੍ਹਾਂ ਲਗਦੀ... ਬਰੀਕ ਗੁਲਾਬੀ ਬੁੱਲ੍ਹ। ਜਦੋਂ ਹੱਸਦੀ ਤਾਂ ਗੱਲ੍ਹਾਂ ਵਿਚ ਟੋਏ.. ਛਾਤੀ ਉਤੇ ਉਠੇ ਉਭਾਰ ਕਿਸੇ ਜਾਲ 'ਚ ਫਸੇ ਬਟੇਰੇ ਜਿਹੇ ਲਗਦੇ। ਤੇ ਪਤਲਾ ਲੱਕ... ਜਿਸਮ ਜਿਵੇਂ ਕਿਸੇ ਸ਼ਿਲਪਕਾਰ ਨੇ ਸੰਗਮਰਮਰ ਦੀ ਮੂਰਤੀ ਬਣਾ ਕੇ ਹੁਣੇ ਹੁਣੇ ਖੜ੍ਹੀ ਕਰ ਦਿੱਤੀ ਹੋਵੇ।" (ਪੰਨਾ 61) ਇਸੇ ਤਰ੍ਹਾਂ ਦੀ ਇਕ ਉਦਾਹਰਣ ਨਾ 97 ਉਪਰ ਵੀ ਦੇਖੀ ਜਾ ਸਕਦੀ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਮਹਿਰਮ ਦੀ ਕਹਾਣੀ ਦੇ ਪਾਤਰ ਥੁੜ੍ਹ ਹੰਢਾਉਂਦੇ ਹਨ, ਇਹ ਥੁੜ੍ਹ ਜਾਂ ਪੈਸੇ ਦੀ ਹੈ, ਕਾਮ ਦੀ ਹੈ ਜਾਂ ਅਕਲ ਦੀ ਹੈ।

**- ਰਾਮ ਮੂਰਤੀ** (ਪ੍ਰੋ.)

# ਸਮਾਜੀ ਸੂਝ ਤੇ ਫਿਕਰਮੰਦੀ ਦਾ ਵਿਅੰਗ ਲਾਹੇ ਹੋਏ / ਸੁਖਬੀਰ ਬੀਹਲਾ




ਪਵਨ ਪਰਿੰਦਾ ਪੰਜਾਬੀ ਕਹਾਣੀ ਖੇਤਰ ਵਿਚ ਥਾਂ ਬਣਾ ਰਿਹਾ, ਡੇਢ ਦਹਾਕੇ ਦੌਰਾਨ ਧੀਮੀ ਗਤੀ ਵਿਚ ਸਿਰਫ 19 ਕਹਾਣੀ ਦਾ ਰਚਾਇਤਾ ਨਵਾਂ ਕਹਾਣੀਕਾਰ ਹੈ। ਪਵਨ ਪਰਿੰਦਾ ਦੀ ਕਹਾਣੀ ਸਿਰਜਣ ਦੀ ਰਫ਼ਤਾਰ ਧੀਮੀ ਅਤੇ ਮੜ੍ਹਕ ਵਾਲੀ ਹੈ। ਪੰਜਾਬੀ ਕਹਾਣੀ ਖੇਤਰ ਵਿਚ ਉਸਨੇ ਦੋ ਕਹਾਣੀ ਸੰਗ੍ਰਹਿ 'ਮੱਸਿਆ ਦੀ ਰਾਤ' (1994, 2006 ), 'ਲਾਹੇ ਹੋਏ' (2004) ਪੇਸ਼ ਕੀਤੇ ਹਨ। ਇਨ੍ਹਾਂ ਦੋਹਾਂ ਕਹਾਣੀ ਸੰਗ੍ਰਹਿਾਂ ਵਿਚ ਕੁੱਲ 20 ਕਹਾਣੀਆਂ ਸ਼ਾਮਿਲ ਹਨ ਜਦੋਂ ਕਿ ਇਕ ਕਹਾਣੀ ਪਲ ਪਲ ਵਧਦੇ ਕਦਮ ' ਦੋਹਾਂ ਸੰਗ੍ਰਹਿ ਵਿਚ ਸ਼ਾਮਿਲ ਕੀਤੀ ਗਈ ਹੈ। ਪਵਨ ਕਹਾਣੀ ਦੀ ਸਿਰਜਣਾ ਸਹਿਜ ਬਿਰਤੀ ਨਾਲ ਕਰਦਾ ਹੋਇਆ ਅਸਹਿਜ ਜ਼ਰੂਰ ਹੋਣ ਲੱਗਦਾ ਹੈ ਪਰ ਸਹਿਜਤਾ ਜਾਰੀ ਰਹਿੰਦੀ ਹੈ। ਇਨ੍ਹਾਂ ਕਹਾਣੀਆਂ ਦੇ ਪਾਠ ਸਮੇਂ ਮੇਰੀ ਕੋਸ਼ਿਸ਼ ਪਵਨ ਪਰਿੰਦਾ ਦੀ ਸਿਰਜਣਾਤਮਕ ਪਲਾਂ ਦੀ ਅਵਸਥਾ ਨੂੰ ਪਕੜਨ ਦੀ ਰਹੀ ਹੈ। ਮੇਰੇ ਸਾਹਮਣੇ ਇਹ ਸਵਾਲ ਕਿ ਪਵਨ ਨੂੰ ਕਹਾਣੀ ਲਿਖਣ ਦੀ ਕੀ ਲੋੜ ਪੈ ਗਈ ? ਕਹਾਣੀ ਵਿਚ ਕਿੰਨੀ ਕਲਾ ਹੈ? ਕਹਾਣੀ ਕਿਵੇਂ ਲਿਖੀ ਗਈ ? ਇਨ੍ਹਾਂ ਸਵਾਲਾਂ ਦੇ ਸਨਮੁਖ ਹੀ ਪਵਨ ਦੀ ਜੀਵਨ ਸ਼ੈਲੀ ਨੂੰ ਵੀ ਮੈਂ ਪਕੜਣ ਦੇ ਪ੍ਰਯਤਨ ਵਿਚ ਰਿਹਾ ਹਾਂ। ਕਹਾਣੀ ਦੇ ਉਚੇਚ ਯਤਨਾ ਵਿਚ ਜਦੋਂ ਪਵਨ ਹੁੰਦਾ ਹੈ ਤਾਂ ਉਸਦੀ ਕਹਾਣੀ ਵਿਚ ਬਨਾਵਟੀਪਣ ਝਲਕਣ ਲੱਗਦਾ ਹੈ, ਜਦੋਂ ਕਿ ਵਿਸਮਾਦ ਦੀ ਅਵਸਥਾ ਵਿਚ ਸਹਿਜ ਕਥਾ ਉਲੀਕਦਾ ਹੈ ਤਾਂ ਅਸਲੀ ਭਾਵ ਪਾਠਕ ਸਾਹਮਣੇ ਰਹਿੰਦੇ ਹਨ। ਆਪਣੇ ਪੂਰਬਲੇ ਕਥਾ-ਸੰਗ੍ਰਹਿ ਵਿਚ ਵੀ ਅਤੇ ਹਥਲੇ ਕਥਾ-ਸੰਗ੍ਰਹਿ ਵਿਚ ਵੀ ਪਵਨ ਪਰਿੰਦਾ ਦੀ ਸਮਾਜ ਪ੍ਰਤੀ ਸਮਝ ਅਮਾਨਵੀ ਵਤੀਰੇ ਨੂੰ ਹਿਰਸ ਨਾਲ, ਤਰਸ ਭਰੀਆਂ ਤੇ ਵਿਰੋਧ-ਭਾਵੀ ਨਜ਼ਰੀਏ ਤੋਂ ਦੇਖਣ ਦੀ ਹੈ। ਪਵਨ ਦੀ ਖ਼ੂਬੀ ਇਹ ਹੈ ਕਿ ਉਹ ਕਥਾ ਦੇ ਮਕਸਦ ਵਿਚ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ। ਦੋਹਾਂ ਕਥਾ ਸੰਗ੍ਰਹਿਾਂ ਦੇ ਸਿਰਲੇਖ ਇਸ ਗੱਲ ਨੂੰ ਪ੍ਰਮਾਣਤ ਕਰਕੇ ਤੁਰਦੇ ਹਨ ਕਿ ਇਹ ਕਹਾਣੀਆਂ ਦੁੱਖਾਂ ਦਰਦਾਂ, ਤਕਲੀਫਾਂ ਵਿਚ ਘਿਰੇ ਪਾਤਰਾਂ ਦੀਆਂ ਕਹਾਣੀਆਂ ਹੋਣਗੀਆਂ। ਅਸਲ ਵਿਚ ਇਨ੍ਹਾਂ ਕਹਾਣੀਆਂ ਨੂੰ ਬੰਦੇ ਦੇ ਸੂਖ਼ਮ ਅਹਿਸਾਸਾਂ, ਦੁੱਖਾਂ-ਦਰਦਾਂ ਦੀਆਂ ਕਹਾਣੀਆਂ ਕਿਹਾ ਜਾ ਸਕਦਾ ਹੈ। ਪਵਨ ਦਾ ਕਿਸੇ ਜਮਾਤੀ ਪੈਂਤੜੇ ਵਿਚ ਕੋਈ ਵਿਸ਼ਵਾਸ ਨਹੀਂ, ਸਗੋਂ ਉਸਦਾ ਵਿਸ਼ਵਾਸ ਮਨੁੱਖਤਾ ਵਿਚ ਹੈ ਇਨ੍ਹਾਂ ਕਹਾਣੀਆਂ ਨੂੰ ਪੜ੍ਹਨ ਤੋਂ ਲੱਗਦਾ ਹੈ ਕਿ ਪਵਨ ਕਿਸੇ ਅਜਿਹੇ ਆਦਰਸ਼ ਦੀ ਭਾਲ ਵਚ ਹੈ ਜਿੱਥੇ ਬੈਂਦਾ, ਬੰਦਾ ਬਣਕੇ ਅਜਿਹੀ ਧਰਤੀ ਸਿਰਜੇ ਜਿੱਥੇ ਕਿਸੇ ਦਾ ਕਰਕੇ ਕਿਸੇ ਨੂੰ ਕੋਈ ਤਕਲੀਫ਼ ਨਾ ਹੋਵੇ। ਅਸਲ ਵਿਚ ਇਹ ਕਹਾਣੀਆਂ ਬੰਦੇ ਵੱਲੋਂ ਬੰਦੇ ਨੂੰ ਦਿੱਤੇ ਗਏ ਦੁੱਖ ਦੀਆਂ ਕਹਾਣੀਆਂ ਹਨ ਇਹ ਕਹਾਣੀਆਂ ਦੱਬੇ ਕੁਚਲੇ, ਦਰੜੇ ਹੋਏ ਬੰਦਿਆਂ ਨੂੰ ਫੋਕਸ ਵਿਚ ਰੱਖ ਕੇ ਉਹਨਾਂ ਦਾ ਜੀਵਨ ਰੰਗ ਚਿਤਰਨ ਦਾ ਪ੍ਰਯਤਨ 'ਚ ਹੈ ਕਿ ਜੋ ਨਹੀਂ ਹੋਣਾ ਚਾਹੀਦਾ ਹੈ ਉਹ ਹੋ ਰਿਹਾ ਹੈ' ਇਹ ਕਿਵੇਂ ਹੋ ਰਿਹਾ ਹੈ, ਕਿਥੇ ਹੋ





ਰਿਹਾ ਹੈ? ਲੇਖਕ ਇਸ ਗੱਲ ਦੀ ਤਹਿ ਤੱਕ ਜਾ ਕੇ ਵਿਅੰਗ ਰਾਹੀਂ ਇਸਨੂੰ ਨਕਾਰਦਾ ਹੋਇਆ ਵਾਜ਼ਬ ਨੂੰ ਵਾਜ਼ਬ ਅਤੇ ਗੈਰ ਵਾਜਬ ਨੂੰ ਗੈਰ ਵਾਜ਼ਬ ਕਹਿਣ ਦੀ ਜ਼ੁਰੱਅਤ ਰੱਖਦਾ ਹੈ।

'ਸਰਕਾਰੀ ਦਹਿਸਤਗਰਦੀ ਹਮੇਸ਼ਾਂ ਲਾਇੰਸਸ਼ੁਦਾ ਹੁੰਦੀ ਹੈ।' (54)

'ਬਾਜਾਂ ਵਾਲਿਆ... ਦੇਖ ਲੈ... ਤੇਰੇ ਸਰਵੰਸ਼ ਵਾਰਨ ਦੇ ਤਿੰਨ ਸੌ ਸਾਲਾਂ ਮਗਰੋਂ ਵੀ ਮੱਸਾ ਰੰਗੜ ਜਿਉਂਦਾ... ਆਜਾ ਕਿਸੇ ਪਾਸਿਓ ਭੇਜ ਬੰਦੇ ਨੂੰ... ਖੜਕਾਵੇ ਸਰਹਿੰਦ ਦੀ ਇੱਟ ਨਾਲ ਇੱਟ ।" (54)

ਇਸ ਤਰ੍ਹਾਂ ਲੇਖਕ ਨਿਆਂ ਪਸੰਦ ਸੋਚ ਦਾ ਧਾਰਨੀ ਹੈ, ਜਿਸ ਦੀ ਸਮਕਾਲੀ ਸੂਝ ਇਤਿਹਾਸਕ ਪ੍ਰਸੰਗ ਵਿਚ ਪੂਰੀ ਦੀ ਪੂਰੀ ਸੰਸਕ੍ਰਿਤੀ ਨੂੰ ਨਾਲ ਲੈ ਕੇ ਚੱਲਣ ਦਾ ਅਹਿਦ ਕਰਦੀ ਹੈ।

ਇਨ੍ਹਾਂ ਕਹਾਣੀਆਂ ਦਾ ਵਾਤਾਵਰਣ ਪਿਛਲੇ ਡੇਢ ਦਹਾਕੇ ਦੇ ਇਤਿਹਾਸਕ ਪ੍ਰਸੰਗ ਵਿਚ ਮੁੱਲਵਾਨ ਹੈ। ਪਿਛਲਾ ਡੇਢ ਦਹਾਕੇ ਅੰਤਰਰਾਸ਼ਟਰੀ ਪੱਧਰ ਉਪਰ ਬੜੇ ਤਿੱਖੇ ਵਿਵਾਦ ਅਤੇ ਸੰਵਾਦ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੋਣ ਕਰਕੇ ਜਿੱਥੇ ਸਥਾਨਕ ਜਕੜਬੰਦੀਆਂ ਆਪਣੇ ਹੋਂਦ ਬਚਾਉਣ ਦੇ ਆਹਰ ਵਿਚ ਹਨ ਉੱਥੇ ਅੰਤਰ ਰਾਸ਼ਟਰੀ ਪੱਧਰ ਦੇ ਪਾਰ ਸਭਿਆਚਾਰ ਸਥਾਨਕ ਜਕੜਬੰਦੀਆਂ ਇਨ੍ਹਾਂ ਨੂੰ ਤੋੜਨ ਵਿਚ ਆਪਣਾ ਵਾਹ ਲਾ ਰਹੀਆਂ ਹਨ। ਅਜਿਹੇ ਦੌਰ ਵਿਚ ਜਿੱਥੇ ਮਨੁੱਖੀ ਸੋਚ ਮੁਨਾਫ਼ੇ ਖੋਰੀ, ਮੰਡੀ ਦੀ ਦੌੜ ਵਿਚ ਹੈ ਬੰਦਾ ਵਸਤੂ ਬਣਕੇ ਰਹਿ ਗਿਆ ਹੈ, ਇਖ਼ਲਾਕ, ਕਦਰਾਂ ਕੀਮਤਾ, ਪਰੰਪਰਾ, ਸੰਸਕ੍ਰਿਤੀ ਡਾਵਾਂ ਡੋਲ ਹੋ ਗਏ ਹਨ। ਵਿਚਾਰ ਧਾਰਕ ਤੌਰ ਤੇ ਫ਼ੋਕਸ ਹਿੱਲ ਗਏ ਹਨ। ਅਜਿਹੇ ਸਮੇਂ ਦੇ ਵਹਾਅ ਵਿਚ ਪੰਜਾਬੀ ਮਾਨਸਿਕਤਾ, ਪੰਜਾਬੀਅਤ ਦਾ ਤਵਾਜ਼ਨ ਪੰਜਾਬ ਪੱਧਰ ਉੱਪਰ ਬੜੇ ਮਾਰੂ ਪ੍ਰਭਾਵ ਅਧੀਨ ਵਿਚਰਿਆ ਹੈ। ਅੰਤਰਰਾਸ਼ਟਰੀ, ਰਾਸਟਰੀ ਪੱਧਰ 'ਤੇ ਪੰਜਾਬ ਨੂੰ ਮੋਹਰੀ ਸਥਾਪਤ ਕਰਨ ਦੇ ਸਰਕਾਰੀ ਖੋਖਲੇ ਦਾਹਵੇ, ਸ਼ਾਹੂਕਾਰੀ, ਕੰਪਨੀਆਂ ਦੀ ਲੁੱਟ ਨੇ ਪੰਜਾਬ ਵਿਚ ਚਲਾਈਆਂ ਕਿਸਾਨੀ, ਹੱਕੀ ਹਰੀ ਕ੍ਰਾਂਤੀ ਲਹਿਰਾਂ ਨੂੰ ਮਾਰੂ ਲਹਿਰਾਂ ਵਿਚ ਬਦਲ ਕੇ ਰੱਖ ਦਿੱਤਾ ਜਿਸ ਪੱਖੋਂ ਪੰਜਾਬ ਦੀ ਮਾੜ੍ਹੀ ਆਰਥਿਕਤਾ ਦਰਪੇਸ਼ ਗਰੀਬੀ ਸਰਾਪ ਬਣਕੇ ਉੱਭਰੀ। ਇਹ ਨਹੀਂ ਕਿ ਇਸ ਤੋਂ ਪਹਿਲਾਂ ਸਾਡੀ ਆਰਥਿਕਤਾ ਮਾੜੀ ਨਹੀਂ ਸੀ ਪਰ ਇਹ ਆਰਥਿਕਤਾ ਨੇ ਸਾਡੇ ਤਵਾਜ਼ਨ ਪਹਿਲੀ ਆਰਥਿਕਤਾ ਦੇ ਮੁਕਾਬਲੇ ਵਿਗਾੜੇ ਹਨ। ਇਹ ਗਰੀਬੀ ਪਿੱਛੇ ਪਾਖੰਡ, ਸਿਆਸਤ, ਭ੍ਰਿਸ਼ਟਾਚਾਰੀ ਦੇਸ਼ ਦਾ ਖੋਖਲਾ ਲੋਕਤੰਤਰੀ ਪ੍ਰਬੰਧ ਕੰਮ ਕਰਦਾ ਹੈ। ਅਜ਼ਾਦੀ ਤੋਂ ਬਾਅਦ ਹੁਣ ਤੱਕ ਪਸ਼ੂਆਂ ਦੀ ਜੂਨ ਭੋਗਦੇ ਬੰਦੇ ਲੇਖਕ ਦੀ ਨਜ਼ਰਸਾਨੀ ਵਿਚ ਹਨ। ਗਰੀਬੀ ਕਰਕੇ ਮਨ ਦੀਆਂ ਮਨ ਵਿਚ ਅਤ੍ਰਿਪਤ ਸੱਧਰਾਂ ਨੂੰ ਲੇਖਕ ਨੇ 'ਲਾਹੇ ਹੋਏ' ,'ਪੌਣੀ ਸਦੀ ਦਾ ਸਫ਼ਰ' ਕਹਾਣੀਆਂ ਵਿਚ ਬੜੀ ਸ਼ਿੱਦਤ ਨਾਲ ਪਕੜਿਆ ਹੈ। 'ਲਾਹੇ ਹੋਏ' ਕਹਾਣੀ ਦੀ ਪਾਤਰ ਮੀਤਾ ਇਸੇ ਹੀ ਅਹਿਸਾਸ ਵਿਚ ਘਿਰੀ ਹੈ ਕਿ ਗਰੀਬੀ ਦੀ ਜੂਨ ਹੰਢਾਉਂਦੇ ਹੋਏ ਉਸਨੂੰ ਮਨਚਾਹੀਆਂ ਚੀਜ਼ਾਂ ਨਹੀਂ ਮਿਲੀਆਂ। ਬ੍ਰਾਹਮਣੀ ਸੋਚ ਅਨੁਸਾਰ ਮੀਤਾਂ ਨੂੰ ਇਹ ਸਵੀਕਾਰ ਨਹੀਂ ਉਹ ਕਰਵਟ ਲੈ ਰਹੀ ਔਰਤ ਚੇਤਨਾ ਦੀ ਸੂਚਕ ਬਣਕੇ, ਗਊ ਨਾ ਬਣਕੇ ਰਹਿਣ ਲਈ ਚੈਲੰਜ ਵਜੋਂ ਦਹਾਜੂ ਫੋਜੀ ਨਛੱਤਰ ਸਿੰਘ ਤੋਂ ਵੰਗਾਰ ਬਣਕੇ ਆਪਣਾ ਹਾਣ ਪ੍ਰਮਾਣ ਮੰਗਦੀ ਹੈ। ਇਸੇ ਕਰਕੇ ਹੀ ਉਹ ਹੰਢਿਆ ਹੋਇਆ ਪੁਰਾਣਾ ਮਰਦ ਭੋਗਣ ਤੋਂ ਇਨਕਾਰੀ ਹੁੰਦੀ ਹੈ। ਇਸ ਲਈ ਉਹ ਉਸੇ ਘਰ ਪਰ ਪਿਓ ਦੀ ਥਾਂ ਪੁੱਤ ਨੂੰ ਪਰਨਾਉਣ ਜਾ ਜਜ਼ਬਾ ਦਰਕਾਰ ਰੱਖਦੀ ਹੈ।

"ਇਹ ਫੈਸਲਾ ਹੁਣ ਤੂੰ ਹੀ ਕਰ ਲੈ।... ਰਹੂੰ ਇੱਥੇ ਈ... ਵਸੂੰ ਇਸੇ ਘਰ 'ਚ ਹੀ ...। ਬੋਲ ਗਿੰਦੇ ਲਈ ਮਨਜ਼ੂਰ ਆ...?" ਪੰਨਾ 15

ਇਸ ਕਹਾਣ ਦੇ ਪਾਤਰ ਮੀਤਾ ਦਾ ਪਿਤਾ ਫੌਜੀ ਸੁੱਚਾ ਸਿੰਘ ਅਤੇ ਮੀਤਾ ਦੀ ਜ਼ਿੰਦਗੀ ਵਿਚ ਗਰੀਬੀ ਦੀ ਦਖ਼ਲ ਅੰਦਾਜੀ ਸਰਾਪ ਹੈ ਜਿਸ ਕਰਕੇ ਹੀ ਫੌਜੀ ਆਪਣੀ ਜੁਆਨ ਸੋਹਣੀ ਸਨੁੱਖੀ ਧੀ ਨੂੰ ਇਕ ਦਹਾਜੂ ਦੇ ਗਲ ਮੜ੍ਹ ਦਿੰਦਾ ਹੈ। ਇਕ ਹੱਦ ਤੱਕ ਗਰੀਬੀ ਦੀ ਚੇਤਨਾ ਰੱਬੀ ਰਜ਼ਾ ਵਿਚ ਰਹਿੰਦੀ ਹੈ ਇਸੇ ਕਰਕੇ ਹੀ ਮੀਤਾ ਰੱਬ ਨੂੰ ਨਿਹੋਰਾ ਮਾਰਦੀ ਹੈ "ਰੱਬਾ ਕਦੇ ਸਾਡੇ ਵਿਹੜੇ ਵੀ ਫੇਰਾ ਪਾਏਂਗਾ ਨਵੀਆਂ ਨਿਕੋਰ ਸੁਗਾਂਤਾਂ ਲੈ ਕੇ।" ਪੰਨਾ 10

ਇਸਦੇ ਨਾਲ ਹੀ ਇਸ ਕਹਾਣੀ ਦਾ ਵਿਅੰਗ ਇਹ ਬਣਦਾ ਹੈ ਕਿ ਕੀ ਗਰੀਬੀ ਰੱਬ ਦੀ ਦੇਣ ਹੈ ਜੇਕਰ ਰੱਬ ਅਜਿਹਾ ਕਰਦਾ ਹੈ ਤਾਂ ਫਿਰ ਉਹ ਰੱਬ ਨਹੀਂ ਹੈ। ਮੀਤਾਂ ਇਸ ਰੱਬੀ ਦੇਣ ਦੀ ਸਮਝ ਫੌਜੀ ਦੀ ਸਮਝ ਰਾਹੀਂ ਪਾਉਂਦਾ ਹੈ ਉਸਨੂੰ ਪਤਾ ਲੱਗ ਜਾਂਦਾ ਹੈ ਕਿ ਉਹ ਸਾਰਾ ਕੁਝ ਬਦਲਿਆ ਹੀ ਬਦਲਿਆ ਜਾ ਸਕਦਾ ਹੈ। ਲੇਖਕ ਇਸੇ ਤਰ੍ਹਾਂ ਹੀ ਫੌਜੀ ਸੁੱਚਾ ਸਿੰਘ ਨਾਲ ਬਿੰਦੇ ਵੱਲੋਂ ਕੀਤੀਆਂ ਜਿਆਦਤੀਆਂ ਨੂੰ ਤਸਬੀਹਾਂ ਕੇ ਕੇ ਵਿਅੰਗ ਦੀ ਪਾਣ ਚਾੜ੍ਹਦਾ ਹੈ।

'ਜਦੋਂ ਉਸਨੂੰ ਕਦੇ ਸਕਹੱਦ 'ਤੇ ਕੀਤੀ ਦੇਸ਼ ਦੀ ਸੇਵਾ ਯਾਦ ਆਉਂਦੀ , ਪਹਿਲਾਂ ਤਾਂ ਉਸਦੀ ਛਾਤੀ ਕਿਸੇ ਬੈਡਰ ਵਾਂਗ ਫੁੱਲ ਜਾਂਦੀ ਪਰ ਜਦੋਂ ਫੌਜ 'ਚ ਹੋਈਆਂ ਜ਼ਿਆਦਤੀਆਂ ਯਾਦ ਆਉਂਦੀਆਂ ਤਾਂ ਭਰੇ ਹੋਏ ਬਲੈਡਰ 'ਚ ਕੋਈ ਤਿੱਖੀ ਸੂਈ ਬਰੀਕ ਜਿਹੀ ਮੋਰੀ ਕਰ ਜਾਂਦੀ ਅਤੇ ਬਲੈਡਰ ਕਿਸੇ ਵੱਛਰੂ ਦੇ ਸੁੱਕੇ ਨਾੜਏ ਵਰਗਾ ਹੋ ਜਾਂਦਾ।" ਪੰਨਾ 8

ਇਸੇ ਤਰ੍ਹਾਂ ਹੀ ਕਹਾਣੀ 'ਪੌਣੀ ਸਦੀ ਦਾ ਸ.ਫ਼ਰ' ਗਰੀਬੀ ਦੇ ਮਜ਼ਾਕ ਨੂੰ ਹਿਰਸ ਤਰਸ ਭਾਵਨਾ ਨਾਲ ਆਪਣੇ ਕਲੇਵਰ ਵਿਚ ਲੈਂਦੀ ਹੈ। ਇਸ ਕਹਾਣੀ ਦਾ ਪਾਤਰ ਪੌਣੀ ਸਦੀ ਦਾ ਸ.ਫ਼ਰ ਦਾ ਕੋਈ ਮਹੱਤਵ ਨਹੀਂ ਉਸ ਲਈ ਅਜ਼ਾਦੀ ਇਕ ਸਿਰ.ਫ਼ ਦਾ ਸਿਰ.ਫ਼ ਨਾਂ ਹੈ ਪਾਖੰਡ ਹੈ। 'ਮੇਰਾ ਮੁਲਕ ਮਹਾਨ' ਤਿੰਨ ਮੰਮੇ ਵਿਅੰਗ ਦੀ ਰੂਪ ਰੇਖਾ ਹਨ। ਅਜ਼ਾਦੀ ਆ ਜਾਣ ਬਾਅਦ ਵੀ ਅਸੀਂ ਮਾਨਸਿਕ ਤੌਰ 'ਤੇ ਗੁਲਾਮ ਹਾਂ ਅਜ਼ਾਦੀ ਸਿਰ.ਫ਼ ਸਰਮਾਏਦਾਰਾਂ ਸ਼ਾਹੂਕਾਰਾਂ ਲਈ ਹੈ। ਦੇਸ਼ ਭਗਤਾਂ ਦੀ ਰੂਹ ਕੁਰਲਾਉਂਦੀ ਹੈ ਦੇਸ਼ ਦੀ ਧੀ ਭੈਣ ਅਸੁੱਰਖਿਤ ਹੈ ਬਲਾਤਕਾਰ, ਚੋਰੀ ਡਕੈਤੀ ਭੁੱਖਮਰੀ ਫੈਲੀ, ਬੇਰੁਜ਼ਗਾਰੀ ਸਮਾਜ ਦੇ ਬੁੱਧੀਜੀਵੀ ਵਰਗ ਨੂੰ ਗੋਡੇ ਟੇਕਣ ਲਈ ਮਜ਼ਬੂਰ ਕਰ ਰਹੀ ਹੈ। ਲੋਕ ਜ਼ਮੀਰਾਂ ਮਾਰ ਕੇ ਜਿਉਂ ਰਹੇ ਹਨ। ਸੰਤਾ ਸਿੰਘ ਲਈ ਦੇਸ਼ ਦੀ ਅਜ਼ਾਦੀ ਧਰਮ ਸਿਆਸਤ ਦੇ ਨਾਂ ਉਪਰ ਪਾਖੰਡ ਸਾਬਤ ਹੋਇਆ ਹੈ। ਸਮੁੱਚੇ ਪਾਖੰਡ ਨੂੰ ਅਣਚਾਹਿਆ ਕਰ ਰਹੇ ਸਮਾਜ ਦੇ ਉਸ ਵਰਗ ਪ੍ਰਤੀ ਲੇਖਕ ਵਿਅੰਗ ਕਰਕੇ ਇਹ ਸਾਬਤ ਕਰ ਦਿੰਦਾ ਹੈ। ਉਸ ਦੇਸ਼ ਦਾ ਕੁੱਝ ਨਹੀਂ ਹੋ ਸਕਦਾ ਜਿਸ ਦੇਸ਼ ਦਾ ਅਧਿਆਪਕ ਗੁਲਾਮ ਹੈ ਜੋ ਜਿਉਂਦਾ ਨਹੀਂ ਸਗੋਂ ਤਿਲ ਤਿਲ ਮਰਦਾ ਹੈ।

ਕਾਮਰੇਡ ਨੁਮਾ ਆਲੋਚਕਾਂ, ਅਧਿਆਪਕਾਂ ਅਤੇ ਪਰਾ-ਅਧਿਆਪਕਾਂ ਨੇ ਨਾ ਚਾਹੁੰਦੇ ਹੋਏ ਵੀ ਆਪਣੀ ਉਪਜੀਵਕਾ ਨੂੰ ਮੂਹਰੇ ਰੱਖਦੇ ਹੋਏ ਆਪਣੇ-ਆਪਣੇ ਕਾਲਜਾਂ ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਮੂਹਰੇ ਗੋਡੇ ਟੇਕ ਦਿੱਤੇ ਹਨ। 'ਢਿੱਡ ਮੂਹਰੇ ਕਾਮਰੇਡੀ ਕੀ ਕਰਦੀ...?" ਪੰਨਾ 62

ਇਸ ਤਰ੍ਹਾਂ ਚਲਦੇ ਬਿਰਤਾਂਤ ਵਿਚ ਬਿਰਤਾਂਤ ਰੋਕ ਕੇ ਵਿਅੰਗ ਕਰਨਾ ਪਵਨ ਦੀ ਖੂਬੀ ਹੈ ਉਹ ਕਥਾ ਦੇ ਸਰੋਕਾਰ ਤੋਂ ਟਪਲਾ ਨਹੀਂ ਖਾਂਦਾ। ਮੁੱਖ ਬਿਰਤਾਂਤ ਦੇ ਨਾਲ ਨਾਲ ਵਿਅੰਗ ਪੇਸ਼ ਕਰਨ ਲਈ ਉਹ ਲੜੀ ਵਿਚ ਉਪ ਬਿਰਤਾਂਤ ਵੀ ਜੋੜਨ 'ਚ ਮਾਹਿਰ ਹੈ ਜਿਵੇਂ,

'ਕੋਈ ਕੋਈ ਗੜਵਈ ਕਈ ਆਪਣੇ ਗੁਰੂ ਦੇ ਚੁੱਕੇ ਗੜਵੇ ਦਾ ਲਾਹਾ ਲੈ ਆਪਣੀ ਅਜੋਕੀ ਹਾਲਤ 'ਤੇ ਲਿਖੀ ਕੱਚਘਰੜ ਜਿਹੀ ਕਵਿਤਾ ਵੀ ਸਟੇਜਾਂ 'ਤੇ ਤਰੰਨੁਮ 'ਚ ਗਾਉਂਦਾ ਰਿਹਾ ਸੀ। ਪ੍ਰਨਾਨਗੀ ਮੰਡਲ 'ਚ ਬੈਠਾ ਗੁਰੂ ਕਵੀ ਦੂਰ ਤੱਕ ਸਰੋਤਿਆਂ 'ਤੇ ਨਿਗਾਹ ਮਾਰ ਚੇਲੇ ਦੀ ਕਵਿਤਾ ਦੇ ਛੱਡੇ ਪ੍ਰਭਾਵ ਦਾ ਜਾਇਜ਼ਾ ਲੈਂਦਾ। ਜਨਤਾ ਸੁਮੋਹਿਤ ਹੋ ਗਈ ਸੀ ਜਾਂ ਮਦਾਰੀ ਦੇ ਡੰਡੇ ਦਾ ਝੁਰਲੂ ਸੀ। ਪੰਨਾ 62

ਮਲਟੀਮੀਡੀਏ ਦੇ ਦੌਰ ਵਿਚ ਸੰਸਕਾਰਾਂ ਦਾ ਟੁੱਟਣਾ, ਬੰਦੇ ਦੇ ਆਪਣੀਆਂ ਜੜ੍ਹਾਂ ਨਾਲ ਬੱਝ ਕੇ ਨਾ ਰਹਿਣਾ, ਪੀੜ੍ਹੀ ਦਰ ਪੀੜ੍ਹੀ ਆ ਰਿਹਾ ਪਰਿਵਰਤਨ ਇਹੀ ਦਹਾਕੇ ਨੇ ਸਭ ਤੋਂ ਵੱਧ ਆਪਣੇ ਕਲੇਰਵ ਵਿਚ ਲਿਆ ਹੈ। ਬੇਰੁਜ਼ਗਾਰੀ ਦੀ ਦਸ਼ਾ ਨੇ ਸਾਡੀ ਨੌਜਵਾਨ ਪੀੜ੍ਹੀ ਅੰਦਰ ਅਜਿਹੀ ਨਿਰਾਸ਼ਾ ਭਰ ਦਿੱਤੀ ਹੈ ਜਿਸ ਕਰਕੇ ਉਹ ਕੁਰਾਹੇ ਪੈ ਜਾਂਦੀ ਹੈ। ਇਸਦਾ ਕਾਰਨ ਸਾਡੇ ਵਿੱਦਿਆਕ ਢਾਂਚੇ ਵਿਚਲੀਆਂ ਕਮੀਆਂ, ਅਧਿਆਪਕਾਂ ਦੀ ਆਪਣੇ ਬੱਚਿਆਂ ਪ੍ਰਤੀ ਗੈਰ ਜ਼ਿੰਮੇਵਾਰੀ ਕਹੀ ਜਾ ਸਕਦੀ ਹੈ। ਡਰੱਗ ਦੀ ਆਦੀ ਪੰਜਾਬ ਦੀ ਨੌਜਵਾਨ ਪੀੜ੍ਹੀ ਪੰਜਾਬ ਉੱਪਰ ਸਰਾਪ ਬਣ ਗਈ ਹੈ। ਜਿਸ ਪੰਜਾਬੀ ਜਵਾਨੀ ਉੱਪਰ ਕਦੇ ਮਾਣ ਕੀਤਾ ਜਾਂਦਾ ਸੀ ਹੁਣ ਉਹ ਜਵਾਨੀ ਨਸ਼ਿਆ ਦੀ ਮਾਰ ਹੇਠ ਬੁਰੀ ਤਰ੍ਹਾਂ ਆ ਚੁੱਕੀ ਹੈ। 'ਕੀ ਹੁਣ ਚੰਦਰਵੰਸ਼ੀ ਨਹੀਂ ਰਹਿਣਗੇ...?' ਕਹਾਣੀ ਦਾ ਪਾਤਰ ਰੌਹਤਾਸ ਇਸੇ ਹੀ ਫ਼ਿਕਰਮੇਦੀ 'ਚੋਂ ਉਭਾਰਿਆ ਗਿਆ ਹੈ। ਨਸ਼ਿਆ ਦਾ ਆਦੀ ਰੌਹਤਾਸ ਆਪਣੀ ਮਰਦਾਨਗੀ ਗੁਆ ਬੈਠਦਾ ਹੈ, ਜਿਸ ਕਰਕੇ ਚੱਲਿਆ ਆ ਰਿਹਾ ਚੰਦਰਵੰਸ਼ੀ ਖ਼ਾਨਦਾਨ ਅੱਗੇ ਤੁਰਨ ਦੀ ਸੰਭਾਵਨਾ ਗੁਆ ਬੈਠਦਾ ਹੈ। ਇਸ ਕਹਾਣੀ ਦਾ ਪੂਰਾ ਪ੍ਰਵਚਨ ਵਿਅੰਗ ਬਣਕੇ ਨੌਜਵਾਨ ਪੀੜ੍ਹੀ ਲਈ ਚਿੰਤਾ ਦਾ ਅਹਿਸਾਸ ਹੈ। ਇਸੇ ਤਰ੍ਹਾਂ ਹੀ ਜਵਾਨੀ ਦੇ ਭਵਿੱਖ ਪ੍ਰਤੀ ਫ਼ਿਕਰਮੰਦੀ ਵਾਲੀ ਕਹਾਣੀ ਅਜੋਕੇ ਉੱਚੇ ਵਿੱਦਿਆ ਪ੍ਰਬੰਧ ਉੱਪਰ ਵਿਅੰਗ ਕਰਦੀ ਹੋਏ ਮੁਨਾਫਾ ਖੋਰੀ ਦੇ ਦੌਰ ਵਿਚ ਹੜ੍ਹੀ ਜਾ ਰਹੀ ਕਾਬਲੀਅਤਾ ਦਾ ਨੰਗਾ ਨਾਚ ਹੈ। ਭ੍ਰਿਸ਼ਟਾਚਾਰੀ ਦੀਆਂ ਜੜ੍ਹਾ ਵਿੱਦਿਆ ਪ੍ਰਬੰਧ ਵਿਚ ਪਈਆਂ ਹਨ ਜਿਸਦਾ ਚਿਤਰਨ ਪਲ ਪਲ ਵਧਦੇ ਕਦਮ ਕਹਾਣੀ ਵਿਚ ਲੇਖਕ ਨੇ ਕਰਦਿਆਂ ਅਜੋਕੇ ਵਿੱਦਿਆ ਪ੍ਰਬੰਧ ਨੂੰ ਕਟਾਖਸ਼ ਦਾ ਆਧਾਰ ਬਣਾਇਆ ਹੈ। ਕਿਸ ਤਰਾਂ ਲਿਸਟਾਂ ਵਿਚੋਂ





ਕਾਬਲ ਵਿਦਿਆਰਥੀਆਂ ਦੇ ਨਾਂ ਕੱਢ ਦਿੱਤੇ ਜਾਂਦੇ ਹਨ। ਇਸ ਕਰਕੇ ਹੀ ਸੱਤੀ ਵੀਹੀਂ ਸੌ ਵਾਲੀ ਕਹਾਵਤ ਦ੍ਰਿੜ ਹੁੰਦੀ ਹੈ, 'ਕਿਲਿਆ ਵਾਲੀ 'ਤੇ ਪਟਿਆਲੇ ਦੇ ਰਾਜੇ ਦਾ ਕਬਜ਼ਾ ਹੋ ਰਿਹਾ ਹੈ। ਦੰਭੀ ਕਿਰਦਾਰਾਂ ਦੀ ਕਰਨੀ ਦਾ ਪਾਜ਼ ਇਹਨਾਂ ਉੱਚ ਸੰਸਥਾਵਾ ਵਿਚ ਕਿਸ ਤਰ੍ਹਾਂ ਉਭਰਦਾ ਹੈ। ਪੇਂਡੂ ਬੱਚਿਆ ਦੀਆਂ ਅਨਭੋਲ ਆਸਾਂਵਾਂ ਸੁਪਨੇ ਕਿਸ ਤਰ੍ਹਾਂ ਭ੍ਰਿਸ਼ਟ ਕਲਰਕਾਂ ਅਧਿਆਪਕਾਂ ਦੇ ਢਹੇ ਚੜਦੇ ਦਮ ਤੋੜਦੇ ਹਨ ਲੇਖਕ ਇਸਨੂੰ ਵਿਅੰਗ ਦਾ ਆਧਾਰ ਬਣਾਉਂਦਾ ਹੈ।

"...ਮਾਂ ਇਹਨਾਂ ਯੂਨੀਵਰਸਿਟੀਆਂ ਦੇ ਦੰਭ ਨੂੰ ਤੂੰ ਨਹੀਂ ਜਾਣਦੀ... ਇਥੇ ਬਹੁਤ ਕੁੱਝ ਹੁੰਦੇ... ਇੱਥੇ ਦੋ ਤੇ ਦੋ ਪੰਜ ਹੁੰਦੇ ਵੇਖੀਦੇ ਆ... ਨੰਬਰ ਵਧਾਓ ਜਾਂ ਜਾਅਲੀ ਸਰਟੀਫਿਕੇਟ ਠੋਕ ਦਿਓ... ਸਰਦਾਰਾਂ ਦੇ ਕਾਕੇ ਕਾਕੀਆਂ ਸਭ ਏਸੇ ਕੋਟੇ 'ਚ ਈ ਆਉਂਦੇ ਆ...।" ਪੰਨਾ 79

'ਇਜ਼ ਤੋਂ ਵਾਜ਼ ਬਨਿਆ ਫਾਦਰ' ਕਹਾਣੀ ਵੀ ਆਪਣੀ ਮਾਂ ਬੋਲੀ ਪ੍ਰਤੀ ਲਾਪਰਵਾਹੀ ਬੱਚਿਆਂ ਪ੍ਰਤੀ ਅਧਿਆਪਕਾਂ ਦੀ ਲਾਪਰਵਾਹੀ ਨਾਲ ਸਬੰਧਿਤ ਹੈ ਕਿ ਕਿਸ ਤਰ੍ਹਾਂ ਗੈਰ ਜ਼ੁੰਮੇਵਾਰਨਾ ਅਧਿਆਪਕ ਬੱਚਿਆ ਨੂੰ ਸਮਾਜਕ ਸਰੋਕਾਰਾਂ ਤੋਂ ਵਿਰਵਾ ਪੜ੍ਹਾ ਰਹੇ ਹਨ। ਸਾਡੇ ਅਧਿਆਪਕਾਂ ਦੇ ਹੱਥ ਅੰਗਰੇਜ਼ੀ ਵਿਚ ਤੰਗ ਹਨ ਅਤੇ ਉਹ ਫਿਰ ਵੀ ਠਾਹ ਸੋਟਾ ਚਲਾਈ ਜਾਂਦੇ ਹਨ। ਜੇਕਰ ਇਹਨਾਂ ਅਧਿਆਪਕਾਂ ਨੂੰ ਜ਼ੁੰਮੇਵਾਰੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ ਤਾਂ ਉਨ੍ਹਾਂ ਦਾ ਵਰਤਾਓ ਟੇਢਾ ਹੋ ਜਾਂਦਾ ਹੈ। ਲੇਖਕ ਨੂੰ ਵਿਅੰਗ ਰਾਹੀਂ ਗੱਲ ਕਹਿਣ ਦੀ ਜ਼ਰੂਰਤ ਪੈਂਦੀ ਹੈ।

ਉਹ ਕਿਤੇ ਮੇਰੀ ਬੱਚੀ ਨੂੰ ਜਮਾਤ ਵਿਚ ਵਾਰ ਵਾਰ ਖੜ੍ਹੀ ਕਰਕੇ ਜ਼ਲੀਲ ਤਾਂ ਨਹੀਂ ਕਰਨਾ ਸ਼ੁਰੂ ਕਰ ਦੇਵੇਗੀ। ਤੇ ਉਂਝ ਵੀ ਸਮੋਸੇ ਖਾਣ ਵਾਲਿਆਂ ਅਤੇ ਖੱਟੀ ਲੱਸੀ ਪੀਣ ਵਾਲਿਆਂ ਦੇ ਸੁਭਾਅ 'ਚ ਢੇਰ ਅੰਤਰ ਆ ਜਾਂਦਾ ਹੈ?" ਪੰਨਾ 41

ਸਾਡੇ ਲੋਕਤੰਤਰੀ ਪ੍ਰਬੰਧ ਵਿਚ ਪੁਲਿਸ ਕਾਨੂੰਨ ਅੰਨ੍ਹਾ ਹੈ, ਇਹ ਲਾਇਸੰਸ ਸੁਦਾ ਦਹਿਸਤਗਰਦੀ ਹੈ। ਇਸ ਸਬੰਧ ਵਿਚ 'ਅੱਧ ਮੁੰਨਿਆ ਸਿਰ' ਕਹਾਣੀ ਦਾ ਪਾਤਰ ਖੁਸ਼ਦੇਵ ਪੁਲਿਸ ਤਸ਼ੱਦਦ ਸਰੀਰਕ ਅਤੇ ਮਾਨਸਿਕ ਤੌਰ ਤੇ ਸਹਿੰਦਾ ਹੈ। ਕਿਸ ਤਰ੍ਹਾਂ ਬੰਦੇ ਨੂੰ ਪੁਲਿਸ ਆਪਣੇ ਸ਼ਕੰਜ਼ੇ ਵਿਚ ਲੈ ਕੇ ਕਿਸੇ ਦੀ ਗਲਤੀ ਦਾ ਅਹਿਸਾਸ ਜ਼ਲੀਲ ਕਰਕੇ ਕਰਵਾਉਂਦੀ ਹੈ ਅਤੇ ਫਿਰ ਰਿਸ਼ਵਤ ਲੈਂਦੀ ਹੈ। ਇਹ ਕਹਾਣੀ ਦਾ ਵਿਅੰਗ ਪੁਲਿਸ ਦੀ ਖਤਮ ਹੋਈ ਜ਼ੁੰਮੇਵਾਰੀ ਅਤੇ ਭ੍ਰਿਸ਼ਟਾਚਾਰੀ ਨਾਲ ਸਬੰਧ ਰੱਖਦਾ ਹੈ।

'ਪ੍ਰੋਫੈਸ਼ਨਲ' ਨੇ ਲਾਲ ਅੱਖੇ ਥਾਣੇਦਾਰ ਨਾਲ ਵੀਹ ਹਜ਼ਾਹ 'ਚ ਸੌਦਾ ਕਰਵਾ ਦਿੱਤਾ ਸੀ। ਲੋਕਤੰਤਰ 'ਤੇ ਬਜ਼ਾਰ ਤੰਤਰ ਪੂਰੀ ਤਰ੍ਹਾਂ ਭਾਰੂ ਹੋ ਗਿਆ ਸੀ। ਪੰਨਾ 56

ਧਰਮ, ਸਿਆਸਤ, ਪਾਖੰਡ ਦੀ ਹਵਾ ਪਿਛਲੇ ਦਹਾਕੇ ਦੌਰਾਨ ਜਿਆਦਾ ਰਹੀ ਹੈ, ਜਿਸਦੀ ਆੜ ਹੇਠ ਵਰਦੀਆਂ ਤੇ ਬਾਨਿਆਂ ਦਰਮਿਆਨ ਯੁੱਧ ਰਿਹਾ ਹੈ ਜੋ ਪੰਜਾਬ ਸੰਤਾਪ ਦੇ ਨਾਂ ਨਾਲ ਜਾਣਿਆ ਗਿਆ। ਬੇਵਕਤੇ ਜ਼ਖ਼ਮ ਦੀ ਤਾਬ' ਕਹਾਣੀ ਦੀ ਨੰਨੀ ਪਾਤਰ ਆਹਲੂਵਾਲੀਆਂ ਖ਼ਾਨਦਾਨ ਦੀ ਇਕਲੋਤੀ ਔਲਾਦ ਅੱਧ ਖਿੜੀ ਕਲੀ ਧਰਮ ਦੇ ਨਾਂ 'ਤੇ ਚੱਲੀ ਪਾਖੰਡੀ ਲਹਿਰ ਦਹਿਸ਼ਤਗਰਦੀ ਦਾ ਸ਼ਿਕਾਰ ਹੁੰਦੀ ਹੈ। ਉਸ ਬੱਚੀ ਦਾ ਕਸੂਰ ਇਹੀ ਸੀ ਕਿ ਉਸਦਾ ਪਿਤਾ ਇਕ ਸਰਕਾਰੀ ਪੁਲਸ ਅਧਿਕਾਰੀ ਸੀ। ਸ਼ਕਤੀ ਹਥਿਆਉਣ ਦੀ ਲਾਲਸਾ ਧਰਮ ਯੁੱਧ ਰਾਹੀਂ ਸ਼ੁਰੂ ਹੋ ਕੇ ਜਿੱਥੇ ਇਨਸਾਫ ਦੀ ਮੰਗ ਤੋਂ ਤੁਰੀ ਸੀ ਉਥੇ ਬੇਇਨਸਾਫੀ ਕਰਕੇ ਬੰਦ ਹੋ ਗਈ। ਲੋਕਾਂ ਦਾ ਅਕੀਦਿਆਂ ਦੀ ਥਾਂ ਲਿਬਾਸਾ ਵਿਚ ਜਿਉਣਾ ਇਸ ਕਹਾਣੀ ਦਾ ਹੋਰ ਤਿਖੇਰਾ ਅਹਿਸਾਸ ਹੈ।

ਮੰਡੀ ਖ਼ਪਤ ਦੌਰ ਦੀ ਚਕਾਚੋਂਦ ਵਿਚ ਅਜਿਹੇ ਪਾਤਰ ਵਿਚਰਦੇ ਵੱਖੋ-ਵੱਖਰੇ ਕਿਨਾਰਿਆ ਦਰਮਿਆਨ ਵਿਚਰ ਸਕਦੇ ਹਨ ਜਿਨ੍ਹਾਂ ਵਿਚ ਇਸ ਪਾਸੇ ਮੁਨਾਫੇਖੋਰੀ ਕਾਲੇ ਬੰਦਿਆਂ ਦਾ ਪਾਤਰ ਭੀਮ ਸੈਨ ਗੋਇਲ ਹੈ ਜਿਸ ਨੂੰ ਲੋਕਾਂ ਦੇ ਆਮ ਸਰੋਕਾਰਾਂ ਨਾਲ ਕੋਈ ਮਤਲਬ ਨਹੀਂ ਅਤੇ ਦੂਸਰੇ ਪਾਸੇ ਅੰਬੋ (ਮਾਸੀ ) ਪਾਤਰ ਹੈ ਜਿਸਨੂੰ ਮੋਹ ਮਮਤਾ ਧਰਮ ਸੰਸਕਾਰਾਂ ਦਾ ਅਹਿਸਾਸ ਤੀਖਣਤਾ ਨਾਲ ਮਹਿਸੂਸ ਹੁੰਦਾ ਰਹਿੰਦਾ ਹੈ। 'ਸੀਸ਼ਿਆ ਉਹਲੇ' ਕਹਾਣੀ ਸਮਾਨਾਂਤਰ ਚੱਲ ਰਹੀਆਂ ਇਕ ਯੁੱਗ ਦੇ ਦੋ ਕਿਰਦਾਰਾਂ ਦੀਆਂ ਵੱਖੋਂ ਵੱਖ ਜੀਵਨ ਸ਼ੈਲੀਆਂ ਦਾ ਚਿਤਰਨ ਹੈ ਅਤੇ ਅਸਲੀ ਅਮੀਰੀ ਭੀਮ ਸੈਨ ਗੋਇਲ ਦੇ ਮੁਕਾਬਲੇ ਮਾਸੀ ਕੋਲ ਹੈ। ਮਾਸੀ ਲਈ ਭੀਮ ਸੈਨ ਗੋਇਲ ਅਜੇ ਵੀ ਭੀਮਾ ਹੀ ਹੈ ਉਸ ਵਿਚ ਸਭਿਆਚਾਰਕ ਪਿਛਕੋੜ ਦਾ ਅਹਿਸਾਸ ਹੈ ਜਿਸਦੇ ਵਿਚ ਕਿਸੇ ਤਰ੍ਹਾਂ ਦੀ ਦੌੜ ਨਹੀਂ ਅਤੇ ਉਸਦੇ ਮੁਕਾਬਲੇ ਕਾਲੇ ਸ਼ੀਸਿਆਂ ਵਿਚ ਬੈਠਾ ਭੀਮ ਸੈਨ ਬੱਦਲਾਂ ਦੇ ਅਹਿਸਾਸ ਵਿਚ ਲੱਗਦਾ ਧੁਰ ਤੋਂ ਧੁਰ ਤੱਕ ਬਨਾਵਟੀ ਜ਼ਿੰਦਗੀ ਜਿਓਂ ਰਿਹਾ ਹੈ। ਇਹ

ਬਨਾਵਟੀ ਜ਼ਿੰਦਗੀ ਬੰਦੇ ਦਾ ਕੀ ਸੰਵਾਰ ਰਹੀ ਹੈ ਲੇਖਕ ਨੇ ਚੋਭ ਭਰੀ ਸਿਰਜਣਾ ਕੀਤੀ ਹੈ। ਕਹਾਣੀ 'ਭਕ ਭਕ ਕਰਦੀ ਲੈਲਟੈਨ' ਦਾ ਪਾਤਰ ਨਮਦੇਵ ਅਤ੍ਰਿਪਤ ਕਾਮਨਾਵਾਂ ਦਾ ਉਹ ਵਿਅੰਗਮਈ ਪਾਤਰ ਹੈ ਜਿਸਦਾ ਦੂਵੱਲਾ ਕਿਰਦਾਰ ਇਹ ਸਾਬਤ ਕਰ ਦਿੰਦਾ ਹੈ ਕਿ ਇਕ ਜ਼ੰਮੇਵਾਰ ਅਧਿਆਪਕ ਪਹਿਲੀਵਾਰ ਨਰਦੇਵ ਨੂੰ ਬੇਸੱਕ ਆਪਣੀ ਇੱਛਾਵਾਂ ਦਬਾ ਲੈਣੀਆਂ ਆਉਂਦੀਆਂ ਹਨ ਪਰ ਅਜਿਹਾ ਕਿਰਦਾਰ ਸਮਾਜ ਲਈ ਕਦੇ ਵੀ ਘਾਤਕ ਸਾਬਤ ਹੋ ਸਕਦਾ ਹੈ ਆਪਣੇ ਘਰ ਰਹਿ ਰਹੀ ਬੱਚੀ ਨਾਲ ਨਰਦੇਵ ਜੋ ਸਬੰਧ ਬਣਾਉਣੇ ਚਾਹੁੰਦਾ ਹੈ ਉਹ ਗਲਤ ਬੇਸ਼ੱਕ ਉਹ ਵਿਵਹਾਰਕ ਪੱਧਰ ਤੇ ਕੁਝ ਅਜਿਹਾ ਨਹੀਂ ਕਰਦਾ ਪਰ ਫਿਰ ਵੀ ਪਲੀਤ ਮਾਨਸਿਕਤਾ ਉੱਪਰ ਲੇਖਕ ਨੇ ਵਿਅੰਗ ਕੀਤਾ ਹੈ ਕਿ ਬੰਦੇ ਦੀ ਅਸਲੀਅਤ ਉਸਦੇ ਬਾਹਰੀ ਪਹਿਰਾਵੇ ਵਿਵਹਾਰ ਤੋਂ ਨਹੀਂ ਲਾਈ ਜਾ ਸਕਦੀ। ਹੁਣ ਦਾ ਮਨੁੱਖ ਬੜਾ ਗੁੰਝਲਦਾਰ ਹੋ ਗਿਆ ਹੈ ਜਿਸ ਨੂੰ ਸਮਝਣਾ ਬੜਾ ਔਖਾ ਤੇ ਜ਼ੰਮੇਵਾਰੀ ਵਾਲਾ ਕੰਮ ਹੈ।

ਸਮੁੱਚੇ ਤੌਰ ਤੇ ਇਹ ਕਥਾ ਸੰਗ੍ਰਹਿ ਦੇ ਸਬੰਧ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਕਹਾਣੀਆਂ ਸੂਖ਼ਮ ਮਾਨਵੀ ਅਹਿਸਾਸਾਂ ਨਾਲ ਲਿਖੀਆਂ ਸਮਾਜ ਪ੍ਰਤੀ ਫ਼ਿਕਰਮੰਦੀ ਦੀਆਂ ਕਹਾਣੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਲੇਖਕ ਨੇ ਠੇਠ ਮੁਹਾਵਰੇ, ਤਸਬੀਹਾਂ ਦਾ ਰੰਗ ਉਭਾਰਨ ਦਾ ਯਤਨ ਸਭਿਆਚਾਰਕ ਸਮਝ ਵਿਚੋਂ ਕੀਤਾ ਹੈ। ਇਹ ਕਹਾਣੀਆਂ ਸਹਿਜ ਤੌਰ 'ਤੇ ਬੰਦੇ ਦੇ ਦਰਦ ਦੀ ਗੱਲ ਕਰਦੀਆਂ ਸਮਾਜ ਦੀ ਸੂਝ ਵਾਲੀਆਂ ਕਹਾਣੀਆਂ ਹਨ। ਇਹਨਾਂ ਕਹਾਣੀਆਂ ਵਿਚਲਾ ਵਿਅੰਗ ਸੂਤਰ ਸਮਾਜਕ ਦਸ਼ਾ ਦੀ ਸਮਝ ਨਾਲ ਤਾਂ ਲੈਸ ਹੈ ਪਰ ਦਿਸ਼ਾ ਨਹੀਂ ਦੇ ਸਕਿਆ ਜਿਸ ਕਰਕੇ ਕਹਾਣੀਕਾਰ ਦਾ ਅਗਲੇ ਸਮੇਂ ਵਿਚ ਇਹ ਜ਼ੁੰਮੇਵਾਰਨਾ ਰੰਗ ਵੀ ਬਣਦਾ ਹੈ ਕਿ ਕਥਾ ਸਿਰਫ ਦਸ਼ਾ ਦਾ ਚਿਤਰਨ ਹੀ ਨਹੀਂ ਰਹਿਣਾ ਚਾਹੀਦਾ ਸਗੋਂ ਇਸਨੇ ਦਿਸ਼ਾ ਨਿਰਦੇਸ਼ਨ ਦਾ ਕੰਮ ਵੀ ਕਰਨਾ ਹੁੰਦਾ ਹੈ। ਪਵਨ ਦਾ ਕਥਾ-ਸਿਰਜਣ ਦਾ ਆਪਣਾ ਬੇਸ਼ੱਕ ਢੰਗ ਹੈ ਪਰ ਆ ਰਹੇ ਨਵੇਂ ਕਥਾ ਮਾਡਲਾਂ ਦੀ ਅਤੇ ਕਥਾ ਦੇ ਛਿੱਲ ਤਰਾਸ਼ ਰਾਹੀਂ ਕਥਾ ਰੂਪ ਦੀ ਆਸ ਭਵਿੱਖ ਵਿੱਚ ਲੇਖਕ ਤੋਂ ਕੀਤੀ ਜਾਣੀ ਬਣਦੀ ਹੈ। ਇਨ੍ਹਾਂ ਕਹਾਣੀਆਂ ਦੀਆਂ ਅਨੇਕਾਂ ਪੜ੍ਹਤਾਂ ਅਤੇ ਪਰਤਾਂ ਹਨ ਪਰ ਮੇਰੀ ਇਹ ਪੜ੍ਹਤ ਮੇਰੀ ਸੀਮਾ ਹੋ ਸਕਦੀ ਹੈ।


ਕਹਾਣੀ ਧਾਰਾ

**ਦੇ ਪ੍ਰਾਪਤੀ ਸਥਾਨ**

| | |
|---|---|
| ਲੁਧਿਆਣਾ | 1. ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ |
| ਪਟਿਆਲਾ | 2. ਮਦਾਨ ਬੁੱਕ ਹਾਊਨ, ਯਨੀਵਰਸਿਟੀ ਕੈਪਸ |
| | 3. ਜੇ ਕੇ ਬੁੱਕ ਸੈਂਟਰ, ਬਸ ਸਟੈਂਡ ਤੋਂ ਬਾਹਰ |
| ਚੰਡੀਗੜ੍ਹ | 4. ਪੰਜਾਬ ਬੁੱਕ ਸੈਂਟਰ, ਐਸ. ਸੀ. ਓ. 1126-27, ਸੈਕਟਰ 22-ਬੀ |
| ਬਠਿੰਡਾ | 5. ਵੋਹਰਾ ਨਿਊਜ ਏਜੰਸੀ, ਬਸ ਸਟੈਂਡ |
| ਅੰਮ੍ਰਿਤਸਰ | 6. ਰਵੀ ਸਹਿਤ ਪ੍ਰਕਾਸ਼ਨ, ਗੁਰੂ ਨਾਨਕ ਦੇਵ ਯੂਨੀਵਰਸਿਟੀ |
| ਜਲੰਧਰ | 7. ਕੁਕਨਸ ਪ੍ਰਕਾਸ਼ਨ, ਨਵਾਂ ਜ਼ਮਾਨਾ ਬੁੱਕ ਸ਼ਾਪ, ਨਹਿਰੂ ਗਾਰਡਨ ਰੋਡ |
| | 8. ਸੁੰਦਰ ਬੁੱਕ ਡੀਪੂ, ਮਾਈ ਹੀਰਾਂ ਗੇਟ |
| | 9. ਅਰੁਨ ਬੁੱਕ ਸਟਾਲ, ਬੱਸ ਸਟੈਂਡ |
| | 10. ਪ੍ਰਕਾਸ਼ ਨਾਵਲ ਸਟੋਰ, ਬੱਸ ਸਟੈਂਡ ਦੇ ਬਾਹਰਵਾਰ |






## *ਗਲਪ ਆਲੋਚਨਾ ਨੂੰ ਪੜ੍ਹਦਿਆ*

### ਮਨੋਵਿਗਿਆਨ ਅਤੇ ਪੰਜਾਬੀ ਕਹਾਣੀ

**ਡਾ. ਜਸਵਿੰਦਰ ਕੌਰ ਬਿੰਦਰਾ (ਮੁੱਲ 160 ਰੁਪਏ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ)**





ਡਾ. ਬਿੰਦਰਾ ਦੀ ਗਲਪ ਆਲੋਚਨਾ ਦੇ ਖੇਤਰ ਵਿਚ ਨਿਵੇਕਲੀ ਪੁਸਤਕ ਹੈ। ਜਿਸ ਵਿਚ ਉਸ ਨੇ ਪੰਜਾਬੀ ਕਹਾਣੀ ਦਾ ਮਨੋਵਿਗਿਆਨਕ ਪੱਧਰ 'ਤੇ ਵਿਸ਼ਲੇਸ਼ਣ ਕੀਤਾ ਹੈ। ਉਸ ਨੇ ਆਪਣੇ ਅਧਿਐਨ ਦਾ ਅਧਾਰ ਪੰਜਾਬੀਆਂ ਦੀਆਂ ਚੌਣਵੀਆਂ ਕਹਾਣੀਆਂ ਨੂੰ ਬਣਾਇਆ ਹੈ। ਖਾਸ ਤੌਰ ਤੇ ਵਰਜਿਤ ਰਿਸ਼ਤਿਆ ਵਾਲੀਆਂ ਜੋ ਕਹਾਣੀਆਂ ਹਨ, ਉਨ੍ਹਾਂ ਪਾਤਰਾਂ ਦੇ ਅੰਦਰਲੀ ਵੇਦਨਾ, ਮਨੋਵਿਗਿਆਨਕ ਗੁੰਝਲਾਂ ਦਾ ਵਿਸ਼ਲੇਸ਼ਣ ਬਿੰਦਰਾ ਨੇ ਬੜੀ ਮਿਹਨਤ ਨਾਲ ਤੇ ਫਰਾਇਡ-ਜੁੰਗ ਆਦਿ ਦੇ ਸਿਧਾਂਤਾ ਅਨੁਸਾਰ ਕੀਤਾ ਹੈ। ਕਿਤਾਬ ਮਾਰਕਸਵਾਦੀ ਆਲੋਚਨਾ ਦੇ ਜ਼ਮੂਦ ਨੂੰ ਤੋੜਦੀ ਹੈ। ਸਾਡੇ ਪੰਜਾਬੀ ਦੇ ਬਹੁਤੇ ਆਲੋਚਕ ਮਾਰਕਸਵਾਦੀ ਵਿਚਾਰਧਾਰਾ ਹੇਠ ਆਲੋਚਨਾ ਕਰਦੇ ਹਨ, ਜਿਸ ਕਰਕੇ ਸਾਡੀ ਕਹਾਣੀ ਆਲੋਚਨਾ ਬੜੀ ਸੀਮਤ ਘੇਰੇ ਵਿਚ ਰਹਿ ਗਈ ਹੈ। ਪਰ ਕਹਾਣੀ ਦਾ ਇਕੋ ਫ਼ਾਰਮੂਲੇ ਨਾਲ ਵਿਸ਼ਲੇਸ਼ਣ ਕਰਨਾ ਕਹਾਣੀ ਦੇ ਕੱਦ ਨੂੰ ਤੇ ਸਮੀਖਿਆ ਨੂੰ ਸੀਮਤ ਕਰਦਾ ਹੈ। ਇਸ ਪੁਸਤਕ ਬਾਰੇ ਡਾ. ਕਰਨਜੀਤ ਸਿੰਘ ਹੁਰਾਂ ਨੇ ਮਨੁੱਖੀ ਮਾਨਸਿਕਤਾ ਤੇ ਜਟਿਲਤਾਵਾਂ ਨੂੰ ਖੋਲਣ ਦਾ ਉਪਰਾਲਾ ਕਿਹਾ ਹੈ। 'ਮਨੋਵਿਗਿਆਨ ਪਰਤ ਦਰ ਪਰਤ' ਖੰਡ ਵਿਚ ਮਨੋਵਿਗਿਆਨ ਨੂੰ ਸਮਝਣ ਦਾ ਯਤਨ ਕੀਤਾ ਹੈ। ਬਈ ਇਹ ਵਿਚਾਰਧਾਰਾ ਹੈ ਕੀ। 'ਮਨੋਬਿਰਤੀਆਂ ਜਾਂ ਮਾਨਸਿਕ ਗੰਢਾਂ' ਖੰਡ ਵਿਚ ਡਾ. ਜਸਵਿੰਦਰ ਕੌਰ ਨੇ ਉਨ੍ਹਾਂ ਕਹਾਣੀਆਂ ਨੂੰ ਲਿਆ ਹੈ ਜਿਨ੍ਹਾਂ ਕਹਾਣੀਆਂ 'ਚ ਮਾਨਸਿਕ ਗੰਢਾਂ ਦੀ ਗੱਲ ਬੜੀ ਸਮਰੱਥਾ ਨਾਲ ਹੋਈ ਹੈ। 'ਇਸਤਰੀ ਮੰਨ ਦੀ ਗੁੰਝਲ ਗਾਥਾ' ਖੰਡ ਵਿਚ ਕਹਾਣੀ 'ਚ ਇਸਤਰੀ ਪਾਤਰਾਂ ਦਾ ਮਨੋਵਿਗਿਆਨ ਵਿਸ਼ਲੇਸ਼ਣ ਪੇਸ਼ ਕੀਤਾ ਹੈ।

ਫਿਰ ਡਾ. ਜਸਵਿੰਦਰ ਕੌਰ ਨੇ 'ਵਰਜਿਤ ਰਿਸ਼ਤੇ, ਕਿੰਨੇ ਸਾਰਥਕ, ਕਿੰਨੇ ਤ੍ਰਾਸਦਕ' ਖੰਡ ਵਿਚ ਔਰਤ-ਮਾਰਦ ਸੰਬੰਧਾਂ ਦੀ ਕਹਾਣੀ ਦੀ ਚੀਰ ਫਾੜ ਫਰਾਈਡ-ਜੁੰਗ ਵਿਚਾਰਧਾਰਾ ਅਧਾਰਤ ਕੀਤੀ ਹੈ ਇਕ ਖੰਡ 'ਚੇਤੰਨ ਹੁੰਦੇ ਦਲਿਤ' ਤੇ ਲਿਖਿਆ ਹੈ। ਕਹਾਣੀ 'ਚ ਦਲਿਤ ਪਾਤਰਾਂ ਦਾ ਮਨੋਵਿਗਿਆਨ ਕੀ ਕਹਿੰਦਾ ਹੈ ਇਸ ਪ੍ਰਸੰਗ ਨੂੰ ਨਵੇਂ ਜ਼ਵੀਏ ਤੋਂ ਪੇਸ਼ ਕੀਤਾ ਹੈ। ਕਿਤਾਬ ਦਾ ਇਕ ਖੰਡ 'ਤਿੜਕਦੇ ਮੋਹ ਭਰੇ ਰਿਸ਼ਤੇ' ਹੈ ਜਿਸ ਨੂੰ ਉਨ੍ਹਾਂ ਕਹਾਣੀਆਂ ਨੂੰ ਲਿਆ ਹੈ ਜੋ ਪਰਿਵਾਰਕ ਟੁੱਟ ਭੱਜ ਨੂੰ ਬਾਖ਼ੂਬੀ ਪੇਸ਼ ਕਰਦੀਆਂ ਹਨ। ਇਸ ਕਿਤਾਬ 'ਚ 50 ਦੇ ਕਰੀਬ ਕਹਾਣੀਆ ਦਾ ਵਿਸ਼ਲੇਸ਼ਣ ਹੋਇਆ ਹੈ। ਡਾ. ਬਿੰਦਰਾ ਨੇ ਇਕ ਪ੍ਰੋਜੇਕਟ ਬਣਾ ਕੇ ਖੋਜ ਕੀਤੀ ਹੈ। ਇਹ ਪੀ ਐੱਚ ਡੀ ਦਾ ਥੀਸਸ ਨਹੀਂ ਹੈ। ਜਿਹੜੇ ਅੱਜ ਕੱਲ੍ਹ ਧੜਾ ਧੜ ਪ੍ਰਕਾਸ਼ਤ ਹੋ ਰਹੇ ਹਨ। ਪੰਜਾਬੀ ਕਹਾਣੀ ਤੇ ਆਲੋਚਨਾ ਦੀਆਂ 2-4 ਕਿਤਾਬਾਂ ਵਿਚੋਂ ਇਹ ਇਕ ਕਿਤਾਬ ਹੈ। ਅਜਿਹੀ ਪੁਸਤਕ ਦਾ ਸਵਾਗਤ ਕਰਨਾ ਸਾਡਾ ਨੈਤਿਕ ਫ਼ਰਜ ਵੀ ਹੈ।

### ਜਿੰਦਰ ਦੀਆਂ ਕਹਾਣੀਆਂ ਔਰਤ, ਸੈਕਸ ਤੇ ਦਲਿਤਵਾਦ

**ਸੰਪਾਦਕ ਡਾ. ਬਲਕਾਰ ਸਿੰਘ (ਮੁੱਲ 125 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ)**

ਪੰਜਾਬੀ ਕਹਾਣੀ 'ਚ ਵਿਸ਼ਸ਼ੇ ਥਾਂ ਬਣਾ ਚੁੱਕੇ ਕਹਾਣੀਕਾਰ ਜਿੰਦਰ ਦੀਆਂ ਕਹਾਣੀਆਂ 'ਤੇ ਆਲੋਚਨਾ ਦੀ ਇਹ ਅਹਿਮ ਪੁਸਤਕ ਹੈ। ਜਿੰਦਰ ਦੇ ਹੁਣ ਤੱਕ ਚਾਰ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। ਜਿੰਦਰ ਦੀ ਕਹਾਣੀ ਕਿਵੇਂ ਪੜਾ ਵਾਰ ਵਿਕਾਸ ਕਰਦੀ ਹੈ, ਇਸ ਆਲੋਚਨਾ ਪੁਸਤਕ ਰਾਹੀਂ ਪਤਾ ਲੱਗਦਾ ਹੈ। ਇਸ ਆਲੋਚਨਾ ਪੁਸਤਕ 'ਚ 20 ਆਲੋਚਕਾਂ ਦੇ 22 ਆਲੋਚਨਾ ਲੇਖ ਹਨ। ਹਰ ਇਕ ਨੇ ਆਪਣੇ




ਆਪਣੇ ਨਜ਼ਰੀਏ ਤੋਂ ਅਤੇ ਸਮਰੱਥਾ ਨਾਲ ਜਿੰਦਰ ਦੀ ਕਹਾਣੀ ਦਾ ਵਿਸ਼ਲੇਸ਼ਣ ਕੀਤਾ ਹੈ। ਇਸ ਪੁਸਤਕ ਨੇ ਜਿੰਦਰ ਨੂੰ ਸਮਰੱਥ ਕਹਾਣੀਕਾਰ ਵਜੋਂ ਉਭਾਰਿਆ ਹੈ ਜਿਸ ਦੀ ਕਹਾਣੀ ਵਿੱਚ ਨਵੇਂ ਸਮਾਜ ਦੀ ਔਰਤ, ਸੈਕਸ ਮਨੋਵਿਗਿਆਨ, ਦਲਿਤਵਾਦ, ਸੂਹਜਮਈ ਰਿਸ਼ਤੇ ਤੇ ਕਹਾਣੀ ਕਹਿਣ ਦੀ ਨਵੀਂ ਜੁਗਤ ਹੈ। ਇਸ ਆਲੋਚਨਾ ਪੁਸਤਕ ਵਿਚ ਡਾ. ਧਨਵੰਤ ਕੌਰ, ਡਾ. ਦਵੇਸ਼ਵਰ, ਡਾ. ਗੁਰਪਾਲ ਸੰਧੂ, ਡਾ. ਸਵਰਨ ਚੰਦਨ, ਡਾ. ਦਵਿੰਦਰ ਸਿੰਘ, ਡਾ. ਚਮਨ ਲਾਲ, ਪ੍ਰੋ. ਬ੍ਰਹਮ ਜਗਦੀਸ਼ ਸਿੰਘ, ਟੀ. ਆਰ ਵਿਨੋਦ, ਸਤਿੰਦਰ ਔਲਖ, ਬਲਜੀਤ ਬੱਲੀ, ਡਾ. ਸੁਖਵਿੰਦਰ ਰੰਧਾਵਾ, ਡਾ. ਜਸਵਿੰਦਰ ਕੌਰ ਬਿੰਦਰਾ, ਡਾ. ਬਲਕਾਰ ਸਿੰਘ, ਡਾ. ਸੁਖਪਾਲ ਥਿੰਦ, ਗੁਰਦੇਵ ਚੌਹਾਨ, ਡਾ. ਰਾਜਿੰਦਰਪਾਲ ਸਿੰਘ, ਡਾ. ਗੁਰਮੀਤ ਕੱਲਰਮਾਜਰੀ, ਡਾ. ਕੁਲਦੀਪ ਸਿੰਘ ਧੀਰ, ਡਾ. ਬਲਜਿੰਦਰ ਕੌਰ, ਡਾ. ਹਰਜਿੰਦਰ ਅਟਵਾਲ, ਆਦਿ ਵਿਦਵਾਨਾ ਦੇ ਆਲੋਚਨਾ ਲੇਖ ਹਨ। ਇਹ ਲੇਖ ਸਮੇਂ ਸਮੇਂ ਲਿਖੇ ਗਏ ਹਨ ਜਿਸ ਕਰਕੇ ਇਕ ਵੀ ਅਜਿਹਾ ਲੇਖ ਨਹੀਂ ਜਿਹੜਾ ਜਿੰਦਰ ਦੀ ਸਮੁੱਚੀ ਕਹਾਣੀ 'ਤੇ ਕੇਂਦਰਤ ਹੋਵੇ। ਕਿਤਾਬ ਬੜੀ ਰੀਝ ਨਾਲ ਛਾਪੀ ਗਈ ਹੈ।

**ਪੰਜਾਬੀ ਕਹਾਣੀ ਵਿਚ ਦਲਿਤ ਸਰੋਕਾਰ**
**ਪਰਮਜੀਤ ਕੌਰ (ਮੁੱਲ 175 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ)**




ਦਲਿਤ ਕਹਾਣੀ ਤੇ ਕੇਂਦਰਤ ਪਰਮਜੀਤ ਕੌਰ ਦੀ ਇਹ ਆਲੋਚਨਾ ਪੁਸਤਕ ਐਮ. ਫਿਲ. ਦਾ ਥੀਸਸ ਹੈ। ਨੌਕਰੀ ਨੂੰ ਪੱਕਿਆ ਕਰਨ ਲਈ ਆਲੋਚਨਾ ਦੀਆਂ ਪੁਸਤਕਾਂ ਪ੍ਰਕਾਸ਼ਤ ਕਰਨ ਦਾ ਇਹ ਰੁਝਾਨ ਪਿਛਲੇ 2 ਕੁ ਸਾਲ ਤੋਂ ਕਾਫੀ ਵਧ ਗਿਆ ਹੈ। ਜਿਸ ਕਾਰਨ ਕਈ ਆਲੋਚਨਾ ਦੀਆਂ ਪੁਸਤਕਾਂ ਆਜਿਹੀਆਂ ਵੀ ਸਾਹਮਣੇ ਆਈਆ ਜਿਨ੍ਹਾਂ ਦਾ ਮਿਆਰ ਕਾਫੀ ਨੀਵਾਂ ਰਿਹਾ ਪਰ ਇਹ ਪੁਸਤਕ ਨੂੰ ਪੜ੍ਹਦਿਆਂ ਅਜਿਹਾ ਨਹੀਂ ਲੱਗਦਾ, ਪਰਮਜੀਤ ਕੌਰ ਦੀ ਮਿਹਨਤ ਝਲਕਦੀ ਹੈ। ਇਸ ਪੁਸਤਕ ਵਿਚ ਪ੍ਰਮੁੱਖ ਤੌਰ ਤੇ ਅਤਰਜੀਤ , ਪ੍ਰੇਮ ਗੋਰਖੀ, ਤੇ ਕਿਰਪਾਲ ਕਜ਼ਾਕ ਦੀਆਂ ਦਲਿਤ ਕਹਾਣੀਆਂ ਦਾ ਵਿਸ਼ਲੇਸ਼ਣ ਕੀਤਾ ਹੈ। ਇਹ ਕਹਾਣੀਆਂ ਪੰਜਾਬੀ ਕਹਾਣੀ ਦੀ ਮੁੱਖ ਧਾਰਾ ਦੀਆਂ ਵੀ ਚਰਚਿਤ ਕਹਾਣੀਆਂ ਆਪਣੇ ਸਮੇਂ ਵਿਚ ਰਹੀਆਂ ਹਨ। ਪਰ ਦਲਿਤ ਕਹਾਣੀ ਦਾ ਵਿਸ਼ਲੇਸ਼ਣ ਅੰਬੇਡਕਰੀ ਵਿਚਾਰਧਾਰਾ 'ਤੇ ਆਧਾਰਤ ਹੋਣਾ ਚਾਹੀਦਾ ਸੀ। ਪੰਜਾਬੀ ਕਹਾਣੀ 'ਚ ਜਾਤ ਬਰਾਦਰੀ ਨੂੰ ਸਮਝਣ ਲਈ ਅੰਬੇਡਕਰ ਦੀ ਵਿਚਾਰਧਾਰਾ ਦੀ ਲੋੜ ਹੈ।

'ਦਲਿਤ ਤੇ ਦਲਿਤ ਚੇਤਨਾ' ਲੇਖ ਸਿਧਾਂਤਕ ਹੈ ਜਿਹੜਾ ਬੇ-ਸ਼ੁਮਾਰ ਟੂਕਾ ਨਾਲ ਲੱਦਿਆ ਹੋਇਆ ਹੈ, ਇਸ ਲੇਖ ਵਿਚ ਮਾਰਕਸਵਾਦੀ ਵਿਦਵਾਨਾ ਦੀਆਂ ਟੂਕਾਂ ਵੀ ਹਨ ਤੇ ਅੰਬੇਡਕਰਵਾਦੀਆਂ ਦੀਆਂ ਟੂਕਾ ਵੀ , ਤੇ ਪੜ੍ਹਨ ਵਾਲੇ ਤੇ ਇਹ ਛੱਡ ਦਿੱਤਾ ਬਈ ਤੁਸੀਂ ਫੈਸਲਾ ਕਰੋ ਦਲਿਤ ਚੇਤਨਾ ਹੈ ਕੀ ? ਫਿਰ ਵੀ ਪਰਮਜੀਤ ਕੌਰ ਨੇ ਸਮਝਾਉਣ ਦਾ ਯਤਨ ਕੀਤਾ ਹੈ 'ਦਲਿਤ ਚੇਤਨਾ' ਨੂੰ। ਅਗਲਾ ਅਧਿਆਏ 'ਦਲਿਤ ਚੇਤਨਾ ਅਤੇ ਸਾਹਿਤ' ਬਾਰੇ ਹੈ ਜਿਸ ਵਿਚ ਵੱਖ-ਵੱਖ ਵਿਧਾਵਾਂ ਵਿਚ ਲਿਖਿਆ ਗਿਆ ਦਲਿਤ ਸਾਹਿਤ ਦਾ ਜਿਕਰ ਕੀਤਾ ਹੈ ਤੇ ਫਿਰ ਇਹ ਕਹਾਣੀ ਨੂੰ ਲਿਆ ਗਿਆ ਹੈ। ਇਹ ਲੇਖ ਦਲਿਤ ਸਾਹਿਤ ਤੇ ਚੇਤਨਾ, ਚਿੰਤਨ ਦੀ ਖੁੱਲ ਕੇ ਵਿਆਖਿਆ ਕਰਦਾ ਹੈ। ਅਗਲੇ ਕਾਂਡ ਅਤਰਜੀਤ ਦੀਆਂ






ਕਹਾਣੀਆਂ ਵਿਚ ਦਲਿਤ ਸਰੋਕਾਰ' ਵਿਚ ਅਤਰਜੀਤ ਦੇ ਦਲਿਤ ਪਾਤਰਾਂ ਦਾ ਵਿਸ਼ਲੇਸ਼ਣ ਕੀਤਾ ਹੈ ਬਠਲੂ ਚਮਿਆਰ, ਆਪਣੇ ਪਰਾਏ, ਅਦਨਾ ਇਨਸਾਲ, ਅੰਨੀ ਥੇਹ, ਸਬੂਤੇ ਕਦਮ, ਨੂੰਹਾਂ, ਰਸਗੁੱਲੇ, ਨਿਗਰ ਦਲਿਤ ਕਹਾਣੀ ਦਾ ਅਧਿਐਨ ਕੀਤਾ ਹੈ। ਅਗਲਾ ਕਾਂਡ ਪ੍ਰੇਮ ਗੋਰਖੀ ਦੀਆਂ ਕਹਾਣੀਆਂ ਵਿਚ ਦਲਿਤ ਸਰੋਕਾਰ' ਹੈ ਜਿਸ ਵਿਚ ਉਸ ਦੀਆਂ ਕੁਝ ਚਰਚਿਤ ਦਲਿਤ ਕਹਾਣੀਆਂ ਦਾ ਪਾਠ ਕੀਤਾ ਹੈ। ਇਸੇ ਤਰ੍ਹਾਂ ਅੰਤਲੇ ਕਾਂਡ 'ਚ ਕਿਰਪਾਲ ਕਜ਼ਾਕ ਦੀਆਂ ਕਹਾਣੀਆਂ ਵਿਚ ਦਲਿਤ ਸਰੋਕਾਰ ' ਵਿਚ ਕਾਲਾ ਇਲਮ, ਸੁਰਜਮੁੱਖੀ ਪੁੱਛਦੇ ਨੇ, ਅੱਧਾ ਪੁਲ, ਹੁੰਮਸ਼, ਤੇ ਗੁੰਮਸ਼ੁਦਾ, ਕੰਧਾਂ ਤੋਂ ਬਿਨ੍ਹਾਂ, ਤੱਕਲੇ ਦਾ ਦਾਗ, ਸੈਲਾਬ ਆਦਿ ਕਹਾਣੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਪੰਜਾਬੀ ਕਹਾਣੀ 'ਚ ਦਲਿਤ ਕਹਾਣੀ ਦਾ ਪਾਠ ਆਲੋਚਕਾ ਨੇ ਖੁੱਲ ਕੇ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਚੰਗਾ ਜਤਨ ਹੈ। ਅਤਰਜੀਤ, ਪ੍ਰੇਮ ਗੋਰਖੀ ਤੇ ਕਿਰਪਾਲ ਕਜ਼ਾਕ ਜੋ ਕਿ ਆਪਣੇ ਆਪ ਨੂੰ ਦਲਿਤ ਕਹਾਣੀਕਾਰ ਦੇ ਤੋਰ ਤੇ ਪੇਸ਼ ਕੀਤੇ ਜਾਣ ਸਮੇਂ ਖਿਝਦੇ ਹੁੰਦੇ ਸਨ ਹੁਣ ਸਾਇਦ ਖੁਸ਼ ਹੋਣ ਲੱਗ ਪੈਣ। ਕਿਉਂਕਿ ਉਨ੍ਹਾਂ ਦੀਆਂ ਕਹਾਣੀਆਂ ਵਿਚ ਪੇਸ਼ ਕਈ ਨਵੀਆਂ ਪਰਤਾਂ ਨੂੰ ਇਸ ਪੁਸਤਕ ਵਿਚ ਖੋਹਲਿਆ ਗਿਆ ਹੈ। ਅਸੀਂ ਆਸ ਤਾਂ ਇਹੋ ਰੱਖਦੇ ਹਾਂ ਕਿ ਪੰਜਾਬੀ ਗਲਪ ਆਲੋਚਨਾ ਦੇ ਖੇਤਰ ਵਿਚ ਪਰਮਜੀਤ ਕੌਰ ਨਿਰੰਤਰ ਆਪਣੀ ਹਾਜਰੀ ਲਗਾਉਂਦੀ ਰਹੇ।

**ਬਸਤੀਵਾਦ ਅਤੇ ਇਲਾਕਾਈ ਵਖਰੇਵੇਂ**
**(ਨਾਨਕ ਸਿੰਘ ਤੇ ਚਿਨੂਆ ਅਚੀਬੀ ਦੇ ਨਾਵਲ)**
**ਡਾ. ਰਾਵਿੰਦਰ ਸਿੰਘ (ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ)**

ਇਹ ਪੰਜਾਬੀ ਸਿਰਜਣਾਤਮਕ ਸਾਹਿਤ ਲਈ ਚੰਗੀ ਗੱਲ ਹੈ ਕਿ ਪੰਜਾਬੀ ਆਲੋਚਨਾ ਕਾਫੀ ਗਿਣਤੀ 'ਚ ਪ੍ਰਕਾਸ਼ਤ ਹੋ ਰਹੀ ਹੈ। ਹਥਲੀ ਪੁਸਤਕ ਡਾ. ਰਾਵਿੰਦਰ ਸਿੰਘ ਨੇ ਆਪਣੇ ਪੀ. ਐਚ ਡੀ. ਦੇ ਖੋਜ ਪ੍ਰਬੰਧ ਨੂੰ ਕਿਤਾਬੀ ਰੂਪ ਦਿੱਤਾ ਹੈ। ਇਹ ਉਸ ਦੀ ਪਲੇਠੀ ਪੁਸਤਕ ਹੈ ਜਿਸ 'ਚ ਡਾ. ਰਵਿੰਦਰ ਸਿੰਘ ਨੇ ਪੰਜਾਬੀ




ਨਾਨਕ ਸਿੰਘ ਅਤੇ ਅਫ਼ਰੀਕਨ ਲਕਾਰ ਚਿਨੂਆ ਅਚੀਬੀ ਦੇ ਨਾਵਲਾ । ਇਹ ਤੁਲਨਾਤਮਿਕ ਅਧਿਐਨ ਨਹੀਂ ਕਾਰ ਬਸਤੀਵਾਦ ਦੌਰ ਦੇ ਨਾਵਲਕਾਰ ਲੇਖਕ ਨੇ ਬੜੇ ਸੁਚੱਜੇ ਤਰੀਕੇ ਨਾਲ ਅਤੇ ਲਾਕਾਈ ਵਖਰੇਵਿਆ ਨੂੰ ਪੇਸ਼ ਕੀਤਾ ਹੈ। ਲਾ ਅਧਿਆਏ 'ਬਸਤੀਵਾਦੀ ਹਕੀਕਤਾਂ ਰੇਵੇਂ। ਉੱਤਰ ਬਸਤੀਵਾਦੀ ਪਰਿਪੇਖ' ਖਕ ਨੇ ਵਿਗਿਆਨਕ ਪਹੁੰਚ ਅਪਣਾ ਕੇ ਕੇ ਵਿਸ਼ੇ ਦੇ ਧੁੰਦਲਕੇ ਨੂੰ ਦੂਰ ਕੀਤਾ ਹੈ। ਹੀ ਮੁੱਲਵਾਨ ਤੇ ਗਿਆਨ ਭਰਪੂਰ ਹੈ। ਬਸਤੀਵਾਦੀ ਹਕੀਕਤਾਂ ਦੇ ਸਰੋਕਾਰ , ਇਲਾਕਈ ਪਖਰੇਵੇ, ਉਤਰ ਬਸਤੀਵਾਦੀ ਯਥਾਰਥ, ਬਸਤੀਵਾਸੀ ਦੇ ਹੁੰਗਾਰੇ, ਦੇ ਵਿਲੱਖਣ ਸਿਰਜਣਾਤਮਕ ਪੈਟਰਨ ਆਦਿ ਸੂਤਰਾਂ ਨੂੰ ਬੜੀ ਦਲੀਲ ਨਾਲ ਪੇਸ਼ ਕੀਤਾ ਹੈ। ਤੀਜੀ ਦੁਨੀਆਂ ਦੇ ਬਹੁਤੇ ਬਸਤੀਕ੍ਰਿਤ ਬਿਰਤਾਂਤਾਂ ਵਿਚ ਕੌਮ ਦੀ ਸਿਰਜਣਾ ਇਕ ਪ੍ਰਮੁੱਖ ਮੁੱਦੇ ਵਜੋਂ ਪੇਸ਼ ਹੋਇਆ ਹੈ।

ਦੂਜਾ ਅਧਿਆਏ 'ਨਾਨਕ ਸਿੰਘ ਦੇ ਨਾਵਲਾਂ ਵਿੱਚ ਬਸਤੀਵਾਦੀ ਹਕੀਕਤਾਂ ਅਤੇ ਇਲਾਕਾਈ ਵਖਰੇਵਿਆਂ ਦੀ ਰੂਪ ਵਿਧੀ' 'ਚ ਚਿੱਟਾ ਲਹੂ, ਇਕ ਮਿਆਨ ਦੋ ਤਲਵਾਰਾਂ, ਪਿਆਰ ਦੀ ਦੁਨੀਆਂ, ਪਾਪ ਦੀ ਖੱਟੀ, ਕੋਈ ਹਰਿਆ ਬੂਟਾ ਰਹਿਓ ਰੀ, ਪਵਿੱਤਰ ਪਾਪੀ, ਅੱਗ ਦੀ ਖੇਡ, ਮਿੱਠਾ ਮੁਹਰਾ ਗਗਨ ਦਮਾਮਾ ਬਾਜਿਆ, ਮਤਰੇਈ ਮਾਂ, ਆਦਿ ਨਾਵਲਾਂ ਨੂੰ ਆਪਣੀ ਖੋਜ ਦਾ ਅਧਾਰ ਬਣਾਉਂਦਾ ਹੈ ਤੇ ਇਹ ਸਿੱਧ ਕਰਦਾ ਹੈ ਕਿ ਉਸ ਸਮੇਂ ਨਾਨਕ ਸਿੰਘ ਨੇ ਬਸਤੀਵਾਦ ਤੇ ਇਲਾਕਾਈ ਵਖਰੇਵੇ ਨੂੰ ਬੜੀ ਸਮਰੱਥਾਂ ਨਾਲ

ਫੜਿਆ।

ਤੀਜਾ ਅਧਿਆਏ 'ਚਿਨੂਆ ਅਚੀਬੀ ਦੇ ਨਾਵਲਾਂ ਵਿੱਚ ਬਸਤੀਵਾਦੀ ਹਕੀਕਤਾਂ ਅਤੇ ਇਲਾਕਾਈ ਵਖ਼ਰੇਵਿਆ ਦੀ ਰੂਪ ਵਿਧੀ' ਵਿਚ ਲੇਖਕ ਉਸ ਦੇ ਪ੍ਰਸਿੱਧ ਨਾਵਲਾਂ ਟੁੱਟ ਭੱਜ, ਐਰੋ ਆਫ਼ ਗੌਡ, ਨੋ ਲੌਂਗਰ ਐਟ ਈਜ਼, ਲੋਕਾਂ ਦਾ ਬੰਦਾ ਅਤੇ ਐਨਥੈਲਜ਼ ਆਫ਼ ਦੀ ਸਵਾਨ ਨੂੰ ਆਧਾਰ ਬਣਾਇਆ ਹੈ। ਇਨ੍ਹਾਂ ਨਾਵਲਾਂ ਵਿਚ ਬਸਤੀਵਾਦੀਆਂ ਦੇ ਹੁੰਗਾਰੇ ਅਤੇ ਨਾਬਰੀ ਦੇ ਬਿਰਤਾਂਤ ਤਾਂ ਪੇਸ਼ ਹੋਏ ਹੀ ਹਨ ਨਾਲ ਹੀ ਬਹੁਪਸਾਰੀ ਮਾਨਵੀ ਵਿਗਠਨ ਦੇ ਡੂੰਘੇ ਤੇ ਵਿਸ਼ਾਲ ਚਿਤਰ ਬੜੀ ਰੌਚਕਤਾ ਨਾਲ ਸਿਰਜੇ ਹਨ। ਅਚੀਬੀ ਦੇ ਦੋ ਨਾਵਲ ਪੰਜਾਬੀ ਵਿਚ ਵੀ ਅਨੁਵਾਦ ਹੋਏ ਸਨ।


ਇੰਝ ਚੌਥੇ ਤੇ ਪੰਜਾਵਾਂ ਅਧਿਆਏ 'ਚ ਕ੍ਰਮਵਾਰ 'ਨਾਨਕ ਸਿੰਘ ਦੇ ਨਾਵਲਾਂ ਦੀਆਂ ਬਿਰਤਾਂਤਕ ਜੁਗਤਾਂ ਤੇ ਚਿਨੂਆ ਅਚੀਬੀ ਦੇ ਨਾਵਲਾਂ ਦੀਆਂ ਬਿਰਤਾਂਤਕ ਜੁਗਤਾਂ ਆਦਿ ਨੂੰ ਪੇਸ਼ ਕੀਤਾ ਹੈ।

ਅਖੀਰਲੇ ਅਧਿਆਏ ਵਿਚ 'ਬਸਤੀਵਾਦੀ ਹਕੀਕਤਾਂ, ਇਲਾਕਾਈ ਵਖਰੇਵੇਂ ਅਤੇ ਬਸਤੀਵਾਸੀ ਨਾਵਲੀ ਬਿਰਤਾਂਤਕਤਾ 'ਚ ਬਸਤੀਕਾਰੀ ਦਮਨ ਤੇ ਮਾਨਵੀ ਵਿਗਠਨ, ਸਮਾਜਿਕ ਸਪੇਸ ਤੇ ਕੁਦਰਤੀ ਸਪੇਸ ਦਾ ਤਣਾਓ, ਕੌਮੀ ਦੁਖਾਂਤ ਦੀ ਸਿਰਜਣਾ ਆਦਿ ਮੁੱਦਿਆ ਨੂੰ ਦੋਹਾਂ ਨਾਵਲਕਾਰਾਂ ਦੇ ਹਵਾਲਿਆ ਨਾਲ ਉਭਾਰਿਆ ਹੈ।

ਨਾਨਕ ਸਿੰਘ ਤੇ ਚਿਨੂਆ ਅਚੀਬੀ ਬਸਤੀਕ੍ਰਿਤ ਸਮਾਜਾਂ ਦੀ ਤਰਜ਼ਮਾਨੀ ਆਪਣੇ ਨਾਵਲਾਂ ਵਿਚ ਕਰਦੇ ਹਨ। ਉਨ੍ਹਾਂ ਦੇ ਨਾਵਲਾਂ ਵਿਚ 'ਦਬਾਏ ਹੋਏ' ਅਤੇ 'ਹਾਸ਼ੀਆਕ੍ਰਿਤ' ਕੀਤੇ ਵਿਅਕਤੀਆਂ ਦੇ ਆਪਣੇ ਲੋਕਾਂ ਨੂੰ ਪੁਨਰ ਉਸਾਰਨ ਦੇ ਯਤਨ ਵਿਦਮਾਨ ਹੈ ਇਨ੍ਹਾਂ ਦੋ ਮਹਾਨ ਨਾਵਲਕਾਰਾਂ ਨੂੰ ਆਲੋਚਨਾ ਦਾ ਅਧਾਰ ਬਣਾਉਣਾ ਸ਼ੁੱਭ ਸਗਨ ਹੈ।

**ਨਾਰੀਵਾਦੀ-ਸੰਵੇਦਨਾ ਅਤੇ ਦਲੀਪ ਕੌਰ ਟਿਵਾਣਾ ਦਾ ਗਲਪ**

**ਇੰਦਰਜੀਤ ਕੌਰ (ਮੁੱਲ 170 ਰੁਪਏ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**




ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਤੇ ਕਹਾਣੀਆਂ ਨੂੰ ਸਮਝਣ ਲਈ ਇਹ ਇਕ ਮੁੱਲਵਾਨ ਆਲੋਚਨਾ ਦੀ ਪੁਸਤਕ ਹੈ ਜਿਸ ਨੂੰ ਇੰਦਰਜੀਤ ਕੌਰ ਨੇ ਬੜੀ ਮਿਹਨਤ ਨਾਲ ਤਿਆਰ ਕੀਤਾ ਹੈ। ਲੇਖਕਾਂ ਨੇ ਪੁਸਤਕ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ। ਪਹਿਲਾਂ ਭਾਗ ਬਹੁਤ ਹੀ ਗਿਆਨ ਭਰਪੂਰ ਤੇ ਵਿਸ਼ੇ ਨੂੰ ਸਮਝਣ ਲਈ ਸਿਧਾਂਤਕ ਲੇਖ ਹੈ 'ਨਾਰੀਵਾਦ ਅਤੇ ਨਾਰੀਵਾਦੀ-ਸੰਵੇਦਨਾ' ਇਸ ਲੇਖ ਨੂੰ ਲੇਖਕਾਂ ਨੇ ਬੜੀ ਮਿਹਨਤ ਨਾਲ ਤਿਆਰ ਕੀਤਾ ਹੈ ਜਿਸ 'ਚ ਮੁੱਢ 'ਚ ਚਾਰ ਯੁੱਗਾਂ (ਵਹਿਸ਼ਤ ਦਾ ਜੰਗਲੀ ਯੁੱਗ, ਜਹਾਲਤ ਦਾ ਯੁੱਗ, ਸਭਿਆਤਾ ਦਾ ਯੁੱਗ, ਸਾਮੰਤਵਾਦੀ ਯੁੱਗ) ਵਿਚ ਔਰਤ ਦੀ ਸਥਿਤੀ ਦੀ ਵਿਆਖਿਆ ਕੀਤੀ ਹੈ। ਨਾਰੀਵਾਦੀ ਇਤਿਹਾਸ ਦੀ ਵਿਆਖਿਆ ਪ੍ਰਮੁੱਖ ਨਾਰੀਵਾਦੀ ਚਿੰਤਕਾਂ ਦੀਆਂ ਧਾਰਨਾਵਾਂ ਦੇ ਅਧਾਰ 'ਤੇ ਕੀਤੀ ਹੈ ਜਿਸ ਵਿਚ ਨਾਰੀਵਾਦੀ ਚਿੰਤਕ ਕ੍ਰਿਸਟਲ ਈਸਟਮੈਨ, ਕੈਰੀ ਚੈਪਸੈਨ ਕੈਟ, ਮਾਰਗੇਟਸੈਂਗਰ, ਬੈਟੀ ਫਰੀਡੇਨ, ਮਾਰਲਿਨ ਡਿਕਸਨ, ਸਾਈਮਨ ਡੀ ਬੈਵੋਂਟ, ਇਹ ਲੇਖ ਨਾਰੀਵਾਦੀ ਧਾਰਨਾਵਾਂ ਪਰਿਭਾਸ਼ਾ, ਨਾਰੀਵਾਦੀ ਸਾਹਿਤ ਆਲੋਚਨਾ ਤੇ ਹੋਰ ਨਾਰੀ ਸਾਹਿਤ ਨਾਲ ਸਬੰਧਤ ਮੁੱਦੇ ਵੀ ਉਭਾਰੇ ਹਨ। ਇਹ ਲੇਖ ਕਿਤਾਬ ਨੂੰ ਠੋਸ ਤੇ ਨਿੱਗਰ ਬਣਾਉਂਦਾ ਹੈ।

ਦੂਜੇ ਅਧਿਆਏ 'ਚ 'ਪੰਜਾਬੀ ਸਾਹਿਤ ਸਿਰਜਣਾ ਵਿਚ ਨਾਰੀਵਾਦੀ-ਸੰਵੇਦਨਾ ਦੀ ਰੂਪ ਰੇਖਾ' ਵਿਚ ਆਦਿ ਕਾਲ ਤੇ ਮੱਧ ਕਾਲ ਦੀ ਸਾਹਿਤ 'ਚ ਪੇਸ਼ ਔਰਤ ਦੀ ਜਿਕਰ ਹੈ। ਗਲਪ ਦੀ ਗੱਲ ਕਰਦਿਆ ਲੇਖਕਾ ਨੇ ਦਲੀਪ ਕੌਰ ਟਿਵਾਣਾ, ਅਜੀਤ ਕੌਰ, ਸੁਰਿੰਦਰਜੀਤ ਕੌਰ ਬਰਾੜ, ਬਲਜੀਤ ਕੌਰ ਬਲੀ, ਬਲਵਿੰਦਰ ਕੌਰ ਬਰਾੜ, ਚੰਦਨ ਨੇਗੀ, ਕੈਲਾਸ ਪੁਰੀ, ਸੁਖਵੰਤ ਕੌਰ ਮਾਨ, ਬਚਿੰਤ ਕੌਰ ਤੇ ਹੋਰ ਬਹੁਤ ਸੀਰੀਆਂ ਨਾਰੀ ਲੇਖਕਾਵਾਂ ਦੇ ਸਾਹਿਤ ਦਾ ਜਿਕਰ ਤੇ ਅਧਿਐਨ ਕੀਤਾ ਹੈ।





ਤੀਜੇ ਅਧਿਆਏ 'ਦਲੀਪ ਕੌਰ ਟਿਵਾਣਾ ਦੀਆਂ ਕਹਾਣੀਆਂ ਦਾ ਨਾਰੀਵਾਦੀ ਵਿਸ਼ਲੇਸ਼ਣ' 'ਚ ਉਸ ਦੀਆਂ ਕਹਾਣੀਆਂ ਦਾ ਬੜੀ ਤਰਕਿਕ ਦ੍ਰਿਸ਼ਟੀ ਨਾਲ ਅਧਿਐਨ ਕੀਤਾ ਹੈ। ਉਸ ਨੇ ਨਾਰੀ ਦੀਆਂ ਸਮੱਸਿਆਵਾਂ ਦੀ ਬੜੀ ਮੁੱਲਵਾਨ ਤੇ ਪ੍ਰਮਾਣਿਕ ਪੇਸ਼ਕਾਰੀ ਕੀਤੀ ਹੈ। ਟਿਵਾਣਾ ਪੰਜਾਬੀ ਔਰਤ ਦੇ ਮਸਲੇ ਜਬਰੀ ਵਿਆਹ, ਨਪੁੰਨਸਕਤਾ ਬਾਂਝਪਣ, ਜਬਰੀ ਉਧਾਲਾ, ਵਿਆਹ ਸੰਬੰਧੀ ਚੋਣ ਦਾ ਮਸਲਾ, ਔਰਤ ਮਰਦ ਸੰਬੰਧ , ਪਤੀ-ਪਤਨੀ ਦੇ ਤ੍ਰੇੜੇ ਰਿਸ਼ਤੇ ਆਦਿ ਨੂੰ ਪੰਜਾਬੀ ਧਰਾਤਲ ਤੇ ਰਹਿਤਲ ਦੇ ਸੰਦਰਭ 'ਚ ਪੇਸ਼ ਕਰਦੀ ਹੈ। ਲੇਖਕ ਨੇ ਉਨ੍ਹਾਂ ਕਹਾਣੀਆਂ ਦਾ ਅਧਿਐਨ ਕੀਤਾ ਹੈ ਜਿਨ੍ਹਾਂ 'ਚ ਮਰਦ ਭਰਾ, ਪਤੀ, ਪ੍ਰੇਮੀ ਆਦਿ ਦੇ ਰੂਪ 'ਚ ਪੇਸ਼ ਹੋਇਆ ਹੈ ਅਣਜੋੜ ਵਿਆਹ ਵਿਧਵਾ ਔਰਤ, ਬਾਂਝਪਨ, ਦਾਜ, ਉਧਾਲੇ ਆਦਿ ਸਮੱਸਿਆ ਨੂੰ ਪੇਸ਼ ਕਰਦੀਆਂ ਕਹਾਣੀਆਂ ਦਾ ਅਧਿਐਨ ਵੀ ਕੀਤਾ ਹੈ ਦੇਸ਼ ਵੰਡ, ਆਜਾਦੀ ਜੰਗ ਤੋਂ ਉਪਜੇ ਦੁਖਾਂਤ ਦੀਆਂ ਕਹਾਣੀਆਂ ਦਾ ਅਧਿਐਨ ਵੀ ਕੀਤਾ ਹੈ। ਲੇਖਕਾਂ ਨੇ ਟਿਵਾਣਾ ਦੀਆਂ ਕਹਾਣੀਆਂ 'ਚ ਉਭਾਰੇ ਹਰ ਪੱਖ ਦਾ ਵਿਸ਼ਲੇਸ਼ਣ ਬਹੁਤ ਹੀ ਦਾਰਸ਼ਨਿਕ ਲਹਿਜੇ 'ਚ ਕੀਤਾ ਹੈ।

ਚੌਥਾ ਅਧਿਆਏ 'ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦਾ ਨਾਰੀਵਾਦੀ ਵਿਸ਼ਲੇਸ਼ਣ' ਜਿਸ 'ਚ ਅਗਨੀ ਪ੍ਰੀਖਿਆ, ਏਹੁ ਹਮਾਰਾ ਜੀਵਣਾ, ਲੰਘ ਗਏ ਦਰਿਆ, ਪੀਲੇ ਪੱਤਿਆ ਦੀ ਦਾਸਤਾਨ, ਦੂਸਰੀ ਸੀਤਾ, ਤੀਲੀ ਦਾ ਨਿਸ਼ਾਨ ਸਭੁ ਦੇਸ਼ ਪਰਾਇਆ, ਹਸਤਾਖ਼ਰ, ਸੂਰਜ ਤੇ ਸਮੁੰਦਰ, ਐਰ ਵੈਰ ਮਿਲਦਿਆ, ਸਰਕੰਡਿਆ ਦੇ ਦੇਸੁ, ਦੂਨੀ ਸੁਹਾਵਾ ਬਾਗ, ਕਥਾ ਕੁਕਨੁਸ ਦੀ ਆਦਿ ਨਾਵਲਾਂ ਨੂੰ ਨਾਰੀਵਾਦੀ ਸੰਵੇਦਨਾ ਤੋਂ ਅਧਿਐਨ ਦਾ ਅਧਾਰ ਬਣਾਇਆ ਹੈ। ਆਪਣੇ ਅਧਿਐਨ 'ਚ ਲੇਖਕਾਂ ਨੇ ਟਿਵਾਣਾ ਦੇ ਹਾਂ ਪੱਖੀ ਨਾਰੀਵਾਦੀ ਰਵੱਈਏ ਨੂੰ ਹੀ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਦਲੀਪ ਕੌਰ ਟਿਵਾਣਾ ਦੇ ਸਮੁੱਚੇ ਸਾਹਿਤ ਨੂੰ ਸਮਝਣ ਲਈ ਆਲੋਚਨਾ ਦੀ ਇਹ ਪੁਸਤਕ ਆਹਿਮ ਹੈ।

**ਅੰਗੂਰਾਂ ਦੀ ਵੇਲ ਤੇ ਹੋਰ ਕਹਾਣੀਆਂ**

**ਸੰਪਾਦਕ ਕੰਵਰਜੀਤ ਭੱਠਲ (ਮੁੱਲ 120 ਰੁਪਏ, ਭੱਠਲ ਪਬਲਿਸ਼ਰਜ਼, ਚੰਡੀਗੜ੍ਹ)**

ਇਹ ਕਿਤਾਬ ਕੰਵਰਜੀਤ ਭੱਠਲ ਵਲੋਂ ਸੰਪਾਦਤ ਕੀਤੀ ਗਈ ਹੈ। ਭੱਠਲ ਹਰ ਸਾਲ ਕਹਾਣੀ ਮੁਕਾਬਲਾ ਕਰਵਾਉਂਦਾ ਹੈ ਤੇ ਫਿਰ ਚੌਣਵੀਆਂ 10-12 ਕਹਾਣੀਆਂ ਦੀ ਕਿਤਾਬ ਸੰਪਾਦਤ ਕਰ ਦਿੰਦਾ ਹੈ। ਇਨ੍ਹਾਂ ਮੁਕਾਬਲਿਆ 'ਚ ਆਮ ਤੌਰ ਤੇ ਨਵੇਂ ਕਹਾਣੀਕਾਰ ਹੀ ਭਾਗ ਲੈਂਦੇ ਹਨ, ਜਿਨ੍ਹਾਂ ਦੀਆਂ




ਕਹਾਣੀਆਂ ਪੜ੍ਹ ਕੇ ਨਵੇਂ ਸਮਾਜ ਦੇ ਦਰਸ਼ਨ ਹੁੰਦੇ ਹਨ। ਇਸ ਸੰਗ੍ਰਹਿ 'ਚ 12 ਕਹਾਣੀਕਾਰਾਂ (ਨਰੇਸ਼ ਸ਼ਰਮਾ, ਗੁਰਸੇਵਕ ਸਿੰਘ ਪ੍ਰੀਤ, ਬਲਵਿੰਦਰ ਕਾਲੀਆ, ਜਗਰੂਪ ਸਿੰਘ ਕਿਵੀ, ਦਿਲਸ਼ੇਰ ਸਿੰਘ ਨਿਰਦੋਸ਼, ਬਿੱਕਰ ਸਿੰਘ ਆਜ਼ਾਦ, ਨਰਿੰਦਰਜੀਤ ਕੌਰ, ਸੁਰਜੀਤ ਕੌਰ, ਰਾਬਿੰਦਰ ਸਿੰਘ ਰੱਬੀ, ਮਨਮੋਹਨ ਕੌਰ, ਹਰਭਜਨ ਨੀਰ, ਤੇ ਸੁਖਵੀਰ ਤਾਬਸ਼) ਦੀਆਂ ਕਹਾਣੀਆਂ ਹਨ। 'ਅੰਗੂਰਾਂ ਦੀ ਵੇਲ' ਕਹਾਣੀ ਡੇਰਾ ਵਾਦ ਤੇ ਤਿੱਖਾ ਵਿਅੰਗ ਕਰਦੀ ਹੈ। ਕਹਾਣੀ ਉਦੋਂ ਸਾਰਥਕ ਮੋੜ ਕੱਟਦੀ ਹੈ ਜਦੋਂ ਕਹਾਣੀ ਦੀ ਪਾਤਰ ਔਰਤ ਪਰਾਏ ਮਰਦ ਦਾ ਬੀਜ਼ ਆਪਣੀ ਕੁੱਖ 'ਚ ਲੈਂਦੀ ਹੈ। 'ਝਿੰਜਨ' ਕਹਾਣੀ ਬੇਰੁਜ਼ਗਾਰੀ ਦੀ ਗੱਲ ਕਰਦੀ ਹੈ, 'ਗੁੰਮਰਾਹ' ਕਹਾਣੀ ਬੜੀ ਪੇਤਲੀ ਕਹਾਣੀ ਹੈ। 'ਸੱਚਾ ਸੌਦਾ' ਕਹਾਣੀ ਰਾਹੀ ਲੇਖਕ ਪੁਰਾਣੇ ਮੋਟਿਫ 'ਚ ਨਵੇਂ ਅਰਥ ਕੱਢਣ ਦੀ ਕੋਸ਼ਿਸ਼ 'ਚ ਹੈ ਪਰ ਸਫ਼ਲ ਨਹੀਂ ਹੁੰਦਾ। 'ਸਬਸਟੀ ਚਿਊਟ' ਤੇ 'ਉਹ ਕੁੜੀ' ਅਸਿਧੇ ਤੌਰ ਤੇ ਔਰਤ ਮਰਦ ਦੇ ਸੰਬੰਧਾਂ ਦੀਆਂ ਕਹਾਣੀਆਂ ਹਨ। ਸਾਰੀਆਂ ਕਹਾਣੀਆਂ ਪੜ੍ਹ ਕੇ ਇੰਝ ਲੱਗਦਾ ਹੈ ਕਿ ਲੇਖਕਾਂ ਕੋਲ ਗਹਿਰਾਈ ਦੀ ਘਾਟ ਹੈ ਕਹਾਣੀਆਂ ਲਿਖਣ ਦੀਆਂ ਜੁਗਤਾਂ ਵੀ ਉਹ ਪੁਰਾਣੀਆਂ ਵਰਤਦੇ ਹਨ। ਫਿਰ ਵੀ ਨਵੇਂ ਕਹਾਣੀਕਾਰਾਂ ਨੂੰ ਉਤਸਾਹ ਦੇਣਾ, ਚੰਗਾ ਉਦਮ ਹੈ।

## ਕੰਕਰੀਟ ਦੇ ਸ਼ਹਿਰ ਵਿਚ ਕਸ਼ਮੀਰੀ ਖ਼ੁਸ਼ਬੋ


**ਸੰਪਾਦਕ ਕੰਵਰਜੀਤ ਭੱਠਲ (ਮੁੱਲ 140 ਰੁਪਏ, ਭੱਠਲ ਪਬਲਿਸ਼ਰਜ਼)**




ਇਹ ਰਾਣੀ ਨਗਿੰਦਰ ਦੀ ਰਚਨਾ 'ਤੇ ਕੇਂਦਰਤ ਕਿਤਾਬ ਹੈ। ਜਿਸ ਨੂੰ ਪੰਜ ਭਾਗਾ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ 'ਚ ਰਾਣੀ ਬਾਰੇ ਰੇਖਾ ਚਿੱਤਰ-ਸ਼ਬਦ ਚਿੱਤਰ ਹਨ। ਦੂਜਾ ਭਾਗ ਕਵਿਤਾ ਦਾ ਹੈ। ਚੌਥਾ ਭਾਗ ਸ਼ਫਰਨਾਮਾ ਦਾ ਹੈ ਤੇ ਪੰਜਵਾਂ ਰਾਣੀ ਦੀ ਰਚਨਾ ਤੇ ਹੋਈ ਆਲੋਚਨਾ ਬਾਰੇ ਹੈ। ਏਥੇ ਅਸੀਂ ਉਸ ਭਾਗ ਦੀ ਗੱਲ ਕਰਨੀ ਹੈ ਜਿਹਦੇ 'ਚ ਉਸ ਦੀਆਂ ਪੰਜ ਕਹਾਣੀਆਂ ਹਨ। ਰਾਣੀ ਦੀ ਇਕ ਕਹਾਣੀ 'ਗ੍ਰੀਨ ਕਾਰਡ' ਹੈ ਜਿਹੜੀ ਕਿ ਸਿੱਖੀ ਪ੍ਰੰਪਰਾ ਦੀ ਰਵਾਇਤ ਨੂੰ ਪੱਕਿਆ ਕਰਦੀ ਹੈ। ਕਹਾਣੀ ਦਾ ਪਾਤਰ ਦੀਪਕ ਅਮਰੀਕਾ 'ਚ ਪੱਕਾ ਹੋਣ ਲਈ ਆਪਣੀ ਬਾਹਰੀ ਦਿੱਖ ਮਿਟਾ ਕੇ ਹਿੱਪੀਆਂ ਦੀ ਦਿੱਖ ਬਣਾ ਲੈਂਦਾ ਹੈ ਪਰ ਉਹ ਪੱਕਾ ਫਿਰ ਵੀ ਨਹੀਂ ਹੁੰਦਾ ਅਖੀਰ ਤੋੜਾ ਏਥੇ ਝਾੜਿਆ ਜਾਂਦਾ ਹੈ ਕਿ ਉਹ ਪਾਤਰ ਮੁੱਛ-ਪੱਗ ਬੰਨ੍ਹ ਕੇ ਸਿੱਖੀ ਦਿੱਖ ਅਖਤਿਆਰ ਕਰ ਲੈਂਦਾ ਹੈ ਕਾਰਨ ਇਹ ਕਿ ਉਹਦੇ ਪਰਿਵਾਰ ਦਾ ਕਤਲ ਹੋ ਜਾਂਦਾ ਹੈ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਇਸ ਕਹਾਣੀ ਦੇ ਪੈਫ਼ਲਿਟ ਵੰਡ ਕੇ ਸਿੱਖੀ ਸਰੂਪ ਦਾ ਪਰਚਾਰ ਕਰੇ। ਬਾਕੀ ਕਹਾਣੀਆਂ ਹਨ ਗੁਲਾਬੀ ਤਿਕੋਨ, ਟਰਪੂ, ਇਕ ਹੋਰ ਗੌਤਮ, ਇਕ ਰਾਤ।

## ਗਿੱਲਾ ਹਨ੍ਹੇਰਾ

**ਡਾ. ਸ਼ਰਦ ਸਿੰਘ (ਮੁੱਲ 120 ਰੁਪਏ, ਉਡਾਨ ਪਬਲੀਕੇਸ਼ਨਜ਼. ਮਾਨਸਾ)**




ਗਿੱਲਾ ਹਨ੍ਹੇਰਾ ਹਿੰਦੀ ਦੀ ਨੌਜਵਾਨ ਕਹਾਣੀਕਾਰਾਂ ਸ਼ਰਦ ਸਿੰਘ ਦੀਆਂ ਕਹਾਣੀਆਂ ਦੀ ਅਨੁਵਾਦਤ ਕਿਤਾਬ ਹੈ। ਜਿਸ ਨੂੰ ਅਨੁਵਾਦ ਕੀਤਾ ਹੈ ਧਰਮਪਾਲ ਸਾਹਿਲ ਨੇ। ਕਿਤਾਬ ਪੜ੍ਹ ਕੇ ਲੱਗਦਾ ਹੈ ਕਿ ਉਸ ਦੀ ਕਹਾਣੀ ਤੇ ਪਕੜ ਬਹੁਤ ਪੀਡੀ ਹੈ। ਉਸ ਕੋਲ ਸਮਾਜ ਨੂੰ ਵੇਖਣ ਦੀ ਨਜ਼ਰ ਬੜੀ ਤੇਜ਼ , ਤਿੱਖੀ ਤੇ ਨਿਵੇਕਲੀ ਹੈ। ਔਰਤ ਦੀ ਤ੍ਰਾਸ਼ਦੀ ਨੂੰ ਸਰਦ ਨੇ ਇਨ੍ਹਾਂ 12 ਕਹਾਣੀਆਂ ਵਿਚ ਫੜਿਆ ਹੈ। ਉਸ ਨੇ ਨਵੀਂ ਔਰਤ ਨੂੰ ਪੇਸ਼ ਕੀਤਾ ਹੈ, ਜਿਸ ਦੀ ਨਜ਼ਰ ਮਰਦ ਪ੍ਰਤੀ ਰਵਾਇਤੀ ਨਹੀਂ। ਅਸਲ ਵਿਚ ਇਹ ਨਵੀਂ ਕਹਾਣੀ ਹੈ। 'ਗਿੱਲਾ ਹਨ੍ਹੇਰਾ' , 'ਅੱਠ ਗੁਣਾ ਅੱਠ ਸੁੱਖ', 'ਛੱਤ ਤੇ ਖੜੋਤੀ ਲੜਕੀ', 'ਤੀਲਾ ਅੱਗ' ਉਸ ਦੀਆਂ ਬਹੁਤ ਹੀ ਗਹਿਰ ਗੰਭੀਰ ਕਹਾਣੀਆਂ ਹਨ। ਜਿਨ੍ਹਾਂ 'ਚ ਔਰਤ ਨੂੰ ਬਹੁਤ ਹੀ ਨਵੇਂ ਜਾਵੀਏ ਤੋਂ ਪੇਸ ਕੀਤਾ ਹੈ। ਉਸ ਨੇ ਨਿਮਨ ਜਾਤੀ ਦੀ ਔਰਤ ਦੇ ਦੁੱਖ ਨੂੰ ਬਹੁਤ ਸਿੱਦਤ ਨਾਲ ਮਹਿਸੂਸ ਕੀਤਾ ਹੈ। 'ਗਿੱਲਾ ਹਨ੍ਹੇਰਾ' ਦੀ ਕੁਸ਼ਮਬਾਈ, 'ਅੱਠ ਗੁਣਾ ਅੱਠ ਸੁੱਖ ਦੀ 'ਰਾਮ ਰੱਤੀ' ਪਾਤਰਾਂ ਨੂੰ ਬਹੁਤ ਚੰਗੀ ਤਰੀਕੇ ਨਾਲ ਪੇਸ਼ ਕੀਤਾ ਹੈ। 'ਗਿੱਲਾ ਹਨ੍ਹੇਰਾ' ਕਹਾਣੀ 'ਚ ਮਰਦ ਪ੍ਰਧਾਨ ਸਮਾਜ 'ਚ ਔਰਤ ਦੀ ਜੀਰੋ ਹੋਂਦ ਨੂੰ ਪੇਸ ਕਰਦੀ ਹੈ, ਕੁਸਮ ਭਾਵੇਂ ਚੋਣਾਂ ਜਿੱਤ ਜਾਂਦੀ ਹੈ ਪਰ ਉਸਦਾ ਪਤੀ ਚੌਧਰੀ ਉਹਨੂੰ ਕਠਪੁਤਲੀ ਬਣਾ ਕੇ ਸਾਰੇ ਅਧਿਕਾਰ ਵਰਤਦਾ ਹੈ। ਕਿਰਪਾ ਕਰਕੇ ਸ਼ਾਂਤ ਹੋ ਜਾਵੋ', ਕਹਾਣੀ 'ਚ ਸਿਪਾਹੀ ਦੀ ਵੇਦਨਾ ਨੂੰ ਪੇਸ਼ ਕੀਤਾ ਹੈ । ਇਕ ਚੰਗੀ ਕਿਤਾਬ ਦਾ ਅਤੇ ਸ਼ਰਦ ਸਿੰਘ ਦਾ ਪੰਜਾਬੀ ਪਾਠਕਾਂ ਲੇਖਕਾਂ ਨਾਲ ਰੂ ਬ ਰੂ ਕਰਵਾਉਣਾ ਧਰਮਪਾਲ ਸਾਹਿਲ ਦਾ ਚੰਗਾ ਉਪਰਾਲਾ ਹੈ।


**- ਭਗਵੰਤ ਰਸੂਲਪੁਰੀ**





## *ਖਿਆਲ ਖੁਸ਼ਬੋ ਜਿਹਾ*

*ਬੂਟਾ ਸਿੰਘ ਚੌਹਾਨ*




*ਵਿਸ਼ਵ ਭਾਰਤੀ ਪ੍ਰਕਾਸ਼ਨ, ਬਹਨਾਲਾ ਮੁੱਲ 100 ਰੁਪਏ*

"ਸਿਰ ਜੋਗੀ ਛਾਂ " ਦੀਆਂ ਪਿਆਰੀਆਂ ਗ਼ਜ਼ਲਾਂ ਪੜ੍ਹੀਆਂ ਆਨੰਦ ਮਾਣਿਆ।

ਤੂੰ ਰੋਹੀਆਂ ਵਿੱਚ ਖਲੋਤਾ ਕੁਆਰਾ ਸਰੂ, ਜਿਹੜਾ ਤਪਦੀ ਰੂਹ ਜੋਗੀ ਹੀ ਛਾਂ ਦੇ ਰਿਹਾ ਹਾ। ਕਈਆਂ ਸ਼ੇਅਰਾਂ ਦਾ ਨਿੱਘ ਮਹਿਬੂਬ ਦਾ ਉਣਿਆ ਸਵੈਟਰ ਅਤੇ ਅਹਿਸਾਸ ਦੀ ਘੁੱਟ ਸ਼ਹਿਦ ਹੋ ਨਿੱਬੜੀ।

ਬੀਤੇ ਦੇ ਰੁੱਖ ਹੇਠਾਂ ਬਹਿਣਾ ਠੀਕ ਨਹੀਂ।

ਛਾਵਾਂ ਵਿੱਚੋਂ ਵੀ ਆਉਂਦਾ ਹੈ ਸੇਕ ਜਿਹਾ।

ਸ਼ਾਇਰੀ ਕੁਦਰਤ ਦੀ ਦਾਤ ਹੈ, ਪਰ ਨਵੇਕਲਾਪਣ ਤੇਰਾ ਆਪਣਾ ਸਰਮਾਇਆ ਹੈ। ਸ਼ਾਲਾ, ਇਹ ਸਦੀਵ ਕਾਇਮ ਰਹੇ. ਬਾਹਰਲਾ ਦਰਦ ਰੂਹ ਦੇ ਅਹਿਸਾਸ ਵਿੱਚ ਡੁੱਬ ਕੇ ਮਹਿਕ ਬਣਦਾ ਹੈ ਤੇ ਓਹੀ ਖੁਸ਼ਬੂ ਸਮਾਜ ਦੀ ਦੁਰਗੰਧ ਸਾਫ ਕਰਨ ਵਿਚ ਜੁਟ ਜਾਂਦੀ ਹੈ।


ਮਹਿਕ ਤਾਂ ਦੂਰ ਵੀ ਜਾ ਸਕਦੀ ਸੀ।

ਪੌਣ ਦਾ ਰੁਖ਼ ਹੀ ਕੁਝ ਸਹੀ ਨਾ ਸੀ।

ਬਈ ਵਾਹ ! ਇਸ ਸੁਗੰਧ ਵਿੱਚ ਰੋਸ਼ਨੀ ਵੀ ਹੈ, ਜਿਸ ਨੂੰ ਹਵਾ ਦਾ ਰੁਖ਼ ਵੀ ਰੋਕ ਨਾ ਸਕੇਗਾ। ਤੂੰ ਸਧਾਰਨ ਬੂਟਾ ਨਹੀ, ਪੰਜਾਬ ਦਾ ਚੰਨਣ ਏਂ। ਤੇ ਤੇਰੀ ਮਹਿਕ ਮਾਨਸਕ ਰੋਗੀਆਂ ਲਈ ਸੰਜੀਵਨੀ ! ਉਦਾਸ ਚਿਹਰਿਆਂ ਲਈ ਖੇੜੇਹਾਰ।

**-ਜਸਵੰਤ ਸਿੰਘ ਕੰਵਲ**

*ਕਹਾਣੀਕਾਰ ਪਵਨ ਪਰਿੰਦਾ ਦੀਆਂ ਕਹਾਣੀਆਂ ਦੀਆਂ ਦੋ ਅਹਿਮ ਪੁਸਤਕਾਂ*
*î¼ÇÃÄÅ çÆ ðÅå*
*ਮੁੱਲ- 50 ਰੁਪਏ*
*ਤੇ*
*ñÅÔ¶ ÔÃ¶*
*(ਮੁੱਲ- 40 ਰੁਪਏ)*
*ਕੁਕਨੁਸ ਪ੍ਰਕਾਸ਼ਨ , ਜਲੰਧਰ*








ਪਵਨ ਪਰਿੰਦਾ ਨਵੀਂ ਪੀੜ੍ਹੀ ਦਾ ਕਥਾਕਾਰ ਹੈ। ਇਹ ਕਹਾਣੀਆਂ ਉਸ ਦੇ ਕਲਾਤਮਕ ਵਿਕਾਸ ਅਤੇ ਵਸਤੂ-ਸਥਿਤੀ ਤੇ ਪੀਡੀ ਪਕੜ ਦੀਆਂ ਸੂਚਕ ਹਨ। ਇਨ੍ਹਾਂ ਕਹਾਣੀਆਂ ਨਾਲ ਉਹ ਵਸਤੂ-ਸਥਿਤੀ ਦੀ ਓਪਰੀ ਪਰਤ ਨੂੰ ਕਥਾ ਸੰਸਾਰ ਦਾ ਅਧਾਰ ਬਣਾਉਂਦਾ ਹੈ। ਇਨ੍ਹਾਂ ਕਹਾਣੀਆਂ ਦੇ ਪਾਤਰ ਵਿਪਰੀਤ ਸਥਿਤੀਆਂ ਵਿਚ ਡਟਣ ਦੇ ਨਾਲ ਅਮਾਨਵੀ ਮਰਿਆਦਾ ਨੂੰ ਚੁਣੌਤੀ ਦੇਣ ਦੀ ਸਮਰੱਥਾ ਵੀ ਰੱਖਦੇ ਹਨ। ਔਰਤ-ਮਰਦ ਸੰਬੰਧਾਂ ਤੋਂ ਲੈ ਭਾਰਤੀ ਸਮਾਜ ਵਿਚ ਆਈ ਗਿਰਾਵਟ ਦੇ ਵਿਭਿੰਨ ਪਹਿਲੂਆਂ ਨੂੰ ਉਹ ਆਪਣੇ ਕਲੇਵਰ ਵਿਚ ਸਮੇਟਦਾ ਹੈ, ਕਹਾਣੀ ਸੁਣਾਉਣ ਦੀ ਪਰੰਪਰਾਗਤ ਜੁਗਤ ਦੇ ਨਾਲ ਨਾਲ ਸਥਿਤੀ ਨੂੰ ਉਘਾੜਨ ਦੀ ਸਮਰੱਥਾ ਵੀ ਰੱਖਦਾ ਹੈ। **-ਡਾ. ਰਜਨੀਸ਼ ਬਹਾਦਰ ਸਿੰਘ**

# ਜਨ ਬੋਧ



## ਡੇਰਾਵਾਦ: ਇਤਿਹਾਸਕ ਸੰਦਰਭ/ਡਾ. ਸੇਵਾ ਸਿੰਘ

ਅੱਜ ਅਸੀਂ ਜਿਸ ਪ੍ਰਕਾਰ ਦੇ ਸੰਸਥਾਨਾਂ ਨੂੰ 'ਡੇਰੇ' ਕਹਿੰਦੇ ਹਾਂ, ਪ੍ਰਾਚੀਨ ਭਾਰਤ ਵਿੱਚ ਆਸ਼ਰਮ ਜਾਂ ਵਿਹਾਰ ਸਨ। ਇਹਨਾਂ ਆਸ਼ਰਮਾਂ ਦੇ ਦੋ ਉੱਤਰਦਾਇਤਵ ਸਨ। ਇੱਕ, ਇਹਨਾਂ 'ਚ ਉਹਨਾਂ ਲੋਕਾਂ ਨੂੰ ਆਸਰਾ ਮਿਲਦਾ ਸੀ, ਜਿਹੜੇ ਗ੍ਰਹਿਸਥ ਆਸ਼ਰਮ ਤੋਂ ਬਾਅਦ ਵਾਣਪ੍ਰਸਤੀ ਜਾਂ ਸਨਿਆਸੀ ਦੇ ਰੂਪ ਵਿੱਚ ਸਮਾਜ ਤੋਂ ਬਾਹਰ ਰਹਿਣ ਦੇ ਇਛੁਕ ਹੁੰਦੇ ਸਨ। ਜਾਂ ਅਜਿਹੇ ਲੋਕ ਇਹਨਾਂ ਆਸ਼ਰਮਾਂ 'ਚ ਆ ਕੇ ਰਹਿਣ ਲੱਗਦੇ ਸਨ, ਜਿਹੜੇ ਸੱਤਾਮੂਲਕ ਨਿਯਮਬੱਧ ਵਿਧੀ-ਵਿਧਾਨ ਦਾ ਵਿਰੋਧ ਕਰਦਿਆਂ ਸਮਾਜ ਨੂੰ ਛੱਡ ਕੇ ਬਾਹਰ ਆ ਜਾਂਦੇ ਸਨ। ਇਹਨਾਂ ਆਸ਼ਰਮਾਂ ਵਿੱਚ ਰਾਜਕੁਮਾਰਾਂ ਅਤੇ ਹੋਰ ਉੱਚ ਵਰਗ ਦੇ ਬੱਚਿਆਂ ਨੂੰ ਵੀ ਸਿੱਖਿਆ ਦੀ ਸਹੂਲਤ ਦਿੱਤੀ ਜਾਂਦੀ ਸੀ। ਬ੍ਰਹਮਚਾਰੀ ਦੇ ਰੂਪ ਵਿੱਚ ਜੀਵਨ ਦੇ ਪਹਿਲੇ ਪੱਚੀ ਸਾਲ ਕੁਲੀਨ ਵਰਗ ਦੇ ਲੋਕ ਇਹਨਾਂ ਹੀ ਆਸ਼ਰਮਾਂ ਵਿੱਚ ਸਭ ਤਰ੍ਹਾਂ ਦੀ ਸਿੱਖਿਆ ਗ੍ਰਹਿਣ ਕਰਦੇ ਸਨ। ਇਹਨਾਂ ਆਸ਼ਰਮਾਂ ਦੀ ਆਰਥਿਕਤਾ ਅਤੇ ਸੁਰੱਖਿਆ ਦਾ ਪ੍ਰਬੰਧ ਦਾਨ ਅਤੇ ਪ੍ਰਸ਼ਾਸ਼ਨਿਕ ਗਰਾਟਾਂ ਦੁਆਰਾ ਹੁੰਦਾ ਸੀ।

ਦੂਸਰਾ, ਸਾਨੂੰ ਪੌਰਾਣਾਂ ਦੀਆਂ ਗਥਾਵਾਂ ਸੂਚਿਤ ਕਰਦੀਆਂ ਹਨ ਕਿ ਇਹਨਾਂ ਆਸ਼ਰਮਾਂ ਦੇ ਰਿਸ਼ੀਆਂ, ਮੁਨੀਆਂ ਨੇ ਹਮੇਸ਼ਾਂ ਸਮਾਜ ਅਤੇ ਸੱਤਾ ਦੇ ਵਿਧੀ ਵਿਧਾਨਾਂ ਪ੍ਰਤੀ ਇੱਕ ਸਸ਼ਕਤ ਵਿਚਾਰਧਾਰਕ ਪ੍ਰਤੀਬੱਧਤਾ ਬਣਾਈ ਰੱਖੀ। ਏਨਾ ਹੀ ਨਹੀਂ ਇਹ ਰਿਸ਼ੀ ਜੰਗਲਾਂ ਦੇ ਸਮਤਾਮੂਲਕ ਆਦਿਵਾਸੀਆਂ ਵਿੱਚ ਵਰਣ-ਵਿਵਸਥਾ ਦਾ ਪ੍ਰਚਾਰ-ਪ੍ਰਸਾਰ ਕਰਨ 'ਚ ਬਹੁਤ ਸਹਾਇਕ ਸਿੱਧ ਹੋਏ। ਇਸ ਕੰਮ ਲਈ ਆਸ਼ਰਮਾਂ ਦੇ ਇਹ ਰਿਸ਼ੀ ਸੱਤਾ ਦੇ ਸੈਨਿਕ ਬੱਲ ਦੇ ਹਿੰਸਾਪੂਰਨ ਇਸਤੇਮਾਲ ਤੋਂ ਵੀ ਪਿੱਛੇ ਨਹੀਂ ਰਹੇ ਹਨ। ਸਮਾਜ ਦੇ ਅਨਿਆਮੂਲਕ ਵਿਧਾਨਾਂ ਦੇ ਵਿਰੋਧ ਵਿੱਚ ਸਭ ਕੁਝ ਤਿਆਗ ਦੇਣ ਵਾਲੇ ਤਪੀਆਂ, ਤਿਆਗੀਆਂ, ਸਨਿਆਸੀਆਂ ਦਾ ਆਸ਼ਰਮਾਂ 'ਚ ਆ ਕੇ ਮੁੜ ਸੱਤਾ ਪ੍ਰਤੀ ਵਫ਼ਾਦਾਰ ਹੁੰਦੇ ਜਾਣਾ, ਇਹ ਭਾਰਤੀ ਸਮਾਜ ਦੀ ਇੱਕ ਬਹੁਤ ਵੱਡੀ ਤੇ ਅਜੀਬ ਵਿਡੰਬਨਾ ਰਹੀ ਹੈ।

ਦੂਜੇ ਪਾਸੇ ਵਿਹਾਰਾਂ ਦਾ ਸੰਬੰਧ ਬੁੱਧ ਧਰਮ ਨਾਲ ਹੈ। ਪਹਿਲੀ ਸਦੀ ਦੇ ਨੇੜੇ ਤੇੜੇ ਬੁੱਧ ਧਰਮ ਜਦੋਂ ਮਹਾਯਾਨ ਦੇ ਰੂਪ ਵਿੱਚ ਸਾਮੰਤੀ ਢਾਂਚੇ 'ਚ ਢਲਣ ਲੱਗਾ ਸੀ ਤਾਂ ਇਹ ਵਿਹਾਰ ਆਸ਼ਰਮਾਂ ਵਾਂਗ ਸਮਾਜ ਨੂੰ ਤਿਆਗਣ ਵਾਲੇ ਤਿਆਗੀਆਂ ਦੇ ਆਸਰੇ ਦਾ ਸਥਾਨ ਸਨ। ਵਿਡੰਬਨਾ ਇਹ ਹੈ ਕਿ ਇਹ ਸਾਧੂ, ਤਿਆਗੀ, ਵਿਹਾਰਾਂ 'ਚ ਰਹਿ ਕੇ ਸੱਤਾਮੂਲਕ-ਵਰਗ-ਵਿਚਾਰਧਾਰਾ ਨੂੰ ਸਭ ਤੋਂ ਵਧ ਕੇ ਉਤਸ਼ਾਹਿਤ ਕਰਦੇ ਰਹੇ ਹਨ। ਇਸ ਤਰ੍ਹਾਂ ਪ੍ਰਾਚੀਨ ਭਾਰਤ ਦੇ ਆਸ਼ਰਮਾਂ ਦਾ ਸਥਾਨ ਵਿਹਾਰਾਂ ਨੇ ਲੈ ਲਿਆ ਸੀ ਜਾਂ ਇੰਜ ਕਹੋ ਕਿ ਸੱਤਾ ਲਈ ਜੋ ਉਪਯੋਗਤਾ ਆਸ਼ਰਮਾਂ ਦੀ ਸੀ, ਹੁਣ ਉਸ ਦੀ ਪੂਰਤੀ ਵਿਹਾਰ ਕਰਨ ਲੱਗੇ ਸਨ, ਇਸ ਲਈ ਸੱਤਾ ਦੀ ਇਸ ਸੇਵਾ ਬਦਲੇ ਸ਼ਿਲਪ ਅਤੇ ਵਪਾਰ ਦੇ ਇਸ ਸੰਪਨਤਾਪੂਰਨ ਦੌਰ ਵਿੱਚ ਇਨਾਂ ਵਿਹਾਰਾਂ 'ਚ ਦਾਨ ਅਤੇ ਵਿੱਤੀ ਸਹਾਇਤਾ ਰਾਹੀਂ ਧਨ ਇਕੱਠਾ ਹੋਣ ਲੱਗਾ ਸੀ। ਘਰ-ਬਾਰ ਛੱਡ ਕੇ ਆਏ ਹੋਏ ਤਿਆਗੀਆਂ ਅਤੇ ਸਿਰਫ਼ ਭਿੱਖਿਆ 'ਤੇ ਗੁਜ਼ਾਰਾ ਕਰਨ ਵਾਲੇ ਭਿਖਸ਼ੂਆਂ ਦੀ ਇਹ ਕੌੜੀ ਅਤੇ ਹਾਸੋ-ਹੀਣੀ ਤ੍ਰਾਸਦੀ ਸੀ।

ਮੰਦਰ ਸਾਨੂੰ ਪਹਿਲੀ ਵਾਰ ਇਸੇ ਸਾਮੰਤੀ ਦੌਰ ਵਿੱਚ ਵਿਖਾਈ ਦਿੰਦੇ ਹਨ। ਕੇਂਦਰੀ ਸੱਤਾ ਦੇ ਬਿਖਰਣ ਤੋਂ ਬਾਅਦ ਸਾਮੰਤੀ ਸੱਤਾਵਾਂ ਦੁਆਰਾ ਕਬਾਇਲੀ ਲੋਕਾਂ ਨੂੰ ਦਾਸ ਬਨਾਉਣ ਲਈ ਮੰਦਰ ਵਿਚਾਰਧਾਰਕ ਹਥਿਆਰ ਵਾਂਗ ਪ੍ਰਯੋਗ ਕੀਤੇ ਗਏ ਹਨ। ਇਸ ਦੌਰ ਦੇ ਬ੍ਰਾਹਮਣਾਂ ਦਾ ਇੱਕ ਵੱਡਾ ਵਰਗ ਭੂਮੀਧਾਰਕ ਸਾਮੰਤਾਂ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ। ਬ੍ਰਾਹਮਣਾਂ ਦੁਆਰਾ ਕਬੀਲਾਈ





ਲੋਕਾਂ ਵਿੱਚ ਕਰਮ-ਸਿਧਾਂਤ ਅਤੇ ਵਰਣ-ਵਿਵਸਥਾ ਦੇ ਵਿਸ਼ਮਤਾਮੂਲਕ ਵਿਚਾਰਾਂ ਦਾ ਆਤਮਸਾਤੀਕਰਨ ਕੀਤਾ ਜਾਂਦਾ ਰਿਹਾ ਹੈ। ਇਹ ਮੰਦਰ ਬੁੱਧ ਧਰਮ ਦੀ ਤਰ੍ਹਾਂ ਕਿਸੇ ਯੂਨੀਵਰਸਲ ਧਰਮ ਦੇ ਸੰਗਠਿਤ ਪ੍ਰਸਥਾਨ ਦਾ ਪਰਿਚੈ ਨਹੀਂ ਦਿੰਦੇ। ਇਹ ਮੰਦਰ ਸਾਮੰਤੀ ਵਿਚਾਰਧਾਰਕ ਜਕੜਬੰਦੀ ਦੇ ਯਤਨਾਂ ਤੱਕ ਹੀ ਸੀਮਤ ਰਹੇ ਹਨ।

ਵੇਖਣ ਦੀ ਗੱਲ ਇਹ ਹੈ ਕਿ ਅੱਠਵੀਂ ਸਦੀ ਦਾ ਦਾਰਸ਼ਨਿਕ ਸ਼ੰਕਰਾਚਾਰੀਆ ਸ਼ੈਵ ਸੀ ਅਤੇ ਸ਼੍ਰੇਸਟਜਨ ਭਾਵ ਧਨਾਡ ਵਰਗਾਂ ਦਾ ਪ੍ਰਤਿਨਿਧ ਸੀ। ਉਸਨੂੰ ਮੰਦਰ ਦੀ ਜ਼ਰੂਰਤ ਨਹੀਂ ਸੀ। ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਉਹਨਾਂ ਨੂੰ ਆਸ਼ਰਮ ਚਾਹੀਦੇ ਸਨ। ਉਹਨਾਂ ਆਸ਼ਰਮਾਂ ਦਾ ਸਾਰਾ ਭਾਰ ਸ਼੍ਰੇਸ਼ਟ ਵਰਗ ਦੇ ਜ਼ਿੰਮੇ ਸੀ। ਅਤੇ ਜ਼ਾਹਿਰ ਹੈ ਕਿ ਉਹ ਸਨਿਆਸੀ ਹੋ ਕੇ ਵੀ ਆਪਣੇ ਵਰਗ ਦੇ ਅਭਾਰੀ ਸਨ ਅਤੇ ਉਹਨਾਂ ਦੀ ਸੇਵਾ ਪ੍ਰਤੀ ਉਹ ਪ੍ਰਤਿਬੱਧ ਰਹੇ। ਜਦੋਂ ਕਿ ਵੈਸ਼ਣਵ ਦੱਖਣ ਦੇ ਸਾਮੰਤੀ ਪ੍ਰਸਾਰ ਲਈ ਪ੍ਰਤਿਬੱਧ ਹੋ ਕੇ ਮੰਦਰਾਂ ਦੀ ਸੰਸਕ੍ਰਿਤੀ 'ਤੇ ਧਿਆਨ ਗੱਡੀ ਰੱਖਦੇ ਹਨ। ਇਸ ਤਰ੍ਹਾਂ ਇੱਥੇ ਜੇਕਰ ਆਸ਼ਰਮਾਂ ਨੇ ਕੇਂਦਰੀ ਸੱਤਾ ਨੂੰ ਵਿਚਾਰਧਾਰਕ ਮਾਨਤਾ ਦਿੱਤੀ ਅਤੇ ਮੰਦਰ ਸਾਮੰਤੀ ਪ੍ਰਸਾਰ ਵਿੱਚ ਯੋਗਦਾਨ ਦਿੰਦੇ ਰਹੇ ਹਨ, ਪਰੰਤੂ ਜ਼ਿਕਰਯੋਗ ਗੱਲ ਇਹ ਹੈ ਕਿ ਬੁੱਧ ਧਰਮ ਤੋਂ ਬਾਅਦ ਈਸਵੀ ਸੰਨ ਦੀ ਪਹਿਲੀ ਸਦੀ ਤੋਂ ਲੈ ਕੇ ਹੁਣ ਤੱਕ ਭਾਰਤ ਵਿੱਚ ਕਦੇ ਵੀ ਇੱਕ ਯੂਨੀਵਰਸਲ ਸੰਗਠਨਾਤਮਕ ਧਾਰਮਿਕ ਗਠਨ ਹੋਂਦ ਵਿੱਚ ਨਹੀਂ ਆ ਸਕਿਆ। ਅੱਜ ਦਾ ਹਿੰਦੂ ਧਰਮ, ਜਿਸਨੂੰ ਵਧਾ-ਚੜ੍ਹਾਅ ਕੇ ਹਿੰਦੂਤਵ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ, ਰੋਮਿਲਾ ਥਾਪਰ ਦੇ ਸਟੀਕ ਤਰਕਾਂ ਦੇ ਨਜ਼ਰੀਏ ਨਾਲ ਇਸਨੂੰ ਸਿੰਡੀਕੇਟਿਡ ਗਠਨ ਤੋਂ ਵੱਧ ਨਹੀਂ ਮੰਨਿਆ ਜਾ ਸਕਦਾ। ਭਾਰਤੀ ਸਮਾਜ ਜਾਤਾਂ ਵਿੱਚ ਗਹਿਰੇ ਰੂਪ 'ਚ ਵੰਡਿਆ ਹੋਇਆ ਹੈ ਅਤੇ ਧਰਮ ਦੀ ਬਜਾਏ ਇੱਥੇ ਜਾਤ-ਪਹਿਚਾਣ ਸਰਬ-ਪਰਵਾਨਤ ਅਤੇ ਧਰਮਾਂ ਦੀ ਪਹਿਚਾਣ ਦੇ ਮੁਕਾਬਲੇ ਜ਼ਿਆਦਾ ਬਲਵਾਨ ਹੈ। ਇਸ ਲਈ ਇੱਥੇ ਆਸ਼ਰਮਾਂ (ਜਿਹਨਾਂ ਨੂੰ ਅੱਜ 'ਡੇਰੇ' ਕਿਹਾ ਜਾਂਦਾ ਹੈ) ਦਾ ਕੇਂਦਰੀ ਮਹੱਤਵ ਰਿਹਾ ਹੈ। ਅਸੀਂ ਦੇਖਿਆ ਹੈ ਕਿ ਜਦੋਂ ਆਸ਼ਰਮ ਸੱਤਾ ਨੂੰ ਸਮੁੱਚੇ ਰੂਪ 'ਚ ਵਿਚਾਰਧਾਰਕ ਮਾਨਤਾ ਪ੍ਰਦਾਨ ਕਰਦੇ ਆ ਰਹੇ ਸਨ ਤਾਂ ਵਿਵਸਥਾ ਅਤੇ ਸੱਤਾ ਨੂੰ ਇੱਕ ਸੰਸਥਾਗਤ ਧਾਰਮਿਕ ਗਠਨ ਵੱਲ ਧਿਆਨ ਦੇਣ ਦੀ ਜ਼ਰੂਰਤ ਹੀ ਨਹੀਂ ਰਹੀ ਅਤੇ ਫਿਰ ਯੂਨੀਵਰਸਲ ਧਾਰਮਿਕ ਗਠਨ ਵਿੱਚ ਜਾਤੀ-ਵੰਡ ਦੇ ਮੱਧਮ ਪੈ ਜਾਣ ਦੀ ਸੰਭਾਵਨਾ ਮੌਜੂਦ ਸੀ।

ਤੁਰਕਕਾਲ ਵਿੱਚ ਉੱਤਰ-ਭਾਰਤ ਵਿੱਚ ਬ੍ਰਾਹਮਣਾਂ ਦੀ ਸਾਮੰਤੀ ਸ਼ਕਤੀ ਹੁਣ ਆਸ਼ਰਮਾਂ ਦੀ ਵਿਵਸਥਾ ਲਈ ਕੋਈ ਪ੍ਰਸੰਗਿਕਤਾ ਨਹੀਂ ਸੀ। ਹੁਣ ਪਹਿਲੀ ਵਾਰ ਇੱਕ ਪਾਸੇ ਸੂਫੀਆਂ ਦੇ ਜਮਾਇਤਖਾਨਿਆਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ, ਦੂਸਰੇ ਪਾਸੇ ਗੈਰ ਮੁਸਲਿਮ ਜਨਸਮੁਦਾਇਆ ਕੋਲ ਇੱਕ ਸਰਵਭੌਮ ਸੰਗਠਨਾਤਮਕ ਧਰਮ ਦੇ ਨਾ ਹੋਣ 'ਤੇ ਜਾਤੀਗਤ/ਪੇਸ਼ਾਗਤ ਧਰਮ-ਸੰਪਰਦਾਵਾਂ ਦੀ ਬੁਨਿਆਦ ਬਣਨ ਲੱਗਦੀ ਹੈ।

ਇਸ ਸਿਲਸਿਲੇ ਵਿੱਚ ਪੰਜਾਬ ਦੀ ਉਦਾਹਰਣ ਵੱਧ ਮਹੱਤਵਪੂਰਨ ਹੈ। ਅਸੀਂ ਜਾਣਦੇ ਹਾਂ ਕਿ ਛੇਵੀਂ ਸਦੀ 'ਚ ਪੰਜਾਬ ਉੱਤਰ ਭਾਰਤ ਦੀ ਮੂਲਧਾਰਾ ਨਾਲੋਂ ਕੱਟ ਗਿਆ ਸੀ। ਇਸ ਦੌਰ ਵਿੱਚ ਇਥੋਂ ਖੇਤਰੀ ਜਨਜਾਤੀਆਂ ਦਾ ਸ਼ਾਸਨ ਚੱਲਦਾ ਰਿਹਾ ਹੈ। ਕਿਤੇ ਬਾਰ੍ਹਵੀਂ-ਤੇਰ੍ਹਵੀਂ ਸਦੀ ਦੌਰਾਨ ਮੱਧਏਸ਼ੀਆ ਤੋਂ ਮੁਸਲਿਮ ਸ਼ਰਨਾਰਥੀਆਂ ਅਤੇ ਹਮਲਾਵਰਾਂ ਦੇ ਢੇਰਾਂ ਜਥੇ ਪੰਜਾਬ ਵਿੱਚ ਪ੍ਰਵੇਸ਼ ਕਰਦੇ ਹਨ। ਇਹਨਾਂ ਨਾਲ ਸੂਫ਼ੀ ਫ਼ਕੀਰ ਸਨ, ਅਲਬਰੂਨੀ ਦੀ ਪਰੰਪਰਾ ਦੇ ਵਿਗਿਆਨਵੇਤਾ ਸਨ, ਤਕਨੀਕੀ ਮਾਹਿਰ ਸਨ, ਨਿਪੁੰਨ ਕਾਰੀਗਰ ਸਨ। ਸਿੰਚਾਈ ਦੀਆਂ ਨਵੀਆਂ ਤਕਨੀਕਾਂ, ਰੂੰ ਕੱਤਣ ਲਈ ਚਰਖਾ, ਇਥੋਂ ਤੱਕ ਕਿ ਕਾਗਜ਼ ਦੀ ਆਮਦ ਇਸ ਖੇਤਰ ਵਿੱਚ ਅਪ੍ਰਵਾਸੀਆਂ ਦੁਆਰਾ ਹੋਈ ਹੈ। ਨਵੀਆਂ ਉੱਨਤ ਕਿਸਮ ਦੀਆਂ ਫਸਲਾਂ ਲਹਿਲਹਾ ਉੱਠੀਆਂ। ਨਿਪੁੰਨ ਸ਼ਿਲਪੀਆਂ ਨੇ ਨਵੇਂ ਉਦਯੋਗ ਧੰਦੇ ਸ਼ੁਰੂ ਕੀਤੇ। ਵਪਾਰ ਦਾ ਵਿਕਾਸ ਹੋਇਆ। ਨਵੇਂ ਨਗਰ ਵੱਸਣ ਲੱਗੇ। ਇਹਨਾਂ ਨਵੀਆਂ ਗਤੀਵਿਧੀਆਂ ਕਾਰਨ ਪੰਜਾਬ ਦੀ ਅਬਾਦੀ ਦਾ ਭਾਰੀ ਗਿਣਤੀ 'ਚ ਵਾਧਾ ਹੋਇਆ। ਮੁਸਲਮਾਨਾਂ ਦੀ ਅਬਾਦੀ ਜ਼ਾਹਿਰਾ ਤੌਰ 'ਤੇ ਬਹੁਤਾਇਤ

’ਚ ਸੀ। ਇਸਦਾ ਇੱਕ ਕਾਰਨ ਇਥੋਂ ਦੀਆਂ ਜਨਜਾਤੀਆਂ ਦਾ ਸਮੂਹਿਕ ਧਰਮ-ਪਰਿਵਰਤਨ ਤਾਂ ਸੀ ਹੀ, ਅਪ੍ਰਵਾਸੀ ਸ਼ਿਲਪੀ ਸ਼੍ਰੇਣੀਆਂ ਦੀ ਗਿਣਤੀ ਵੀ ਘੱਟ ਨਹੀਂ ਸੀ। ਇਸ ਨਵੇਂ ਪਰਿਵੇਸ਼ ਵਿੱਚ ਵਪਾਰਕ ਜਾਤੀਆਂ ਦਾ ਪ੍ਰਭੁਤਵ ਵਧਣ ਲੱਗਾ ਸੀ। ਇਹ ਮੁੱਖ ਰੂਪ ’ਚ ਖੱਤਰੀ, ਅਰੋੜੇ ਸਨ, ਜਿਹੜੇ ਜਾਤੀ ਦਰਜਾਬੰਦੀ ’ਚ ਸਨ ਤਾਂ ਤੀਜੇ ਦਰਜੇ ’ਤੇ (ਵੈਸ਼) ਪਰ ਪੰਜਾਬ ਵਿੱਚ ਬ੍ਰਾਹਮਣਾਂ ਖੱਤਰੀਆਂ ਦੀ ਗੈਰ ਮੌਜੂਦਗੀ ਕਾਰਨ ਉੱਚ ਵਰਗ ਦਾ ਪ੍ਰਭੁਤਵ ਗ੍ਰਹਿਣ ਕਰਨ ਲੱਗੇ ਸਨ। ਇਹਨਾਂ ਗੈਰ-ਮੁਸਲਿਮ ਵਪਾਰਕ ਵਰਗਾਂ ਨੂੰ ਇਸਲਾਮ ਦੇ ਮੁਕਾਬਲੇ ਵਿੱਚ ਆਪਣੇ ਇੱਕ ਸੰਸਥਾਗਤ ਧਾਰਮਿਕ ਗਠਨ ਦੀ ਜ਼ਰੂਰਤ ਸੀ। ਬ੍ਰਾਹਮਣੀ ਜਾਤੀ ਦਰਜਾਬੰਦੀ ਵਿੱਚ ਇਹਨਾਂ ਦੇ ਉੱਚ ਵਰਗੀ ਸਥਾਨ ਦੀ ਗੁੰਜਾਇਸ਼ ਨਹੀਂ ਸੀ। ਅਖੀਰ ਬਾਬੇ ਨਾਨਕ ਦੇ ਨਾਮ ਉੱਤੇ ਨਾਨਕ ਪੰਥ, ਜੋ ਅੱਗੇ ਜਾ ਕੇ ਸਿੱਖ ਧਰਮ ਦੇ ਰੂਪ ਵਿੱਚ ਜਾਣਿਆ ਗਿਆ, ਮੂਲ ਰੂਪ ਵਿੱਚ ਪੰਜਾਬ ਦੇ ਵਪਾਰੀ ਵਰਗਾਂ ਖੱਤਰੀ, ਅਰੋੜਿਆਂ ਦਾ ਇੱਕ ਧਰਮ ਗਠਨ ਸੀ। ਕਿਸਾਨ ਅਤੇ ਸ਼ਿਲਪੀ ਜ਼ਿਆਦਾਤਰ ਜਨਜਾਤੀ ਸਨ ਜਾਂ ਮੁਸਲਮਾਨ। ਸੇਵਾ-ਕਰਮੀ ਸ਼੍ਰੇਣੀਆਂ ਅਛੂਤ ਸਨ। ਸੂਫੀ ਖਾਨਗਾਹਾਂ ਦੀ ਵੀ ਕਾਫ਼ੀ ਗਿਣਤੀ ਸੀ। ਇਸਲਾਮ ਅਤੇ ਵਿਸ਼ੇਸ਼ ਕਰਕੇ ਸੂਫੀ ਭਾਵੇਂ ਸਮਤਾਮੂਲਕ ਧਿਰ ਦੇ ਸਨ, ਪਰ ਸਾਰੀਆਂ ਜਾਤਾਂ ਅਤੇ ਸਾਰੇ ਵਰਗਾਂ ਵਾਸਤੇ ਸੂਫੀ ਖਾਨਗਾਹਾਂ ਦੇ ਦਰਵਾਜ਼ੇ ਖੁੱਲ੍ਹੇ ਰਹਿੰਦੇ ਸਨ। ਇਸੇ ਤਰ੍ਹਾਂ ਜੋਗੀਆਂ ਦੇ ਆਪਣੇ ਸਥਾਨ ਸਨ। ਪੀਰਾਂ, ਫਕੀਰਾਂ ਦੀਆਂ ਦਰਗਾਹਾਂ ’ਤੇ ਲੋਕਾਂ ਦਾ ਮੇਲਾ ਲੱਗਿਆ ਰਹਿੰਦਾ, ਪਰੰਤੂ ਇਹਨਾਂ ਸਾਰਿਆਂ ਦਾ ਸਬੰਧ ਸਮਾਜ ਦੇ ਹੇਠਲੇ ਤਬਕਿਆਂ ਨਾਲ ਸੀ। ਸੱਤਾ ਦੀ ਚਮਕ-ਦਮਕ ਤੋਂ ਦੂਰ ਇਹ ਸਾਰੇ ਪੰਜਾਬ ਦੇ ਹਿੰਦੂ-ਮੁਸਲਿਮ ਗਰੀਬ ਤੇ ਆਮ ਜਨਤਾ ਦੇ ਮਦਦਗਾਰ ਸਨ। ਜਦੋਂ ਕਿ ਮੁਸਲਮਾਨਾਂ ਵਿੱਚ ਉੱਚ ਵਰਗ ਦਾ ਸੰਬੰਧ ਇਸਲਾਮ ਦੇ ਮੁੱਲਾ ਮੌਲਵੀਆਂ ਨਾਲ ਸੀ, ਤਾਂ ਹਿੰਦੂਆਂ ਦਾ ਉੱਚ ਵਰਗ ਜ਼ਿਆਦਾਤਰ ਸਿੱਖ ਪੰਥ ਨਾਲ ਜੁੜਦਾ ਜਾ ਰਿਹਾ ਸੀ।

ਪੰਜਾਬ ਵਿੱਚ ਪ੍ਰਾਚੀਨ ਭਾਰਤ ਦੇ ਆਸ਼ਰਮਾਂ ਵਾਂਗ ਡੇਰੇ ਰਣਜੀਤ ਸਿੰਘ ਰਾਜ ਵਿੱਚ ਸਪਸ਼ਟ ਦੇਖੇ ਜਾ ਸਕਦੇ ਹਨ। ਆਸ਼ਰਮਾਂ ਦੇ ਬਿਖਰ ਜਾਣ ਦੇ ਲੰਮੇ ਅੰਤਰਾਲ ਤੋਂ ਬਾਅਦ (ਲੱਗਭੱਗ 500ਸਾਲ ਬਾਅਦ) ਨਿਰਮਲੇ ਅਤੇ ਉਦਾਸੀ ਸੰਤਾਂ ਦੇ ਸੰਸਥਾਨ ਇਕਦਮ ਪ੍ਰਾਚੀਨ ਰਿਸ਼ੀਆਂ-ਮੁਨੀਆਂ ਦੇ ਆਸ਼ਰਮਾਂ ਦੀ ਪ੍ਰਤਿਲਿਪੀ ਸਨ। ਆਸ਼ਰਮਾਂ ਵਾਂਗ ਹੀ ਇਹ ਡੇਰੇ ਸੰਘਣੀ ਅਬਾਦੀ ਵਾਲੇ ਖੇਤਰਾਂ ਤੋਂ ਹਟਵੇਂ ਬਣੇ ਹੋਏ ਸਨ। ਡੇਰਿਆਂ ਦੇ ਸੰਤ ਤਿਆਗੀ ਅਤੇ ਸਨਿਆਸੀ ਹੁੰਦੇ ਸਨ। ਅਤੇ ਹਮੇਸ਼ਾਂ ਭਗਤੀ ਸਥਾਨਾਂ ’ਚ ਲੀਨ ਰਹਿੰਦੇ ਸਨ। ਨੇੜੇ-ਤੇੜੇ ਦੇ ਗ੍ਰਹਿਸਥੀਆਂ ਵਿਚੋਂ ਇਹਨਾਂ ਦੇ ਚੇਲਿਆਂ ਦਾ ਆਉਣ-ਜਾਣ ਬਣਿਆ ਰਹਿੰਦਾ ਸੀ। ਆਪਣੀ ਚੇਲਾ-ਪਰੰਪਰਾ ਦੇ ਪਰਿਵਾਰਕ ਜੀਵਨ ਵਿੱਚ ਇਹਨਾਂ ਦਾ ਪੂਰਾ ਦਖਲ ਰਹਿੰਦਾ ਸੀ। ਘਰੇਲੂ ਝਗੜਿਆਂ ਅਤੇ ਰਿਸ਼ਤੇ-ਨਾਤਿਆਂ ਦੇ ਗਠਜੋੜ ਵਿੱਚ ਇਹਨਾਂ ਦੀ ਸਲਾਹ ਲਈ ਜਾਂਦੀ ਸੀ, ਜਿਹੜੀ ਅੰਤਿਮ ਹੁੰਦੀ ਸੀ। ਆਮ ਜਨਤਾ ਦੇ ਪੂਰੇ ਜੀਵਨ ’ਤੇ ਇਹਨਾਂ ਦੀ ਗਹਿਰੀ ਪਕੜ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮਹਾਰਾਜਾ ਰਣਜੀਤ ਸਿੰਘ ਦੀ ਸੱਤਾ ਪ੍ਰਤਿ ਇਹਨਾਂ ਦੀ ਵਫ਼ਾਦਾਰੀ ਬੇਬਾਕ ਤਾਂ ਸੀ ਹੀ, ਇਹ ਡੇਰੇ ਆਸ਼ਰਮਾਂ ਵਾਂਗ ਸੱਤਾ ਨੂੰ ਭਰਪੂਰ ਵਿਚਾਰਧਾਰਕ ਮਾਨਤਾ ਪ੍ਰਦਾਨ ਕਰਦੇ ਸਨ। ਵਰਨਣਯੋਗ ਹੈ ਕਿ ਇਹਨਾਂ ਡੇਰਿਆਂ ਵਿੱਚ ਪਹਿਲੀ ਵਾਰੀ ਪੰਜਾਬ ਵਿੱਚ ਗੁਰਮੁਖੀ ਲਿੱਪੀ ਵਿੱਚ ਵਰਣ-ਵਿਵਸਥਾ ਨਾਲ ਓਤਪੋਤ ਗ੍ਰੰਥਾਂ ਦੇ ਅਨੁਵਾਦ ਕੀਤੇ ਗਏ। ਰਮਾਇਣ, ਭਗਵਤ ਗੀਤਾ, ਅਤੇ ਵੇਦਾਂਤ ਦੇ ਗ੍ਰੰਥ ਪਹਿਲੀ ਵਾਰ ਭਾਰੀ ਗਿਣਤੀ ਵਿੱਚ ਇਹ ਸੰਤ ਇੱਥੇ ਲੈ ਕੇ ਆਏ। ਇਹ ਉਹੀ ਗ੍ਰੰਥ ਸਨ ਜਿਹਨਾਂ ਦੀ ਮਾਰਫਤ ਸਾਮੰਤੀ ਸੱਤਾਵਾਂ ਨੇ ਸਾਧਾਰਨ ਜਨਤਾ ਨੂੰ ਸ਼ੂਦਰ ਰੂਪ ’ਚ ਦਾਸਤਾ ਦੇ ਸ਼ਿਕੰਜੇ ਵਿੱਚ ਫਸਾ ਰੱਖਿਆ ਸੀ। ਰਣਜੀਤ ਸਿੰਘ ਰਾਜ ਦੇ ਸਾਮੰਤੀ ਪ੍ਰਸ਼ਾਸਨ ਲਈ ਇਹਨਾਂ ਗ੍ਰੰਥਾਂ ਦੀ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਏਨਾ ਹੀ ਨਹੀਂ, ਇਹਨਾਂ ਸੰਤਾਂ ਨੇ ਗੁਰਬਾਣੀ ਦੀ ਵਿਆਖਿਆ ਦੇ ਵੇਦਾਂਤਕ ਸਰੋਕਾਰਾਂ ਨੇ ਤਾਂ ਹਦ ਕਰ ਦਿੱਤੀ ਸੀ। ਬ੍ਰਾਹਮਣਿਕ ਗ੍ਰੰਥਾਂ ਦਾ ਡੱਟ ਕੇ ਵਿਰੋਧ ਕਰਨੇ ਵਾਲੀ ਨਾਨਕ ਬਾਣੀ ਨੂੰ ਵੇਦਾਂਤ ਕਿਹਾ ਜਾਣ ਲੱਗਾ। ਇਹਨਾਂ ਬਾਣੀਆਂ ਦੀ ਵੇਦਾਂਤਕ ਵਿਆਖਿਆ ਕੀਤੀ ਜਾਣ ਲੱਗੀ। ਕਿਹਾ ਗਿਆ ਕਿ ਗੁਰਮਤਿ ਅਤੇ ਵੇਦਾਂਤ ਸਿਧਾਂਤਕ ਰੂਪ ਨਾਲ ਇੱਕ ਹੀ ਹਨ। ‘ਸਤਿਨਾਮ’





ਮੰਤਰ ਵੀ ਵੇਦਾਂ ਵਿਚੋਂ ਹੀ ਪ੍ਰਕਾਸ਼ਿਤ ਹੋ ਕੇ ਗੁਰਬਾਣੀ ਵਿੱਚ ਆਇਆ ਹੈ। ਜਪੁਜੀ ਦੀ ਵਿਆਖਿਆ ਵਿੱਚ ਉਹਨਾਂ ਨੇ ਵਰਣ-ਆਸ਼ਰਮ ਧਰਮ ’ਤੇ ਜ਼ੋਰ ਦਿੱਤਾ ਹੈ। ਆਸ਼ਰਮਾਂ ਵਾਂਗ ਇਹ ਡੇਰੇ ਜਨਸਧਾਰਨ ਦੀ ਸਿੱਖਿਆ ਦੇ ਕੇਂਦਰ ਸਨ। ਇਸ ਸਿੱਖਿਆ ਦਾ ਜਨ ਸਧਾਰਨ ਦੇ ਸੱਤਾ ਪ੍ਰਤੀ ਅਨੁਕੂਲਿਤ ਹੋਣ ’ਚ ਭਰਪੂਰ ਯੋਗਦਾਨ ਰਹਿੰਦਾ ਸੀ। ਸੰਤਾਂ ਦੇ ‘ਬਚਨ’ ਹਰ ਅਨਿਆਪੂਰਨ ਸਥਿਤੀ ਪ੍ਰਤੀ ਰੋਸ ਨੂੰ ਸ਼ਾਂਤ ਕਰ ਦਿੰਦੇ ਸਨ। ਇਸਦੇ ਬਦਲੇ ਵੱਡੇ-ਵੱਡੇ ਜ਼ਿਮੀਦਾਰ ਅਤੇ ਰਾਜਸੱਤਾ ਇਹਨਾਂ ਡੇਰਿਆਂ ਨੂੰ ਭਾਰੀ ਧਨ ਰਾਸ਼ੀਆਂ ਦਾਨ ਵਜੋਂ ਦਿੰਦੇ ਸਨ।

ਇਹ ਮੁੜ ਭਾਰਤੀ ਸਮਾਜ ਦੀ ਇੱਕ ਅਜੀਬ ਵਿਡੰਬਨਾ ਦਾ ਦੋਹਰਾਓ ਹੈ। ਜਾਂ ਇੰਝ ਕਹੋ ਕਿ ਇਹ ਉਸੇ ਪਰੰਪਰਾ ਦਾ ਅਗਲਾ ਚਰਣ ਸੀ। ਡੇਰਿਆਂ ਦੇ ਸੰਤ ਤਿਆਗੀ ਸਨ। ਘਰ-ਬਾਰ ਤਿਆਗ ਕੇ ਭਗਤੀ ਸਾਧਨਾ ਲਈ ਜੰਗਲਾਂ ’ਚ ਕੁਟੀਆ ਬਣਾ ਕੇ ਰਹਿੰਦੇ ਰਹੇ। ਜਨ ਸਧਾਰਨ ਦੇ ਦੁੱਖਾਂ-ਦਰਦਾਂ ਦੇ ਸਾਂਝੀ ਸਨ। ਲੋਕਾਂ ਦੇ ਕਸ਼ਟਾਂ ਤੋਂ ਦੁਖੀ ਹੋ ਕੇ ਉਹਨਾਂ ਦੀ ਸੇਵਾ-ਸੰਭਾਲ ’ਚ ਕੋਈ ਕਸਰ ਨਹੀਂ ਸਨ ਛੱਡਦੇ। ਰੋਗੀਆਂ ਦੀ ਦਵਾ-ਦਾਰੂ ਦਾ ਪੂਰਾ ਧਿਆਨ ਰੱਖਦੇ। ਜਨ ਸਧਾਰਨ ਵੀ ਪੂਰੀ ਸ਼ਰਧਾ ਨਾਲ ਇਹਨਾਂ ਨਾਲ ਜੁੜਿਆ ਹੋਇਆ ਸੀ। ਲੇਕਿਨ ਦੂਸਰੇ ਪਾਸੇ ਅਨਿਆਪੂਰਨ ਸੱਤਾ ਪ੍ਰਤੀ ਇਹਨਾਂ ਦੀ ਪ੍ਰਤੀਬੱਧਤਾ ਨੂੰ ਕੀ ਕਿਹਾ ਜਾਵੇ? ਜਿਹੜੇ ਕਿਸਾਨਾਂ ਦਾ ਸ਼ੋਸ਼ਣ ਕਰਦੇ ਸਨ, ਉਹਨਾਂ ਨੂੰ ਦਾਨ ਦਿੰਦੇ ਸਨ, ਡੇਰਿਆਂ ਦੀ ਮਿਹਰ ਦਾ ਹੱਥ ਰਹਿੰਦਾ ਸੀ। ਰਾਜਸੱਤਾ ਵੀ ਇਹਨਾਂ ਸੰਤਾਂ ਤੋਂ ਆਸ਼ੀਰਵਾਦ ਪ੍ਰਾਪਤ ਕਰਦੀ ਸੀ। ਇਹ ਸੰਤ ਖੁੱਲ੍ਹੇ ਦਿਲੀਂ ਉਪਰਲੇ ਵਰਗਾਂ ਦੀਆਂ ਅਮੁੱਲ ਭੇਟਾ ਸਵੀਕਾਰ ਕਰਦੇ ਸਨ। ਡੇਰਿਆਂ ’ਚ ਧਨ ਦੇ ਭੰਡਾਰ ਹੁੰਦੇ। ਚੌਵੀ ਘੰਟੇ ਭੋਜਨ ਅਤੇ ਰਹਿਣ ਲਈ ਪ੍ਰਬੰਧ ਬਣਿਆ ਰਹਿੰਦਾ। ਸੰਤਾਂ ਦੇ ਚਮਤਕਾਰਾਂ ਤੋਂ ਪ੍ਰਭਾਵਿਤ ਗਰੀਬ ਵਰਗ ਦੇ ਲੋਕਾਂ ਦੇ ਰੋਸ ਨੂੰ ਖਤਮ ਕਰਨ ’ਚ ਇਹਨਾਂ ਡੇਰਿਆਂ ਦਾ ਸਭ ਤੋਂ ਵੱਡਾ ਯੋਗਦਾਨ ਜਾਰੀ ਰਿਹਾ ਹੈ। ਇਹੀ ਕਾਰਨ ਹੈ ਕਿ ਭਾਰਤ ਵਿੱਚ ਯਾਤਨਾ ਸਹਿੰਦੇ ਹੋਈ ਵੀ ਗਰੀਬ ਅਤੇ ਸਤਾਏ ਹੋਏ ਲੋਕਾਂ ਵੱਲੋਂ ਕਿਸੇ ਵੱਡੇ ਵਿਦਰੋਹ ਦੀ ਸਾਡੇ ਕੋਲ ਕੋਈ ਸੂਚਨਾ ਨਹੀਂ ਹੈ।

ਰਣਜੀਤ ਸਿੰਘ ਰਾਜ ਦੇ ਪਤਨ ਤੋਂ ਬਾਅਦ ਵੀ ਬ੍ਰਿਟਿਸ਼ ਦਾਸਤਾ ਦੇ ਦੌਰ ਵਿਚ ਇਹਨਾਂ ਡੇਰਿਆਂ ਦੀ ਸੱਤਾ ਪੱਖੀ ਪ੍ਰਤੀਬੱਧਤਾ ’ਚ ਕੋਈ ਅੰਤਰ ਨਹੀਂ ਸੀ। ਦਰਅਸਲ ਭਗਤੀ ਅਤੇ ਵੇਦਾਂਤ ਦੀ ਪ੍ਰਕ੍ਰਿਤੀ ਹੀ ਅਜਿਹੀ ਹੁੰਦੀ ਹੈ ਕਿ ਉਸ ਵਿੱਚ ਯਥਾਸਥਿਤੀਵਾਦ ਪੁਸ਼ਟ ਹੁੰਦਾ ਹੈ ਅਤੇ ਪ੍ਰਤੱਖ ਅਪ੍ਰਤੱਖ ਰੂਪ ਨਾਲ ਭਗਤੀ ਜਨ ਸਧਾਰਨ ਦੇ ਰੋਸ ਨੂੰ ਠੰਡਾ ਕਰਦਿਆਂ ਪਰਿਵਰਤਨ ਦਾ ਮਾਰਗ ਬੰਦ ਕਰ ਦਿੰਦੀ ਹੈ। ਇਸਦੇ ਮੱਦੇਨਜ਼ਰ ਸੱਤਾ ਇਹਨਾਂ ਡੇਰਿਆਂ ਦੀ ਭੌਤਿਕ ਜ਼ਰੂਰਤਾਂ ਤਾਂ ਪੂਰਿਆਂ ਕਰਦੀ ਹੀ ਹੈ, ਬਲਕਿ ਇਹਨਾਂ ਨੂੰ ਏਨੀ ਪ੍ਰਤਿਸ਼ਠਾ ਮਿਲਣ ਲੱਗਦੀ ਹੈ, ਜਿਸ ਨਾਲ ਜਨ ਸਾਧਾਰਨ ਹੋਰ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ’ਚ ਜੁੜਨ ਲੱਗਦਾ ਹੈ। ਇਹ ਵੀ ਇੱਕ ਹੋਰ ਕਿਸਮ ਦਾ ਵਿਰੋਧਾਭਾਸ ਹੈ। ਇਹ ਡੇਰੇ ਲੁੱਟਣ ਵਾਲਿਆਂ ਦੇ ਅਧਿਆਤਮਕ, ਵਿਚਾਰਧਾਰਕ ਅਤੇ ਭੌਤਿਕ ਰੱਖਿਅਕ ਹੋ ਕੇ ਲੁੱਟੇ ਜਾਣ ਵਾਲਿਆਂ ਨੂੰ ਭੇਡ ਬੱਕਰੀਆਂ ਵਾਂਗ ਹੱਕ ਕੇ ਸੱਤਾ ਦੀ ਜਕੜ ’ਚ ਬੰਨ੍ਹੇ ਰੱਖ ਕੇ, ਲੁੱਟਣ ਵਾਲਿਆਂ ਨੂੰ ਲੁੱਟ ਦੀ ਸਹੂਲਤ ਅਤੇ ਸੁਰੱਖਿਆ ਪ੍ਰਦਾਨ ਕਰਨ ਲੱਗਦੇ ਹਨ।

ਇਸ ਪ੍ਰਕਾਰ ਆਸ਼ਰਮਾਂ ਅਤੇ ਡੇਰਿਆਂ ਦੀ ਇਸ ਸੰਖੇਪ ਪਛਾਣ ਨਾਲ ਅਸੀਂ ਅਨੁਮਾਨ ਲਗਾ ਸਕਦੇ ਹਾਂ ਕਿ ਇੱਕ, ਭਾਰਤੀ ਇਤਿਹਾਸ ਵਿੱਚ ਪ੍ਰਤੀਰੋਧ ਦੀ ਸਥਿਤੀ ਦਾ ਸਾਹਮਣਾ ਇੱਥੇ ਤਿਆਗ ਦੁਆਰਾ ਕੀਤਾ ਗਿਆ ਹੈ। ਸਮਾਜ ਦੀ ਅਨਿਆਪੂਰਨ ਵਿਵਸਥਾ ਤੋਂ ਪੀੜਤ ਵਿਅਕਤੀਆਂ ਦੇ ਇੱਕ ਸੁਹਿਰਦ ਅਤੇ ਪ੍ਰਬੁੱਧ ਵਰਗ ਨੇ ਸਾਧੂ ਹੋ ਜਾਣ ਦਾ ਹੱਲ ਲੱਭ ਲਿਆ ਸੀ। ਵਿਡੰਬਨਾ ਇਹ ਕਿ ਇਹਨਾਂ ਸਾਧੂਆਂ ਦੀ ਪਨਾਹਗਾਹ ਇਹ ਆਸ਼ਰਮ ਜਾਂ ਡੇਰੇ ਸਨ, ਜਿਹਨਾਂ ਦਾ ਭੌਤਿਕ ਅਧਾਰ ਮੁੜ ਉਹੀ ਵਿਵਸਥਾ ਸੀ, ਜਿਸਨੂੰ ਤਿਆਗ ਕੇ ਇਹ ਸਾਧੂ ਹੋਏ ਸਨ। ਇਸ ਵਿਰੋਧਾਭਾਸ ਦੀ ਇਹ ਤਾਰਕਿਕ ਪਰਿਵਿਰਤੀ ਸੀ ਕਿ ਇਹ ਸਾਧੂ ਅਤੇ ਇਹਨਾਂ ਦੇ ਆਸ਼ਰਮ ਆਪਣਾ ਭੌਤਿਕ ਅਸਤਿਤਵ ਬਣਾਈ ਰੱਖਣ ਲਈ ਸੱਤ੍ਹਾ ਨੂੰ ਜਾਇਜ਼ ਠਹਿਰਾਉਂਦੇ ਸਨ।

ਦੂਸਰਾ, ਪ੍ਰਤੀਰੋਧ ਭਾਵੇਂ ਹੋਵੇ ਪਰ ਸੰਘਰਸ਼ ਰਹਿਤ ਤਿਆਗ ਇਹਨਾਂ ਨੂੰ ਕੁੰਠਾਵਾਂ 'ਚ ਫਸਾ ਸਕਦਾ ਸੀ, ਰਹੱਸਵਾਦ ਦੀ ਦਲਦਲ 'ਚ ਧੱਕ ਸਕਦਾ ਸੀ। ਇਹਨਾਂ ਵਿਚੋਂ ਬਹੁਤ ਪ੍ਰਬੁੱਧ ਤਿਆਗੀ ਦਰਸ਼ਨ ਦੀ ਭਾਵਵਾਦੀ ਜਗਤ-ਮਿਥਿਆਤਵ, ਕਰਮ-ਸਿਧਾਂਤ ਆਦਿ ਅਧਿਆਤਮਕ ਵਿਚਾਰਧਰਾਵਾਂ ਦਾ ਜਾਲ ਬੁਨਣ ਲੱਗ ਪਏ। ਵਿਡੰਬਨਾ ਇਹ ਕਿ ਭੌਤਿਕ ਅਸਤਿਤਵ ਲਈ ਸੱਤਾ ਦੀਆਂ ਭੌਤਿਕ ਸਹੂਲਤਾਂ ਹਥਿਆਉਣ 'ਚ ਇਹਨਾਂ ਨੂੰ ਕੋਈ ਹਿਚਕਚਾਹਟ ਨਹੀਂ ਸੀ। ਪਰ ਵਿਚਾਰਾਂ ਦੇ ਧਰਾਤਲ 'ਤੇ ਇਹ ਜਗਤ ਮਿਥਿਆ, ਆਤਮਵਾਦ ਤੇ ਅਧਿਆਤਮਕਤਾ 'ਤੇ ਖੜੇ ਸਨ।

ਇਸ ਲਈ ਸਾਡੇ ਇੱਥੇ ਜਦੋਂ ਵੀ ਦਮਨ ਦਾ ਵਾਧਾ ਹੋਇਆ ਹੈ, ਆਰਥਿਕ ਸੰਕਟ ਸੰਘਣੇ ਹੋਏ ਹਨ, ਸਮਾਜਿਕ ਅਸੁਰੱਖਿਆ 'ਚ ਵਾਧਾ ਹੋਇਆ ਹੈ, ਸੱਤਾ ਨੂੰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ, ਡੇਰਿਆਂ ਦਾ ਮਹੱਤਵ ਵਧਦਾ ਹੀ ਗਿਆ ਹੈ। ਡੇਰਿਆਂ ਵਿਚ ਲੋਕਾਂ ਦੀਆਂ ਭੀੜਾਂ ਵਧੀਆਂ ਹਨ। ਇਸ ਸੰਦਰਭ ਵਿਚ ਅਸੀਂ ਅਜੋਕੇ ਪੰਜਾਬ ਵਿੱਚ ਡੇਰਿਆਂ 'ਚ ਨਵੇਂ ਉਭਾਰ ਨੂੰ ਸਮਝ ਸਕਦੇ ਹਾਂ। ਇਸਦੇ ਕਾਰਨਾਂ ਉੱਤੇ ਤਫਸੀਲ ਨਾਲ ਨਿਗਾਹ ਮਾਰਨੀ ਹੋਵੇਗੀ।

ਅਜ਼ਾਦੀ ਤੋਂ ਬਾਅਦ ਤੋਂ ਬਾਅਦ ਨਕਸਲਵਾਦ ਦਾ ਦੌਰ ਘੱਟ ਮਹੱਤਵਪੂਰਨ ਨਹੀਂ ਹੈ। ਇਸਨੇ ਪੰਜਾਬ ਦੇ ਕਮਿਊਨਿਸਟ ਅੰਦੋਲਨ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਸੀ। ਇਸਤੋਂ ਬਾਅਦ ਇਥੋਂ ਕਮਿਊਨਿਸਟ ਪਾਰਟੀਆਂ ਦੇ ਪੈਰ ਉੱਖੜ ਗਏ ਸਨ। ਕਿਸਾਨਾਂ ਅਤੇ ਪੱਛੜੇ ਵਰਗ ਦੇ ਮੋਹਭੰਗ ਦਾ ਇਹ ਕੌੜਾ ਸੱਚ ਸੀ।

ਇਸਦੇ ਨਾਲ ਹੀ ਅਗਲੇ ਦੌਰ ਦੀ ਹਰੀ-ਕ੍ਰਾਂਤੀ ਦੇ ਦੂਰਗਾਮੀ ਨਤੀਜਿਆਂ 'ਤੇ ਗੌਰ ਕਰਨ ਦੀ ਜ਼ਰੂਰਤ ਹੈ। ਬਾਹਰੋਂ ਮੰਗਵਾਏ ਬੀਜਾਂ, ਨਵੀਆਂ ਤਕਨੀਕੀ ਤਬਦੀਲੀਆਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਨੇ ਪੰਜਾਬ ਦੇ ਕਿਸਾਨਾਂ ਨੂੰ ਭਰਪੂਰ ਧਨ ਪ੍ਰਦਾਨ ਕੀਤਾ ਸੀ, ਇਹੀ ਉਹ ਸਮਾਂ ਸੀ ਜਦੋਂ ਪੰਜਾਬ ਦੇ ਨੌਜਵਾਨ ਰੁਜ਼ਗਾਰ ਦੇ ਨਵੇਂ ਸਾਧਨਾਂ ਦੀ ਤਲਾਸ਼ ਵਿੱਚ ਪੱਛਮੀ ਦੇਸ਼ਾਂ ਵੱਲ ਪ੍ਰਵਾਸ ਕਰਨ ਲੱਗੇ ਸਨ। ਇਹਨਾਂ ਵਿਚੋਂ ਵੱਡੀ ਸੰਖਿਆ ਕਿਸਾਨਾਂ ਅਤੇ ਖੇਤ ਮਜ਼ਦੂਰ ਦਲਿਤਾਂ ਦੀ ਸੀ। ਸ਼ਹਿਰਾਂ ਦੇ ਲਘੂ ਉਦਯੋਗ ਵੀ ਵਧ ਫੁੱਲ ਰਹੇ ਸਨ। ਰਾਖਵੇਂਕਰਨ ਦੀ ਨੀਤੀ ਤਹਿਤ ਦਲਿਤਾਂ ਕੋਲ ਸਰਕਾਰੀ ਅਰਧ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਦੇ ਮੌਕੇ ਸਨ। ਸਿੱਖਿਆ ਦਾ ਵਿਸਤਾਰ ਹੋਣ ਨਾਲ ਦੂਰ-ਦੁਰਾਡੇ ਖੇਤਰਾਂ ਵਿੱਚ ਪੜ੍ਹਨ ਲਿਖਣ ਦੀਆਂ ਲੋੜੀਂਦੀਆਂ ਸਹੂਲਤਾਂ ਮੌਜੂਦ ਸਨ।

ਇਹਨਾਂ ਸਾਰੇ ਪਰਿਵਰਤਨਾਂ ਦੀ ਤ੍ਰਾਸਦੀ ਇਹ ਸੀ ਕਿ ਭਾਰਤ ਅਜੇ ਵੀ ਬਸਤੀਵਾਦੀ ਸੰਸਥਾਬੱਧ ਵਿਚਾਰਧਾਰਾ ਤੋਂ ਛੁਟਕਾਰਾ ਨਹੀਂ ਪਾ ਸਕਿਆ ਸੀ। ਜਿਸ ਕਰਕੇ ਅਸੀਂ ਆਪਣੀ ਆਜ਼ਾਦ ਇਤਿਹਾਸ ਦ੍ਰਿਸ਼ਟੀ, ਸਿੱਖਿਆ ਪ੍ਰਣਾਲੀ ਅਤੇ ਭਾਸ਼ਾ-ਨੀਤੀ ਨੂੰ ਪ੍ਰਸਤਾਵਿਤ ਨਹੀਂ ਕਰ ਪਾਏ। ਬਸਤੀਵਾਦ ਦੁਆਰਾ ਪ੍ਰਚਾਰਿਤ ਪੁਰਸਾਹਿਤ ਵੰਡੀ ਹੋਈ ਮਾਨਸਿਕਤਾ ਗਹਿਰੀ ਹੁੰਦੀ ਤੁਰੀ ਗਈ। ਅੰਗਰੇਜ਼ੀ ਭਾਸ਼ਾ ਦੀ ਸਾਮਰਾਜਵਾਦੀ ਜਕੜ ਮਜ਼ਬੂਤ ਹੁੰਦੀ ਗਈ। ਇਸ ਲਈ ਇਹ ਸੰਭਵ ਨਹੀਂ ਸੀ ਕਿ ਇਸ ਦੌਰ ਦੇ ਆਰਥਿਕ ਵਿਕਾਸ ਨਾਲ ਅਸੀਂ ਕਿਸੇ ਮਜਬੂਤ ਅਰਥ ਵਿਵਸਥਾ ਦੀ ਨੀਂਹ ਤਿਆਰ ਕਰ ਪਾਉਂਦੇ। ਇਸ ਲਈ ਇਹ ਧੰਨ ਕਾਲੇ ਬਾਜ਼ਾਰ ਦਾ ਰੂਪ ਅਖ਼ਤਿਆਰ ਕਰ ਲੈਂਦਾ ਹੈ। ਇਸ ਧੰਨ ਨੂੰ ਦੋ ਤਰ੍ਹਾਂ ਵਰਤਿਆ ਜਾ ਸਕਦਾ ਸੀ, ਬੱਚਤਾਂ ਦੇ ਰੂਪ 'ਚ ਸਰਕਾਰ ਕੋਲ ਜਾਂਦਾ ਅਤੇ ਸਰਕਾਰ ਦੁਆਰਾ ਉਦਯੋਗਾਂ ਦਾ ਵਿਕਾਸ ਹੋ ਕੇ ਰੁਜ਼ਗਾਰ ਦੇ ਨਵੇਂ ਰਸਤੇ ਖੁੱਲ੍ਹਦੇ। ਲੇਕਿਨ ਪ੍ਰਸ਼ਾਸਨਿਕ ਬਸਤੀਵਾਦੀ ਢਾਂਚੇ ਵਿੱਚ ਰਿਸ਼ਵਤਖੋਰੀ ਅਤੇ ਮਾੜੇ ਪ੍ਰਬੰਧ ਦੀ ਜਕੜ ਕਾਇਮ ਸੀ। ਇਸਦੇ ਬਦਲ ਵਜੋਂ ਜੇਕਰ ਬੱਚਤਾਂ ਦੀ ਮਾਰਫਤ ਇਹ ਧੰਨ ਸਰਕਾਰ ਕੋਲ ਨਾ ਵੀ ਜਾਂਦਾ ਤਾਂ ਇਸ ਧੰਨ ਨੂੰ ਮੁਕਤ ਬਾਜ਼ਾਰ ਵਿੱਚ ਉਦਯੋਗ ਧੰਦਿਆਂ 'ਚ ਨਿੱਜੀ ਤੌਰ 'ਤੇ ਨਿਵੇਸ਼ ਕੀਤਾ ਜਾ ਸਕਦਾ ਸੀ। ਪਰ ਇੱਥੇ ਇਹ ਗੁੰਜਾਇਸ਼ ਵੀ ਨਹੀਂ ਰਹਿਣ ਦਿੱਤੀ ਗਈ। ਸੋਵੀਅਤ ਸੰਘ ਅਨੁਕਰਣ 'ਤੇ ਇੱਕ ਅੱਧਕਚਰੇ ਪਬਲਿਕ ਸੈਕਟਰ ਦਾ ਗਠਨ ਕੀਤਾ ਗਿਆ। ਪ੍ਰਸ਼ਾਸਨਿਕ ਅਧਾਰ ਬਸਤੀਵਾਦੀ ਹੋਣ ਦੇ ਕਾਰਨ ਕਿਸੇ ਤਰ੍ਹਾਂ ਦਾ ਪਬਲਿਕ ਸੈਕਟਰ ਸੁਚਾਰੂ ਢੰਗ ਨਾਲ ਚਲਾਇਆ ਹੀ ਨਹੀਂ





ਜਾ ਸਕਦਾ ਸੀ। ਫਲਸਰੂਪ ਹਰੀ ਕ੍ਰਾਂਤੀ ਦੇ ਲਾਭਾਂ ਨੂੰ ਵਰਤਿਆ ਨਹੀਂ ਜਾ ਸਕਿਆ। ਬਦੇਸ਼ਾਂ ਤੋਂ ਕਮਾਏ ਧੰਨ ਨੇ ਵੀ ਇੱਥੇ ਇਤਿਹਾਸ ਦੀ ਵੰਡੀ ਹੋਈ ਮਾਨਸਿਕਤਾ ਨੂੰ ਹੀ ਗਹਿਰਾ ਕੀਤਾ। ਅੰਤਰਰਾਸ਼ਟਰੀ ਅੰਤਰ ਵਿਰੋਧ ਤਿੱਖੇ ਹੋ ਰਹੇ ਸਨ। ਇਸ ਧਨ ਸਦਕਾ ਪੰਜਾਬ ਦੇ ਸਿੱਖਾਂ ਦੇ ਅਖੌਤੀ ਖਾਲਸਾ ਰਾਜ ਦੇ ਸੁਪਨਿਆਂ ਦੇ ਭਰਮਜਾਲ ਦੀ ਦਿਸ਼ਾਹੀਣਤਾ ਉਜਾਗਰ ਹੋ ਕੇ ਇਕ ਨਵੀਂ ਤ੍ਰਾਸਦੀ ਲੈ ਕੇ ਆਈ। ਇੱਕ ਦਹਾਕੇ ਦਾ ਅੱਤਵਾਦ,ਇੱਕ ਦੁਖਦ ਸੁਪਨੇ ਵਾਂਗ ਪੰਜਾਬ ਦੇ ਜਨ-ਸਧਾਰਨ ਦੀ ਚੇਤਨਾ ਨੂੰ ਛਿੱਲ ਰਿਹਾ ਹੈ। ਅੱਤਵਾਦ ਦੇ ਭਿਆਨਕ ਦੌਰ ਵਿੱਚ ਪੰਜਾਬ ਤੋਂ ਉਦਯੋਗਾਂ ਦਾ ਪਲਾਇਨ ਹੋਇਆ ਹੈ। ਸਮੁੱਚੇ ਤੌਰ 'ਤੇ ਉਸ ਦੌਰ ਦੇ ਕਮਾਏ ਧਨ ਦੀ ਸਹੀ ਵਰਤੋਂ ਨਾ ਹੋਣ ਦੇ ਕਾਰਣ ਇਸਨੇ ਕਿਸਾਨ ਵਰਗ ਨੂੰ ਜਾਹਿਲ, ਬਿਲਾਸੀ, ਉਪਭੋਗੀ ਬਣਾ ਛੱਡਿਆ ਹੈ। ਪਬਲਿਕ ਸੈਕਟਰ ਦੇ ਪਤਨ, ਪ੍ਰਸ਼ਾਸਨਿਕ ਨਿਘਾਰ ਦੇ ਨਾਲ-ਨਾਲ ਸਰਕਾਰੀ ਆਮਦਨ ਦੇ ਸਰੋਤ ਘਟਦੇ ਗਏ ਹਨ। ਇਸ ਕਰਕੇ ਸਿੱਖਿਆ, ਸਿਹਤ ਦੇ ਖੇਤਰਾਂ ਵਿੱਚ ਹੌਲੀ-ਹੌਲੀ ਸਰਕਾਰ ਆਪਣਾ ਹੱਥ ਖਿੱਚ ਰਹੀ ਹੈ। ਸਰਕਾਰੀ ਸਕੂਲ ਬੰਦ ਹੋਣ ਕਿਨਾਰੇ ਹਨ। ਪੰਜਾਬ ਦੇ ਪੂਰੇ ਇਤਿਹਾਸ ਵਿੱਚ ਪੰਜਾਬੀ ਵਿਅਕਤੀ ਸਾਹਮਣੇ ਇਹ ਦੌਰ ਸਭ ਤੋਂ ਵਧ ਸੰਕਟਮਈ ਹੈ।

ਰਾਜਨੀਤਕ ਦਲਾਂ ਕੋਲ ਇਸ ਸੰਕਟ ਤੋਂ ਮੁਕਤੀ ਪਾਉਣ ਦਾ ਕੋਈ ਏਜੰਡਾ ਨਹੀਂ ਹੈ, ਕੋਈ ਪ੍ਰੋਗਰਾਮ ਨਹੀਂ ਹੈ। ਇਸ ਲਈ ਇਹ ਪਾਰਟੀਆਂ ਆਪਣੀਆਂ ਜੜ੍ਹਾਂ ਤੋਂ ਕੱਟ ਕੇ ਕੇਵਲ ਹਵਾ ਵਿੱਚ ਲਟਕੇ ਹੋਏ ਢਾਂਚੇ ਦੇ ਰੂਪ ਵਿੱਚ ਦਿਖਾਈ ਦੇ ਰਹੀਆਂ ਹਨ। ਇਹਨਾਂ ਦਾ ਰਾਜਨੀਤਕ ਸਾਰ-ਤੱਤ ਖ਼ਤਮ ਹੋ ਗਿਆ ਹੈ। ਹੁਣ ਇੱਕ ਪਾਸੇ ਸੱਤਾ ਨੂੰ ਬਣਾਈ ਰੱਖਣ ਲਈ ਸੱਤਾਧਾਰੀਆਂ ਨੂੰ ਰਾਜਨੀਤਕ ਪਹਿਲਕਦਮੀ ਤੋਂ ਵਾਂਝੇ ਹੋਣ ਕਰਕੇ ਕਿਤੇ ਰਾਖਵੇਂਕਰਨ ਜਾਂ ਹੋਰ ਆਸਰਿਆਂ ਦੀ ਤਲਾਸ਼ ਰਹਿੰਦੀ ਹੈ। ਇਸ ਸੰਦਰਭ ਵਿਚ ਪੰਜਾਬ ਵਿੱਚ ਡੇਰਿਆਂ ਦੀ ਸੰਸਕ੍ਰਿਤੀ ਸੱਤਾ ਲਈ ਮਹੱਤਵਪੂਰਨ ਢੰਗ ਨਾਲ ਮਦਦਗਾਰ ਹੋ ਰਹੀ ਹੈ। ਦੂਸਰੇ ਪਾਸੇ ਜਨਸਧਾਰਨ ਬੇਵੱਸ,ਫਸੀ ਹੋਈ ਸਥਿਤੀ ਵਿੱਚ ਕਿਸੇ ਚਮਤਕਾਰ ਦੀ ਤਲਾਸ਼ 'ਚ ਭਟਕਿਆ ਹੋਇਆ ਡੇਰਿਆਂ 'ਚ ਪਨਾਹ ਲੈ ਰਿਹਾ ਹੈ। ਇਸ ਦੌਰ ਵਿੱਚ ਮੱਧ ਵਰਗ ਸਭ ਤੋਂ ਵੱਧ ਅਸੁਰੱਖਿਅਤ ਅਤੇ ਡਰਿਆ ਹੋਇਆ ਹੈ। ਉਸਦੀ ਆਮਦਨ ਦੇ ਸਰੋਤ ਇੱਕ ਦਲਾਲ ਵਾਂਗ ਲੈਣ-ਦੇਣ 'ਤੇ ਨਿਰਭਰ ਹਨ। ਉਤਪਾਦਨਸ਼ੀਲ ਉਦਯੋਗਾਂ ਨੂੰ ਹੁਣ ਇੱਥੇ ਵਧਾ ਪਾਉਣਾ ਜਾਂ ਉਹਨਾਂ 'ਚ ਨਿਵੇਸ਼ ਕਰਨਾ ਸੰਭਵ ਨਹੀਂ ਰਿਹਾ। ਸਰਕਾਰੀ ਨੌਕਰੀਆਂ ਖਤਮ ਕਰ ਦਿੱਤੀਆਂ ਗਈਆਂ ਹਨ। ਢੇਰਾਂ ਤਕਨੀਕੀ ਸਿੱਖਿਆ ਸੰਸਥਾਨ ਹੁਣ ਧਨਾਢ ਵਰਗ ਚਲਾ ਰਿਹਾ ਹੈ ਅਤੇ ਲੱਖਾਂ ਵਿੱਚ ਫੀਸ ਲਈ ਜਾ ਰਹੀ ਹੈ। ਹੇਠਲੇ ਤਬਕਿਆਂ ਲਈ ਤਕਨੀਕੀ ਸਿੱਖਿਆ ਗ੍ਰਹਿਣ ਕਰ ਸਕਣਾ ਸੁਪਨੇ ਸਮਾਨ ਹੈ। ਹਜ਼ਾਰਾਂ ਇੰਜੀਨੀਅਰ , ਡਾਕਟਰ ਬੇਕਾਰ ਹੋ ਕੇ ਭਟਕ ਰਹੇ ਹਨ। ਜਾਂ ਆਪਣੇ ਸਾਰੇ ਸਰੋਤਾਂ ਨੂੰ ਸਮੇਟ ਕੇ ਪੱਛਮੀ ਦੇਸ਼ਾਂ 'ਚ ਠੋਕਰਾਂ ਖਾ ਰਹੇ ਹਨ। ਇਸ ਭਿਆਨਕ ਦੌਰ ਵਿੱਚ ਕਿਸੇ ਚਮਤਕਾਰ ਦੀ ਉਮੀਦ ਉਹਨਾਂ ਨੂੰ ਡੇਰਿਆਂ 'ਚ ਧੱਕ ਰਹੀ ਹੈ। ਉਹ ਖ਼ੂਨ-ਪਸੀਨੇ ਦੀ ਕਮਾਈ ਮੰਨਤਾਂ ਵਿੱਚ ਬਰਬਾਦ ਕਰ ਰਹੇ ਹਨ। ਉਹਨਾਂ ਕੋਲ ਜੀਣ ਦਾ ਕੋਈ ਰਸਤਾ ਨਹੀਂ ਰਿਹਾ।

ਇਸ ਲਈ ਜਦੋਂ ਤੱਕ ਇਹਨਾਂ ਯਾਤਨਾਵਾਂ ਤੋਂ ਮਨੁੱਖ ਨੂੰ ਮੁਕਤ ਨਹੀਂ ਕਰਦੇ ਤਦ ਤੱਕ ਲੋਕਾਂ ਕੋਲ ਡੇਰਿਆਂ 'ਚ ਜਾ ਕੇ ਸੁਖ ਦਾ ਸਾਹ ਲੈਣ ਦਾ ਆਸਰਾ ਲੱਭਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੁੰਦਾ। ਕਿਸੇ ਵੀ ਸਮਾਜ ਲਈ ਇਹ ਦੋਹਰੀ ਮਾਰ ਹੁੰਦੀ ਹੈ, ਲੋਕਾਂ ਦਾ ਹਜੂਮ ਡੇਰਿਆਂ 'ਚ ਜੁੜਨ ਲੱਗਦਾ ਹੈ, ਜਿਸ ਨਾਲ ਸੱਤਾਧਾਰੀਆਂ ਲਈ ਇਹਨਾਂ ਨੂੰ ਵੱਸ 'ਚ ਰੱਖਣਾ ਸੌਖਾ ਹੋ ਜਾਂਦਾ ਹੈ। 'ਡੇਰੇ' ਲੋਕਾਂ ਦੇ ਰੋਹ ਨੂੰ ਠੰਢਿਆਂ ਕਰਦੇ, ਉਹਨਾਂ ਦੇ ਵਿਦਰੋਹੀ ਸੰਘਰਸ਼ ਦੇ ਰਸਤੇ ਬੰਦ ਕਰ ਦਿੰਦੇ ਹਨ। ਡੇਰੇ ਉਹਨਾਂ ਨੂੰ ਅੰਧ-ਵਿਸ਼ਵਾਸ ਦੀ ਦਲਦਲ ਵਿੱਚ ਫਸਾ ਕੇ ਸੰਕਟਮਈ ਸਥਿਤੀਆਂ 'ਚੋਂ ਉਭਰਨ ਦੇ ਉਹਨਾਂ ਦੇ ਸਾਰੇ ਰਸਤੇ ਬੰਦ ਕਰ ਦਿੰਦੇ ਹਨ।

**ਅਨੁਵਾਦ-ਦੇਸ ਰਾਜ ਕਾਲੀ**

# ਰੂਸ ਦਾ ਚਰਚਿਤ ਸਾਧ ਰਾਸਪੁਤਿਨ/ਹਰਪਾਲ ਸਿੰਘ ਪੰਨੂੰ

ਰਸਪੁਤਿਨ ਬਾਬਤ ਮੈਂ ਕਾਲਜ ਵਿਚ ਸੁਣਿਆ, ਜਿਸ ਅਖ਼ਬਾਰ ਜਾਂ ਰਸਾਲੇ ਵਿਚ ਉਸ ਬਾਬਤ ਛਪਿਆ ਦੇਖਦਾ, ਪੜ੍ਹਦਾ। ਉਸ ਬਾਬਤ ਬਹੁਤ ਮਾੜਾ ਲਿਖਿਆ ਗਿਆ ਕਿ ਉਹ ਸ਼ਰਾਬੀ ਸੀ, ਔਰਤਾਂ ਦਾ ਸ਼ੌਕੀਨ ਸੀ ਤੇ ਜ਼ਾਰਿਨਾ ਨਾਲ ਉਸ ਦਾ ਇਸ਼ਕ ਸੀ। ਜਿਹੜੀ ਉਸ ਦੀ ਤਸਵੀਰ ਕਮਿਊਨਿਸਟ ਸੋਵੀਅਤ ਸਟੇਟ ਵੇਲੇ ਪੇਸ਼ ਹੋਈ, ਉਹੀ ਸਹੀ ਜਾਣੀ ਗਈ। ਹੁਣ ਅਲੈਕਸ ਡੀ. ਜਾਂਜ ਦੀ ਸਚਿੱਤਰ ਅੰਗਰੇਜ਼ੀ ਕਿਤਾਬ 'ਗ੍ਰੇਗਰੀ ਰਾਸਪੁਤਿਨ ਦਾ ਜੀਵਨ ਅਤੇ ਸਮਾਂ' ਕਾਲਿਨਜ਼ ਨੇ ਗਲਾਸਕੋ ਤੋਂ ਛਾਪੀ ਹੈ। ਸਵਾ ਚਾਰ ਸੌ ਪੰਨਿਆਂ ਦੀ ਇਸ ਕਿਤਾਬ ਦੇ 22 ਅਧਿਆਏ ਹਨ ਤੇ 5 ਸੌ ਹਵਾਲਿਆਂ ਨਾਲ ਆਪਣਾ ਮਤ ਪੇਸ਼ ਕੀਤਾ ਹੈ। ਇਹ ਕਿਤਾਬ ਪੜ੍ਹਨ ਉਪਰੰਤ ਰਾਸਪੁਤਿਨ ਦੇ ਨੈਣ ਨਕਸ਼ ਬਦਲਦੇ ਹਨ।

ਸਾਇਬੇਰੀਆ ਵਾਲੇ ਪਾਸੇ ਜਿਥੇ ਉਜਾੜ ਹੀ ਉਜਾੜ ਹੈ, ਗਰੀਬ ਕਿਸਾਨ ਦੇ ਘਰ ਵਿਚ 1864 ਵਿਚ ਉਸ ਜਨਮ ਹੋਇਆ। ਲੋਕ ਦੁਰੇਡੇ ਪੰਧ ਘੋੜਾ ਗੱਡੀਆਂ 'ਤੇ ਤੈਅ ਕਰਦੇ , ਦਿਨ ਰਾਤ ਤੁਰਦੇ ਰਹਿੰਦੇ। ਇਕ ਵਾਰ ਕਈ ਦਿਨ ਅਬਾਦੀ ਨਾ ਦਿਸੀ, ਤਾਂ ਰਾਤ ਨੂੰ ਇਕ ਮੁਸਾਫ਼ਰ ਕੋਚਵਾਨ ਨੂੰ ਕਹਿਣ ਲੱਗਾ—ਅਹੁ ਉਧਰ ਦੀਵੇ ਜਗ ਰਹੇ ਹਨ, ਉਸ ਅਬਾਦੀ ਵਲ ਨਾ ਚੱਲੀਏ? ਕੋਚਵਾਨ ਨੇ ਕਿਹਾ— ਉਧਰ ਉਂਗਲ ਨਾ ਕਰੋ, ਦੀਵੇ ਨਹੀਂ ਇਹ, ਬਘਿਆੜਾਂ ਦੀਆਂ ਅੱਖਾਂ ਲਿਸ਼ਕਦੀਆਂ ਹਨ।

ਇਕ ਵੱਡੀ ਭੈਣ ਮਾਰੀਆ ਸੀ ਤੇ ਦੋ ਸਾਲ ਵਡਾ ਭਰਾ ਦਮਿੱਤ੍ਰੀ। ਮਾਰੀਆ ਦੀ ਮੌਤ ਛੋਟੀ ਉਮਰ ਵਿਚ ਹੋਈ ਤੇ ਭਰਾ ਦਰਿਆ ਵਿਚ ਡਿਗ ਕੇ ਮਰਿਆ। ਨਿੱਕੀ ਉਮਰੇ ਮਾਂ ਵਿਹੂਣਾ ਹੋ ਗਿਆ। ਇਨ੍ਹਾਂ ਸੱਟਾਂ ਨੂੰ ਨਾ ਭੁੱਲ ਸਕਣ ਕਰਕੇ ਰਾਸਪੁਤਿਨ ਨੇ ਆਪਣੀ ਧੀ ਦਾ ਨਾਂ ਮਾਰੀਆ ਅਤੇ ਬੇਟੇ ਦਾ ਨਾਮ ਦਮਿੱਤ੍ਰੀ ਰੱਖਿਆ। ਨਿੱਕਾ ਹੁੰਦਾ ਉਹ ਕਿਹਾ ਕਰਦਾ ਸੀ ਕਿ ਮੈਨੂੰ ਚੋਰ ਵੱਲੋਂ ਚੁੱਕੀ ਜਾ ਰਹੀ, ਛੁਪਾਈ ਜਾ ਰਹੀ ਵਸਤੂ ਦਿਸ ਜਾਂਦੀ ਹੈ। ਸਾਥੀ ਬੱਚੇ ਹੱਸ ਪੈਂਦੇ। ਗਿਆਰਾਂ ਕੁ ਸਾਲ ਦੀ ਉਮਰੇ ਜਦੋਂ ਉਹ ਬੁਖ਼ਾਰ ਨਾਲ ਨਿਢਾਲ ਮੰਜੇ 'ਤੇ ਪਿਆ ਸੀ, ਛੇ ਸੱਤ ਗਵਾਂਢੀ ਪਿਤਾ ਪਾਸ ਘਰ ਅੱਗ ਸੇਕ ਰਹੇ ਸਨ। ਇਕ ਨੇ ਕਿਹਾ—ਮੇਰੇ ਚੋਰੀ ਹੋਏ ਘੋੜੇ ਦਾ ਕੋਈ ਪਤਾ ਨਹੀਂ ਲਗਦਾ। ਬਿਮਾਰ ਰਾਸਪੁਤਿਨ ਨੇ ਬੈਠੇ ਬੰਦਿਆਂ ਵਿਚੋਂ ਇੱਕ ਵੱਲ ਉਂਗਲ ਕਰਕੇ ਕਿਹਾ—ਤੇਰਾ ਘੋੜਾ ਇਸ ਨੇ ਚੁਰਾਇਆ ਹੈ। ਜਿਸ ਵੱਲ ਇਸ਼ਾਰਾ ਕੀਤਾ ਗਿਆ ਉਹ ਬੰਦਾ ਗੁੱਸੇ ਨਾਲ ਉਠ ਕੇ ਤੁਰ ਪਿਆ, ਤਾਂ ਪਿਤਾ ਨੇ ਮਾਫੀ ਮੰਗੀ ਕਿ ਬਿਮਾਰੀ ਕਾਰਨ ਮੁੰਡੇ ਦਾ ਦਿਮਾਗ ਠੀਕ ਨਹੀਂ, ਇਸ ਦਾ ਬੁਰਾ ਨਾ ਮਨਾਈਂ। ਸਭ ਲੋਕ ਚਲੇ ਗਏ। ਘੋੜੇ ਦੇ ਮਾਲਕ ਨੇ ਕੁਝ ਬੰਦਿਆਂ ਸਮੇਤ ਸ਼ੱਕੀ ਬੰਦੇ ਦੇ ਘਰ ਦੁਆਲੇ ਛੁਪ ਕੇ ਰਾਤੀਂ ਪਹਿਰਾ ਲਾ ਦਿੱਤਾ। ਅੱਧੀ ਰਾਤ ਚੋਰ ਨੇ ਘੋੜਾ ਆਪਣੇ ਤਬੇਲੇ ਵਿਚੋ ਕੱਢ ਕੇ ਕਿਤੇ ਸੁਰਖਿਅਤ ਥਾਂ ਲਿਜਾਣਾ ਚਾਹਿਆ, ਤਾਂ ਫੜਿਆ ਗਿਆ। ਬੇਹੱਦ ਕੁਟਾਈ ਕੀਤੀ ਤੇ ਘੋੜਾ ਛੁਡਾਇਆ। ਰਾਸਪੁਤਿਨ ਕਿਹਾ ਕਰਦਾ ਸੀ— ਮੇਰਾ ਵੀ ਚੋਰੀ ਕਰਨ ਨੂੰ ਅਕਸਰ ਜੀ ਕਰਦਾ ਹੈ, ਪਰ ਮੈਂ ਡਰ ਜਾਂਦਾ ਹਾਂ ਕਿ ਜਿਵੇਂ ਚੋਰ ਚੋਰੀ ਦੀਆਂ ਵਸਤਾਂ ਮੈਨੂੰ ਵਿਖਾਈ ਦਿੰਦੀਆਂ ਹਨ, ਇਸੇ ਤਰ੍ਹਾਂ ਮੈ ਵੀ ਹੋਰਾਂ ਨੂੰ ਚੋਰੀ ਕਰਦਾ ਦਿਸਦਾ ਹੋਵਾਂਗਾ।

ਉਸ ਦੀ ਧੀ ਮਾਰੀਆ ਨੇ ਉਸ ਬਾਰੇ ਤਿੰਨ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚ ਉਹ ਦੱਸਦੀ ਹੈ ਕਿ ਛੋਟੀ ਉਮਰ ਵਿਚ ਉਹ ਭਵਿੱਖਬਾਣੀ ਕਰਦਾ ਸੀ, ਉਹ ਕੁਝ ਅਜਿਹੀਆਂ ਵਾਜਾਂ ਕੱਢ ਲੈਂਦਾ ਸੀ ਕਿ ਡਰੇ ਹੋਏ ਜਾਂ ਭੂਤਰੇ ਹੋਏ ਜਾਨਵਰ ਸ਼ਾਂਤ ਹੋ ਜਾਂਦੇ ਸਨ। ਅਲੈਕਸ ਇਨ੍ਹਾਂ ਗੱਲਾਂ 'ਤੇ ਇਹ ਕਹਿ ਕੇ ਸ਼ੱਕ ਕਰਦਾ ਹੈ ਕਿ 16 ਦਸੰਬਰ 1916 ਨੂੰ ਘਰੋਂ ਸੱਦ ਕੇ ਜਦੋਂ ਉਸ ਨੂੰ ਕਤਲ ਕੀਤਾ ਗਿਆ, ਉਦੋਂ ਉਸ ਨੂੰ





ਕਿਉਂ ਪਤਾ ਨਾ ਲੱਗਾ? ਪਿਛੋਂ ਜਾ ਕੇ ਅਸੀਂ ਦੇਖਾਂਗੇ ਕਿ ਉਸ ਨੂੰ ਆਪਣੀ ਮੌਤ ਦਾ ਪਤਾ ਸੀ। ਫਿਰ ਉਹ ਕਾਤਲ ਦੇ ਘਰ ਕਿਉਂ ਚਲਾ ਗਿਆ? ਇਹ ਰਹੱਸ ਅਣਸੁਲਝੇ ਹਨ।

1917 ਦਾ ਕਮਿਊਨਿਸਟ ਇਨਕਲਾਬ ਆਇਆ ਤਾਂ ਰਾਸਪੁਤਿਨ ਬਾਬਤ ਪੜਤਾਲੀਆ ਕਮਿਸ਼ਨ ਬੈਠਿਆ। ਉਸ ਵਿਚ ਗਵਾਹੀਆਂ ਦੇ ਅਧਾਰ 'ਤੇ ਰਾਸਪੁਤਿਨ ਨੂੰ ਹੰਢਿਆ ਲੁੱਚਾ ਬਦਮਾਸ਼ ਸਿੱਧ ਕੀਤਾ ਗਿਆ। ਪੜਤਾਲੀਆ ਕਮਿਸ਼ਨ ਦੀ ਰਿਪੋਰਟ ਸ਼ੱਕੀ ਹੈ ਕਿਉਂਕਿ ਉਸ ਨੇ ਉਹੋ ਸਿਧ ਕਰਨਾ ਸੀ, ਜੋ ਸਟੇਟ ਚਾਹੁੰਦੀ ਸੀ। ਸਰਕਾਰ ਤੋਂ ਡਰੇ ਲੋਕ ਰਾਸਪੁਤਿਨ ਦੇ ਹੱਕ ਵਿਚ ਕਿਵੇ ਬੋਲ ਸਕਦੇ ਸਨ। ਇਸ ਕਰਕੇ ਅਲੈਕਸ ਨੇ ਇਸ ਕਿਤਾਬ ਦੇ ਨਾਇਕ ਦੀ ਸ਼ਖ਼ਸੀਅਤ ਦਾ ਅਧਾਰ ਨਾ ਉਸ ਦੀ ਧੀ ਦੀਆਂ ਲਿਖਤਾਂ ਨੂੰ ਬਣਾਇਆ ਹੈ, ਨਾ ਕਮਿਸ਼ਨ ਦੀ ਰਿਪੋਰਟ ਨੂੰ। ਸਬੂਤ ਉਸ ਦੇ ਹੱਕ ਵਿਚ ਜਾਂਦੇ ਹਨ, ਨਾ ਕਿ ਸਰਕਾਰ ਦੇ ਹੱਕ ਵਿਚ।

ਆਪਣੀ ਪਸੰਦੀਦਾ ਕੁੜੀ ਨਾਲ ਵਿਆਹ ਕਰਾਇਆ, ਬੱਚੇ ਹੋਏ, ਪਰ ਪਰਿਵਾਰ ਨੂੰ ਛੱਡ ਕੇ ਸਾਇਬੇਰੀਆਂ ਦੀਆਂ ਉਜਾੜਾਂ ਵਿਚ ਇਕਾਂਤ ਦੀ ਤਲਾਸ਼ ਵਿਚ ਨਿਕਲਿਆ ਕਈ ਸਾਲ ਨਾ ਪਰਤਿਆ। ਜਦੋਂ ਉਹ ਘਰ ਆਇਆ ਤਾਂ ਪਰਿਵਾਰ ਤੋਂ ਪਛਾਣਿਆਂ ਨਹੀਂ ਗਿਆ ਸੀ। ਤਮਾਕੂ ਤੇ ਸ਼ਰਾਬ ਪੀਣੀ ਛੱਡ ਚੁਕਾ ਸੀ ਤੇ ਦੱਸਦਾ ਸੀ ਕਿ ਉਹ ਸਾਲਾਂ ਬੱਧੀ ਬੰਦਗੀ ਕਰਦਾ ਰਿਹਾ। ਗੱਲਾਂ ਕਰਦਿਆਂ ਉਹ ਪੂਰੇ ਵਾਕ ਨਾ ਬੋਲਦਾ, ਕਈ ਵਾਰ ਸਮਝ ਨਾ ਲੱਗਦੀ ਕਹਿ ਕੀ ਰਿਹਾ ਹੈ। ਅੱਖਾਂ ਲਿਸ਼ਕਦੀਆਂ ਤੇਜ਼ ਉਂਗਲਾਂ ਲੰਮੀ ਦਾੜੀ ਵਿਚ ਫੇਰਦਾ ਹੋਇਆ ਕੁਝ ਕਹੀ ਜਾਂਦਾ, ਜਿਸ ਦਾ ਕੋਈ ਅਰਥ ਨਾ ਹੁੰਦਾ। ਵੱਡਾ ਜਗੀਰਦਾਰ ਮਿਖਾਈਲੋਵਿਚ ਕਿਹਾ ਕਰਦਾ ਸੀ —ਕੋਈ ਬੰਦਾ ਨਹੀ ਮਿਲਿਆ, ਜਿਹੜਾ ਕਹੇ ਕਿ ਉਹ ਰਾਸਪੁਤਿਨ ਨੂੰ ਜਾਣ ਗਿਆ ਹੈ।

ਇਲੀਆਡੋਰ ਨੇ ਰਾਸਪੁਤਿਨ ਦੇ ਬੋਲ 1907 ਵਿਚ ਕਲਮਬੰਦ ਕੀਤੇ। ਇਕ ਥਾਂ ਰਾਸਪੁਤਿਨ ਕਹਿੰਦਾ ਹੈ, "ਮੇਰੇ ਉਪਰ ਜਾਨਲੇਵਾ ਹਮਲੇ ਹੋਏ। ਮਾਲਕ ਨੇ ਬਚਾ ਲਿਆ। ਅਨੇਕਾਂ ਵਾਰ ਬਘਿਆੜਾਂ ਨੇ ਹਮਲੇ ਬੋਲੇ, ਕੁਝ ਨਹੀਂ ਵਿਗੜਿਆ। ਦਰਿਆਵਾਂ ਕਿਨਾਰੇ ਤੁਰਨਾ ਚੰਗਾ ਲਗਦਾ, ਕਿਉਂਕਿ ਏਥੇ ਰੱਬ ਵਸਦਾ ਹੈ। ਕੁਦਰਤ ਵਧੀਆ ਟੀਚਰ ਹੈ, ਕਿਉਂਕਿ ਬਸੰਤ ਰੁੱਤ ਬਾਬਤ ਦਰਖਤ ਤੋਂ ਵਧੀਆ ਕੌਣ ਜਾਣਦਾ ਹੈ?"

ਪਿੰਡ ਵਾਸੀਆਂ ਨੂੰ ਜਦੋਂ ਉਹ ਕਿਹਾ ਕਰਦਾ ਸੀ ਕਿ ਬਾਦਸ਼ਾਹ ਮੇਰੇ ਘਰ ਆਇਆ ਕਰਨਗੇ, ਤਾਂ ਲੋਕ ਆਖਦੇ ਸਨ ਇਸ ਦਾ ਦਿਮਾਗ ਠਾਕ ਨਹੀਂ। ਇਕ ਵਕਤ ਆਇਆ ਜਦੋਂ ਇਸ ਅਨਪੜ੍ਹ ਇਨਸਾਨ ਨੇ ਜ਼ਾਰ ਅਤੇ ਜ਼ਾਰਿਨਾ ਨਾਲ ਗੱਲਾਂ ਕਰਦਿਆਂ 'ਤੂੰ' ਸ਼ਬਦ ਵਰਤਿਆ। ਪੜ੍ਹਿਆਂ ਲਿਖਿਆਂ ਵਾਂਗ ਜਾਂ ਖਾਂਨਦਾਨੀ ਬੰਦਿਆਂ ਵਾਂਗ ਸੱਭਿਅਕ ਪਾਲਸ਼ ਕੀਤੇ ਸ਼ਬਦ ਉਸ ਨੂੰ ਬੋਲਣੇ ਨਾ ਆਏ, ਹਾਲਾਂ ਕਿ ਉਹ ਜ਼ਾਰ ਜ਼ਾਰਿਨਾ ਦੀ ਦਿਲੋਂ ਕਦਰ ਕਰਦਾ ਸੀ।

ਜ਼ਾਰ ਪ੍ਰਬੰਧਕੀ ਮਾਮਲਿਆਂ ਵਿਚ ਸਖਤ ਸੀ, ਪਰ ਜ਼ਾਰਿਨਾ ਬਾਰੇ ਪੋਬੇਦ ਨੇ ਵਿਖਿਆ, "ਉਹ ਪੀਟਰ ਮਹਾਨ ਨਾਲੋਂ ਵਧੀਕ ਤਾਨਾਸ਼ਾਹ ਤੇ ਈਵਾਨ ਤੋਂ ਵਧੀਕ ਖਤਰਨਾਕ ਔਰਤ ਸੀ।"

ਉਸ ਬਾਰੇ ਮਸ਼ਹੂਰ ਹੋ ਗਿਆ ਕਿ ਉਹ ਬਿਮਾਰਾਂ ਨੂੰ ਰਾਜ਼ੀ ਕਰਦਾ ਹੈ। ਤਿੰਨ ਧੀਆਂ ਪਿਛੋਂ ਜ਼ਾਰ ਨਿਕੋਲਸ ਦੇ ਮਹਿਲ ਵਿਚ ਸ਼ਹਿਜ਼ਾਦਾ ਜੰਮਿਆਂ, ਜਿਸ ਵਿਚ ਨਸਲੀ ਨੁਕਸ ਇਹ ਸੀ ਕਿ ਜ਼ਖਮ ਵਿਚੋਂ ਖੂਨ ਵਗਿਆ ਤਾਂ ਰੁਕੇਗਾ ਨਹੀਂ। ਵੱਡੇ ਸ਼ਾਹੀ ਖਾਨਦਾਨ ਪੂਰਬਲੀਆਂ ਦਰਜਣਾਂ ਪੁਸ਼ਤਾਂ ਦੀ ਪੜਤਾਲ ਕਰਨ ਪਿਛੋਂ ਰਿਸ਼ਤੇ ਤੈਅ ਕਰਦੇ ਸਨ ਕਿ ਕਿਤੇ ਇਸ ਲਾਈਨ ਵਿਚ ਕੋਈ ਵੱਡੀ ਬਿਮਾਰੀ ਤਾਂ ਨਹੀਂ ਰਹੀ, ਪਰ ਇਸ ਪੱਖੋਂ ਜ਼ਾਰ ਮਾਰ ਖਾ ਗਿਆ। ਜ਼ਾਰਿਨਾ ਦੇ ਜਰਮਨ ਖਾਨਦਾਨ ਵਿਚ ਕਿਤੇ ਇਹ ਨੁਕਸ ਰਿਹਾ ਸੀ। ਦੁਨਿਆ ਭਰ ਦੇ ਡਾਕਟਰਾਂ ਨੇ ਜ਼ੋਰ ਲਾਇਆ, ਪਰ ਨੁਕਸ ਦੂਰ ਨਾ ਹੋਇਆ। ਜ਼ਾਰਿਨਾ ਨੂੰ

ਕਿਸੇ ਨੇ ਰਾਸਪੁਤਿਨ ਦਾ ਨਾਂਅ ਦੱਸਿਆ। ਆਪਣਾ ਵੰਸ਼ ਕਾਇਮ ਰੱਖਣ ਲਈ ਮਹਾਰਾਣੀ ਕੀ ਨਹੀ ਸੀ ਕਰ ਸਕਦੀ? ਉਸ ਨੇ ਸਾਧ ਨੂੰ ਮਹਿਲਾਂ ਵਿਚ ਸੱਦਿਆ।

ਪਹਿਲੀ ਵਾਰ ਉਸ ਨੇ ਮਹਿਲ ਅੰਦਰੋ ਦੇਖੇ, ਤਾਂ ਉਹ ਦੰਗ ਰਹਿ ਗਿਆ। ਸਾਰੀ ਉਮਰ ਉਸ ਨੇ ਸਾਦੇ ਕਿਸਾਨ ਵਾਲਾ ਲਿਬਾਸ ਪਹਿਨਿਆ, ਜਿਸ ਨੂੰ ਉਪਰਲੇ ਤਬਕੇ ਨਫਰਤ ਕਰਦੇ ਸਨ। ਛੁਰੀ ਕਾਂਟਾ ਵਰਤਣਾ ਨਹੀ ਆਇਆ। ਖਾਂਦਾ ਹੋਇਆ ਨੈਪਕਿਨ ਵਰਤੇ, ਮਤਲਬ ਨਹੀ। ਉਚੀ ਕੁੱਲ ਦੇ ਮਰਦ ਔਰਤਾਂ ਨੱਕ ਘੁੱਟ ਲੈਂਦੇ, ਕਿਉਂਕਿ ਜਿਹੜੀ ਘਟੀਆ ਸਾਬਣ ਨਾਲ ਧੋਏ ਕੱਪੜੇ ਪਹਿਨ ਕੇ ਆਉਂਦਾ ਉਸ ਦੇ ਕਾਸਟਿਕ ਦੀ ਦੁਰਗੰਧ ਸਿਰ ਨੂੰ ਚੜ੍ਹ ਜਾਂਦੀ। ਪਰ ਸ਼ਾਹੀ ਮਹਿਮਾਨ ਬਾਬਤ ਨਾ ਕੋਈ ਕੁਸਕ ਸਕਦਾ ਸੀ, ਨਾ ਹੱਸ ਸਕਦਾ ਸੀ। ਉਹ ਤਾਂ ਧੋਏ ਕੱਪੜੇ ਇਸ ਕਰਕੇ ਪਹਿਨ ਲੈਂਦਾ ਕਿ ਮਹਿਲਾਂ ਵਿਚ ਜਾਣਾ ਹੈ ਨਹੀ ਤਾਂ ਮੈਲੇ ਪਾਈ ਫਿਰਦਾ ਰਹਿੰਦਾ। ਜ਼ਾਰ ਨੇ ਕੁਝ ਗੱਲਾਂ ਕੀਤੀਆਂ, ਸਾਧ ਨੇ ਸਧਾਰਨ ਜਿਹੇ ਜਵਾਬ ਦਿੱਤੇ। ਜ਼ਾਰਿਨਾ ਨੇ ਪ੍ਰਾਰਥਨਾ ਕੀਤੀ— ਮਹਾਤਮਾ ਮੇਰੇ ਸ਼ਹਿਜਾਦੇ ਦਾ ਖ਼ੂਨ ਵਗਣੋਂ ਨਹੀਂ ਰੁਕਦਾ। ਤੁਸੀ ਮਿਹਰਬਾਨ ਹੋਵੋ। ਸਾਧ ਨੇ ਕਿਹਾ— ਡਾਕਟਰਾਂ ਨੂੰ ਪਹਿਲਾਂ ਬਾਹਰ ਕੱਢੋ। ਉਹ ਬੱਚੇ ਨੂੰ ਹੱਥ ਨਾ ਲਾਉਣ। ਡਾਕਟਰ ਬਾਹਰ ਨਿਕਲ ਗਏ। ਕੇਵਲ ਮਹਿਲ ਦਾ ਚੀਫ਼ ਸਰਜਨ ਅੰਦਰ ਰਹਿ ਗਿਆ। ਖ਼ੂਨ ਵਗਣ ਵਾਲੇ ਜ਼ਖਮ ਉਪਰ ਘੁੱਟ ਕੇ ਬੰਨ੍ਹੀ ਹੋਈ ਪੱਟੀ ਨੇ ਖ਼ੂਨ ਰੋਕ ਕੇ ਰੱਖਿਆ ਹੋਇਆ ਸੀ। ਰਾਸਪੁਤਿਨ ਅੰਦਰ ਗਿਆ। ਪਹਿਲਾਂ ਥੁੱਕਿਆ, ਫਿਰ ਬੱਚੇ ਦੇ ਸਿਰ ਹੱਥ ਫੇਰਿਆ। ਸੁੱਤਾ ਬੱਚਾ ਜਾਗਿਆ ਤੇ ਸਾਧ ਵੱਲ ਵੇਖ ਕੇ ਮੁਸਕਰਾ ਪਿਆ। ਇਹੋ ਜਿਹਾ ਊਟ ਪਟਾਂਗ ਕਿਸਮ ਦਾ ਬੰਦਾ ਪਹਿਲੀ ਵਾਰ ਦੇਖਿਆ। ਰਾਸਪੁਤਿਨ ਨੇ ਸਹਿਜੇ ਸਹਿਜੇ ਜ਼ਖਮ ਤੋਂ ਪੱਟੀ ਖੋਲ੍ਹੀ, ਜ਼ਖਮ 'ਤੇ ਹੱਥ ਫੇਰਿਆ, ਖ਼ੂਨ ਵਗਣੋਂ ਰੁਕ ਗਿਆ। ਸਾਧ ਹੱਸ ਕੇ ਕਹਿਣ ਲੱਗਾ— ਤੂੰ ਠੀਕ ਹੋ ਗਿਆ ਹੈਂ ਕੁਮਾਰ। ਸੁਖੀ ਰਹੇਂ।

ਜ਼ਾਰ ਅਤੇ ਜ਼ਰਿਨਾ ਨੇ ਅਰਜ਼ ਕੀਤੀ ਕਿ ਕੁਝ ਦਿਨ ਮਹਿਲਾਂ ਵਿਚ ਰਹੋ। ਉਸ ਨੂੰ ਹੋਰ ਕੀ ਚਾਹੀਦਾ ਸੀ? ਤਿੰਨੇ ਰਾਜਕੁਮਾਰੀਆਂ ਚੌਥਾ ਰਾਜਕੁਮਾਰ ਸਾਰਾ ਦਿਨ ਉਸ ਤੋਂ ਕਹਾਣੀਆਂ ਸੁਣਦੇ ਰਹਿੰਦੇ। ਹਜ਼ਾਰਾਂ ਮੀਲਾਂ ਦਾ ਪੰਧ ਉਹ ਕਈ ਸਾਲ ਕਰਦਾ ਰਿਹਾ ਸੀ, ਉਸ ਕੋਲ ਸੱਚੀਆਂ ਗੱਲਾਂ ਇੰਨੀਆਂ ਸਨ ਕਿ ਪਰੀ ਕਹਾਣੀਆਂ ਦੀ ਕੀ ਲੋੜ ਸੀ? ਬੱਚੇ ਉਸ ਤੋਂ ਵੱਖ ਹੋਣ ਲਈ ਤਿਆਰ ਨਹੀਂ ਸਨ। ਪਰ ਸਾਧ ਨੇ ਇਕ ਦਿਨ ਕਿਹਾ— ਹੁਣ ਮੈਂ ਜਾਂਵਾਗਾ। ਬੇਸ਼ੁਮਾਰ ਕੀਮਤੀ ਸੁਗਾਤਾਂ ਦੇ ਕੇ ਉਸ ਨੂੰ ਤੋਰਿਆ ਗਿਆ।

ਬੇਪ੍ਰਵਾਹ ਸਾਧੂ ਨੂੰ ਜਦੋਂ ਕੋਈ ਕਹਿੰਦਾ ਕਿ ਤੂੰ ਕਈ ਗਲਤੀਆਂ ਕਰ ਦਿੰਦਾ ਹੈਂ, ਤਾਂ ਉਹ ਉਤਰ ਦਿੰਦਾ— ਪਛਤਾਵਾ ਧਰਮ ਹੈ। ਜਿਹੜੇ ਗਲਤੀਆਂ ਨਹੀ ਕਰਦੇ, ਉਹ ਪਸ਼ਚਾਤਾਪ ਨਹੀ ਕਰਦੇ, ਉਹ ਧਾਰਮਿਕ ਨਹੀ ਹੋ ਸਕਦੇ। ਰੱਬ ਦੀ ਰਜ਼ਾ ਵਿਚ ਰਹੋ। ਕਿਤੇ ਕੁਝ ਗਲਤ ਨਹੀਂ ਹੈ। ਜੇ ਗਲਤ ਲੱਗਾ, ਖਿਮਾਂ ਮੰਗੋ।

ਮਹਿਲ ਵਿਚ ਉਸ ਦੇ ਦਾਖਲੇ ਦਾ ਬੁਰਾ ਮਨਾਇਆ ਗਿਆ। ਖਾਨਦਾਨੀ ਲੋਕਾਂ ਨੂੰ ਲੱਗਾ ਜਿਵੇਂ ਮਹਿਲ ਭਿੱਟਿਆ ਗਿਆ ਹੋਵੇ। ਉਚੇ ਤਬਕੇ ਖਿਝਦੇ ਸਨ, ਜਦੋਂ ਉਹ ਕਹਿੰਦਾ ਕਿ ਮੈਂ ਸਾਧ ਹਾਂ। ਵੈਸੇ ਉਸ ਦੀਆਂ ਜਿਨ੍ਹਾਂ ਕਮਜ਼ੋਰੀਆਂ ਦਾ ਜ਼ਿਕਰ ਕੀਤਾ ਜਾਂਦਾ, ਪੱਛਮ ਵਿਚ ਉਨ੍ਹਾਂ ਦਾ ਕੋਈ ਨੋਟਿਸ ਨਹੀ ਲਿਆ ਲੈਂਦਾ। ਜਰਨੈਲ ਦੇਦੀਲਿਨ ਨੇ ਖੁਫਿਆ ਵਿਭਾਗ ਨੂੰ ਰਾਸਪੁਤਿਨ ਦੇ ਪਿਛੋਕੜ ਤੇ ਵਰਤਮਾਨ ਬਾਬਤ ਪਤਾ ਕਰਨ ਦੇ ਹੁਕਮ ਦੇ ਦਿੱਤੇ। ਰਿਪੋਰਟਾਂ ਮਾੜੀਆਂ ਆਈਆਂ। ਪ੍ਰਧਾਨ ਮੰਤਰੀ ਸਟਾਲੀਪਿਨ ਦੁਬਾਰਾ ਜਾਂਚ ਕਰਾਈ। ਰਿਪੋਰਟ ਵਿਚ ਆਇਆ ਕਿ ਇਸ ਦਾ ਮਹਿਲ ਵਿਚ ਆਉਣ ਜਾਣ ਠੀਕ ਨਹੀ। ਪ੍ਰਧਾਨ ਮੰਤਰੀ ਨੇ ਰਾਜਧਾਨੀ ਵਿਚ ਉਸ ਦੇ ਦਾਖਲੇ ਉਪਰ ਪਾਬੰਦੀ ਲਾ ਦਿੱਤੀ। ਪ੍ਰਧਾਨ ਮੰਤਰੀ ਨੇ ਬਾਦਸ਼ਾਹ ਨੂੰ ਰਾਸਪੁਤਿਨ ਬਾਰੇ ਦੱਸਿਆ, ਤਾਂ ਉਸ ਨੇ ਹੱਸ ਕੇ ਕਿਹਾ—ਚੰਗਾ, ਹੁਣ ਨਹੀ ਉਹਨੂੰ ਆਪਾਂ ਇਥੇ ਵੜਨ ਦਿੰਦੇ। ਪਰ ਇਹ ਜ਼ੁਬਾਨੀ ਹੋਈ ਗੱਲ ਸੀ। ਰਾਸਪੁਤਿਨ ਨੂੰ ਰਾਜਧਾਨੀ ਵਿਚ ਦੇਖਣ ਪਿਛੋਂ





ਉਸ ਨੂੰ ਗ੍ਰਿਫ਼ਤਾਰ ਕਰਨਾ ਬਣਦਾ ਸੀ। ਇਕ ਦਿਨ ਉਹ ਰਾਜਧਾਨੀ ਜਾਣ ਵਾਲੀ ਰੇਲ ਗੱਡੀ ਵਿਚ ਚੜ੍ਹਿਆ, ਤਾਂ ਖੁਫਿਆ ਪੁਲਸ ਦੀ ਹਰਕਤ ਤਾੜ ਗਿਆ। ਉਸ ਨੇ ਚਲਦੀ ਗੱਡੀ ਵਿਚੋਂ ਛਾਲ ਮਾਰੀ, ਦੌੜ ਕੇ ਕਾਰ ਵਿਚ ਬੈਠਿਆ, ਮਿਲੀਤਸਾ ਡੱਚੈਸ ਦੇ ਮਹਿਲ ਅੰਦਰ ਜਾ ਵੜਿਆ। ਅੱਠ ਪਹਿਰ ਪੁਲਸ ਨੇ ਮਹਿਲ ਘੇਰੀ ਰੱਖਿਆ। ਪੁਲਿਸ ਉਥੋ ਉਦੋਂ ਹਟੀ, ਜਦੋਂ ਗਵਰਨਰ ਦਾ ਹੁਕਮ ਆ ਗਿਆ ਕਿ ਰਾਸਪੁਤਿਨ ਸਟੇਟ ਦਾ ਮਹਿਮਾਨ ਹੈ। ਪੁਲਸ ਮੁਖੀ ਨੇ ਪ੍ਰਧਾਨ ਮੰਤਰੀ ਨੂੰ ਇਹ ਗੱਲ ਦੱਸੀ ਤਾਂ ਉਹ ਹੱਸ ਪਿਆ। ਗੱਲ ਖਤਮ।

ਈਸਾਈ ਸਾਧੂ ਇਲੀਆਡੋਰ ਰੂਸੀ ਚਰਚ ਦਾ ਸ਼ਕਤੀਸ਼ਾਲੀ ਆਗੂ, ਵਿਦਵਾਨ ਅਤੇ ਵਧੀਆ ਬੁਲਾਰਾ ਸੀ। ਉਸ ਦੇ ਉਪਾਸ਼ਕਾਂ ਦੀ ਗਿਣਤੀ ਲੱਖਾਂ ਸੀ, ਜਿਸ ਕਰਕੇ ਉਹ ਸਟੇਟ ਦੀ ਅਲੋਚਨਾ ਤੋਂ ਵੀ ਪ੍ਰਹੇਜ਼ ਨਹੀ ਸੀ ਕਰਦਾ। ਜ਼ਾਰ ਨੂੰ ਉਸ ਦੀਆਂ ਹਰਕਤਾਂ ਚੰਗੀਆਂ ਨਾ ਲੱਗੀਆਂ ਤਾਂ ਸਜ਼ਾ ਵਜੋਂ ਉਸ ਦੀ ਬਦਲੀ ਸਾਇਬੇਰੀਆ ਦੇ ਚਰਚ ਵਿਚ ਕਰ ਦਿੱਤੀ ਗਈ, ਸਾਏਬੇਰੀਆ ਨੂੰ ਸਾਡੇ ਕਾਲੇ- ਪਾਣੀ ਦੀ ਸਜ਼ਾ ਵਾਂਗ ਸਮਝੋ। ਰਾਸਪੁਤਿਨ ਸਾਡੇ ਸਾਹਮਣੇ ਕੁਝ ਨਹੀ ਸੀ।। ਇਲੀਆਡੋਰ ਰਾਸਪੁਤਿਨ ਨੂੰ ਚੰਗਾ ਬੰਦਾ ਨਹੀਂ ਸਮਝਦਾ ਸੀ। ਦੋਵਾਂ ਦਾ ਇਕ ਸਾਂਝੀ ਥਾਂ ਮੇਲ ਹੋਇਆ। ਰਾਸਪੁਤਿਨ ਨੇ ਈਲੀਆਡੋਰ ਨੂੰ ਜੱਫ਼ੀ ਵਿਚ ਘੁੱਟ ਲਿਆ। ਗਵਰਨੈਸ ਐਨਾ ਨੇ ਰਾਸਪੁਤਿਨ ਅੱਗੇ ਗੋਡਿਆਂ ਪਰਨੇ ਬੈਠ ਕੇ ਉਸ ਦਾ ਹੱਥ ਚੁੰਮਿਆ। ਜ਼ਾਰਿਨਾ ਉਸ ਨੂੰ ਸਤਿਕਾਰ ਨਾਲ ਮਿਲੀ। ਇਹ ਦੱਸਣ ਲਈ ਕਿ ਮੈਂ ਕੀ ਹਾਂ— ਰਾਸਪੁਤਿਨ ਈਲੀਆਡੋਰ ਵੱਲ ਵੇਖ ਕੇ ਮੁਸਕਰਾਇਆ ਤੇ ਜ਼ਾਰ ਨੂੰ ਕਿਹਾ, "ਇਨ੍ਹਾਂ ਦੀ ਬਦਲੀ ਵਾਪਸ ਰਾਜਧਾਨੀ ਵਿਚ ਕਰਨੀ ਹੈ।" ਬਾਦਸ਼ਾਹ ਨਿਕੋਲਸ ਬੋਲਿਆ, "ਇਸ ਤਬਾਦਲੇ ਦੇ ਹੁਕਮ ਉਪਰ ਤਾਂ ਅਸੀਂ ਆਪ ਦਸਤਖਤ ਕੀਤੇ ਹਨ?" ਰਾਸਪੁਤਿਨ ਨੇ ਕਿਹਾ— ਪਹਿਲੇ ਹੁਕਮ, ਜਿਸ ਰਾਹੀ ਤੁਸੀ ਇਲੀਆਡੋਰ ਨੂੰ ਕੁੱਤਿਆਂ ਅੱਗੇ ਸੁੱਟ ਦਿੱਤਾ ਸੀ, ਉਥੇ ਖੱਬੇ ਤੋਂ ਸੱਜੇ ਵੱਲ ਕਲਮ ਚਲਾਈ ਸੀ, ਹੁਣ ਸੱਜੇ ਤੋਂ ਖੱਬੇ ਚਲਾ ਦਿਓ। ਇਉਂ ਕੰਮ ਕਰੋ ਹਜ਼ੂਰ ਜਿਵੇਂ ਬਾਦਸ਼ਾਹ ਕਰਿਆ ਕਰਦੇ ਹਨ।" ਇਲੀਆਡੋਰ ਦੇ ਤਬਾਦਲੇ ਦਾ ਹੁਕਮ ਰੱਦ ਹੋ ਗਿਆ। ਜ਼ਾਰ ਦੀ ਸੁਰਖਿਆ ਦੇ ਚੀਫ ਕਰਲੋਵ ਨੇ ਪ੍ਰਧਾਨ ਮੰਤਰੀ ਨੂੰ ਕਿਹਾ, "ਇਹ ਸਿੱਧਾ ਆਦਮੀ ਨਹੀਂ। ਇਹ ਜਾਣਦਾ ਹੈ ਕਿ ਕੀ ਕਰਨਾ ਹੈ। ਇਹ ਆਪਣਾ ਲੋਹਾ ਮੰਨਵਾਏਗਾ।"

ਮਹਾਰਾਣੀ ਨੇ ਰਾਸਪੁਤਿਨ ਨੂੰ ਕਿਹਾ, " ਮੇਰੀਆਂ ਬੇਟੀਆਂ ਤੇਰੀਆਂ ਧੀਆਂ ਨੂੰ ਮਿਲਣਾਂ ਚਾਹੁੰਦੀਆਂ ਹਨ। ਉਨ੍ਹਾਂ ਨੂੰ ਚਾਹ 'ਤੇ ਸੱਦ ਲਈਏ?" ਰਾਸਪੁਤਿਨ ਨੇ ਹਾਂ ਕਰ ਦਿੱਤੀ। ਵੱਡੀ ਰਾਜਕੁਮਾਰੀ ਨੇ ਸਾਧ ਦੀ ਵੱਡੀ ਬੇਟੀ ਨੂੰ ਫੋਨ ਕਰਕੇ ਸੱਦਿਆ। ਪੇਂਡੂ ਕੁੜੀਆਂ ਨੇ ਅੱਖਾਂ ਪਾੜ ਪਾੜ ਕੇ ਮਹਿਲ ਦੇਖਿਆ। ਜਿਸ ਫਰਨੀਚਰ 'ਤੇ ਉਹ ਬੈਠੀਆਂ, ਉਨ੍ਹਾਂ ਕਦੇ ਨਹੀਂ ਦੇਖਿਆ ਸੀ। ਮਹਾਰਾਣੀ ਦੋਵੇਂ ਰਾਜਕੁਮਾਰੀਆਂ ਨੂੰ ਮਿਲਵਾਉਣ ਇਉਂ ਲੈ ਕੇ ਆਈ ਜਿਵੇਂ ਇਕੋ ਪਰਿਵਾਰ ਹੋਵੇ। ਮਾਰੀਆ ਨੇ ਮਹਾਰਾਣੀ ਨੂੰ ਕੇਵਲ ਇਕ ਸਵਾਲ ਪੁੱਛਿਆ-ਇੰਨੇ ਹਜ਼ਾਰ ਨੌਕਰਾਂ ਦਾ ਤੁਸੀਂ ਕੀ ਕਰਦੇ ਹੋ ਮਾਲਕਣ? ਮਹਾਰਾਣੀ ਹੱਸ ਪਈ। ਰਾਸਪੁਤਿਨ ਦੀਆਂ ਪੇਂਡੂ ਧੀਆਂ ਸਹਿਮੀਆਂ ਹੋਈਆਂ ਖਲੋਤੀਆਂ ਦੇਖ ਕੇ ਮਹਾਰਾਣੀ ਨੇ ਦੋਵਾਂ ਨੂੰ ਜੱਫੀ ਵਿਚ ਲੈ ਲਿਆ। ਫਿਰ ਚਾਰੇ ਕੁੜੀਆਂ ਨਿੱਡਰ ਹੋ ਕੇ ਆਪੋ ਵਿਚ ਗੱਲਾਂ ਕਰਨ ਲੱਗੀਆਂ। ਜੇ ਪੇਂਡੂ ਕੁੜੀਆਂ ਨੇ ਕਦੀ ਰਾਜਕੁਮਾਰੀਆਂ ਨਹੀਂ ਦੇਖੀਆਂ ਸਨ, ਤਾਂ ਦੂਜੇ ਪਾਸੇ ਰਾਜਕੁਮਾਰੀਆਂ ਨੇ ਵੀ ਇਹੋ ਜਿਹੀਆਂ ਕੁੜੀਆਂ ਪਹਿਲੀ ਵਾਰ ਦੇਖੀਆਂ। ਰਾਸਪੁਤਿਨ ਦੀ ਵੱਡੀ ਧੀ ਮਾਰੀਆ ਨੇ ਪਿਤਾ ਬਾਬਤ ਪਿੱਛੋਂ ਜਾ ਕੇ ਜਦੋਂ ਕਿਤਾਬ ਲਿਖੀ, ਇਨ੍ਹਾਂ ਪਲਾਂ ਦਾ ਜ਼ਿਕਰ ਯਾਦਗਾਰੀ ਵੀ ਹੈ, ਸੂਖ਼ਮ ਵੀ।

ਮਹਿਲ ਵਿਚ ਸ਼ਾਹੀ ਬੱਚਿਆਂ ਦੀ ਸਾਂਭ-ਸੰਭਾਲ ਕਰਨ ਵਾਲੀ (ਗਵਰਨੈਸ) ਤੂਚੇਵਾ ਨੇ ਜ਼ਾਰ ਨੂੰ ਇਕ ਦਿਨ ਕਿਹਾ-ਰਾਸਪੁਤਿਨ ਠੀਕ ਆਦਮੀ ਨਹੀਂ ਮਹਾਰਾਜ। ਰਾਜਕੁਮਾਰੀਆਂ ਨਾਲ ਜਿਵੇਂ ਉਹ ਸਿੱਧਮ ਸਿੱਧੀਆਂ ਗੱਲਾਂ ਕਰਦਾ ਹੈ, ਉਹ ਮਹਿਲ ਦੀਆਂ ਰਵਾਇਤਾਂ ਅਨੁਸਾਰ ਸੱਭਿਅਕ ਨਹੀਂ। ਜ਼ਾਰ ਨੇ

ਕਿਹਾ-"ਤੂੰ ਵੀ ਚੁਗਲਖ਼ੋਰਾਂ ਵਿਚ ਸ਼ਾਮਲ ਹੋ ਗਈ ਹੈ। ਮੁਸੀਬਤ ਦੇ ਸਾਲਾਂ ਵਿਚ ਉਸ ਦੀਆਂ ਪ੍ਰਾਥਨਾਵਾਂ ਨੇ ਮੈਨੂੰ ਬਚਾਇਆ। ਸ਼ੁਕਰਗੁਜ਼ਾਰ ਹਾਂ ਮੈਂ ਉਸ ਦਾ।" ਇਹ ਕਹਿੰਦਿਆਂ ਬਾਦਸ਼ਾਹ ਨੇ ਗਵਰਨੈਸ ਨੂੰ ਮਹਿਲ ਵਿਚੋਂ ਸੇਵਾਮੁਕਤ ਕਰ ਦਿੱਤਾ।

ਰਾਸਪੁਤਿਨ ਸਮਝ ਗਿਆ ਕਿ ਉਸ ਦੇ ਵਿਰੋਧੀ ਲਾਮਬੰਦ ਹੋ ਰਹੇ ਹਨ। ਸੰਕਟ ਟਾਲਣ ਵਾਸਤੇ ਉਸ ਨੇ ਐਲਾਨ ਕਰ ਦਿੱਤਾ ਕਿ ਮੈਂ ਤੀਰਥ ਯਾਤਰਾ 'ਤੇ ਜਾ ਰਿਹਾ ਹਾਂ। ਉਸਨੇ ਰਾਜਧਾਨੀ ਛੱਡ ਦਿੱਤੀ। ਦੂਰ-ਦੁਰਾਡੇ ਦੀਆਂ ਯਾਤਰਾਵਾਂ ਕਰਨਾ ਉਸ ਦਾ ਸ਼ੌਕ ਹੀ ਸੀ। ਕੁਝ ਸਾਲਾਂ ਬਾਦ ਫਿਰ ਰਾਜਧਾਨੀ ਪਰਤ ਆਇਆ।

ਜ਼ਾਰ ਅਤੇ ਜ਼ਾਰਿਨਾ ਨੇ ਇਕ ਵੱਡੇ ਸਮਾਰੋਹ ਵਿਚ ਸ਼ਾਮਲ ਹੋਣ ਕੀਵ ਸ਼ਹਿਰ ਵਿਚ ਜਾਣਾ ਸੀ। ਜਿਸ ਬਾਜ਼ਾਰ ਵਿਚੋਂ ਦੀ ਸ਼ਾਹੀ ਜੋੜੀ ਨੇ ਲੰਘਣਾ ਸੀ, ਉਥੇ ਸਵਾਗਤ ਕਰਨ ਵਾਲੇ ਲੋਕਾਂ ਦੀ ਕਤਾਰ ਵਿਚ ਰਾਸਪੁਤਿਨ ਵੀ ਖਲੋ ਗਿਆ। ਮਹਾਰਾਣੀ ਨੇ ਜਦੋਂ ਰਾਸਪੁਤਿਨ ਨੂੰ ਦੇਖਿਆ, ਤਾਂ ਖ਼ੁਸ਼ੀ ਵਿਚ ਹੱਥ ਹਿਲਾਇਆ। ਸ਼ਾਹੀ ਬੱਘੀ ਦੇ ਪਿਛਲੀ ਗੱਡੀ ਉਪਰ ਪ੍ਰਧਾਨ ਮੰਤਰੀ ਸਟਾਲੀਪਿਨ ਆ ਰਿਹਾ ਦੇਖਿਆ ਤਾ ਰਾਸਪੁਤਿਨ ਦਾ ਰੰਗ ਅਚਾਨਕ ਪੀਲਾ ਹੋ ਗਿਆ ਤੇ ਉੱਚੀ-ਉੱਚੀ ਚੀਕਿਆ-"ਤੇਰੇ ਪਿੱਛੇ ਮੌਤ ਤੁਰ ਰਹੀ ਹੈ ਪੀਟਰ ਸਟਾਲੀਪਿਨ...ਮੌਤ। ਤੈਨੂੰ ਨੀਂ ਦਿਸਦੀ? ਅਹੁ ਦੇਖ।"

ਉਸ ਸਾਰੀ ਰਾਤ ਰਾਸਪੁਤਿਨ ਪਾਸੇ ਬਦਲਦਾ ਰਿਹਾ। ਬਾਰ-ਬਾਰ ਆਖਦਾ ਰਿਹਾ, "ਭਿਆਨਕ ਵਾਰਦਾਤ ਹੋਏਗੀ..ਮੈਂ ਮੌਤ ਦੇਖੀ...ਪਰ ਮੈਂ ਕੁਝ ਕਰ ਨਹੀਂ ਸਕਦਾ।"

ਉਸੇ ਰਾਤ ਕੀਵ ਓਪੇਰੇ ਵਿਚ ਖਾੜਕੂ ਬੋਗਰੋਵ ਨੇ ਸਟਾਲੀਪਿਨ ਨੂੰ ਗੋਲੀ ਨਾਲ ਫੁੰਡ ਦਿੱਤਾ। ਕਾਤਲ ਉਤੇ ਪਹਿਲਾਂ ਵੀ ਇਕ ਕਤਲ ਦਾ ਮੁਕੱਦਮਾ ਚੱਲ ਰਿਹਾ ਸੀ, ਫਿਰ ਵੀ ਉਸ ਨੂੰ ਓਪੇਰੇ ਵਿਚ ਆਉਣ ਦਾ ਸਰਕਾਰੀ ਸੱਦਾ ਪੱਤਰ ਕਿਵੇਂ ਮਿਲ ਗਿਆ, ਇਸ ਪ੍ਰਸ਼ਨ ਤੋਂ ਜ਼ਾਹਰ ਸੀ ਕਿ ਇਹ ਵੱਡੀ ਸਾਜ਼ਿਸ਼ ਦਾ ਨਤੀਜਾ ਸੀ। ਰਾਸਪੁਤਿਨ ਜ਼ਾਰ ਜ਼ਾਰਿਨਾ ਕੋਲ ਅਫ਼ਸੋਸ ਕਰਨ ਗਿਆ ਤਾਂ ਕਿਹਾ-ਹੁਣ ਅੱਗੇ ਦੀ ਸੋਚੋ ਮਹਾਰਾਜ! ਜੋ ਹੋਇਆ, ਸੋ ਹੋਇਆ। ਉਸ ਦੀ ਥਾਂ ਹੁਣ ਕੋਕੋਸੋਵ ਠੀਕ ਰਹੇਗਾ।

ਆਪਣੇ ਮਿੱਤਰ ਸੇਬਲਰ ਨੂੰ ਉਸ ਨੇ ਰੂਸੀ ਚਰਚ ਦਾ ਮੁਖੀ ਲਵਾਇਆ ਤੇ ਇਸ ਦੇ ਨਾਲ ਹੀ ਕੈਬਨਿਟ ਵਿਚ ਚਰਚ-ਪ੍ਰਬੰਧ ਦਾ ਮੰਤਰੀ ਨਿਯੁਕਤ ਕਰਵਾ ਦਿੱਤਾ।

ਸ਼ਾਹੀ ਖ਼ਾਨਦਾਨ ਸ਼ਿਕਾਰ ਲਈ ਜੰਗਲ ਵਲ ਨਿੱਕਲਿਆ। ਉਥੇ ਸ਼ਾਹਜ਼ਾਦਾ ਅਲੈਕਸੀ ਇਕ ਦੁਰਘਟਨਾ ਵਿਚ ਡੂੰਘੀ ਸੱਟ ਖਾ ਬੈਠਾ। ਦੇਰ ਦਾ ਰੁਕਿਆ ਖ਼ੂਨ ਫਿਰ ਵਗਣ ਲੱਗਾ....ਉਹੋ ਪੁਰਾਣੀ ਬਿਮਾਰੀ। ਪਹਿਲਾਂ ਸ਼ਾਹਜ਼ਾਦਾ ਦੇਰ ਤਕ ਦਰਦ ਨਾਲ ਉੱਚੀ-ਉੱਚੀ ਚੀਕਾਂ ਮਾਰਦਾ ਰਿਹਾ, ਪਰ ਜਦੋਂ ਥੱਕ ਗਿਆ ਤਾਂ ਧੀਮੀ ਸੁਰ ਵਿਚ ਬੈਠੇ ਗਲੇ ਨਾਲ ਵਿਲਕਦਾ ਰਿਹਾ। ਉਸ ਨੂੰ ਪਤਾ ਲੱਗ ਗਿਆ ਸੀ ਕਿ ਮੌਤ ਨੇੜੇ ਆ ਗਈ ਹੈ। ਮਾਂ ਨੂੰ ਪੁੱਛਿਆ-"ਮਰਨ ਪਿੱਛੋਂ ਦਰਦ ਹਟ ਜਾਂਦਾ ਹੈ ਮਾਂ?" ਮੇਰੀ ਕਬਰ ਉਪਰ ਇਕ ਨਿੱਕਾ ਪੱਥਰ ਆਪਣੇ ਹੱਥ ਨਾਲ ਰੱਖੀਂ ਮਾਮਾ। ਰਾਤ ਦੇ ਨੇਰ੍ਹੇ ਵਿਚ ਨਾ ਮੈਨੂੰ ਦੱਬੀਂ। ਦਿਨ ਵਿਚ, ਨੀਲੇ ਆਕਾਸ਼ ਹੇਠ ਦਫ਼ਨਾਈ।" ਮਾਂ ਜਾਣ ਗਈ ਕਿ ਅੱਠ ਸਾਲਾ ਰਾਜਕੁਮਾਰ ਜੀਵਨ ਦੇ ਅੰਤਮ ਸੱਚ ਦੇਖ ਕੇ ਸਮਝ ਗਿਆ ਹੈ। ਡ਼ੈਦੋਰੋਵ ਤੇ ਰੱਕਾਸ ਦੋ ਸਰਜਨ ਰਾਜਧਾਨੀ ਵਿਚੋਂ ਬੁਲਾਏ ਗਏ। ਬੱਚੇ ਦੀ ਜਾਂਚ ਕਰਨ ਪਿੱਛੋਂ ਦੋਹਾਂ ਨੇ ਸਿਰ ਹਿਲਾ ਕੇ ਕਿਹਾ-"ਜਦੋਂ ਮੈਨੂੰ ਪਤਾ ਹੈ ਖ਼ੂਨ ਨਹੀਂ ਰੁਕੇਗਾ, ਆਪਣੇ ਹੱਥੀਂ ਸ਼ਾਹਜ਼ਾਦੇ ਨੂੰ ਕਿਉਂ ਮਾਰਾਂ? ਜਿੰਨੇ ਸਾਹ ਲਿਖੇ ਹਨ, ਲੈਣ ਦਿਓ।" ਸ਼ਾਹਜ਼ਾਦੇ ਦੀ ਮੌਤ ਉਪਰੰਤ ਜਿਹੜਾ ਬੁਲੇਟਿਨ ਕੱਢਣਾ ਹੈ, ਸਟਾਫ਼ ਅਤੇ ਡਾਕਟਰ ਤਿਆਰ ਕਰਨ ਲੱਗ ਪਏ। ਅੰਤਮ ਸਮੇਂ ਦੀਆਂ ਧਾਰਮਿਕ ਰਸਮਾਂ ਸ਼ੁਰੂ ਹੋਈਆਂ। ਅਚਾਨਕ ਮਹਾਰਾਣੀ ਨੇ ਐਨਾ ਨੂੰ ਕਿਹਾ-ਰਾਸਪੁਤਿਨ ਦੂਰ ਆਪਣੇ ਪਿੰਡ ਵਿਚ ਹੈ। ਉਸ ਨੂੰ ਤਾਂ ਇਹ ਖ਼ਬਰ ਦੇ ਦੇਹ ਕਿ ਸ਼ਹਿਜ਼ਾਦਾ ਜਾ ਰਿਹਾ ਹੈ। ਐਨਾ ਨੇ ਤਾਰ ਦੇ ਦਿੱਤੀ। ਰਾਸਪੁਤਿਨ ਦੀ ਬੇਟੀ





ਮਾਰੀਆ ਆਪਣੀ ਕਿਤਾਬ ਵਿਚ ਲਿਖਦੀ ਹੈ-ਪਾਪਾ ਰੋਟੀ ਖਾ ਰਿਹਾ ਸੀ ਜਦੋਂ ਤਾਰ ਮਿਲੀ। ਖਾਣਾ ਛੱਡ ਕੇ ਉਹ ਤੁਰੰਤ ਬੰਦਗੀ ਕਰਨ ਲੱਗ ਪਿਆ। ਦੇਰ ਤੱਕ ਪ੍ਰਾਰਥਨਾ ਕਰਦਿਆਂ ਉਸ ਦਾ ਰੰਗ ਜ਼ਰਦ ਹੋ ਗਿਆ ਤੇ ਸਾਰਾ ਸਰੀਰ ਪਸੀਨੇ ਨਾਲ ਭਿੱਜ ਗਿਆ। ਉਹ ਤੇਜ਼-ਕਦਮੀ ਡਾਕਖਾਨੇ ਗਿਆ ਤੇ ਇਹ ਤਾਰ ਭੇਜੀ, "ਰਾਜਕੁਮਾਰ ਦੀ ਬਿਮਾਰੀ ਗੰਭੀਰ ਨਹੀਂ ਹੈ। ਡਾਕਟਰਾਂ ਨੂੰ ਕਹੋ ਉਸ ਨੂੰ ਥਕਾਉਣ ਨਾ।" ਥੋੜ੍ਹੀ ਕੁ ਦੇਰ ਬਾਦ ਇਕ ਹੋਰ ਤਾਰ ਭੇਜੀ, "ਰੱਬ ਨੇ ਮੇਰੀ ਫਰਿਆਦ ਸੁਣ ਲਈ ਹੈ ਮਹਾਰਾਣੀ। ਅਲੈਕਸੀ ਠੀਕ ਹੈ।"

ਸ਼ਾਹਜ਼ਾਦੇ ਦੀ ਹਾਲਤ ਸੁਧਰਨ ਲੱਗ ਪਈ। ਅਗਲੀ ਸਵੇਰ ਉਨ੍ਹਾਂ ਹੀ ਡਾਕਟਰਾਂ ਨੇ ਕਿਹਾ-ਇਹ ਹੁਣ ਖ਼ਤਰੇ ਤੋਂ ਬਾਹਰ ਹੈ। ਫੈਸਲਾ ਹੋਇਆ ਕਿ ਹੁਣ ਮਰੀਜ਼ ਨੂੰ ਮਹਿਲ ਵਿਚ ਲਿਜਾਇਆ ਜਾਏ। ਪੱਛਮੀ ਰੇਲਵੇ ਕਮਾਂਡਰ ਹਸਕਿਥ ਨੇ ਮਹਿਕਮੇ ਨੂੰ ਪੂਰੀ ਸਾਵਧਾਨੀ ਵਰਤਣ ਲਈ ਕਿਹਾ ਕਿ ਰਸਤੇ ਵਿਚ ਕਿਤੇ ਹਿਚਕੋਲਾ ਨਾ ਲੱਗੇ। ਰਾਹ ਵਿਚ ਇਕ ਵਾਰ ਵੀ ਗੱਡੀ ਨੂੰ ਬਰੇਕ ਨਹੀਂ ਲਾਏ ਗਏ।

ਦੂਰ ਬੈਠਾ ਰਾਸਪੁਤਿਨ ਟੈਲੀਫ਼ੋਨ ਰਾਹੀਂ ਵੀ ਆਪਣੇ ਮੁਰੀਦਾਂ ਨੂੰ ਰਾਜ਼ੀ ਕਰ ਦਿੰਦਾ ਸੀ, ਅਜਿਹੀਆਂ ਅਫ਼ਵਾਹਾਂ ਪਹਿਲਾਂ ਵੀ ਤੁਰ ਰਹੀਆਂ ਸਨ, ਪਰ ਇਨ੍ਹਾਂ ਨੂੰ ਸ਼ਰਧਾਲੂਆਂ ਦੇ ਗਪੌੜ ਕਿਹਾ ਜਾਂਦਾ ਸੀ। ਸ਼ਾਹਜ਼ਾਦੇ ਵਾਲੀ ਤਤਕਾਲੀ ਘਟਨਾ ਦੇ ਗਵਾਹ ਤਾਂ ਕਿਸੇ ਤਰ੍ਹਾਂ ਵੀ ਉਸ ਦੇ ਹੱਕ ਵਿਚ ਨਹੀਂ ਸਨ। ਮਹਿਲ ਦੇ ਅੰਦਰ ਅਤੇ ਬਾਹਰਲੇ ਲੋਕਾਂ ਨੇ ਡਾਕਟਰਾਂ ਨੂੰ ਇਸ ਘਟਨਾ ਬਾਰੇ ਪੁੱਛਿਆ, ਡਾਕਟਰਾਂ ਦਾ ਉਤਰ ਹੁੰਦਾ-ਪਤਾ ਨਹੀਂ। ਮੌਤ ਵਾਪਸ ਚਲੀ ਗਈ।

ਰਾਸਪੁਤਿਨ ਦੇ ਆਲੇ-ਦੁਆਲੇ ਬਹੁਗਿਣਤੀ ਸੰਗਤ ਗਰੀਬ ਕਿਸਾਨਾਂ ਤੇ ਮਜ਼ਦੂਰਾਂ ਦੀ ਜੁੜਦੀ, ਟੁੱਟੇ ਹੋਏ, ਥੁੜਾਂ ਦੇ ਮਾਰੇ ਲੋਕ। ਕੋਈ ਵਜ਼ੀਰ ਆਉਂਦਾ, ਧਨੀ ਆਉਂਦਾ, ਪੈਸਿਆਂ ਦਾ ਢੇਰ ਲਾ ਦਿੰਦਾ, ਤਾਂ ਸਾਧ ਆਪ-ਪਾਸ ਬੈਠਿਆਂ ਵਿਚ ਵੰਡ ਦਿੰਦਾ। ਸਾਰੇ ਪੈਸੇ ਨਹੀਂ ਵੰਡਦਾ ਸੀ, ਸਾਰੇ ਆਪਣੇ ਕੋਲ ਵੀ ਨਹੀਂ ਰੱਖਦਾ ਸੀ। ਕੋਈ ਧਨਾਢ ਖਾਲੀ ਹੱਥ ਆ ਜਾਂਦਾ, ਤਾਂ ਕਹਿ ਵੀ ਦਿੰਦਾ-ਪੈਸੇ ਲਿਆਇਆ ਕਰ। ਪੁੰਨ ਕਰੀਦਾ ਹੈ। ਦੋਸਤੋਵਸਕੀ ਅਤੇ ਟਾਲਸਟਾਇ ਦਾ ਵਿਸ਼ਵਾਸ ਸੀ ਰੂਸ ਦੀ ਮੁਕਤੀ ਅਨਪੜ੍ਹ, ਪੇਂਡੂਆਂ ਰਾਹੀਂ ਹੋਵੇਗੀ। ਰਾਸਪੁਤਿਨ ਦਾ ਆਲਾ ਦੁਆਲਾ ਇਨ੍ਹਾਂ ਸਾਹਿਤਕਰਮੀਆਂ ਦੇ ਰੰਗਮੰਚ ਵਰਗਾ ਸੀ।

ਉਹ ਜੰਗ ਦੇ ਖਿਲਾਫ਼ ਸੀ। ਸਾਲ 1913 ਵਿਚ ਦੱਸਣੀ ਸਲਾਵਾਂ ਅਤੇ ਤੁਰਕਾਂ ਵਿਚਕਾਰ ਬਲਕਾਨ ਵਿਚ ਯੁੱਧ ਛਿੜ ਗਿਆ। ਰੂਸੀ ਦੇਸ਼ ਭਗਤਾਂ ਨੇ ਕਿਹਾ-ਸਾਨੂੰ ਆਪਣੇ ਈਸਾਈ ਧਰਮ ਦੇ ਬੰਦਿਆਂ ਦੀ ਮਦਦ ਕਰਨੀ ਚਾਹੀਦੀ ਹੈ। ਰਾਸਪੁਤਿਨ ਨੇ ਇਸ ਦਾ ਵਿਰੋਧ ਕੀਤਾ। ਅਖ਼ਬਾਰ ਨੂੰ ਦਿੱਤੀ ਇੰਟਰਵਿਊ ਵਿਚ ਉਸ ਦੇ ਸ਼ਬਦ ਹਨ-"ਤੁਰਕ ਅਤੇ ਸਲਾਵ ਇਕ ਦੂਜੇ ਨੂੰ ਖਾਂਦੇ ਹਨ ਤਾਂ ਖਾਣ। ਜੇ ਉਹ ਅੰਨ੍ਹੇ ਹੋ ਗਏ ਹਨ ਤਾਂ ਮਰਨਗੇ ਹੀ। ਮੈਂ ਆਪਣੇ ਬੱਚਿਆਂ ਨੂੰ ਕਿਉਂ ਮਰਨ ਦਿਆਂ? ਅਖ਼ਬਾਰ ਦੀ ਖ਼ਬਰ ਨਾਲ ਉਸ ਨੂੰ ਸਬਰ ਨਹੀਂ ਆਇਆ। ਉਹ ਜ਼ਾਰ ਨੂੰ ਮਿਲਣ ਗਿਆ। ਉਸ ਦੇ ਸਾਹਮਣੇ ਗੋਡਿਆਂ ਭਾਰ ਹੋ ਕੇ ਪ੍ਰਾਰਥਨਾ ਕੀਤੀ ਕਿ ਦੂਰ ਬੈਠ ਕੇ ਤਮਾਸ਼ਾ ਦੇਖਣਾ ਹੈ ਦੋਖੋ। ਮੇਰਾ ਦੇਸ਼ ਇਸ ਵਿਚ ਸ਼ਾਮਲ ਨਹੀਂ ਹੋਵੇਗਾ। ਜ਼ਾਰ ਦੇ ਸਲਾਹਕਾਰ ਕਹਿ ਰਹੇ ਸਨ ਕਿ ਇਨ੍ਹਾਂ ਦੋਵਾਂ ਦੇਸ਼ਾਂ ਨੂੰ ਹਰਾ ਕੇ ਬਲਕਾਨ ਤੋਂ ਲੈ ਕੇ ਕੁਸਤੁਨਤੂਨੀਆ ਤੱਕ ਰੂਸ ਦਾ ਝੰਡਾ ਲਹਿਰਾਏਗਾ। ਜ਼ਾਰ ਨੇ ਯੁੱਧ ਤੋਂ ਕਿਨਾਰਾ ਕਰ ਲਿਆ।

ਰਾਸਪੁਤਿਨ ਜ਼ਾਰ ਨੂੰ ਅਕਸਰ ਕਹਿੰਦਾ ਹੈ ਕਿ ਪਾਰਲੀਮੈਂਟ (ਡੂਮਾ) ਦਾ ਸਤਿਕਾਰ ਕਰੋ। ਜ਼ਾਰ ਦਾ ਉੱਤਰ ਹੁੰਦਾ-ਉਥੇ ਗਧੇ ਬੈਠੇ ਹਨ। ਕੀ ਕਰਨਾ ਉਨ੍ਹਾਂ ਦਾ? ਜ਼ਾਰ ਨੇ ਉਸ ਨੂੰ ਸਰਕਾਰੀ ਸੱਦਾ ਪੱਤਰ ਦੇ ਕੇ ਕਿਹਾ ਕਿ ਜਾ ਕੇ ਡੂੰਮਾ ਦੀ ਕਾਰਵਾਈ ਦੇਖੇ। ਉਹ ਸਜ ਧਜ ਕੇ ਅੰਦਰ ਜਾ ਕੇ ਬੈਠ ਗਿਆ। ਡੂਮਾ ਦਾ ਪ੍ਰਧਾਨ ਰੋਜ਼ਾਂਕੋ ਰਾਸਪੁਤਿਨ ਨੂੰ ਨਫ਼ਰਤ ਕਰਦਾ ਸੀ। ਉਸ ਨੂੰ ਦੇਖ ਕੇ ਉਹ ਤੇਸ਼ ਵਿਚ ਆ ਗਿਆ ਤੇ ਕੋਲ ਜਾ ਕੇ ਕਿਹਾ-ਭਲੇਮਾਣਸਾਂ ਵਾਂਗ ਬਾਹਰ ਜਾਏਂਗਾ ਕਿ ਕੱਢਾਂ? ਰਾਸਪੁਤਿਨ ਨੇ ਸਟੇਟ ਦਾ ਸੱਦਾ-ਪੱਤਰ

ਜੇਬ ਵਿਚੋਂ ਕੱਢ ਕੇ ਦਿਖਾਇਆ ਤਾਂ ਪ੍ਰਧਾਨ ਹੋਰ ਭੜਕਿਆ-ਚੁੱਪ ਕਰਕੇ ਉੱਠ ਜਾ ਨਹੀਂ ਸੁਰੱਖਿਆ ਅਮਲੇ ਨੂੰ ਆਖ ਕੇ ਚੁਕਵਾ ਦਿਆਂਗਾ। ਰਾਸਪੁਤਿਨ ਉਠਿਆ, ਇਹ ਕਹਿੰਦਾ ਹੌਲੀ-ਹੌਲੀ ਤੁਰ ਪਿਆ-ਇਹੋ ਜਿਹੇ ਪਾਪੀਆਂ ਨੂੰ ਮਾਫ ਕਰੀਂ ਮਾਲਕ। ਗੁਸੈਲੀ ਨਜ਼ਰ ਨਾਲ ਪ੍ਰਧਾਨ ਵੱਲ ਤੱਕਦਿਆਂ ਉਹ ਬਾਹਰ ਚਲਾ ਗਿਆ। ਉਹ ਚਾਹੁੰਦਾ ਤਾਂ ਜ਼ਾਰ ਕੋਲ ਸ਼ਿਕਾਇਤ ਕਰ ਸਕਦਾ ਸੀ, ਕਿਉਂਕਿ ਇਹ ਤਾਂ ਮਹਿਲ ਦਾ ਅਪਮਾਨ ਹੋਇਆ ਸੀ, ਪਰ ਉਸ ਨੇ ਇਹ ਕਹਿ ਕੇ ਗੱਲ ਟਾਲ ਦਿੱਤੀ-ਮਸਾਂ ਮਸਾਂ ਗਰੀਬਾਂ ਦੀ ਅ ਵਾਜ਼ ਮਹਿਲ ਦੇ ਅੰਦਰ ਜਾਣ ਲੱਗੀ ਹੈ, ਆਪਾਂ ਵੱਡਿਆਂ ਦੇ ਆਪਸੀ ਮਸਲਿਆਂ ਤੋਂ ਕੀ ਲੈਣਾ? ਡੂਮਾ ਜਾਣੇ ਜਾਂ ਬਾਦਸ਼ਾਹ ਜਾਣੇ।

ਇਲੀਆਡੋਰ, ਜਿਸ ਨੂੰ ਬਾਦਸ਼ਾਹ ਤੋਂ ਪੁੱਠੇ ਦਸਤਖ਼ਤ ਕਰਵਾ ਕੇ ਸਾਇਬੇਰੀਆ ਦੀ ਕੈਦ ਤੋਂ ਬਚਾਇਆ, ਉਸ ਦਾ ਦੁਸ਼ਮਣ ਹੋ ਗਿਆ। ਉਸਦੇ ਵੈਰੀ ਉਸ ਨੂੰ ਕਤਲ ਕਰਨ ਦੀਆਂ ਵਿਉਂਤਾਂ ਬਣਾਉਣ ਲੱਗੇ। ਜਿਨ੍ਹਾਂ ਔਰਤਾਂ ਬਾਬਤ ਸੁਣਿਆ ਸੀ ਕਿ ਰਾਸਪੁਤਿਨ ਨੇ ਉਨ੍ਹਾਂ ਨਾਲ ਬਦਸਲੂਕੀ ਕੀਤੀ, ਉਨ੍ਹਾਂ ਨੂੰ ਵਰਤਣ ਦੇ ਯਤਨ ਹੋਏ, ਕਿਉਂਕਿ ਸਭ ਤੋਂ ਅਸਾਨ ਰਸਤਾ ਇਹੋ ਸੀ। ਕੋਈ ਤਿਆਰ ਨਾ ਹੋਈ। ਇਕ ਵੇਸਵਾ ਨੂੰ ਤਿਆਰ ਕੀਤਾ ਗਿਆ। ਜਿੱਧਰ ਦੀ ਰਾਸਪੁਤਿਨ ਨੇ ਲੰਘਣਾ ਸੀ ਉਸ ਰਸਤੇ ਵਿਚ ਮੰਗਤੀ ਦਾ ਭੇਖ ਧਾਰ ਕੇ ਖਲੋ ਗਈ, ਨੇੜੇ ਆਇਆ ਤਾਂ ਪੈਸੇ ਲਈ ਹੱਥ ਅੱਡੇ। ਜਦੋਂ ਪੈਸੇ ਕੱਢਣ ਲਈ ਰਾਸਪੁਤਿਨ ਨੇ ਜੇਬਾਂ ਵਿਚ ਹੱਥ ਪਾ ਲਏ, ਤਾਂ ਤੇਜ਼ੀ ਨਾਲ ਔਰਤ ਨੇ ਉਸ ਦੇ ਪੇਟ ਵਿਚ ਛੁਰਾ ਮਾਰਿਆ। ਛੁਰਾ ਛਾਤੀ ਦੀਆਂ ਪਸਲੀਆਂ ਤੱਕ ਪੁੱਜ ਗਿਆ। ਉਹ ਦੁਬਾਰਾ ਫਿਰ ਛੁਰਾ ਘੋਪਣ ਲੱਗੀ, ਤਾਂ ਜ਼ਖ਼ਮੀ ਹੋਣ ਦੇ ਬਾਵਜੂਦ ਰਾਸਪੁਤਿਨ ਨੇ ਉਸ ਨੂੰ ਪਰ੍ਹੇ ਧੱਕ ਦਿੱਤਾ। ਉਹ ਭੱਜ ਗਈ ਤੇ ਰਾਸਪੁਤਿਨ ਧਰਤੀ 'ਤੇ ਡਿੱਗ ਪਿਆ।

ਡਾਕਟਰ ਵਲੀਦੀਮੀਰ ਤਿਊਮਨ ਸ਼ਹਿਰ ਵਿਚ ਸੀ। ਮਰੀਜ਼ ਤੱਕ ਪੁੱਜਣ ਲਈ ਉਸ ਨੂੰ ਛੇ ਘੰਟੇ ਲੱਗੇ। ਸਾਧ ਨੇ ਡਾਕਟਰ ਨੂੰ ਕਿਹਾ-ਅਨੈਸਥੀਸੀਆ ਨਹੀਂ ਲੁਆਉਣਾ। ਇਸੇ ਤਰ੍ਹਾਂ ਅਪਰੇਸ਼ਨ ਕਰ। ਇਸੇ ਤਰ੍ਹਾਂ ਆਪਰੇਸ਼ਨ ਕੀਤਾ ਗਿਆ। ਅਪਰੇਸ਼ਨ ਦੌਰਾਨ ਉਹ ਬੇਹੋਸ਼ ਹੋ ਗਿਆ। ਸੋ ਕਈ ਵਿਘਨ ਨਾ ਪਿਆ। ਪਰ ਡਾਕਟਰ ਨੇ ਦੇਖਿਆ ਕਿ ਜ਼ਖ਼ਮ ਬੜਾ ਖ਼ਤਰਨਾਕ ਹੈ। ਉਸ ਨੇ ਤਿਊਮਨ ਹਸਪਤਾਲ ਵਿਚ ਲਿਜਾਣ ਦਾ ਹੁਕਮ ਦੇ ਦਿੱਤਾ। ਰਸਤਾ ਹੁਜਕਿਆਂ ਵਾਲਾ ਵੀ ਸੀ ਲੰਮਾ ਵੀ। ਕੋਈ ਡਾਕਟਰ ਇਸ ਹਾਲਤ ਵਿਚ ਏਨੇ ਲੰਮੇ ਸਫ਼ਰ ਦੀ ਸਿਫ਼ਾਰਿਸ਼ ਨਹੀਂ ਕਰਦਾ। ਪਰ ਉਹ ਸਲਾਮਤ ਪੁੱਜ ਗਏ। ਦੇਰ ਤਾਂ ਲੱਗੀ, ਰਾਸਪੁਤਿਨ ਠੀਕ ਹੋ ਗਿਆ। ਜਾਨ ਬਚਾਉਣ ਦੇ ਇਨਾਮ ਵਜੋਂ ਮਹਾਰਾਣੀ ਨੇ ਡਾਕਟਰ ਨੂੰ ਸੋਨੇ ਦੀ ਘੜੀ ਇਨਾਮ ਦਿੱਤੀ।

ਉਸ ਦੀ ਚਿੱਠੀਆਂ ਦੋ ਕੁ ਹਵਾਲੇ ਦੇ ਦੇਣੇ ਠੀਕ ਰਹਿਣਗੇ। ਉਸ ਦੀ ਲਿਖਾਈ ਗੰਦੀ ਸੀ, ਗਰਾਮਰ ਆਉਂਦੀ ਨਹੀਂ ਸੀ ਤੇ ਸ਼ਬਦਜੋੜਾਂ ਦੀ ਹਾਲਤ ਏਨੀ ਮਾੜੀ ਕਿ 'ਰੂਸ' ਨਹੀਂ ਲਿਖਣਾ ਆਉਂਦਾ ਸੀ, ਕਿਤੇ-ਕਿਤੇ ਪਤਾ ਨਹੀਂ ਲਗਦਾ ਕਹਿ ਰਿਹੈ। ਪੇਸ਼ ਹੈ ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ ਜ਼ਾਰ ਨੂੰ ਲਿਖਿਆ ਪੱਤਰ, ਜਿਸ ਵਿਚ ਉਹ ਜੰਗ ਤੋਂ ਬਚਣ ਲਈ ਲਿਖਦਾ ਹੈ:

ਪਿਆਰੇ ਮਿੱਤਰ,

ਰੂਸ ਉਪਰ ਜ਼ਾਲਮ ਨ੍ਹੇਰੀ ਝੁੱਲ ਰਹੀ ਹੈ। ਦੁੱਖ, ਸੰਕਟ, ਨ੍ਹੇਰਾ। ਰੋਸ਼ਨੀ ਤੋਂ ਬਿਨਾਂ ਸਭ ਕੁੱਝ। ਅਣਗਿਣਤੀ ਹੰਝੂਆਂ ਦਾ ਸਮੁੰਦਰ। ਲਹੂ ਦੀ ਲਹੂ। ਕੀ ਕਹਾਂ? ਜਿੰਨੇ ਤੁਹਾਡੇ ਆਲੇ-ਦੁਆਲੇ ਤੁਹਾਡੇ ਵਫ਼ਾਦਾਰ ਮਿੱਤਰ ਹਨ ਸਭ ਤੁਹਾਨੂੰ ਜੰਗ ਵਿਚ ਰਲਣ ਦੀ ਸਲਾਹ ਦੇ ਰਹੇ ਹਨ। ਉਨ੍ਹਾਂ ਨੂੰ ਤਬਾਹੀ ਦਾ ਪਤਾ ਨਹੀਂ। ਮੈਨੂੰ ਦਿਸ ਰਹੀ ਹੈ। ਰੱਬ ਜਦੋਂ ਬੰਦਿਆਂ 'ਤੇ ਨਾਰਾਜ਼ ਹੁੰਦਾ ਹੈ ਤਾਂ ਮੱਤ ਮਾਰ ਦਿੰਦਾ ਹੈ। ਅੰਤ ਦੀ ਸ਼ੁਰੂਆਤ ਹੋ ਗਈ ਹੈ। ਤੁਸੀਂ ਜ਼ਾਰ ਹੋ, ਪਰਜਾ ਦੇ ਪਿਤਾ। ਪਾਗ਼ਲਾਂ ਦੀ ਗੱਲ ਨਾ ਸੁਣੋ। ਤੁਹਾਡੀ ਅਤੇ





ਦੇਸ਼ ਦੀ ਤਬਾਹੀ ਯਕੀਨੀ ਹੈ। ਫਰਜ਼ ਕਰ ਲਵੋ ਜਰਮਨ ਨੂੰ ਹਰਾ ਦਿਓਗੇ। ਤਾਂ ਵੀ ਮੈਂ ਕਹਿੰਦਾ ਹਾਂ ਖ਼ੂਨ ਵਿਚ ਨਹਾਉਣਾ ਠੀਕ ਨੀਂ ਹੁੰਦਾ।

-**ਗ੍ਰੈਗਰੀ**

ਜ਼ਾਰ ਨੇ ਜੰਗ ਦਾ ਐਲਾਨ ਕਰ ਦਿੱਤਾ। ਰਾਸਪੁਤਿਨ ਨੇ ਬੜੇ ਯਤਨ ਕੀਤੇ ਕਿ ਇੱਕ ਵਾਰ ਮਹਿਲ ਵਿੱਚ ਜ਼ਾਰ ਨਾਲ ਮਿਲ ਕੇ ਗੱਲ ਕਰੇ। ਉਸ ਦਾ ਰਾਬਤਾ ਮਹਿਲ ਨਾਲੋਂ ਤੋੜਿਆ ਗਿਆ। ਅਖੀਰ ਤੱਕ ਉਹ ਕਿਹਾ ਕਰਦਾ ਸੀ-ਮਿਲ ਸਕਦਾ ਤਾਂ ਮੈਂ ਜ਼ਾਰ ਨੂੰ ਰੋਕ ਲੈਣਾ ਸੀ। ਹੁਣ ਕੀ ਕਰਾਂ? ਮੇਰੀ ਅਤੇ ਜ਼ਾਰ ਦੀ ਕਿਸਮਤ ਇੱਕ ਧਾਗੇ ਨਾਲ ਬੰਨ੍ਹੀ ਗਈ ਹੈ।

ਇਕੱਲਾ ਰਾਸਪੁਤਿਨ ਨਹੀਂ, ਉਸ ਵਰਗੇ ਹੋਰ ਵੀ ਸਨ ਜੋ ਜੰਗ ਦੇ ਖਿਲਾਫ ਸਨ। ਮਹਾਰਾਣੀ ਜਰਮਨ ਸੀ, ਸਰਗੇਈ ਵਿੱਟੀ, ਜਰਮਨ ਦਾ ਹਮਾਇਤੀ ਸੀ, ਇਹ ਸਾਰੇ ਜਰਮਨ ਵਿਰੁੱਧ ਯੁੱਧ ਦਾ ਐਲਾਨ ਕਰਨ ਦੇ ਵਿਰੋਧੀ ਸਨ। ਸਰਗੇਈ ਲਿਖਦਾ ਹੈ-"ਇਹ ਆਦਮੀ ਕਿਸ ਹੱਦ ਤੱਕ ਦਾਨਸ਼ਵਰ ਹੈ, ਤੁਹਾਨੂੰ ਨਹੀਂ ਪਤਾ। ਰੂਸ ਦੀ ਰੂਹ, ਹਿਰਦੇ ਅਤੇ ਦਿਸ਼ਾ ਬਾਬਤ ਉਸ ਤੋਂ ਵਧੀਕ ਕਿਸੇ ਨੂੰ ਸਮਝ ਨਹੀਂ। ਕੋਈ ਦਿੱਬ ਦ੍ਰਿਸ਼ਟੀ ਹੈ ਉਸ ਵਿੱਚ। ਗਿਆਨ ਦੀ ਤੀਜੀ ਅੱਖ।"

ਉਸ ਨੇ ਜ਼ਾਰ ਨੂੰ ਲਿਖਿਆ-ਬੁਰਾ ਹੋਇਆ ਜਾਂ ਭਲਾ, ਕੋਈ ਪਤਾ ਨਹੀਂ, ਮੈਂ ਆਪਣੀ ਕਿਸਮਤ ਮਹਿਲਾਂ ਨਾਲ ਆਪ ਜੋੜੀ। ਮੇਰੀ ਤਬਾਹੀ ਬਾਦ ਮਹਿਲ ਅਤੇ ਮਹਿਲ ਦੀ ਤਬਾਹੀ ਬਾਦ ਮੈਂ ਨਹੀਂ ਰਹਿ ਸਕਾਂਗਾ। ਹੁਣ ਜਦੋਂ ਤੁਸੀਂ ਮੇਰੀ ਸਲਾਹ ਦੇ ਉਲਟ ਯੁੱਧ ਛੇੜ ਦਿੱਤਾ ਹੈ, ਤਾਂ ਮੇਰੇ ਕੋਲ ਫਤਿਹ ਲਈ ਅਸੀਸ ਦੇਣ ਤੋਂ ਇਲਾਵਾ ਕੀ ਹੈ? ਮੈਂ ਤੁਹਾਨੂੰ ਇਹ ਵੀ ਕਿਹਾ ਸੀ ਕਿ ਮੈਂ ਆਪਣੀ ਸਾਰੀ ਬੰਦਗੀ ਰਾਜ ਕੁਮਾਰ ਦੀ ਜ਼ਿੰਦਗੀ ਬਚਾਉਣ ਦੇ ਲੇਖੇ ਲਾ ਦਿੱਤੀ। ਮੈਂ ਸ਼ਾਹੀ ਖ਼ੂਨ ਵਗਣ ਤੋਂ ਰੋਕ ਦਿੱਤਾ। ਤੁਸੀਂ ਮੇਰੇ ਬੱਚਿਆਂ ਦਾ ਦੇਸੀ ਖ਼ੂਨ ਵਹਾਉਣ ਦਾ ਫੈਸਲਾ ਕਿਉਂ ਕਰ ਲਿਆ?

'ਅਗਸਤ 1914' ਨਾਵਲ ਦੇ ਅੰਤ ਵਿੱਚ ਸੋਲਜੇਨਿਤਸਿਨ ਲਿਖਦਾ ਹੈ, "ਰੂਸ ਉਪਰ ਪਾਗਲਾਂ ਦਾ ਰਾਜ ਹੋਏਗਾ। ਹੋਰ ਰਸਤਾ ਨਹੀਂ ਬਚਿਆ।"

2 ਜਨਵਰੀ 1915 ਨੂੰ ਗਵਰਨੈਸ ਐਨਾ ਗੱਡੀ ਵਿੱਚ ਸਫ਼ਰ ਕਰ ਰਹੀ ਸੀ ਤਾਂ ਐਕਸੀਡੈਂਟ ਹੋ ਗਿਆ। ਰੇਡੀਏਟਰ ਨੇ ਟਕਰਾ ਕੇ ਲੱਤਾਂ ਤੋੜ ਦਿੱਤੀਆਂ, ਹਸਪਤਾਲ ਲਿਜਾਣ ਤੱਕ ਬਹੁਤ ਸਮਾਂ ਲੰਘ ਗਿਆ। ਉਹ ਬੇਹੋਸ਼ ਹੋ ਗਈ, ਬੇਹੋਸ਼ੀ ਵਿੱਚ ਵੀ ਰਾਸਪੁਤਿਨ ਦਾ ਨਾਂਅ ਲੈ ਲੈ ਕੇ ਆਖਦੀ-ਮੇਰੇ ਲਈ ਦੁਆ ਕਰ ਬਾਬਾ। ਮੈਨੂੰ ਬਚਾ। ਅਗਲੇ ਦਿਨ ਰਾਸਪੁਤਿਨ ਉਸ ਨੂੰ ਮਿਲਣ ਤੁਰ ਪਿਆ। ਬਿਨਾਂ ਦੱਸੇ ਪੁੱਛੇ ਉਹ ਅੰਦਰ ਜਾ ਵੜਿਆ। ਜ਼ਾਰ ਜ਼ਾਰਿਨਾ ਅਤੇ ਡਾਕਟਰ ਉਥੇ ਬੈਠੇ ਸਨ। ਬੇਹੋਸ਼ ਐਨਾ ਦੇ ਬਚਣ ਦੀ ਉਮੀਦ ਲੱਥ ਗਈ। ਰਾਸਪੁਤਿਨ ਉਸ ਕੋਲ ਗਿਆ, ਹੱਥ ਫੜ ਕੇ ਕਿਹਾ, "ਜਾਗ ਐਨੀ। ਦੇਖ ਕੌਣ ਆਇਐ।" ਮਰੀਜ਼ ਨੇ ਅੱਖਾਂ ਖੋਲ੍ਹੀਆਂ -"ਤੁਸੀਂ ਆ ਗਏ? ਸ਼ੁਕਰ ਐ ਰੱਬਾ ਮੇਰਿਆ।" ਰਾਸਪੁਤਿਨ ਨੇ ਹਾਜ਼ਰੀਨ ਨੂੰ ਕਿਹਾ-ਬਚ ਗਈ ਹੈ। ਲੱਤਾਂ ਕਮਜ਼ੋਰ ਰਹਿਣਗੀਆਂ। ਇਹ ਆਖ ਕੇ ਉਹ ਦੂਜੇ ਕਮਰੇ ਵਿੱਚ ਗਿਆ ਤੇ ਬੇਹੋਸ਼ ਹੋ ਕੇ ਡਿੱਗ ਪਿਆ। ਸਾਰਾ ਸਰੀਰ ਪਸੀਨੇ ਨਾਲ ਨੁਚੜਣ ਲੱਗਾ। ਕਈ ਦਿਨਾਂ ਬਾਦ ਜਦੋਂ ਐਨਾ ਦੀਆਂ ਗੱਲਾਂ ਹੋਣ ਲੱਗੀਆਂ ਤਾਂ ਉਸ ਨੇ ਕਿਹਾ-ਢੇਰ ਸਾਰੀਆਂ ਲਾਸ਼ਾਂ ਵਿੱਚ ਪਈ ਐਨਾ ਨੂੰ ਪਛਾਣ ਕੇ ਮੈਂ ਚੁੱਕ ਲਿਆਇਆ। ਹੁਣ ਕੋਈ ਫ਼ਿਕਰ ਨਹੀਂ।

ਸਰਕਾਰ ਵਿੱਚ ਉਸ ਦਾ ਕਿੰਨਾ ਅਸਰ ਰਸੂਖ ਸੀ, ਇਸ ਬਾਰੇ ਸਹੀ ਨਤੀਜਾ ਕਦੀ ਨਹੀਂ ਮਿਲੇਗਾ, ਏਨੀ ਗੱਲ ਜ਼ਰੂਰ ਸੱਚੀ ਹੈ ਕਿ ਜਿਹੜਾ ਵਜ਼ੀਰ ਉਸ ਦਾ ਨਿਰਾਦਰ ਕਰਦਾ ਉਸ ਦੀ ਛੁੱਟੀ ਹੋ ਜਾਂਦੀ। ਮਹਿਲ ਅੰਦਰ ਦੋ ਧੜੇ ਸਨ, ਇੱਕ ਸਾਧ ਦੇ ਹੱਕ ਵਿੱਚ ਦੂਜਾ ਖਿਲਾਫ਼। ਦੋਵੇਂ ਜ਼ਾਰ ਦੇ ਵਫ਼ਾਦਾਰ ਸਨ, ਪਰ ਆਪਸ ਵਿੱਚ ਡਟ ਕੇ ਇੱਕ ਦੂਜੇ ਦੇ ਵਿਰੋਧੀ। ਯੁੱਧ ਮੰਤਰੀ ਪੋਲੀਵਲੋਵ ਨੇ ਰਾਸਪੁਤਿਨ ਤੋਂ

ਸਰਕਾਰੀ ਗੱਡੀ ਵਾਪਸ ਲੈ ਲਈ ਤਾਂ ਉਸ ਨੂੰ ਮੰਤਰਾਲੇ ਤੋਂ ਹੱਥ ਧੋਣੇ ਪੈ ਗਏ। ਇੱਕ ਮਿੱਤਰ ਨੇ ਇਸ ਬਰਖਾਸਤ ਵਜ਼ੀਰ ਨੂੰ ਕਿਹਾ, "ਸੁਣਿਆ ਹੈ ਤੈਨੂੰ ਇਸ ਕਰਕੇ ਹਟਾਇਐ ਕਿ ਤੂੰ ਜਰਮਨਾਂ ਨਾਲ ਰਲ ਗਿਐ।" ਮੰਤਰੀ ਨੇ ਹੱਸ ਕੇ ਕਿਹਾ, "ਬੇਵਕੂਫ਼ ਹੋ ਸਕਦਾਂ ਗੱਦਾਰ ਨਹੀਂ।"

ਸਜ਼ਾ ਯਾਫ਼ਤਾ ਲੋਕਾਂ ਦੀਆਂ ਅਣਗਿਣਤ ਰਹਿਮ ਦੀਆਂ ਅਪੀਲਾਂ ਜ਼ਾਰ ਕੋਲ ਪੁਜਦੀਆਂ, ਏਨੀਆਂ ਨੂੰ ਤਾਂ ਪੜ੍ਹਨਾ ਸੁਣਨਾ ਵੀ ਸੰਭਵ ਨਹੀਂ ਸੀ। ਲੋਕ ਰਾਸਪੁਤਿਨ ਕੋਲ ਆਉਂਦੇ। ਉਹ ਹਰੇਕ ਦੀ ਅਰਜ਼ੀ ਉਪਰ ਰਹਿਮ ਕਰਨ ਲਈ ਸਿਫਾਰਿਸ਼ ਲਿਖ ਦਿੰਦਾ। ਕਿਸੇ ਨੂੰ ਕਦੀ ਨਾਂਹ ਨਹੀਂ ਕੀਤੀ। ਕੁਝ ਕੁ ਦੋਸਤਾਂ ਨੇ ਟੋਕਿਆ ਵੀ-"ਇਨ੍ਹਾਂ ਵਿਚੋਂ ਕਈ ਸਹੀ ਸਜ਼ਾ ਦੇ ਹੱਕਦਾਰ ਹਨ, ਅਪਰਾਧੀ ਹਨ। ਤੁਸੀਂ ਹਰੇਕ ਦੀ ਸਿਫ਼ਾਰਸ਼ ਕਰੀ ਜਾਂਦੇ ਹੋ।" ਉਸ ਨੇ ਕਿਹਾ-"ਮੇਰੀ ਇਹ ਸਮਰੱਥਾ ਹੈ ਕਿ ਮੈਂ ਜਿਸ ਨੂੰ ਚਾਹਾਂ ਸਜ਼ਾ ਕਰਵਾ ਦਿਆਂ। ਕਿਸੇ ਨੂੰ ਸਜ਼ਾ ਕਰਵਾਉਣ ਲਈ ਜਿਸ ਦਿਨ ਮੈਂ ਸਿਫਾਰਸ਼ ਲਿਖੀ, ਮੇਰੇ ਹੱਥ ਵੱਢ ਦੇਣੇ ਉਸ ਦਿਨ। ਕਿਹੜਾ ਬੇਕਸੂਰ ਦਿਸਦੈ ਇਥੇ? ਰੱਬ ਨੇ ਸ਼ੌਤਿਆ ਦਿੱਤੀ ਤਾਂ ਮਾਫੀਆਂ ਕਰਾਵਾਂਗਾ। ਜਿਹੜਾ ਮਰਜ਼ੀ ਆ ਜਾਏ।" ਉਸ ਦੇ ਦਸਤਖ਼ਤ ਵਾਲਾ ਕਾਗਜ਼ ਕਰੰਸੀ ਬਣ ਜਾਂਦਾ।

ਉਹ ਕਦੀ ਇਹ ਪਰਵਾਹ ਨਹੀਂ ਕਰਦਾ ਸੀ ਉਸ ਦੀਆਂ ਸਿਫਾਰਿਸ਼ਾਂ ਦਾ ਕੀ ਹੋ ਰਿਹੈ। ਆਖਦਾ-"ਹੁਣ ਜ਼ਾਰ ਜਾਣੇ ਉਸ ਦਾ ਕੰਮ ਜਾਣੇ। ਮੈਂ ਆਪਣਾ ਕੰਮ ਕਰਾਂਗਾ, ਜ਼ਾਰ ਆਪਣਾ ਕਰੇ। ਚੰਗੇ ਕੰਮ ਕਰੇਗਾ ਤਾਂ ਸੁਖ ਪਾਏਗਾ।"

ਕਿਉਂਕਿ ਉਹ ਜਰਮਨ ਵਿਰੁੱਧ ਜੰਗ ਦਾ ਵਿਰੋਧੀ ਸੀ, ਉਸ ਦੇ ਦੁਸ਼ਮਣਾਂ ਨੇ ਉਸ ਦੇ ਖਿਲਾਫ਼ ਅਫ਼ਵਾਹਾਂ ਉਡਾਈਆਂ ਕਿ ਉਹ ਜਰਮਨਾਂ ਦਾ ਏਜੰਟ ਹੈ, ਜਰਮਨਾਂ ਨੂੰ ਬਚਾ ਰਿਹਾ ਹੈ, ਰੂਸ ਨੂੰ ਹਰਾ ਰਿਹਾ ਹੈ। ਰਾਣੀ ਵੀ ਜਰਮਨ ਹੋਣ ਕਰਕੇ ਰੂਸੀ ਫ਼ੌਜਾਂ ਨੂੰ ਮਰਵਾ ਰਹੀ ਹੈ। ਇਹੋ ਜਿਹੇ ਦੋਸ਼ ਮਹਾਰਾਣੀ ਜਿੰਦਾਂ ਉਪਰ ਲੱਗੇ ਸਨ। ਦੋਸ਼ ਲਾਉਣ ਅਤੇ ਉਸ ਨੂੰ ਸੱਚ ਮੰਨਣ ਵਾਲੇ ਪਾਗਲਾਂ ਨੂੰ ਇਹ ਨਹੀਂ ਪਤਾ ਕਿ ਕੋਈ ਮਾਂ ਆਪਣੇ ਬੇਟੇ ਦਾ ਤਾਜ ਕਿਸੇ ਹੋਰ ਦੇ ਸਿਰ 'ਤੇ ਨਹੀਂ ਦੇਖ ਸਕਦੀ ਹੁੰਦੀ।

ਕੁਮਿੱਸਰੋਵ ਪੁਲਸ ਵਲੋਂ ਲਾਇਆ ਉਸ ਦਾ ਅੰਗ ਰੱਖਿਅਕ ਸੀ। ਇੱਕ ਸ਼ਾਮ ਰਾਸਪੁਤਿਨ ਦੋਸਤਾਂ ਵਿੱਚ ਬੈਠਾ ਧਰਮ ਬਾਬਤ ਦੇਰ ਤੱਕ ਗੱਲਾਂ ਕਰਦਾ ਰਿਹਾ, ਤਾਂ ਕਮਿੱਸਰੋਵ ਉਚੀ ਅਵਾਜ਼ ਵਿੱਚ ਬੋਲਿਆ-"ਬੰਦ ਕਰੋ ਰੂਹਾਨੀ ਗੱਲਾਂ ਤੇ ਪਵਿੱਤਰ ਕਥਾ। ਦਾਰੂ ਪੀਓ ਤੇ ਅਕਲ ਦੀ ਗੱਲ ਕਰੋ।" ਰਾਸਪੁਤਿਨ ਹੱਸ ਪਿਆ। ਜਿਹੋ ਜਿਹਾ ਉਹ ਆਪ ਉਹੋ ਜਿਹੇ ਬੰਦੇ ਪਸੰਦ ਕਰਦਾ। ਸਾਰਿਆਂ ਨੇ ਜਾਮ ਛਲਕਾਏ। ਛੁਰਾ ਵੱਜਣ ਦੀ ਘਟਨਾ ਪਿਛੋਂ ਉਹ ਸ਼ਰਾਬ ਪੀਣ ਲੱਗ ਗਿਆ ਸੀ, ਜਿਸ ਨੂੰ ਕਿ ਕਈ ਦਹਾਕੇ ਹੱਥ ਨਹੀਂ ਸੀ ਲਾਇਆ।

ਇੱਕ ਦਿਨ ਜ਼ਾਰਕੀ ਸੇਲੋ ਸਟੇਸ਼ਨ ਉੱਤੇ ਰੇਲ ਗੱਡੀ ਵਿੱਚ ਬੈਠਾ ਉਹ ਵਧੀਕ ਦਾਰੂ ਪੀ ਗਿਆ ਤੇ ਕਹਿਣ ਲੱਗਾ-ਜਦੋਂ ਤਕ ਗੱਡੀ ਰੁਕੀ ਹੈ, ਜ਼ਰਾ ਟਹਿਲ ਲਵਾਂ? ਉਸ ਦੇ ਲੜਖੜਾਂਦੇ ਕਦਮਾਂ ਨੂੰ ਦੇਖ ਕੇ ਕੁਮਿੱਸਰੋਵ ਨੇ ਕਿਹਾ-ਏਨੀ ਪੀ ਕੇ ਲੋਕਾਂ ਵਿੱਚ ਫਿਰਨਾ ਠੀਕ ਨਹੀਂ। ਜੇ ਮਹਾਰਾਣੀ ਤੱਕ ਖ਼ਬਰ ਪੁੱਜ ਗਈ ਫੇਰ? ਉਸ ਨੇ ਮਹਾਰਾਣੀ ਨੂੰ ਉਹ ਗਾਲ ਵਾਹੀ ਕਿ ਕੁਮਿੱਸਰੋਵ ਨੇ ਇਹੋ ਜਿਹੇ ਸ਼ਬਦ ਕਦੀ ਨਹੀਂ ਸੁਣੇ ਸਨ, ਉਸ ਦੇ ਰੌਂਗਟੇ ਖੜ੍ਹੇ ਹੋ ਗਏ, ਝੰਜੋੜ ਕੇ ਕਹਿਣ ਲੱਗਾ-ਮੁੜ ਕੇ ਮੇਰੇ ਸਾਹਮਣੇ ਇਉਂ ਗਾਲਾਂ ਦਿੱਤੀਆਂ ਤਾਂ ਮੈਂ ਗੋਲੀ ਮਾਰ ਦਿਆਂਗਾ। ਸੈਮੁਅਲ ਲਿਖਦਾ ਹੈ, "ਗੰਗੋਲ ਦੀ ਕਲਮ ਵਾਸਤੇ 1916 ਵਿੱਚ ਅਜੇ ਬਹੁਤ ਪਾਤਰ ਮੌਜੂਦ ਸਨ।"

ਜ਼ਾਰ ਦੂਰ ਦੁਰਾਡੇ ਮੁਹਿੰਮਾਂ 'ਤੇ ਜਾਂਦਾ ਤਾਂ ਜ਼ਾਰਿਨਾ ਖਤਾਂ ਵਿੱਚ ਉਸ ਨੂੰ ਅਜਿਹਾ ਕੁੱਝ ਲਿਖਦੀ, "ਰੱਬ ਨੇ ਮਿਹਰਬਾਨ ਹੋ ਕੇ ਸਾਨੂੰ ਦੋ ਦੋਸਤ ਦਿੱਤੇ। ਇੱਕ ਫਿਲਿਪ ਦੂਜਾ ਰਾਸਪੁਤਿਨ। ਰਾਸਪੁਤਿਨ ਦੀਆਂ ਗੱਲਾਂ ਧਿਆਨ ਨਾਲ ਸੁਣਨੀਆਂ ਜ਼ਰੂਰੀ ਹਨ, ਉਹਨਾਂ ਉਪਰ ਅਮਲ ਉਸ ਤੋਂ ਵੀ ਜ਼ਰੂਰੀ। ਜਦੋਂ





ਕਦੀ ਉਸ ਦਾ ਆਖਾ ਮੋੜਿਆ, ਮੁਸੀਬਤ ਦੇਖੀ। ਉਸ ਵਲੋਂ ਕੀਤੀ ਪ੍ਰਾਰਥਨਾ ਅਤੇ ਹਦਾਇਤ ਦੋਵਾਂ ਦੀ ਸਾਨੂੰ ਲੋੜ ਹੈ।"

ਪੀਤਰੋਗਰਾਦ ਦੇ ਹਸਪਤਾਲਾਂ ਅਤੇ ਆਬਾਦੀਆਂ ਵਿੱਚ ਜਾ ਜਾ ਕੇ ਜ਼ਾਰ ਲੋਕਾਂ ਦੇ ਹਾਲ ਚਾਲ ਪੁੱਛਿਆ ਕਰਦਾ ਸੀ। ਰੁਝੇਵੇਂ ਵਧਣ ਕਰਕੇ ਉਸ ਦਾ ਫੇਰਾ ਤੋਰਾ ਘਟ ਗਿਆ। ਮੰਤਰੀਆਂ ਨੇ ਰਾਸਪੁਤਿਨ ਨੂੰ ਕਿਹਾ-ਇਹ ਜ਼ਾਰ ਦੀ ਗਲਤੀ ਹੈ, ਪਰ ਸਾਡੀ ਗੱਲ ਨਹੀਂ ਸੁਣਦਾ। ਰਾਸਪੁਤਿਨ ਨੇ ਮਹਾਰਾਣੀ ਨਾਲ ਗੱਲ ਕੀਤੀ। ਜ਼ਾਰ ਦੁਬਾਰਾ ਲੋਕਾਂ ਵਿੱਚ ਜਾਣ ਲੱਗਾ।

ਜੰਗੀ ਦਫ਼ਤਰ ਦੂਰ ਸੀ। ਜ਼ਾਰ ਨੇ ਫ਼ੈਸਲਾ ਕੀਤਾ ਕਿ ਰਾਜਕੁਮਾਰ ਨਾਲ ਜਾਏਗਾ। ਮਹਾਰਾਣੀ ਅਜਿਹਾ ਨਹੀਂ ਚਾਹੁੰਦੀ ਸੀ। ਉਸ ਨੇ ਰਾਸਪੁਤਿਨ ਨੂੰ ਕਿਹਾ, ਬਾਦਸ਼ਾਹ ਨੂੰ ਸਮਝਾਏ ਕਿ ਯੁਵਰਾਜ ਦਾ ਮਹਿਲ ਵਿੱਚ ਰਹਿਣਾ ਠੀਕ ਹੈ। ਕਹਿਣਾ ਮੰਨਣਾ ਤਾਂ ਇੱਕ ਪਾਸੇ ਬਾਦਸ਼ਾਹ ਰਾਸਪੁਤਿਨ ਨਾਲ ਗੁੱਸੇ ਹੋ ਗਿਆ। ਰਾਣੀ ਅਤੇ ਸਾਧ ਚੁੱਪ ਕਰਕੇ ਬੈਠ ਗਏ। ਬਾਦਸ਼ਾਹ ਯੁਵਰਾਜ ਸਮੇਤ ਰੇਲ ਗੱਡੀ ਵਿੱਚ ਸਵਾਰ ਹੋ ਕੇ ਜੰਗੀ ਹੈੱਡਕੁਆਰਟਰ ਨੂੰ ਚਲ ਪਿਆ। ਯਾਤਰਾ ਦੌਰਾਨ ਯੁਵਰਾਜ ਦਾ ਮੱਥਾ ਖਿੜਕੀ ਨਾਲ ਟਕਰਾ ਗਿਆ ਤੇ ਨਕਸੀਰ ਫੁੱਟ ਪਈ, ਜਿਹੜੀ ਬੰਦ ਹੋਣ ਵਿੱਚ ਨਾ ਆਈ। ਸਰਜਨ ਨੇ ਵਾਪਸ ਚੱਲਣ ਲਈ ਕਿਹਾ। ਗੱਡੀ ਰੁਕੀ। ਵਾਪਸੀ ਦਾ ਹੁਕਮ ਹੋਇਆ। ਜਿੰਨੀ ਧੀਮੀ ਗਤੀ ਹੋ ਸਕਦੀ ਸੀ, ਉਨੀ ਹੌਲੀ ਹੌਲੀ ਤੁਰੀ। ਮਹਿਲ ਵਿੱਚ ਆਉਂਦਿਆਂ ਹੀ ਰਾਤੀ ਰਾਸਪੁਤਿਨ ਨੂੰ ਫੋਨ ਕੀਤਾ ਤੇ ਮਹਿਲ ਵਿੱਚ ਬੁਲਾਇਆ। ਜੀਵਨ ਵਿੱਚ ਪਹਿਲੀ ਵਾਰ ਉਸ ਨੇ ਬਾਦਸ਼ਾਹ ਦਾ ਹੁਕਮ ਮੰਨਣੋਂ ਇਨਕਾਰ ਕੀਤਾ। ਫੋਨ ਉੱਪਰ ਕੁਝ ਹਦਾਇਤਾਂ ਦੇ ਦਿੱਤੀਆਂ। ਖ਼ੂਨ ਬੰਦ ਨਾ ਹੋਇਆ। ਅਗਲੇ ਦਿਨ ਕਾਫੀ ਲੇਟ ਮਹਿਲ ਵਿੱਚ ਦਾਖ਼ਲ ਹੋਇਆ। ਰਾਜਕੁਮਾਰ ਦੇ ਨੱਕ ਮੂੰਹ 'ਤੇ ਹੱਥ ਰੱਖਿਆ। ਖ਼ੂਨ ਬੰਦ ਹੋ ਗਿਆ। ਇਹ ਵੀ ਚਰਚਾ ਚੱਲੀ ਕਿ ਰਾਸਪੁਤਿਨ ਰੋਹਬ ਪਾਉਣ ਲਈ ਆਪੇ ਖ਼ੂਨ ਵਗਾਉਂਦਾ ਹੈ, ਆਪੇ ਬੰਦ ਕਰਦਾ ਹੈ। ਥਾਂ ਥਾਂ ਉਸ ਬਾਬਤ ਏਨੀ ਚਰਚਾ ਹੋਣ ਲੱਗ ਪਈ ਸੀ ਕਿ ਹੋਟਲ ਮਾਲਕਾਂ ਨੇ ਡਾਇਨਿੰਗ ਕਮਰਿਆਂ ਵਿੱਚ ਇਹ ਬੋਰਡ ਟੰਗ ਦਿੱਤੇ ਸਨ-"ਇਥੇ ਅਸੀਂ ਰਾਸਪੁਤਿਨ ਦੀਆਂ ਗੱਲਾਂ ਨਹੀਂ ਕਰਦੇ।"

ਖਤਾਂ ਵਿੱਚ ਅਤੇ ਗੱਲਾਂ ਬਾਤਾਂ ਵਿੱਚ ਉਹ ਜ਼ਾਰ ਨੂੰ ਪਾਪਾ ਅਤੇ ਰਾਣੀ ਨੂੰ ਮਾਮਾ ਕਿਹਾ ਕਰਦਾ ਸੀ। ਉਸ ਦਾ ਇਹ ਵਿਸ਼ਵਾਸ ਸੀ ਕਿ ਰਾਜਾ ਰਾਣੀ ਪਰਜਾ ਦੇ ਮਾਪੇ ਹੁੰਦੇ ਹਨ। ਰੂਸ ਵਿੱਚ ਫਰਾਂਸ ਦੇ ਰਾਜਦੂਤ ਮਾਰਿਸ ਨੇ 26 ਅਪ੍ਰੈਲ 1916 ਨੂੰ ਆਪਣੀ ਡਾਇਰੀ ਵਿੱਚ ਰਾਸਪੁਤਿਨ ਵਲੋਂ ਕਹੇ ਗਏ ਇਹ ਸ਼ਬਦ ਲਿਖੇ।

ਪਤੈ ਤੁਹਾਨੂੰ ਕਿ ਮੈਂ ਦੁਖਦਾਈ ਮੌਤ ਮਰਾਂਗਾ? ਪਰ ਕੀ ਕਰੀਏ, ਰੱਬ ਨੇ ਮੈਨੂੰ ਧਰਤੀ 'ਤੇ ਭੇਜਿਆ ਹੀ ਇਸ ਲਈ ਹੈ ਕਿ ਮੈਂ ਰੂਸ ਵਾਸਤੇ ਅਤੇ ਬਾਦਸ਼ਾਹ ਵਾਸਤੇ ਬਲੀਦਾਨ ਦਿਆਂ। ਪਾਪੀ ਹੋਣ ਦੇ ਬਾਵਜੂਦ ਮੈਂ ਨਿੱਕਾ ਯਸੂ ਮਸੀਹ ਹਾਂ।

ਸੇਂਟ ਪੀਟਰ ਤੇ ਸੇਂਟਪਾਲ ਦੇ ਕਿਲੇ ਲਾਗਿਓਂ ਲੰਘਦਿਆਂ ਉਸ ਨੇ ਕਿਹਾ

ਇਥੇ ਤਸੀਹੇ ਦੇ ਕੇ ਮਾਰੇ ਜਾ ਰਹੇ ਲੋਕ ਮੈਨੂੰ ਦਿਸ ਰਹੇ ਹਨ। ਇੱਕਾ ਦੁੱਕਾ ਨਹੀਂ, ਭੀੜਾਂ ਦੀਆਂ ਭੀੜਾਂ। ਲੋਥਾਂ ਦੇ ਬੱਦਲ ਉਡ ਰਹੇ ਹਨ, ਜਿਨ੍ਹਾਂ ਵਿੱਚ ਅਮੀਰ ਵੀ ਹਨ ਵਜ਼ੀਰ ਵੀ, ਅਨੇਕ ਡਿਊਕ ਅਤੇ ਸੈਂਕੜੇ ਕਾਊਂਟ। ਨੇਵਾ ਖ਼ੂਨ ਨਾਲ ਲਾਲ ਹੋ ਜਾਏਗਾ।

ਮਹਿਲ ਦੇ ਦਰਬਾਨ ਨੇ ਰਾਸਪੁਤਿਨ ਵਲੋਂ ਕਿਹਾ ਇਹ ਵਾਕ ਰਿਕਾਰਡ ਕੀਤਾ-"ਤਰਥੱਲੀ ਮੱਚੇਗੀ। ਆਪਾਂ ਸਭ ਫਾਹੇ ਲੱਗਾਂਗੇ। ਕਿਹੜਾ ਕਿਸ ਖੰਭੇ ਉੱਪਰ ਲਟਕਿਆ ਦਿੱਸੇਗਾ, ਇਸ ਨਾਲ ਹੀ ਫਰਕ ਪੈਂਦੇ?"

ਦੂਰ ਦੁਰਾਡੇ ਤੀਰਥ ਯਾਤਰਾ 'ਤੇ ਨਿਕਲ ਕੇ ਰਸਤੇ ਵਿੱਚ ਕਦੀ ਕਦਾਈਂ ਮਹਾਰਾਣੀ ਨੂੰ ਤਾਰ

ਭੇਜ ਦਿੰਦਾ। ਇੱਕ ਤਾਰ ਵਿੱਚ ਇਹ ਵਾਕ ਲਿਖਿਆ–"ਕੁਹਾੜੀ ਦਾ ਤਾਂ ਪਤਾ ਨਹੀਂ ਕਿਹੜੀ ਹੈ, ਪਰ ਵੱਡਾ ਦਰਖ਼ਤ ਵੱਢ ਦਿੱਤਾ ਜਾਏਗਾ।" ਉਹ ਥਾਂ ਥਾਂ ਕਹਿੰਦਾ ਸੀ ਮੇਰੀ ਅਤੇ ਜ਼ਾਰ ਦੀ ਹੋਣੀ ਇਕੋ ਹੈ।

ਜ਼ਾਰ ਦੇ ਭਾਈਚਾਰੇ ਵਿਚੋਂ ਇੱਕ ਡਿਊਕ ਯੂਸੋਪੋਵ (ਜ਼ਾਰ ਦਾ ਭਤੀਜਾ) ਵਿੱਚ ਪੁਰਾਣੇ ਰੋਮਨਾਂ ਯੂਨਾਨੀਆਂ ਵਰਗਾ ਆਦਰਸ਼ ਸੀ। ਉਸ ਨੂੰ ਲੱਗਣ ਲੱਗਾ ਕਿ ਸੰਸਾਰ ਯੁੱਧ ਜਿੱਤਣ ਲਈ ਰਾਸਪੁਤਿਨ ਨੂੰ ਮਾਰਨਾ ਜ਼ਰੂਰੀ ਹੈ, ਇਸ ਵਾਸਤੇ ਭਾਵੇਂ ਖੁਦ ਫਾਹੇ ਲੱਗਣਾ ਪਏ। ਉਸ ਨੂੰ ਲੱਗਾ ਇਸ ਤਰੀਕੇ ਰੂਸ ਬਚ ਜਾਏਗਾ। ਉਸ ਨੇ ਪਹਿਲਾਂ ਮਿਲਣ ਜੁਲਣ ਦੀ ਵਿਉਂਤ ਬਣਾਈ। ਦੇਰ ਬਾਦ ਰਾਸਪੁਤਿਨ ਨੂੰ ਦੇਖਿਆ, ਕੱਪੜੇ ਰੇਸ਼ਮੀ ਪਾਉਣ ਲੱਗਾ ਸੀ ਤੇ ਅਰਾਮਦਾਇਕ ਮਾਹੌਲ ਕਰਕੇ ਚਿਹਰਾ ਸਖ਼ਤ ਨਹੀਂ ਰਿਹਾ ਸੀ। ਉਸ ਨੂੰ ਇਹ ਸਾਧ ਨੀਮ ਹਕੀਮ ਫਰਾਡ ਕਿਸਮ ਦਾ ਬੰਦਾ ਨਹੀਂ ਲੱਗਾ। ਲੱਗਿਆ ਕਿ ਇਸ ਅੰਦਰ ਤਾਕਤ ਦਾ ਪਰਬਤ ਹੈ, ਪਰ ਅਕਲ ਦੀ ਘਾਟ ਕਰਕੇ ਸਹੀ ਵਰਤੋਂ ਨਹੀਂ ਕਰ ਸਕਿਆ। ਤਾਕਤ ਹੀ ਤਾਕਤ, ਜ਼ੁੰਮੇਵਾਰੀ ਕੋਈ ਨਹੀਂ।

ਬਾਰ–ਬਾਰ ਹਾਜ਼ਰੀ ਭਰਦਿਆਂ ਦੇਖ ਕੇ ਰਾਸਪੁਤਿਨ ਨੇ ਉਸ ਨੂੰ ਪੁੱਛਿਆ–"ਕੋਈ ਤਕਲੀਫ਼ ਹੈ?" ਯੂਸੋਪੋਵ ਨੇ ਸਿਰ ਹਿਲਾ ਕੇ ਕਿਹਾ ਹਾਂ। ਸਾਧ ਨੇ ਉਸ ਨੂੰ ਲੇਟ ਜਾਣ ਲਈ ਕਿਹਾ। ਯੂਸੋਪੋਵ ਦੇ ਆਪਣੇ ਸ਼ਬਦ ਹਨ।

ਉਹ ਮੇਰੇ ਉਪਰ ਝੁਕਿਆ। ਬਿਜਲੀ ਦੀ ਇੱਕ ਗਰਮ ਲਹਿਰ ਮੇਰੇ ਅੰਦਰ ਦਾਖਲ ਹੋਣ ਲੱਗੀ। ਮੈਂ ਸੁੰਨ ਹੋਣ ਲੱਗਾ ਤੇ ਸਰੀਰ ਆਕੜ ਗਿਆ। ਬੋਲਣਾ ਚਾਹਿਆ, ਪਰ ਅਵਾਜ਼ ਨਾ ਨਿਕਲੀ, ਹੌਲੀ ਹੌਲੀ ਜਿਵੇਂ ਤੇਜ਼ ਨਸ਼ਾ ਚੜ੍ਹੀ ਜਾਏ। ਮੈਂ ਬੇਹੋਸ਼ ਹੋ ਗਿਆ। ਮੈਨੂੰ ਰਾਸਪੁਤਿਨ ਦੀਆਂ ਲਿਸ਼ਕਦੀਆਂ ਦੋ ਅੱਖਾਂ ਦਿਸਦੀਆਂ ਰਹੀਆਂ, ਉਨ੍ਹਾਂ ਅੱਖਾਂ ਵਿਚੋਂ ਹੇਠਾਂ ਵੱਲ ਕਿਰਨਾਂ ਨਿਕਲ ਰਹੀਆਂ ਸਨ, ਜੋ ਘੇਰੇ ਬਣ ਬਣ ਮੇਰੇ ਸਰੀਰ ਵਿਚੋਂ ਲੰਘ ਰਹੀਆਂ ਅਤੇ ਵਾਪਸ ਮੁੜ ਰਹੀਆਂ ਸਨ।

ਯੂਸੋਪੋਵ ਪਾਰਲੀਮੈਂਟ ਮੈਂਬਰ ਅਤੇ ਜੱਜ ਮਕਲਾਕੋਵ ਦੇ ਘਰ ਗਿਆ। ਦੋਵਾਂ ਦੇ ਸਿਆਸੀ ਤੇ ਸਮਾਜੀ ਰਸਤੇ ਵੱਖ ਵੱਖ ਸਨ, ਪਰ ਡਿਊਕ ਦੇ ਬੇਟੇ ਨੂੰ ਘਰ ਆਇਆ ਦੇਖ ਕੇ ਉਹ ਖੁਸ਼ ਹੋਇਆ। ਜ਼ਾਰ ਬਾਬਤ ਗੱਲਾਂ ਕਰਦਿਆਂ ਮਹਿਮਾਨ ਨੇ ਕਿਹਾ–ਜ਼ਾਰ ਵਿਰੁੱਧ ਤੁਹਾਡੀ ਆਲੋਚਨਾ ਦਾ ਮੈਂ ਪ੍ਰਸ਼ੰਸਕ ਹਾਂ। ਮੇਜ਼ਬਾਨ ਨੇ ਕਿਹਾ–ਜ਼ਾਰ ਤਾਂ ਭਲਾ ਆਦਮੀ ਹੈ। ਸਰਕਾਰ ਰਾਸਪੁਤਿਨ ਚਲਾ ਰਿਹਾ ਹੈ। ਜੇ ਤਾਕਤ ਹਾਸਲ ਕਰਨੀ ਹੈ, ਤਾਂ ਰਾਸਪੁਤਿਨ ਨੂੰ ਖਰੀਦ ਲਓ ਜਾਂ ਮਾਰ ਲਓ। ਯੂਸੋਪੋਵ ਨੇ ਕਿਹਾ–ਵਿਕਦਾ ਨਹੀਂ ਉਹ। ਮਾਰ ਦੇਣਾ ਠੀਕ ਹੈ। ਮੇਜ਼ਬਾਨ ਬੋਲਿਆ ਮਾਰਨ ਦਾ ਕੀ ਲਾਭ ਹੋਏਗਾ? ਇਹ ਮਰੇਗਾ ਇਹ ਦੀ ਥਾਂ ਕੋਈ ਹੋਰ ਲੈ ਲਏਗਾ। ਮਹਿਮਾਨ ਨੇ ਕਿਹਾ–ਨਹੀਂ, ਇਹ ਗੱਲ ਨਹੀਂ। ਰਾਸਪੁਤਿਨ ਦਾ ਬਦਲ ਕੋਈ ਹੈ ਈ ਨਹੀਂ। ਮਾਰਨਾ ਦਰੁਸਤ ਹੈ। ਮੇਜ਼ਬਾਨ ਨੂੰ ਇਹ ਨਹੀਂ ਪਤਾ ਸੀ ਕਿ ਮਹਿਮਾਨ ਕਤਲ ਕਰਨ ਲਈ ਏਨਾ ਸੰਜੀਦਾ ਹੈ। ਉਸ ਨੇ ਕਿਹਾ–

ਤੂੰ ਉਸ ਦੀ ਰੂਹਾਨੀ ਤਾਕਤ ਮੰਨਣ ਤੋਂ ਇਨਕਾਰੀ ਹੈ ਯੂਸੋਪੋਵ। ਇਨ੍ਹਾਂ ਮਾਮਲਿਆਂ ਬਾਰੇ ਮੈਨੂੰ ਤੇਰੇ ਤੋਂ ਵਧੀਕ ਪਤਾ ਹੈ। ਮੇਰੇ 'ਤੇ ਇਤਬਾਰ ਕਰ। ਰਾਸਪੁਤਿਨ ਜਿਹੜੀ ਸ਼ਕਤੀ ਕਮਾ ਚੁੱਕਾ ਹੈ, ਸਦੀਆਂ ਬਾਦ ਉਹ ਕਿਸੇ ਬੰਦੇ ਵਿੱਚ ਦਿਸਦੀ ਹੈ। ਉਹਨੂੰ ਮਾਰ ਦਈਏ ਤਾਂ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਮਹਾਰਾਣੀ ਪਾਗਲਖਾਨੇ ਪਹੁੰਚ ਜਾਏਗੀ ਤੇ ਜ਼ਖਮੀ ਬਾਦਸ਼ਾਹ ਸੰਵਿਧਾਨਕ ਤੌਰ 'ਤੇ ਤਾਨਾਸ਼ਾਹ ਹੋ ਜਾਏਗਾ।

ਮੈਕਲਾਕੋਵ ਪਾਰਲੀਮੈਂਟ ਵਿੱਚ ਆਪੋਜ਼ੀਸ਼ਨ ਦਾ ਲੀਡਰ ਸੀ ਤੇ ਹੰਢਿਆ ਹੋਇਆ ਸਿਆਸਤਦਾਨ। ਯੂਸੋਪੋਵ ਇਹ ਨਹੀਂ ਸਮਝ ਸਕਿਆ ਕਿ ਸਿਆਸਤ ਦੀ ਬਣਤਰ ਕਿੰਨੀ ਗੁੰਝਲਦਾਰ ਹੈ। ਮੇਜ਼ਬਾਨ ਨੇ ਮਹਿਮਾਨ ਨੂੰ ਕਿਹਾ–ਅੱਛਾ ਜੇ ਤੈਨੂੰ ਇਹੀ ਰਾਹ ਸਹੀ ਲਗਦਾ ਹੈ, ਤਾਂ ਮਾਰ ਦੇਹ ਫੇਰ।





ਮਹਿਮਾਨ ਬੋਲਿਆ–ਮੈਂ ਸ਼ਾਹੀ ਖਾਨਦਾਨ ਵਿਚੋਂ ਹਾਂ। ਮੇਰੇ ਵਲੋਂ ਮਹਿਲ ਵਿੱਚ ਸਤਿਕਾਰਤ ਬੰਦੇ ਦਾ ਕੀਤਾ ਕਤਲ ਸਿੱਧਾ ਕਾਮਰੇਡੀ ਇਨਕਲਾਬ ਨੂੰ ਬੁਲਾਵਾ ਹੋਵੇਗਾ। ਤੁਹਾਡੇ ਸੰਪਰਕ ਵਿੱਚ ਕਾਮਰੇਡ ਖਾੜਕੂ ਜ਼ਰੂਰ ਹੋਣਗੇ। ਇਹ ਕੰਮ ਕਿਸੇ ਤੋਂ ਤੁਸੀਂ ਕਰਵਾ ਦਿਓ।

ਮੇਜ਼ਬਾਨ ਹੱਸ ਪਿਆ, ਕਿਹਾ–ਸ਼ਾਹਜ਼ਾਦੇ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦਾ ਨੇਤਾ ਹੋਣਾ ਹੋਰ ਗੱਲ ਹੁੰਦੀ ਹੈ ਕਾਮਰੇਡੀ ਹੋਰ ਚੀਜ਼। ਜੇ ਮੈਂ ਜ਼ਾਰ ਦੀਆਂ ਨੀਤੀਆਂ ਦਾ ਵਿਰੋਧੀ ਹਾਂ। ਇਸ ਦਾ ਅਰਥ ਇਹ ਨਹੀਂ ਕਿ ਮੈਂ ਮਹਿਲ ਦੇ ਵਿਰੁੱਧ ਹਾਂ ਤੇ ਕਾਮਰੇਡਾਂ ਦੀ ਹਮਾਇਤ ਲੈ ਸਕਦਾ ਹਾਂ। ਮੈਂ ਕਮਿਊਨਿਜ਼ਮ ਦਾ ਕੱਟੜ ਵਿਰੋਧੀ ਹਾਂ ਤੇ ਉਨ੍ਹਾਂ ਦੇ ਬੰਦਿਆਂ ਨਾਲ ਸੰਪਰਕ ਦਾ ਸਵਾਲ ਈ ਨਹੀਂ। ਕਾਮਰੇਡਾਂ ਦਾ ਵਸ ਚੱਲੇ, ਤਾਂ ਉਹ ਸਾਰੀ ਪਾਰਲੀਮੈਂਟ ਭਸਮ ਕਰ ਦੇਣ ਸਮੇਤ ਮੇਰੇ।

ਯੂਸੋਪੋਵ ਹੋਰ ਬੰਦੇ ਲੱਭਣ ਤੁਰ ਪਿਆ। ਪੁਰਿਸ਼ਕ ਡੂਮਾ ਦਾ ਮੈਂਬਰ ਸੱਜੀ ਧਿਰ ਸੀ, ਯਾਨੀ ਕਿ ਸਰਕਾਰ ਵੱਲ। ਉਹ ਮਹਿਲ ਦਾ ਏਨਾ ਭਗਤ ਸੀ ਕਿ ਉਸ ਬਾਰੇ ਇਹ ਟਿੱਪਣੀ ਪ੍ਰਚੱਲਤ ਹੋ ਗਈ– ਪੁਰਿਸ਼ਕ ਏਨਾ ਸੱਜੇ ਚਲਦਾ ਹੈ ਕਿ ਉਸ ਦੇ ਸੱਜੇ ਪਾਸੇ ਕੰਧ ਆ ਜਾਏ ਤਾਂ ਰੁਕਦਾ ਹੈ ਨਹੀਂ ਤਾਂ ਹੋਰ ਸੱਜੇ ਚਲਾ ਜਾਵੇ। ਰਾਸਪੁਤਿਨ ਦੀ ਵਜਾ ਕਰਕੇ ਉਹ ਵੀ ਨਰਾਜ਼ ਹੋ ਗਿਆ। ਉਸ ਨੇ ਪਾਰਲੀਮੈਂਟ ਵਿੱਚ ਜ਼ਬਰਦਸਤ ਤਕਰੀਰ ਕੀਤੀ।

ਦੇਸ਼ ਯੁੱਧ ਵਿੱਚ ਗ੍ਰਸਤ ਹੈ। ਆਪਾਂ ਆਪੋ ਵਿੱਚ ਜੋ ਮਰਜ਼ੀ ਹੋਈਏ ਜੰਗ ਜਿੱਤਣਾ ਸਭ ਦੀ ਇੱਛਾ ਹੈ। ਸਾਡੇ ਜੁਆਨ ਧੜਾ ਧੜ ਮਰ ਰਹੇ ਹਨ। ਸਰਹੱਦ 'ਤੇ ਉਦੋਂ ਜਿੱਤਾਂਗੇ, ਜਦੋਂ ਪਿਛੇ ਵਾਲਾ ਰਹਿੰਦਾ ਮੁਲਕ ਸਹੀ ਹੋਵੇਗਾ। ਇਥੇ ਰਾਸਪੁਤਿਨ ਸਰਕਾਰ ਚਲਾ ਰਿਹਾ ਹੈ। ਦਿਖਾਵਾਂ ਤੁਹਾਨੂੰ ਉਹ ਚਿੱਠੀਆਂ ਤੇ ਤਾਰਾਂ ਜਿਹੜੀਆਂ ਉਹ ਵਜ਼ੀਰਾਂ ਅਤੇ ਜਰਨੈਲਾਂ ਨੂੰ ਉਸ ਦੇ ਕੰਮ ਕਰਨ ਬਾਰੇ ਲਿਖਦਾ ਹੈ? ਜਿਹੜਾ ਵਜ਼ੀਰ ਉਸ ਦਾ ਕਿਹਾ ਨੀ ਮੰਨਦਾ ਉਸ ਨੂੰ ਘਰ ਤੋਰ ਦਿੱਤਾ ਜਾਂਦਾ ਹੈ। ਚਲੋ ਆਪਾਂ ਸਾਰੇ ਜ਼ਾਰ ਅੱਗੇ ਸਿਆਪਾ ਕਰੀਏ ਕਿ ਏਸ ਭੂਤ ਨੂੰ ਕੱਢ ਤੇ ਰੂਸ ਨੂੰ ਬਚਾ। ਪਾਰਲੀਮੈਂਟ ਨੂੰ ਬਚਾ। ਡੂਮਾ ਦੀ ਸੱਜੀ ਧਿਰ, ਖੱਬੀ ਧਿਰ, ਵਿਚਕਾਰਲੀ ਧਿਰ, ਸਭ ਨੇ ਤਾੜੀਆਂ ਦੀ ਗੁੰਜਾਰ ਨਾਲ ਇੱਕ ਜਬਾਨ ਹੋ ਕੇ ਕਿਹਾ– ਸ਼ਾਬਾਸ਼ ਪੁਰਿਸ਼ਕੇ ! ਸ਼ਾਬਾਸ਼ !

ਇਸ ਭਾਸ਼ਣ ਵੇਲੇ ਯੂਸੋਪੋਵ 19 ਨਵੰਬਰ 1916 ਨੂੰ ਪਾਰਲੀਮੈਂਟ ਹਾਊਸ ਵਿੱਚ ਬੈਠਾ ਸੀ। ਇਹੀ ਤਾਂ ਉਸ ਦੇ ਦਿਲ ਵਿੱਚ ਸੀ। ਆਪਣੀ ਡਚੈੱਸ ਮਾਂ ਨੂੰ ਉਸ ਨੇ ਲਿਖਿਆ–ਅਸੀਂ ਉਸ ਥਾਂ 'ਤੇ ਬੈਠੇ ਹਾਂ ਜਿਥੇ ਸਭ ਨੂੰ ਪਤਾ ਹੈ ਜੁਆਲਾਮੁਖੀ ਫਟੇਗਾ। ਕੰਵਰ ਨੇ ਪੁਰਿਸ਼ਕੇ ਨਾਲ ਕਤਲ ਦੀ ਗੱਲ ਕੀਤੀ ਤਾਂ ਉਸ ਨੇ ਤੁਰੰਤ ਹਾਂ ਕਰ ਦਿੱਤੀ। ਇੱਕ ਜੁਆਨ ਅਫਸਰ ਸੁਖਾਤਿਨ ਤੇ ਡਾਕਟਰ ਲਜੋਵਰ ਸ਼ਾਮਲ ਕਰ ਲਏ।

ਇੱਕ ਦਸੰਬਰ ਨੂੰ ਹੋਈ ਮੀਟਿੰਗ ਵਿੱਚ ਫੈਸਲਾ ਹੋਇਆ ਕਿ ਡਿਊਕ ਦੇ ਸਭ ਤੋਂ ਵੱਡੇ ਮਹਿਲ ਵਿੱਚ ਰਾਸਪੁਤਿਨ ਨੂੰ ਸੱਦਿਆ ਜਾਏ। ਉਸ ਨੂੰ ਕਹਾਂਗੇ ਕਿ ਆਇਰੀਨਾ, ਡਿਊਕ ਦੀ ਪਤਨੀ ਠੀਕ ਨਹੀਂ ਰਹਿੰਦੀ। ਉਸ ਦਾ ਇਲਾਜ ਕਰਨਾ ਹੈ। ਫਿਰ ਸ਼ਰਾਬ ਵਿੱਚ ਸਾਇਨਾਈਡ ਮਿਲਾ ਕੇ ਪਿਲਾ ਦਿਆਂਗੇ। ਜੇ ਸ਼ਰਾਬ ਪੀਣ ਤੋਂ ਇਨਕਾਰ ਕੀਤਾ, ਤਾਂ ਸਾਇਨਾਈਡ ਵਾਲੇ ਬਿਸਕੁਟ ਖੁਆਵਾਂਗੇ। ਉਸ ਦਿਨ ਆਇਰੀਨਾ ਦੂਜੇ ਮਹਿਲ ਵਿੱਚ ਦੂਰ ਹੋਵੇਗੀ। ਦੋ ਹਫ਼ਤਿਆਂ ਬਾਦ ਦੀ ਤਰੀਕ 16 ਦਸੰਬਰ ਮਿਥੀ ਗਈ।

ਏਧਰ ਰਾਸਪੁਤਿਨ ਆਪਣੇ ਪ੍ਰਸ਼ੰਸਕਾਂ ਅਤੇ ਮਹਾਰਾਣੀ ਨੂੰ ਦੱਸ ਰਿਹਾ ਸੀ ਕਿ ਉਹ ਇਸ ਵਾਰ ਦੀ ਕ੍ਰਿਸਮਿਸ ਨਹੀਂ ਦੇਖ ਸਕੇਗਾ। ਜੰਗੀ ਫਰੰਟ ਤੋਂ ਇੱਕ ਹਫ਼ਤੇ ਦੀ ਛੁੱਟੀ ਕੱਟਣ ਲਈ ਜ਼ਾਰ ਮਹਿਲ ਵਿੱਚ ਆਇਆ। ਰਾਸਪੁਤਿਨ ਨੂੰ ਸੱਦ ਕੇ ਅਸੀਸ ਮੰਗੀ। ਅਸੀਸ ਦੀ ਥਾਂ ਸਾਧ ਨੇ ਕਿਹਾ–ਅੱਜ ਤਾਂ ਮੈਨੂੰ ਤੂੰ ਅਸੀਸ ਦੇਹ ਬਾਦਸ਼ਾਹ। ਇਹ ਆਖ ਕੇ ਆਖਰੀ ਵਾਰ ਉਸ ਨੇ ਜ਼ਾਰ ਦਾ ਹੱਥ ਚੁੰਮਿਆ।

ਪਰਿਵਾਰ ਦੇ ਜੀਅ ਦਸਦੇ ਹਨ ਕਿ ਦਸੰਬਰ ਦੇ ਪਹਿਲੇ ਦੋ ਹਫ਼ਤੇ ਉਹ ਉਦਾਸ ਰਿਹਾ। ਆਪਣੀ ਸਕੱਤਰ ਸੀਮਾਨੋਵਿਚ ਨੂੰ ਕਿਹਾ-ਤੇਜ਼ੀ ਨਾਲ ਕੰਮ ਨਬੇੜ। ਤੇਰਾਂ ਦਸੰਬਰ ਨੂੰ ਉਸ ਨੇ ਆਪਣਾ ਬੈਂਕ ਬੇਲੈਂਸ ਧੀ ਮਾਰੀਆ ਦੇ ਨਾਮ ਕਰ ਦਿੱਤਾ ਤੇ ਸਾਰੇ ਕਾਗਜ਼ ਪੱਤਰ ਸਾੜ ਦਿੱਤੇ। ਇਥੋਂ ਇਹ ਤਾਂ ਲਗਦਾ ਹੈ ਕਿ ਉਸ ਨੂੰ ਆਪਣੀ ਮੌਤ ਦਾ ਪੱਕਾ ਪਤਾ ਸੀ ਪਰ ਜੇ ਇਹ ਗੱਲ ਸੀ ਤਾਂ ਫੇਰ ਯੂਸੋਪੋਵ ਦਾ ਸੱਦਾ ਪ੍ਰਵਾਨ ਕਿਉਂ ਕੀਤਾ? ਜਿਹੜਾ ਹੋਰਾਂ ਨੂੰ ਜਿਉਂਦੇ ਕਰ ਸਕਦਾ ਹੈ, ਆਪ ਕਿਉਂ ਮਰਨ ਲਈ ਤੁਰ ਪਿਆ? ਉਸ ਦੇ ਮੁਰੀਦਾਂ ਕੋਲ ਇਸ ਦਾ ਕੋਈ ਉੱਤਰ ਨਹੀਂ। ਉਸ ਦੇ ਹੱਥੀਂ ਲਿਖਿਆ ਇਹ ਖ਼ਤ ਪਿਆ ਹੈ-

ਪਿਆਰਿਓ,

ਖਤਰਾ ਸਿਰ ਉੱਪਰ ਚੱਕਰ ਕੱਟ ਰਿਹਾ ਹੈ। ਮੁਸੀਬਤ ਆਏਗੀ ਭਾਰੀ। ਰੱਬ ਦੀ ਦਿਆਲੂ ਮਾਂ ਦਾ ਚਿਹਰਾ ਕਾਲਾ ਪੈ ਗਿਆ ਹੈ। ਰੂਹ ਰਾਤ ਦੀ ਖਾਮੋਸ਼ੀ ਵਿੱਚ ਸਮਾ ਗਈ ਹੈ। ਅਸਮਾਨ ਗੁਸੈਲਾ ਹੈ ਤੇ ਲਾਇਲਾਜ, ਲਿਖਿਆ ਹੋਇਆ ਹੈ-ਹੁਸ਼ਿਆਰ ਖ਼ਬਰਦਾਰ। ਨਾ ਘੜੀ ਦਾ ਪਤਾ ਨਾ ਪਲ ਦਾ। ਡਰ ਨਾਲ ਲਹੂ ਜਮ ਗਿਆ ਹੈ। ਏਨਾ ਨੇਰ੍ਹਾ ਕਿ ਹੱਥ ਨੂੰ ਹੱਥ ਨਹੀਂ ਦਿਸਦਾ। ਮੈਂ ਮਹਾਨ ਸ਼ਹਾਦਤ ਪੀਆਂਗਾ। ਆਪਣੇ ਕਾਤਲਾਂ ਨੂੰ ਮਾਫ਼ ਕਰਕੇ ਪ੍ਰਭੂ ਦੇ ਚਰਨਾਂ ਵਿੱਚ ਥਾਂ ਪਾਵਾਂਗਾ। ਵੱਡੇ ਤਾਂ ਮਰ ਜਾਣੇ ਹਨ, ਛੋਟੇ ਭੁਗਤਣਗੇ। ਅਣਗਿਣਤ ਮਰਨਗੇ। ਭਰਾ ਹੱਥੋਂ ਭਰਾ ਕਤਲ ਹੋਏਗਾ। ਧਰਤੀ ਕੰਬੇਗੀ, ਭੁੱਖ, ਸੋਕਾ, ਕਾਲ ਦੁਨੀਆਂ ਦੇਖੇਗੀ। ਖੁਸ਼ਹਾਲੀ ਕਦੀ ਫੇਰ ਠਹਿਰ ਕੇ ਆਏਗੀ।

12 ਦਸੰਬਰ ਨੂੰ ਜਾਰਕੀ ਸੇਲੋ ਮਹਿਲ ਵਿੱਚ ਮਹਾਰਾਣੀ ਨਾਲ ਉਸ ਨੇ ਆਖਰੀ ਖਾਣਾ ਖਾਧਾ। ਜ਼ਾਰਿਨਾ ਨੂੰ ਕਿਹਾ-ਬਾਦਸ਼ਾਹ ਨੂੰ ਕਹਿਣਾ ਤਕੜਾ ਰਹੇ। ਹੌਂਸਲਾ ਰੱਖੇ। ਉਸ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਪੁਛਿਆ-ਮੇਰੇ ਬਿਨਾਂ ਕੰਮ ਚਲਾ ਲਉਗੇ ਨਾ? ਦੂਜੇ ਸ਼ਹਿਰ ਜਾਣ ਲੱਗੇ ਬੇਟੇ ਨੂੰ ਕਿਹਾ-ਜੇ ਐਤਕੀ ਦੀ ਕ੍ਰਿਸਮਿਸ ਦੇਖ ਲਈ ਫੇਰ ਕੁਝ ਨੀਂ ਹੁੰਦਾ। ਪਰ ਮੇਰੀ ਰੂਹ ਦਰਦ ਵਿੱਚ ਹੈ। ਆਰਾਮ ਪਲ ਭਰ ਨਹੀਂ।

ਰਾਸਪੁਤਿਨ ਨੇ ਯੂਸੋਪੋਵ ਦਾ ਪਿਆਰਾ ਨਾਮ-ਛੋਟੂ ਰੱਖ ਲਿਆ ਸੀ। ਉਸ ਤੋਂ ਉਹ ਦੇਸੀ ਜਿਪਸੀ ਗੀਤ ਸੁਣਦਾ ਤੇ ਸੁਣ ਕੇ ਕਹਿੰਦਾ ਖਾਨਾਬਦੋਸ਼ਾਂ ਨੂੰ ਲੈ ਕੇ ਆਈਂ ਅਗਲੀ ਵਾਰ। ਉਨ੍ਹਾਂ ਦੇ ਮੂਹੋਂ ਸੁਣਾਂਗੇ। ਯੂਸੋਪੋਵ ਨੇ ਉਸ ਨੂੰ ਫੋਨ ਕਰਕੇ ਕਿਹਾ-"ਮੇਰੀ ਪਤਨੀ, ਠੀਕ ਨਹੀਂ ਰਹਿੰਦੀ। ਉਸ ਲਈ ਪ੍ਰਾਰਥਨਾ ਕਰਨ ਮਾਈਕਾ ਮਹਿਲ ਵਿੱਚ ਤੁਸੀਂ 16 ਦਸੰਬਰ ਨੂੰ ਆਉਣਾ।" ਸਾਧ ਨੇ ਕਿਹਾ ਲੈ ਜਾਏਂਗਾ ਤਾਂ ਚੱਲ ਪਊਂਗਾ। 15 ਦਸੰਬਰ ਨੂੰ ਡਾਕਟਰ ਨੇ ਉਸ ਕਾਰ ਦਾ ਹਰ ਪੱਖੋਂ ਮੁਆਇਨਾ ਕਰਕੇ "ਸਿਹਤ ਸੇਵਾਵਾਂ" ਲਿਖਵਾਇਆ, ਜਿਹੜੀ ਅਗਲੇ ਦਿਨ ਵਰਤੀ ਜਾਣੀ ਸੀ। ਇਸੇ ਵਿੱਚ ਸਾਧ ਦੀ ਲਾਸ਼ ਦਰਿਆ ਵਿੱਚ ਵਗਾਹੁਣੀ ਸੀ।

16 ਦਸੰਬਰ ਦੀ ਸਵੇਰ ਬਹੁਤ ਠੰਢੀ ਸੀ, ਕੁਹਰਾ ਪਿਆ ਹੋਇਆ। ਰਾਸਪੁਤਿਨ ਜਲਦੀ ਉਠਿਆ। ਚੁਸਤੀ ਫੁਰਤੀ ਨਾਲ ਨਹਾਇਆ। ਫਿਰ ਗਿਰਜੇ ਮੱਥਾ ਟੇਕਣ ਗਿਆ। ਗਿਆਰਾਂ ਵਜੇ ਹਰ ਰੋਜ਼ ਵਾਂਗ ਸੰਗਤ ਦਰਸ਼ਨ ਸ਼ੁਰੂ ਹੋਇਆ। ਇੱਕ ਔਰਤ ਅੰਦਰ ਆਈ ਤੇ ਉਧਰ ਬੈਠ ਗਈ, ਜਿਧਰ ਇੱਕ ਪਾਸੇ ਬਾਕੀ ਔਰਤਾਂ ਬੈਠੀਆਂ ਸਨ। ਉਹ ਚੇਤੰਨ ਸਾਹਿਤਕਾਰ, ਪੱਤਰਕਾਰ ਤੇ ਦੇਸ਼ਭਗਤ ਬੀਬੀ ਸੀ ਜਿਸ ਨੂੰ ਲਗਦਾ ਸੀ ਸਾਧ ਦੇਸ਼ ਦਾ ਨੁਕਸਾਨ ਕਰ ਰਿਹਾ ਹੈ। ਉਹ ਡੇਰਾਵਾਦ ਦੇ ਖਿਲਾਫ਼ ਸੀ। ਇਹੀ ਗੱਲਾਂ ਉਹ ਸਾਧ ਨਾਲ ਕਰਨ ਆਈ ਸੀ। ਸਾਧ ਉਠਿਆ ਤੇ ਉਸ ਪਾਸੇ ਚਲਾ ਗਿਆ। ਔਰਤਾਂ ਖੜ੍ਹੀਆਂ ਹੋ ਗਈਆਂ, ਕੁੱਝ ਉਸ ਦੇ ਹੱਥ ਚੁੰਮਣ ਲੱਗੀਆਂ ਕੁਝ ਚੋਲੇ ਨੂੰ ਚੁੰਮਣ ਲੱਗੀਆਂ। ਉਸ ਨੇ ਸਾਰੀਆਂ ਨੂੰ ਪਰੇ ਧੱਕ ਦਿੱਤਾ ਤੇ ਨਵੀਂ ਆਈ ਔਰਤ ਨੇੜੇ ਜਾ ਕੇ ਉਸ ਵੱਲ ਦੇਖਣ ਲੱਗਾ। ਉਹ ਦਸਦੀ ਹੈ ਉਸ ਦੀਆਂ ਅੱਖਾਂ





ਵਿੱਚ ਕੀ ਸੀ ਪਤਾ ਨਹੀਂ, ਮੈਂ ਉਸ ਵਲੋਂ ਨਜ਼ਰ ਹਟਾ ਨਾ ਸਕੀ, ਉਸ ਨੇ ਆਪੇ ਦੂਜੇ ਪਾਸੇ ਮੂੰਹ ਕੀਤਾ ਤਾਂ ਮੈਂ ਪੁੱਛਿਆ ਕਿ ਕੀ ਤੁਹਾਨੂੰ ਪਤਾ ਹੈ ਤੁਸੀਂ ਕਿੰਨਾ ਨੁਕਸਾਨ ਕਰ ਰਹੇ ਹੋ? ਕੀ ਤੁਹਾਨੂੰ ਰੂਸ ਦੇ ਇਤਿਹਾਸ ਦਾ ਪਤਾ ਹੈ, ਕੀ ਤੁਸੀਂ ਜ਼ਾਰ ਨੂੰ ਪਿਆਰ ਕਰਦੇ ਹੋ? ਉਸਨੇ ਉੱਤਰ ਦਿੱਤਾ-

ਸੱਚ ਮੰਨ ਮੈਂ ਇਤਿਹਾਸ ਨਹੀਂ ਪੜ੍ਹਿਆ। ਮੈਂ ਸਿੱਧੜ ਅਨਪੜ੍ਹ ਸਾਧ ਹਾਂ, ਅਗਿਆਨੀ। ਸਿਰਫ਼ ਪੜ੍ਹ ਲੈਂਦਾ ਹਾਂ। ਲਿਖਤ ਦਾ ਇਹ ਹਾਲ ਹੈ ਕਿ ਮੈਥੋਂ ਮੇਰਾ ਲਿਖਿਆ ਪੜ੍ਹ ਨਹੀਂ ਹੁੰਦਾ। ਬਤੌਰ ਇੱਕ ਕਿਸਾਨ, ਮੈਂ ਜ਼ਾਰ ਨੂੰ ਦਿਲੋਂ ਪਿਆਰ ਕਰਦਾ ਹਾਂ। ਮੈਨੂੰ ਪਤਾ ਹੈ ਮੈਥੋਂ ਉਸ ਦਾ ਅਤੇ ਉਸ ਦੇ ਪਰਿਵਾਰ ਦਾ ਨੁਕਸਾਨ ਹੋਇਆ ਹੈ ਪਰ ਮੈਂ ਸਹੁੰ ਖਾਨਾ, ਨਿੱਕੀ ਮਾਂ ਕਿ ਮੇਰਾ ਇਰਾਦਾ ਨੁਕਸਾਨ ਕਰਨ ਦਾ ਨਹੀਂ ਸੀ...ਛੋਟੀ ਮਾਂ ਮੇਰਾ ਅੰਤ ਨੇੜੇ ਹੈ। ਮੈਨੂੰ ਮਾਰਨਗੇ, ਮੇਰੀ ਮੌਤ ਦੇ ਤਿੰਨ ਮਹੀਨਿਆਂ ਤੋਂ ਵੱਧ ਤਾਜ਼ ਨਹੀਂ ਬਚੇਗਾ। ਤੂੰ ਆਈ, ਚੰਗਾ ਹੋਇਆ। ਮੈਂ ਜਾਣ ਗਿਆਂ ਤੂੰ ਦਿਲੋਂ ਮੇਰੀ ਗੱਲ ਸੁਣੀ ਹੈ। ਤੈਨੂੰ ਮਿਲਣਾ ਚੰਗਾ ਵੀ ਲੱਗਾ, ਡਰ ਵੀ ਲੱਗਾ।

ਉਹ ਔਰਤ ਬੇਝਿਜਕ ਹੋ ਗਈ ਤੇ ਪੁੱਛਿਆ-ਤੁਹਾਡੇ ਚੇਲੇ ਤੁਹਾਨੂੰ ਪਵਿੱਤਰ ਸੰਤ ਕਿਉਂ ਮੰਨਦੇ ਹਨ? ਪਿਤਾ ਕਹਿ ਕੇ ਕਿਉਂ ਬੁਲਾਉਂਦੇ ਹਨ?

ਉਸ ਨੇ ਸਿੱਧਾ ਉੱਤਰ ਦਿੱਤਾ-ਅਹਿ ਬੈਠੇ ਨੇ ਤੇਰੇ ਸਾਹਮਣੇ। ਇਨ੍ਹਾਂ ਤੋਂ ਪੁੱਛ। ਮੈਥੋਂ ਕੀ ਪੁੱਛਣਾ? ਜੇ ਇਨ੍ਹਾਂ ਨੂੰ ਮੇਰੇ ਵਿੱਚ ਅਜਿਹੀਆਂ ਖੂਬੀਆਂ ਦਿੱਸ ਰਹੀਆਂ ਨੇ ਜਿਹੜੀਆਂ ਮੇਰੇ ਵਿੱਚ ਨਹੀਂ ਹਨ ਤਾਂ ਮੈਂ ਕੋਈ ਬੇਵਕੂਫ਼ ਆਂ ਕਿ ਇਨ੍ਹਾਂ ਨੂੰ ਆਪਣੀ ਇੱਜ਼ਤ ਕਰਨੋ ਹਟਾਵਾਂ?

ਜਾਣ ਲੱਗੀ ਤਾਂ ਰਾਸਪੁਤਿਨ ਬੋਲਿਆ-ਮੈਨੂੰ ਤੇਰੀ ਅਸੀਸ ਚਾਹੀਦੀ ਹੈ ਅੱਜ। ਮੇਰੀ ਰੂਹ ਉਪਰ ਵੱਡਾ ਭਾਰ ਹੈ।

ਦੁਪਹਿਰ ਵੇਲੇ ਉਹ ਥੱਕ ਗਿਆ। ਕਿਤੋਂ ਬੇਨਾਮੀ ਫੋਨ ਆਇਆ, ਕਿਹਾ ਕਿ ਤੁਹਾਨੂੰ ਕਤਲ ਕਰਨ ਦੀ ਵਿਉਂਤ ਹੈ। ਫੋਨ ਦਾ ਵਧੀਕ ਅਸਰ ਨਹੀਂ ਹੋਇਆ। ਦਾਰੂ ਪੀਣੀ ਸ਼ੁਰੂ ਕਰ ਦਿੱਤੀ। ਏਨੀ ਪੀ ਲਈ ਕਿ ਇੱਕ ਹੋਰ ਫੋਨ ਆਇਆ ਤਾਂ ਚੁੱਕਿਆ ਨਾ ਗਿਆ। ਫਿਰ ਉਹ ਸ਼ਾਮ ਤੱਕ ਸੁੱਤਾ ਰਿਹਾ।

ਸ਼ਾਮੀ ਗਵਰਨੈੱਸ ਰੁਬੋਵਾ ਤੇ ਮੁਨਾ ਆਈਆਂ, ਤਾਂ ਬੜਾ ਸੁਹਣਾ ਬੁੱਤ ਦਿਖਾਇਆ, ਜਿਹੜਾ ਮਹਾਰਾਣੀ ਨੇ ਰਾਸਪੁਤਿਨ ਨੂੰ ਤੋਹਫੇ ਵਜੋਂ ਭੇਜਿਆ ਸੀ। ਇਸ ਦੇ ਪਿਛੇ ਮਹਾਰਾਣੀ ਨੇ, ਯੁਵਰਾਜ ਨੇ ਅਤੇ ਯੁਵਰਾਣੀਆਂ ਨੇ ਦਸਤਖਤ ਕੀਤੇ ਹੋਏ ਹਨ।

ਉਸ ਨੇ ਰੁਬੋਵਾ ਤੇ ਮੁਨਾ ਨੂੰ ਦੱਸਿਆ ਕਿ ਦੇਰ ਰਾਤ ਨੂੰ ਯੂਰੋਪੋਵ ਨੇ ਬੁਲਾਇਆ ਹੈ। ਇਰੀਨਾ ਦੀ ਤਬੀਅਤ ਠੀਕ ਨਹੀਂ। ਕੁੜੀਆਂ ਗੁੱਸੇ ਨਾਲ ਬੋਲੀਆਂ-ਰਾਤ ਨੂੰ ਕਿਉਂ ਬੁਲਾਇਐ ਉਹਨੇ? ਦਿਨ ਵਿੱਚ ਬੁਲਾਉਂਦਿਆਂ ਬਦਨਾਮੀ ਹੁੰਦੀ ਹੈ? ਰਾਤੀ ਨਹੀਂ ਜਾਣਾ ਉਥੇ। ਰਾਸਪੁਤਿਨ ਨੇ ਕਿਹਾ-ਠੀਕ ਐ, ਠੀਕ ਐ। ਨਹੀਂ ਜਾਂਦਾ।

ਰਾਤ ਪੈਣ ਲੱਗੀ, ਇਸ਼ਨਾਨ ਕਰਕੇ ਮਖਮਲ ਦੇ ਨਵੇਂ ਵਸਤਰ ਪਹਿਨੇ। ਨਵੇਂ ਬੂਟ ਪਾਏ। ਕਢਾਈ ਕੀਤੀ ਰੇਸ਼ਮੀ ਕਮੀਜ਼ ਪਹਿਨੀ, ਲੱਕ ਦੁਆਲੇ ਨਾਭੀ ਕਮਰ-ਬੰਦ ਲਪੇਟਿਆ। ਨੌਕਰਾਣੀ ਇਵਾਨੋਵਾ ਨੂੰ ਕਿਹਾ-ਛੋਟੂ ਵੱਲ ਜਾਵਾਂਗਾ। ਚੰਗਾ?

ਇਸ ਦਿਨ ਸਵੇਰਸਾਰ ਕੰਵਰ ਯੂਸੋਪੋਵ ਵੀ ਗਿਰਜੇ ਵਿੱਚ ਮੱਥਾ ਟੇਕਣ ਗਿਆ, ਕਿਉਂਕਿ ਪਵਿੱਤਰ ਕਾਰਜ ਨਿਭਾਉਣਾ ਸੀ। ਫਿਰ ਉਹ ਉਸ ਕਮਰੇ ਦੀ ਇੰਸਪੈਕਸ਼ਨ ਕਰਨ ਗਿਆ, ਜਿਥੇ ਰਾਸਪੁਤਿਨ ਨੂੰ ਮਾਰਨਾ ਸੀ। ਰਾਤ ਪਈ ਤਾਂ ਉਹ ਮਹਿਲ ਦੇ ਪਿਛਲੇ ਪਾਸਿਓਂ ਦੀ ਸਾਧ ਨੂੰ ਅੰਦਰ ਲੈ ਕੇ ਆਏਗਾ ਤਾਂ ਕਿ ਕੋਈ ਦੇਖੇ ਨਾ। ਮਹਿਲ ਦੇ ਇੱਕ ਕੋਨੇ ਵਿੱਚ ਉਚੀ ਆਵਾਜ਼ ਵਿੱਚ ਗ੍ਰਾਮੋਫੋਨ ਵਜੇਗਾ, ਦੱਸਾਂਗੇ ਕਿ ਪਾਰਟੀ ਹੋ ਰਹੀ ਹੈ, ਇਰੀਨਾ ਉਧਰ ਹੈ ਕਿ ਪੀਣ ਖਾਣ ਤੋਂ ਪਿਛੋਂ ਉਸ ਨੂੰ ਮਿਲਾਵਾਂਗੇ। ਰਾਤ ਦੇ ਗਿਆਰਾਂ

ਵਜੇ ਟੀਮ ਦੇ ਬਾਕੀ ਮੈਂਬਰ ਪੁੱਜ ਗਏ। ਡਾਕਟਰ ਨੇ ਦਸਤਾਨੇ ਪਹਿਨ ਕੇ ਕਰੀਮ ਬਿਸਕੁਟਾਂ ਅਤੇ ਕੇਕ ਉਪਰ ਸਾਇਨਾਈਡ ਧੂੜਿਆ। ਫਿਰ ਦੂਜੇ ਕਮਰੇ ਵਿੱਚ ਚਲੇ ਗਏ । ਵਿਸਕੀ ਵਾਲੇ ਗਲਾਸਾਂ ਵਿੱਚ ਸਾਇਨਾਈਡ ਪਾਇਆ। ਇਹ ਧਿਆਨ ਰੱਖਿਆ ਗਿਆ ਕਿ ਦੇਰ ਤੱਕ ਪਿਆ ਰਹੇ ਤਾਂ ਜ਼ਹਿਰ ਉਡ ਜਾਂਦਾ ਹੈ। ਉਦੋਂ ਧੂੜਿਆ ਜਦੋਂ ਰਾਸਪੁਤਿਨ ਨੂੰ ਦੇਣਾ ਸੀ। ਯੁਸੂਪੋਵ ਨੇ ਕਿਹਾ-ਇੰਨੇ ਕੁ ਜ਼ਹਿਰ ਨਾਲ ਮਰ ਵੀ ਜਾਊਗਾ ਉਹ? ਡਾਕਟਰ ਹੱਸ ਪਿਆ-ਇੱਕ ਵਾਰੀ ਨਹੀਂ, ਕਈ ਵਾਰ ਮਰੇਗਾ ਇਸ ਨਾਲ ਤਾਂ।

ਡਿਊਕ ਰਾਸਪੁਤਿਨ ਦੇ ਘਰ ਪੁੱਜਾ, ਘੰਟੀ ਮਾਰੀ, ਰਾਸਪੁਤਿਨ ਨੇ ਕਿਹਾ-ਇਕੱਲਾ ਈ ਆ ਛੋਟੂ, ਉਪਰ ਆ ਜਾਹ, ਬੱਚੇ ਸੌਂ ਗਏ ਹਨ। ਨੌਕਰਾਣੀ ਜਾਗਦੀ ਸੀ। ਉਸ ਨੇ ਇਹ ਗੱਲਾਂ ਸੁਣੀਆਂ ਤੇ ਦੋਵਾਂ ਨੂੰ ਬਾਹਰ ਨਿਕਲਦਿਆਂ ਦੇਖਿਆ। ਮਹਿਲ ਵਿੱਚ ਪੁੱਜ ਗਏ। ਨਿੱਘੇ ਕਮਰੇ ਵਿੱਚ ਬੈਠੇ। ਕੰਵਰ ਨਾਲ ਦੇ ਕਮਰੇ ਵਿਚੋਂ ਬਿਸਕੁਟਾਂ ਦੀ ਪਲੇਟ ਲਿਆਇਆ। ਰਾਸਪੁਤਿਨ ਨੇ ਖਾਣ ਤੋਂ ਇਨਕਾਰ ਕਰ ਦਿੱਤਾ। ਫਿਰ ਕੇਕ ਪੇਸ਼ ਕੀਤਾ, ਤਾਂ ਸਾਧ ਨੇ ਇਹ ਕਹਿ ਕੇ ਮਨ੍ਹਾਂ ਕਰ ਦਿੱਤਾ-ਮੇਰੀ ਧੀ ਨੇ ਕਿਹਾ ਹੋਇਐ ਏਨਾ ਮਿੱਠਾ ਨਹੀਂ ਖਾਣਾ। ਕੰਵਰ ਨੇ ਜ਼ਿੱਦ ਕੀਤੀ-ਸਿਰਫ਼ ਇੱਕ। ਬਸ ਇੱਕ। ਉਸ ਨੇ ਇੱਕ ਬਿਸਕੁਟ ਤੇ ਇੱਕ ਪੀਸ ਕੇਕ ਦਾ ਖਾ ਲਿਆ। ਗੱਲਾਂ ਕਰਨ ਲੱਗੇ। ਕੰਵਰ ਦੇਖਦਾ ਰਿਹਾ। ਜ਼ਹਿਰ ਦਾ ਅਸਰ ਨਹੀਂ ਹੋ ਰਿਹਾ। ਕੰਵਰ ਘਬਰਾ ਗਿਆ। ਫ਼ਿਰ ਜ਼ਹਿਰ ਵਾਲਾ ਗਲਾਸ ਚੁੱਕ ਲਿਆਇਆ ਤੇ ਵਿਸਕੀ ਪੀਣ ਲਈ ਕਿਹਾ। "ਵਿਸਕੀ ਨਹੀਂ ਪੀਣੀ" ਰਾਸਪੁਤਿਨ ਨੇ ਕਿਹਾ। ਅੱਛਾ ਵਾਈਨ (ਫਲਾਂ ਦੀ ਸ਼ਰਾਬ) ਲਿਆਉਂਦਾ ਹਾਂ। ਗਲਾਸ ਭਰ ਕੇ ਸਾਇਨਾਇਡ ਮਿਲਾ ਕੇ ਵਾਈਨ ਲਿਆਂਦੀ। ਉਹ ਪੀ ਗਿਆ। ਗੱਲਾਂ ਕਰਦਾ ਰਿਹਾ। ਕੋਈ ਅਸਰ ਨਹੀਂ।

ਉਸ ਦੀ ਮੌਤ ਦਾ ਇਹ ਪੱਖ ਸਭ ਤੋਂ ਵਧੀਕ ਚਰਚਿਤ ਰਿਹਾ ਕਿ ਉਸ ਉਪਰ ਸਾਇਨਾਈਡ ਦਾ ਅਸਰ ਕਿਉਂ ਨਾ ਹੋਇਆ। ਕਾਤਲ ਕੋਈ ਬੱਚੇ ਨਹੀਂ ਸਨ, ਡਾਕਟਰ ਉਨ੍ਹਾਂ ਵਿੱਚ ਮੌਜੂਦ ਸੀ। ਫਿਰ ਗੈਰ ਕੁਦਰਤੀ ਵਰਤਾਰਾ ਕਿਉਂ? ਕਾਤਲ ਇਹ ਵੀ ਨਹੀਂ ਚਾਹੁੰਦੇ ਹੁੰਦੇ ਕਿ ਮਕਤੂਲ ਨੂੰ ਉਨ੍ਹਾਂ ਦੇ ਇਰਾਦਿਆਂ ਦਾ ਪਤਾ ਲੱਗ ਜਾਏ। ਘਬਰਾਹਟ ਵਿੱਚ ਡਿਊਕ ਗੱਲਾਂ ਵੀ ਜਾਰੀ ਨਹੀਂ ਰੱਖ ਸਕਦਾ ਸੀ। ਦੋ ਵਾਰ ਪੌੜੀਆਂ ਚੜ੍ਹ ਕੇ ਦੱਸਣ ਵਾਸਤੇ ਉਪਰ ਗਿਆ ਕਿ ਜ਼ਹਿਰ ਬੇਅਸਰ ਹੈ। ਬਦਰੂਹਾਂ ਉਸ ਦੀਆਂ ਮਦਦਗਾਰ ਹਨ, ਇਹ ਸੋਚ ਕੇ ਡਾਕਟਰ ਬੇਹੋਸ਼ ਹੋ ਗਿਆ।

ਗਿਟਾਰ ਉਪਰ ਨਜ਼ਰ ਪਈ, ਤਾਂ ਰਾਸਪੁਤਿਨ ਨੇ ਕਿਹਾ-ਛੋਟੂ, ਗਿਟਾਰ ਤਾਂ ਵਜਾ ਜਰਾ। ਵਜਾਈ ਤਾਂ, ਪਰ ਕਿਹੜੀ ਸੁਰ ਨਿਕਲਦੀ ਉਸ ਵੇਲੇ? ਟੂੰ ਟਾਂ ਕੀਤੀ ਬੇਕਾਰ। ਮੌਤ ਨੇੜੇ ਤੇੜੇ ਵੀ ਨਹੀਂ। ਪਰ ਅੱਜ ਨਹੀਂ ਤਾਂ ਕਦੀ ਨਹੀਂ। ਡਿਊਕ ਦੂਜੇ ਕਮਰੇ ਵਿਚੋਂ ਰਿਵਾਲਵਰ ਚੁੱਕ ਲਿਆਇਆ। ਰਾਸਪੁਤਿਨ ਕੁਰਸੀ ਤੋਂ ਉਠ ਕੇ ਟਹਿਲਣ ਲੱਗਾ, ਫਿਰ ਡਿਊਕ ਨੂੰ ਕਿਹਾ-ਜਿਪਸੀਆਂ ਦੇ ਗੀਤ ਸੁਣਨ ਚੱਲੀਏ? ਡਿਊਕ ਨੇ ਕਿਹਾ-ਨਹੀਂ, ਹੁਣ ਦੇਰ ਹੋ ਚੁੱਕੀ ਹੈ। ਹੁਣ ਨਹੀਂ। ਕਮਰੇ ਵਿੱਚ ਸੁਹਣਾ ਕਰਾਸ ਸੀ। ਸੰਤ, ਕਰਾਸ ਲਾਗੇ ਜਾ ਕੇ ਆਪਣਾ ਹੱਥ ਉਪਰ ਹੇਠ ਸੱਜੇ ਖੱਬੇ, ਸਲਾਮ ਕਰਨ ਹੀ ਲੱਗਾ ਸੀ ਕਿ ਕੰਵਰ ਨੇ ਕਿਹਾ ਤੇਰਾ ਅੰਤ ਆ ਗਿਆ। ਰਿਵਾਲਵਰ ਤਾਣੀ ਖਲੋਤੇ ਮੇਜ਼ਬਾਨ ਵੱਲ ਮਹਿਮਾਨ ਨੇ ਗੁੱਸੇ ਨਾਲ ਨਹੀਂ ਦੇਖਿਆ। ਸ਼ਾਂਤ ਰਿਹਾ। ਕੰਵਰ ਉਸ ਦੇ ਪਿਛਲੇ ਪਾਸੇ ਚਲਾ ਗਿਆ ਤੇ ਪਿਛੋਂ ਦੀ ਗੋਲੀ ਦਾਗ ਦਿੱਤੀ। ਸਾਧ ਹੇਠ ਵਿਛੀ ਰਿੱਛ ਦੀ ਖੱਲ ਉੱਪਰ ਡਿੱਗ ਪਿਆ।

ਗੋਲੀ ਦੀ ਆਵਾਜ਼ ਸੁਣ ਕੇ ਬਾਕੀ ਹੇਠ ਆ ਗਏ। ਖੱਲ ਉਪਰੋਂ ਲਾਸ਼ ਚੁੱਕ ਲਈ ਤਾਂ ਕਿ ਉਸ ਉੱਪਰ ਵਧੀਕ ਖ਼ੂਨ ਨਾ ਜੰਮ ਜਾਏ। ਸਵੇਰੇ 3 ਵਜੇ ਦਾ ਸਮਾਂ ਸੀ। ਇੱਕ ਦੀ ਡਿਊਟੀ ਲਹੂ ਭਿੱਜੇ ਕੱਪੜਿਆਂ ਨੂੰ ਅੱਗ ਵਿੱਚ ਸਾੜਨ ਦੀ ਸੀ। ਬਾਕੀ ਦੇ ਉਸ ਨੂੰ ਨਦੀ ਵਿੱਚ ਸੁੱਟਣਗੇ। ਸਾਰੇ ਹੌਂਸਲੇ ਵਿੱਚ ਹੋ ਗਏ ਕਿ ਦੇਸ਼ ਨੂੰ ਇੱਕ ਪਾਪੀ ਤੋਂ ਮੁਕਤੀ ਮਿਲੀ।





ਬਾਕੀਆਂ ਨੂੰ ਬਾਹਰ ਲਾਅਨ ਵਿੱਚ ਛਡ ਕੇ ਕੰਵਰ ਇੱਕ ਵਾਰ ਫੇਰ ਉਸੇ ਕਮਰੇ ਵਿੱਚ ਚਲਾ ਗਿਆ। ਆਪਣੇ ਸ਼ਿਕਾਰ ਨੂੰ ਦੁਬਾਰਾ ਦੇਖਣਾ ਚਾਹਿਆ। ਉਹ ਦੱਸਦਾ ਹੈ-"ਮੈਂ ਝੁਕਿਆ, ਨਬਜ਼ ਦੇਖੀ ਰੁਕ ਗਈ ਸੀ। ਮੈਨੂੰ ਏਨਾ ਗੁੱਸਾ ਚੜ੍ਹਿਆ ਹੋਇਆ ਸੀ ਕਿ ਮੈਂ ਉਸ ਦਾ ਸਰੀਰ ਝੰਜੋੜ ਦਿੱਤਾ। ਮੈਨੂੰ ਦਹਿਲ ਪੈ ਗਿਆ ਜਦੋਂ ਮੈਂ ਦੇਖਿਆ, ਪਹਿਲਾਂ ਖੱਬੀ ਫੇਰ ਉਹਨੇ ਸੱਜੀ ਅੱਖ ਖੋਲ੍ਹੀ। ਅਚਾਨਕ ਰਾਸਪੁਤਿਨ ਕੰਵਰ ਦੇ ਪੈਰਾਂ ਵਲ ਲਪਕਿਆ ਤੇ ਹੇਠ ਸੁੱਟ ਕੇ ਇਉਂ ਫੜਿਆ ਜਿਵੇਂ ਗਲ ਘੁੱਟਣਾ ਹੋਵੇ। ਮੂੰਹ ਵਿਚੋਂ ਖ਼ੂਨ ਅਤੇ ਝੱਗ ਨਿਕਲਦੀ ਰਹੀ ਤੇ ਬਾਰ ਬਾਰ ਮੇਰਾ ਨਾਂਅ ਲੈਂਦਾ ਰਿਹਾ।"

ਮਸਾਂ ਆਪਣੇ ਆਪ ਨੂੰ ਛੁਡਾ ਕੇ ਉਹ ਸਾਥੀਆਂ ਕੋਲ ਗਿਆ। ਮੋਢੇ ਤੋਂ ਕਮੀਜ਼ ਫਟ ਗਈ। ਸਾਥੀਆਂ ਨੂੰ ਦੱਸਿਆ ਕਿ ਅਜੇ ਜਿਉਂਦੈ। ਉਹ ਗੱਲ ਕਰ ਹੀ ਰਿਹਾ ਸੀ ਕਿ ਭਾਰੇ ਕਦਮਾਂ ਦੀ ਅਵਾਜ਼ ਸੁਣਾਈ ਦਿੱਤੀ, ਦਰਵਾਜ਼ਾ ਖੁੱਲ੍ਹਾ। ਰਾਸਪੁਤਿਨ ਵਿਹੜੇ ਵਲ ਤੁਰਦਾ ਆ ਰਿਹਾ ਸੀ ਤੇ ਉੱਚੀ ਉੱਚੀ ਕਹਿ ਰਿਹਾ ਸੀ-ਤੇਰੀ ਕਰਤੂਤ ਮਹਾਰਾਣੀ ਨੂੰ ਦੱਸਾਂਗਾ। ਸਿਆਸਤਦਾਨ ਪੁਰਿਸ਼ਕੇ ਚੰਗਾ ਨਿਸ਼ਾਨਚੀ ਹੋਣ ਦਾ ਦਾਅਵਾ ਕਰਿਆ ਕਰਦਾ ਸੀ, ਪਰ ਦੋ ਨਿਸ਼ਾਨੇ ਉੱਕ ਗਏ। ਤੀਜਾ ਉਸ ਦੀ ਪਿੱਠ ਵਿੱਚ ਵੱਜਾ। ਉਹ ਰੁਕ ਗਿਆ। ਵੀਹ ਕਦਮਾਂ ਦੀ ਵਿਥ ਸੀ। ਪੁਰਿਸ਼ਕੇ ਨੇ ਚੌਥੀ ਗੋਲੀ ਮਾਰੀ ਤਾਂ ਡਿਗ ਪਿਆ। ਪੁਰਿਸ਼ਕੇ ਨੇ ਖੱਬੀ ਪੁੜਪੁੜੀ ਉਤੇ ਜ਼ੋਰਦਾਰ ਠੁੱਡੇ ਮਾਰੇ। ਇਸ ਵਾਰ ਕੰਮ ਖਤਮ।

ਉਸ ਦੀ ਲਾਸ਼ ਦਰਿਆ ਵਿੱਚ ਸੁੱਟ ਦਿੱਤੀ ਗਈ। ਗਲਤੀ ਨਾਲ ਇਕ ਬੂਟ ਲਹਿ ਕੇ ਪੁਲ ਉਪਰ ਡਿਗ ਪਿਆ, ਜੋ ਕਾਤਲਾਂ ਨੂੰ ਨਾ ਦਿਸਿਆ। ਬੂਟ ਪਛਾਣ ਕੇ ਪੁਲਸ ਨੇ ਗੋਤਾਖੋਰ ਮੰਗਵਾ ਕੇ ਲਾਸ਼ ਕੱਢੀ। ਮਹਿਲ ਵਿੱਚ ਗੋਲੀਆਂ ਦੀ ਅਵਾਜ਼ ਸੁਣ ਕੇ ਗਸ਼ਤ ਕਰਦਾ ਸਿਪਾਹੀ ਆਇਆ ਤੇ ਯੂਸੋਪੋਵ ਨੂੰ ਪੁੱਛਿਆ-ਕੀ ਗੱਲ ਹੈ? ਕੰਵਰ ਨੇ ਕਿਹਾ-ਕੁਝ ਨਹੀਂ। ਨਿਸ਼ਾਨੇ ਲਾ ਰਹੇ ਹਾਂ। ਸਿਪਾਹੀ ਚਲਾ ਗਿਆ ਤੇ ਕਪਤਾਨ ਨੂੰ ਦੱਸਿਆ। ਕਪਤਾਨ ਆਇਆ। ਯੂਸੋਪੋਵ ਨੇ ਉਸ ਨੂੰ ਇੱਕ ਪਾਸੇ ਲਿਜਾ ਕੇ ਕਿਹਾ-ਤੂੰ ਜ਼ਾਰ ਦਾ ਵਫ਼ਾਦਾਰ ਐਂ ਨਾ? ਕਪਤਾਨ ਨੇ ਹਾਂ ਕਿਹਾ ਤਾਂ ਯੂਸੋਪੋਵ ਬੋਲਿਆ-ਰਾਸਪੁਤਿਨ ਵਾਲਾ ਕੰਮ ਕਰ ਦਿੱਤਾ। ਕਿਸੇ ਨਾਲ ਗੱਲ ਨਾ ਕਰੀਂ। ਉਸ ਨੇ ਕਿਹਾ-ਠੀਕ। ਵਾਪਸ ਆ ਕੇ ਉਸ ਨੇ ਪੁਲੀਸ ਮੁਖੀ ਨੂੰ ਦੱਸਿਆ, ਪੁਲਸ ਮੁਖੀ ਨੇ ਮਹਾਰਾਣੀ ਨੂੰ। ਜ਼ਾਰ ਜੰਗੀ ਕੈਂਪ ਤੋਂ ਵਾਪਸ ਪਰਤ ਆਇਆ।

ਬੜੀਆਂ ਅਫਵਾਹਾਂ ਉਠੀਆਂ, ਇਹੋ ਜਿਹੀਆਂ ਵੀ ਕਿ ਗੁਸੈਲੇ ਯੂਸੋਪੋਵ ਨੇ ਲੁੱਚੇ ਸਾਧ ਦਾ ਲਿੰਗ ਵੱਢ ਦਿੱਤਾ, ਜਿਹੜਾ ਹੁਣ ਤੱਕ ਪੈਰਿਸ ਫਾਰਮਲੀਨ ਵਿੱਚ ਸੰਭਾਲਿਆ ਪਿਆ ਹੈ ਕਿ ਕੀਮਤੀ ਮੁੰਦਰੀ ਉਤਾਰਨ ਲਈ ਉਂਗਲ ਵੱਢ ਦਿੱਤੀ ਜੋ ਕਵੀ ਯੈਵਤੂਸ਼ੰਕੂ ਕੋਲ ਹੈ। ਇਹ ਸਭ ਗਪੌੜ ਹਨ। ਪੋਸਟ-ਮਾਰਟਮ ਦੀ ਰਿਪੋਰਟ ਮੁਤਾਬਕ ਸਾਰੇ ਅੰਗ ਸਾਬਤ ਸਨ। ਮਿਹਦੇ ਵਿੱਚ ਭਾਰੀ ਮਾਤਰਾ ਵਿੱਚ ਜ਼ਹਿਰ ਦੀ ਪੁਸ਼ਟੀ ਹੋਈ ਪਰ ਏਨੀ ਦੇਰ ਕਿਵੇਂ ਜੀਵਿਆ, ਡਾਕਟਰਾਂ ਕੋਲ ਉੱਤਰ ਨਹੀਂ। ਦਿਲਚਸਪ ਗੱਲ ਇਹ ਕਿ ਮੈਡੀਕਲ ਰਿਪੋਰਟ ਮੁਤਾਬਕ ਨਦੀ ਵਿੱਚ ਸੁੱਟੇ ਜਾਣ ਤੱਕ ਉਹ ਜਿਉਂਦਾ ਸੀ, ਕਿਉਂਕਿ ਫੇਫੜਿਆਂ ਵਿੱਚ ਪਾਣੀ ਮਿਲਿਆ।

ਪੇਂਡੂਆਂ ਵਿੱਚ ਉਸ ਦੀ ਮੌਤ ਨਾਲ ਸੋਗ ਫੈਲ ਗਿਆ। ਇਹੋ ਜਿਹੇ ਵਾਕ ਸੁਣੇ ਗਏ-"ਇੱਕ ਪੇਂਡੂ ਮਹਿਲ ਵਿੱਚ ਜਾ ਵੜਿਆ ਇਹ ਬਰਦਾਸ਼ਤ ਨਾ ਹੋਇਆ। ਵੱਡੇ ਖਾਨਦਾਨੀ ਲੋਕਾਂ ਨੇ ਰਲ ਕੇ ਗਰੀਬ ਮਾਰ ਦਿੱਤਾ।" ਬਹੁਤਿਆਂ ਨੇ ਉਸ ਨੂੰ ਸ਼ਹੀਦ ਕਿਹਾ। "ਉਹ ਗਰੀਬ ਲੋਕਾਂ ਨੂੰ ਸਜ਼ਾਵਾਂ ਤੋਂ ਬਚਾਉਂਦਾ ਸੀ ਇਸ ਕਰਕੇ ਅਮੀਰਾਂ ਨੇ ਉਹਨੂੰ ਮਾਰਿਆ...।"

ਖਾਨਦਾਨੀ ਲੋਕਾਂ ਨੇ ਜ਼ਾਰ ਉਪਰ ਨਰਮਾਈ ਲਈ ਦਬਾ ਅਪਾਇਆ ਤਾਂ ਉਸ ਨੇ ਕਿਹਾ-ਰਾਸਪੁਤਿਨ ਨੂੰ ਜਿਉਣ ਦਾ ਹੱਕ ਕਿਵੇਂ ਨਹੀਂ ਸੀ? ਚਾਹੇ ਡਿਊਕ ਹੈ, ਪ੍ਰਿੰਸ ਜਾਂ ਕਿਸਾਨ, ਕਾਤਲ ਕਾਤਲ ਹੈ। ਕਤਲ ਵਿੱਚ ਸ਼ਾਮਲ ਬੰਦਿਆਂ ਨਾਲ ਹਮਦਰਦੀ ਨਹੀਂ। ਪਰ ਕਿਤੇ ਸ਼ੱਕ ਨਾ ਪਵੇ ਕਿ ਜ਼ਾਰ ਜਲਦਬਾਜ਼ੀ

ਵਿੱਚ ਸਜ਼ਾਵਾਂ ਦੇ ਕੇ ਅਨਿਆਂ ਕਰ ਰਿਹਾ ਹੈ, ਉਸ ਨੇ ਧੀਰਜ ਨਾਲ ਪੜਤਾਲ ਕਰਨ ਲਈ ਕਿਹਾ।

22 ਦਸੰਬਰ ਉਸ ਨੂੰ ਰਾਜਧਾਨੀ ਦੇ ਚਰਚ ਵਿੱਚ ਦਫਨਾਇਆ ਗਿਆ। ਲਾਸ਼ ਪੁੱਜਣ ਤੋਂ ਪਹਿਲਾਂ ਮਹਾਰਾਜਾ, ਮਹਾਰਾਣੀ ਯੁਵਰਾਜ, ਰਾਜਕੁਮਾਰੀਆਂ ਅਤੇ ਰਿਸ਼ਤੇਦਾਰ ਖਲੋਤੇ ਸਨ। ਪੁਲਸ-ਵੈਨ ਵਿਚੋਂ ਕਰਾਸ ਜੜਿਆ ਤਾਬੂਤ ਉਤਾਰਿਆ ਤਾਂ ਮਹਾਰਾਣੀ ਦਾ ਰੰਗ ਪੀਲਾ ਪੈ ਗਿਆ, ਚੀਕਾਂ ਮਾਰੀਆਂ। ਫਿਰ ਉਸ ਨੇ ਕਬਰ ਵਿੱਚ ਰੱਖਣ ਲਈ ਸੁਗਾਤ ਚੁਕੀ, ਉਸ ਪਿਛੇ ਆਪਣੇ ਦਸਤਖਤ ਕੀਤੇ ਰਾਜਕੁਮਾਰ ਅਤੇ ਰਾਜਕੁਮਾਰੀਆਂ ਨੇ ਦਸਤਖਤ ਕੀਤੇ। ਜ਼ਾਰ ਖਾਮੋਸ਼ ਰਿਹਾ ਤੇ ਮਹਿਲ ਵਿੱਚ ਜਾ ਕੇ ਸ਼ਾਹੀ ਰੋਜ਼ਨਾਮਚੇ ਵਿੱਚ ਆਪਣੇ ਹੱਥ ਨਾਲ ਇਹ ਸ਼ਬਦ ਲਿਖੇ-

ਅੱਠ ਵਜੇ ਪਰਿਵਾਰ ਚਰਚ ਵਿੱਚ ਗਿਆ। ਅਭੁੱਲ ਗ੍ਰੈਗਰੀ ਦੇ ਸਰੀਰ ਵਾਲਾ ਤਾਬੂਤ ਉੱਤਰਿਆ। ਸੋਲਾਂ ਤਰੀਕ ਦੀ ਰਾਤ ਨੂੰ ਦਰਿੰਦਿਆਂ ਨੇ ਯੂਸੋਪੋਵ ਦੇ ਮਹਿਲ ਵਿੱਚ ਕਤਲ ਕੀਤਾ। ਦਫਨ ਕਰ ਆਏ ਹਾਂ ਉਸ ਨੂੰ। ਜ਼ਾਰ ਨਿਕੋਲਸ, 22.12.1916

ਮਰਨ ਤੋਂ ਮਹੀਨਾ ਪਹਿਲਾਂ ਰਾਸਪੁਤਿਨ ਨੇ ਮਹਾਰਾਣੀ ਨੂੰ ਇਹ ਖਤ ਲਿਖਿਆ ਸੀ-

ਲਿਖਤੁਮ ਪੋਕਰੋਵਸਕੀ ਪਿੰਡ ਦਾ ਗ੍ਰੈਗਰੀ ਰਾਸਪੁਤਿਨ। ਰੂਸੀ ਲੋਕਾਂ ਨੂੰ, ਪਾਪਾ (ਜ਼ਾਰ) ਨੂੰ ਰੂਸ ਦੀ ਮਾਤਾ ਨੂੰ ਦੱਸਣੀ ਹੈ ਮੈਂ ਇੱਕ ਗੱਲ। ਜੇ ਮੇਰੇ ਪੇਂਡੂ ਭਰਾਵਾਂ ਨੇ ਮੈਨੂੰ ਮਾਰ ਦਿੱਤਾ ਫਿਰ ਮਹਿਲ, ਬੱਚੇ ਅਤੇ ਰੂਸ ਸਲਾਮਤ ਰਹਿਣਗੇ। ਹੇ ਰੂਸ ਦੇ ਮਾਲਕ ਫੇਰ ਭੋਰਾ ਫਿਕਰ ਨਾ ਕਰੀ। ਜੇ ਮਹਿਲਾਂ ਦੇ ਬਾਸ਼ਿੰਦਿਆਂ ਨੇ ਮਾਰਿਆ ਤਾਂ ਭਰਾ ਭਰਾ ਦੇ ਗਲ ਵੱਢ ਦੇਣਗੇ। ਸ਼ਾਹੀ ਖਾਨਦਾਨ ਵਿਚਲਾ ਕੋਈ ਨਹੀਂ ਬਚੇਗਾ। ਜਦੋਂ ਚਰਚ ਦਾ ਘੰਟਾ ਐਲਾਨ ਕਰੇ ਕਿ ਗ੍ਰੇਗਰੀ ਨਹੀਂ ਰਿਹਾ ਤਾਂ ਤੁਰੰਤ ਪਤਾ ਕਰਨਾ ਕਾਤਲਾਂ ਦਾ। ਮੌਤ ਦਾ ਪੱਕਾ ਪਤਾ ਹੈ, ਕਾਤਲ ਦਿਸਦੇ ਨਹੀਂ। ਇਹ ਖਤ ਜਿਉਂਦੇ ਬੰਦੇ ਦਾ ਲਿਖਿਆ ਹੋਇਆ ਨਹੀਂ। ਮੇਰੇ ਲਈ ਦੁਆ ਕਰਨੀ। ਜਿਉਂਦੇ ਰਹੋ। ਗ੍ਰੇਗਰੀ।

1917 ਵਿੱਚ ਇਨਕਲਾਬ ਆ ਗਿਆ। ਉਸ ਦੀ ਲਾਸ਼ ਕਬਰ ਵਿਚੋਂ ਕੱਢੀ। ਰੰਗ ਕਾਲਾ ਹੋ ਚੁੱਕਾ ਸੀ। ਮਹਾਰਾਣੀ ਦੇ ਦਸਤਖਤਾਂ ਵਾਲੀ ਸੁਗਾਤ ਇੱਕ ਧਨੀ ਅਮਰੀਕਨ ਨੇ ਨੀਲਾਮੀ ਵਿੱਚ ਖਰੀਦੀ। ਲਾਸ਼ ਨੂੰ ਪਿਆਨੋ ਵਾਲੇ ਡੱਬੇ ਵਿੱਚ ਬੰਦ ਕਰਕੇ ਦੂਰ ਮਿਲਟਰੀ ਟਰੱਕ ਵਿੱਚ ਲਿਜਾ ਕੇ ਸਾੜ ਦਿੱਤਾ। ਠੰਢੀ ਹੋਈ ਰਾਖ ਹਵਾ ਵਿੱਚ ਉਡਾ ਦਿੱਤੀ। ਇਸ ਤਰ੍ਹਾਂ ਦੇ ਗੀਤ ਰਚੇ ਗਏ-

ਉਙ ਪਾਣੀ ਵਿੱਚ ਮਰਿਆ। ਧਰਤੀ ਵਿੱਚ ਦਫਨ ਹੋਇਆ।

ਅੱਗ ਵਿੱਚ ਸੜਿਆ, ਫੇਰ ਹਵਾਵਾਂ ਵਿੱਚ ਮਿਲ ਗਿਆ।

ਜ਼ਾਰ ਅਤੇ ਉਸ ਦਾ ਪਰਿਵਾਰ ਕਤਲ ਹੋਇਆ। ਸ਼ਾਹੀ ਖਾਨਦਾਨ ਦਾ ਸਫਾਇਆ ਹੋ ਗਿਆ। ਨਵਾਂ ਲਾਲ ਰੂਸ ਦੁਨੀਆ ਦੇ ਨਕਸ਼ੇ ਉੱਪਰ ਆਇਆ। ਵਿਦੇਸ਼ਾਂ ਵਿੱਚ ਲੁਕੇ ਬੈਠੇ ਰੂਸ ਦੇ ਕਮਿਊਨਿਸਟ ਲੀਡਰਾਂ ਨੂੰ ਅਹਿਸਾਸ ਨਹੀਂ ਸੀ ਇਉਂ ਹੋ ਜਾਵੇਗਾ, ਕਿਉਂਕਿ ਥੋੜ੍ਹਾ ਸਮਾਂ ਪਹਿਲਾਂ 1905 ਵਿੱਚ ਇਨਕਲਾਬ ਫੇਲ ਹੋ ਕੇ ਹਟਿਐ ਸੀ। ਇਨਕਲਾਬ ਦੇ ਪਿਛੋਕੜ ਬਾਬਤ ਬੇਅੰਤ ਕਿਤਾਬਾਂ ਲਿਖੀਆਂ ਗਈਆਂ ਹਨ ਪਰ ਇਹ ਗੱਲ ਕੋਈ ਨਹੀਂ ਮੰਨਦਾ ਕਿ ਸਾਧ ਦੇ ਕਤਲ ਕਾਰਨ ਰੂਸੀ ਕਿਸਾਨੀ ਦੀ ਹਮਦਰਦੀ ਮਹਿਲਾਂ ਨਾਲੋਂ ਟੁੱਟ ਗਈ ਸੀ। ਸਾਲ 1916 ਵਿੱਚ ਲਿਖਿਆ ਉਸ ਦਾ ਖਤ ਹੈ-

ਮੂਰਖਾਂ ਨੂੰ ਕੀ ਪਤਾ ਮੈਂ ਕੀ ਹਾਂ। ਜਾਦੂਗਰ? ਹੋ ਸਕਦੈ। ਜਾਦੂਗਰ ਨੂੰ ਅੱਗ ਵਿੱਚ ਸਾੜਿਆ ਜਾਂਦਾ ਹੈ। ਲਾਉਣ ਮੈਨੂੰ ਅੱਗ। ਨਹੀਂ ਜਾਣਦੇ, ਮੈਨੂੰ ਸਾੜਨਗੇ ਰੂਸ ਸੜੇਗਾ। ਮੈਨੂੰ ਦਫਨਾਉਣਗੇ ਰੂਸ ਦਫਨ ਹੋਏਗਾ। ਮੈਂ ਅਤੇ ਰੂਸ ਇੱਕ ਹਾਂ।

ਰਾਜਪਲਟਾ ਆਉਣ ਨਾਲ ਰਾਸਪੁਤਿਨ ਦੇ ਕਾਤਲ ਸਜ਼ਾ ਤੋਂ ਬਚ ਗਏ। ਟਰਾਟਸਕੀ ਜਿਹੇ ਪ੍ਰਬੁੱਧ ਕਮਿਊਨਿਸਟ ਨੀਤੀਵਾਨਾਂ ਨੇ ਇਸ ਕਤਲ ਨੂੰ ਨਿੰਦਿਆਂ ਤੇ ਲਿਖਿਆ, "ਬਦਨੀਤ ਲੋਕਾਂ ਨੇ






ਮਾੜਾ ਕਾਰਾ ਕੀਤਾ।" ਗੁੰਤਰ ਗਰਾਸ ਨੇ ਕਿਹਾ, "ਔਰਤਾਂ ਉਸ ਨੂੰ ਮੰਨਦੀਆਂ ਸਨ, ਅਫਸਰ ਉਸ ਕੋਲੋਂ ਭਜਦੇ ਸਨ।" ਹੰਬਰੀ ਵਿਲੀਅਮਜ਼ ਨੇ ਕਿਹਾ-"ਸਾਰੇ ਰੂਸੀ ਇਤਿਹਾਸ ਉਪਰ ਨਜ਼ਰ ਮਾਰਿਆਂ ਦਿਸਦਾ ਹੈ ਕਿ ਰਾਸਪੁਤਿਨ ਦੇ ਕਤਲ ਨੂੰ ਜਿੰਨਾ ਮਰਜ਼ੀ ਜਾਇਜ਼ ਕਹੋ, ਇਸ ਇੱਕ ਘਟਨਾ ਕਾਰਨ ਰੋਮਨੋਵ ਸਲਤਨਤ ਡੁੱਬ ਗਈ।" ਮੇਜਰ ਜਨਰਲ ਵਾਈਕੋਵ ਨੇ ਕਿਹਾ, "ਅਸੀਂ ਸਭ ਦੇ ਸਭ ਮਹਾਂਪਰਲੋ ਵਿੱਚ ਘਿਰੇ ਹੋਏ ਹਾਂ।" ਲਿਡੀਆ ਚਕਵਸਕੀਆ ਨੇ ਲਿਖਿਆ, "ਬਰਬਾਦੀਆਂ ਵਾਸਤੇ ਲੈਨਿਨਗਰਾਦ ਸਭ ਤੋਂ ਵਧੀਆ ਥਾਂ ਹੈ। ਠੰਢੇ ਦਰਿਆ ਉਪਰ ਭਾਰੇ ਬੱਦਲ ਛਾਏ ਰਹਿੰਦੇ ਹਨ, ਧਮਕੀਆਂ ਦਿੰਦਾ ਦਿੰਦਾ ਸੂਰਜ ਛਿਪਦਾ ਹੈ। ਡਰਾਉਣਾ ਚੰਦ ਚੜ੍ਹਦਾ ਹੈ। ਕਾਲੇ ਪਾਣੀ ਵਿੱਚ ਪੀਲੇ ਲਿਸ਼ਕਾਰੇ ਦਿਸਦੇ ਹਨ। ਇਹ ਸਾਰਾ ਕੁਝ ਦਹਿਲ ਪਾ ਦਿੰਦਾ ਹੈ।"

ਸਿਆਸੀ ਜੋੜ ਘਟਾਓ ਸਦਾ ਹੁੰਦੇ ਰਹਿਣਗੇ, ਪਰ ਨੀਤੀਵਾਨਾਂ ਨੇ ਮੰਨਿਆ ਕਿ ਇਹ ਕਤਲ ਕੇਵਲ ਅਪਰਾਧ ਨਹੀਂ, ਪਾਪ ਵੀ ਸੀ। ਸਿਫਲਿਸ ਦੀ ਮਰੀਜ਼ ਵੇਸਵਾ ਨੂੰ ਭਾੜਾ ਦੇ ਕੇ ਮੰਗਤੀ ਬਣਾਇਆ। ਦਾਨ ਮੰਗਿਆ ਗਿਆ। ਸਾਧ ਭਿਖਿਆ ਦੇਣ ਲਈ ਜੇਬਾਂ ਵਿੱਚ ਹੱਥ ਪਾ ਰਿਹਾ ਹੈ ਤੇ ਮੰਗਤੀ ਵਲੋਂ ਅਸੀਸ ਦੀ ਥਾਂ ਛੁਰਾ ਮਿਲ ਰਿਹਾ ਹੈ। ਡਿਊਕ ਇਹ ਕਹਿ ਕੇ ਸਾਧ ਨੂੰ ਸੱਦ ਰਿਹਾ ਹੈ ਕਿ ਡਚੈਸ ਨੂੰ ਅਸੀਸ ਦੇਣੀ ਹੈ, ਉਹ ਬਿਮਾਰ ਹੈ। ਹਕੀਮ ਘਰ ਪੁੱਜ ਗਿਆ ਹੈ। ਮੇਜ਼ਬਾਨ ਆਪਣੇ ਮਿਹਰਬਾਨ ਮਹਿਮਾਨ ਨੂੰ ਸਾਇਨਾਈਡ ਪਿਲਾ ਰਿਹਾ ਹੈ। ਗੋਲੀਆਂ ਨਾਲ ਵਿੰਨ੍ਹ ਰਿਹਾ ਹੈ। ਲਾਸ਼ ਨੂੰ ਠੁੱਡੇ ਮਾਰ ਰਿਹਾ ਹੈ। ਇਹ ਉਸ ਰੋਮਨੋਵ ਸ਼ਾਹੀ ਖਾਨਦਾਨ ਦੇ ਬੰਦਿਆਂ ਦੀ ਕਰਤੂਤ ਹੈ, ਜਿਸ ਦੇ ਬਜ਼ੁਰਗ ਕਿਹਾ ਕਰਦੇ ਸਨ, "ਯੁੱਧ ਕਰੋ। ਲੜਦਿਆਂ ਵੀ ਤੈਸ਼ ਵਿੱਚ ਨਹੀਂ ਆਉਣਾ। ਦੁਸ਼ਮਣ ਨੂੰ ਸ਼ਰੇਆਮ ਲਲਕਾਰ ਕੇ ਮਾਰੋ, ਸਾਜ਼ਸ਼ਾਂ ਨਾ ਘੜੋ।"

ਮਕਤੂਲ ਨੇ ਸਾਬਤ ਕਰ ਦਿੱਤਾ ਕਿ ਜ਼ਾਰ ਦੇ ਭਤੀਜੇ ਯੂਸੋਪੋਵ ਨੇ ਇੱਕ ਕਿਸਾਨ ਨੂੰ ਨਹੀਂ, ਆਪਣੇ ਸਦੀਆਂ ਪੁਰਾਣੇ ਸਾਮਰਾਜ ਨੂੰ ਆਪ ਡੇਗਿਆ। ਰੂਸ ਦੇ ਗਰੈਂਡ ਡਿਊਕ ਅਲੰਗਜਾਂਦਰ ਨੇ ਕਦੀ ਬੀਤੇ ਸਮਿਆਂ ਵਿੱਚ ਇਹ ਐਲਾਨ ਕੀਤਾ ਸੀ-"ਇਸ ਪਵਿੱਤਰ ਧਰਤੀ ਉੱਪਰ ਗਲਤੀ ਨਹੀਂ ਕਰਨੀ, ਕਿਉਂਕਿ ਇਥੇ ਜਾਮ ਨਹੀਂ, ਗੈਲਣ ਛਲਕਾਏ ਜਾਣਗੇ। ਵੋਦਕਾ ਦੇ ਨਹੀਂ ਸੈਂਮਪੇਨ ਦੇ। ਗਲਤੀ ਨਹੀਂ ਕਰਨੀ।"

*ਭਾਰਤੀ ਦਰਸ਼ਨ ਨੂੰ ਸਮਝਣ ਲਈ ਦੋ ਅਹਿਮ ਪੁਸਤਕਾਂ*

**ਦਰਸ਼ਨ-ਪਰੰਪਰਾ**
**(ਗਿਆਨ ਸਿੰਘ ਬੱਲ)**
**ਮੁੱਲ 50 ਰੁਪਏ,**
**ਤਰਕ ਭਾਰਤੀ ਪ੍ਰਕਾਸ਼ਨ,**
**ਬਰਨਾਲਾ**
**ਭਾਰਤੀ ਦਰਸ਼ਨ**
**(ਰਜਿੰਦਰ ਪਾਲ ਸਿੰਘ)**
**ਮੁੱਲ 75 ਰੁਪਏ,**
**ਲੋਕ ਗੀਤ ਪ੍ਰਕਾਸ਼ਨ,**
**ਚੰਡੀਗੜ੍ਹ**








ਅਪ੍ਰੈਲ-ਜੂਨ,2006